Under Print
Not for Legal/Official use

PUNJAB VIDHAN SABHA

DEBATES

Tuesday, the 26th February, 2020

Vol. XI - No. 4

Official Report

Official Punjab Vidhan Sabha Seal

CONTENTS	**Page No (s)**

Under Print
Not for Legal/Official use

Punjab Vidhan Sabha Secrtariat

Price: Rs.__________

Published under the authority of the Punjab Vidhan Sabha and type-setting & printed by the Controller, Printing & Stationery, Punjab at the Government Press, S.A.S. Nagar.

Under Print
Not for Legal/Official use

ਮੰਤਰੀ ਮੰਡਲ ਦੀ ਸੂਚੀ				
Sr. No.	Name of the Minister in English	Name of the Minister in Punjabi	Portfolio in English	Portfolio in Punjabi
1.	Captain Amarinder Singh, Chief Minister	ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ	Administrative Reforms, Agriculture and Famers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, Science & Technology, Goverance Reforms, Information Technology and Power, New and Renewable Energy sources	ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ, ਸੂਚਨਾ ਤਕਨਾਲੋਜੀ, ਸਰਕਾਰੀ ਸੁਧਾਰ, ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ
2.	Shri Brahm Mohindra	ਸ਼੍ਰੀ ਬ੍ਰਹਮ ਮਹਿੰਦਰਾ	Local Govt, Parliamentary Affairs, Elections, Removal of Grievances	ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਣ ਮੰਤਰੀ
3.	Sardar Manpreet Singh Badal	ਸਰਦਾਰ ਮਨਪ੍ਰੀਤ ਸਿੰਘ ਬਾਦਲ	Finance, Planning, Programme Implementation, Governance Reforms Minister	ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ
4.	Sardar Sadhu Singh	ਸਰਦਾਰ ਸਾਧੂ ਸਿੰਘ	Forests, Welfare of SCs & Bcs, Printing & Stationery Minister	ਜੰਗਲਾਤ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਛਪਾਈ ਤੇ ਲਿਖਣ ਸਮੱਗਰੀ ਮੰਤਰੀ
5.	Shri Om Parkash Soni	ਸ਼੍ਰੀ ਓਮ ਪ੍ਰਕਾਸ਼ ਸੋਨੀ	Medical Education & Research, Freedom Fighters, Food Processing	ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਟੀਏ, ਫੂਡ ਪ੍ਰਾਸੈਸਿੰਗ ਮੰਤਰੀ
6.	Sardar Tript Rajinder Singh	ਸਰਦਾਰ ਤ੍ਰਿਪਤ ਰਜਿੰਦਰ ਸਿੰਘ	Rural Development & Panchayats, Animal	ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ, ਡੇਅਰੀ ਵਿਕਾਸ,

Under Print
Not for Legal/Official use

	Bajwa	ਬਾਜਵਾ	Husbandry, Fisheries & Dairy Development, Higher Education Minister	ਮੱਛੀ ਪਾਲਣ ਅਤੇ ਉਚੇਰੀ ਸਿੱਖਿਆ ਮੰਤਰੀ
7.	Rana Gurmeet Singh Sodhi	ਰਾਣਾ ਗੁਰਮੀਤ ਸਿੰਘ ਸੋਢੀ	Sports and Youth Affairs and NRIs Minister	ਖੇਡਾਂ ਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ
8.	Sardar Charanjit Singh Channi	ਸਰਦਾਰ ਚਰਨਜੀਤ ਸਿੰਘ ਚੰਨੀ	Technical Education and Industrial Training, Employment Generation, Tourism and Cultural Affairs Minister	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ
9.	Smt. Aruna Chaudhary	ਸ਼੍ਰੀਮਤੀ ਅਰੁਨਾ ਚੌਧਰੀ	Social Security, Women & Child Development, Minister	ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
10.	Smt. Razia Sultana	ਸ਼੍ਰੀਮਤੀ ਰਜ਼ੀਆ ਸੁਲਤਾਨਾ	Water Supply & Sanitation (Public Health), Transport Minister	ਜਲ ਸਪਲਾਈ ਤੇ ਸੈਨੀਟੇਸ਼ਨ (ਜਨ ਸਿਹਤ), ਟਰਾਂਸਪੋਰਟ ਮੰਤਰੀ
11.	Sardar Sukhjinder Singh Randhawa	ਸਰਦਾਰ ਸੁਖਜਿੰਦਰ ਸਿੰਘ ਰੰਧਾਵਾ	Cooperation, Jails Minister	ਸਹਿਕਾਰਤਾ, ਜੇਲ੍ਹਾਂ ਮੰਤਰੀ
12.	Sardar Sukhbinder Singh Sarkaria	ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ	Water Resources, Mines & Geology, Housing and Urban Development Minister	ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ
13.	Sardar Gurpreet Singh Kangar	ਸਰਦਾਰ ਗੁਰਪ੍ਰੀਤ ਸਿੰਘ ਕਾਂਗੜ	Revenue, Rehabilitation and Disaster Management Minister	ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ
14.	Sardar Balbir Singh Sidhu	ਸਰਦਾਰ ਬਲਬੀਰ ਸਿੰਘ ਸਿੱਧੂ	Health and Family Welfare, Labour Minister	ਸਿਹਤ ਅਤੇ ਪਰਿਵਾਰ ਭਲਾਈ, ਕਿਰਤ ਮੰਤਰੀ
15.	Shri Vijay Inder Singla	ਸ਼੍ਰੀ ਵਿਜੈ ਇੰਦਰ ਸਿੰਗਲਾ	School Education, Public Works Minister	ਸਿੱਖਿਆ, ਲੋਕ ਨਿਰਮਾਣ ਮੰਤਰੀ
16.	Shri Sunder Sham Arora	ਸ਼੍ਰੀ ਸੁੰਦਰ ਸ਼ਾਮ ਅਰੋੜਾ	Industries & Commerce Minister	ਉਦਯੋਗ ਤੇ ਕਮਰਸ ਮੰਤਰੀ
17.	Shri Bharat Bhushan Ashu	ਸ਼੍ਰੀ ਭਾਰਤ ਭੂਸ਼ਣ ਆਸ਼ੂ	Food & Civil Supplies and Consumer Affairs Minister	ਖੁਰਾਕ ਤੇ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਮੰਤਰੀ

PUNJAB VIDHAN SABHA

Wednesday, the 26th February, 2020

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.

STARRED QUESTIONS AND ANSWERS

ਮਾਨਯੋਗ ਸਪੀਕਰ: ਪ੍ਰਸ਼ਨ ਕਾਲ। ਹਾਂ ਜੀ ਸਰਦਾਰ ਬਲਦੇਵ ਸਿੰਘ ਕਲਿਆਣ ਜੀ।

ਅੰਤਰਜਾਤੀ ਵਿਆਹ ਕਰਨ ਲਈ ਸਰਕਾਰ ਦੁਆਰਾ ਦਿੱਤੀ ਜਾਂਦੀ ਮਾਲੀ ਸਹਾਇਤਾ

*2592. **ਸਰਦਾਰ ਬਲਦੇਵ ਸਿੰਘ ਕਲਿਆਣ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਤਰਜਾਤੀ ਵਿਆਹ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਦੁਆਰਾ ਕੁਝ ਮਾਲੀ ਸਹਾਇਤਾ ਦਿੱਤੀ ਜਾਂਦੀ ਸੀ, ਜੇਕਰ ਅਜਿਹਾ ਹੈ ਤਾਂ ਕੀ ਇਹ ਸਹਾਇਤਾ ਹੁਣ ਵੀ ਜਾਰੀ ਹੈ; ਅਤੇ ਇਸ ਲਈ ਕਿੰਨੀ ਰਾਸ਼ੀ ਦਿੱਤੀ ਜਾਂਦੀ ਹੈ?

ਸਰਦਾਰ ਸਾਧੂ ਸਿੰਘ ਧਰਮਸੋਤ: ਹਾਂ ਜੀ। ਅੰਤਰਜਾਤੀ ਵਿਆਹ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਦੁਆਰਾ ਅੰਤਰਜਾਤੀ ਵਿਆਹੇ ਜੋੜੇ ਨੂੰ 50,000/- ਰੁਪਏ ਪ੍ਰਤੀ ਜੋੜੇ ਦੇ ਹਿਸਾਬ ਨਾਲ ਰਾਸ਼ੀ ਇਨਾਮ ਵਜੋਂ ਦਿੱਤੀ ਜਾਂਦੀ ਹੈ।

ਸਰਦਾਰ ਬਲਦੇਵ ਸਿੰਘ ਕਲਿਆਣ: ਮੰਤਰੀ ਸਾਹਿਬ, ਜਿਹੜੀ ਤੁਸੀਂ ਅੰਤਰਜਾਤੀ ਵਿਆਹ ਨੂੰ ਉਤਸ਼ਾਹਿਤ ਕਰਨ ਵਾਸਤੇ 50 ਹਜ਼ਾਰ ਰੁਪਏ ਦੇਣ ਦੀ ਗੱਲ ਕਹੀ ਹੈ ਕਿ 50 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ ਪਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਲਗਭਗ 6-7 ਸਾਲਾਂ ਤੋਂ ਬੰਦ ਹੈ। ਅੰਤਰਜਾਤੀ ਵਿਆਹ ਇੱਕ ਇਹੋ ਜਿਹੀ ਗੱਲ ਹੈ ਜਿਸ ਨਾਲ ਜਾਤ-ਪਾਤ ਖਤਮ ਹੁੰਦੀ ਹੈ ਪਰ ਜੇ ਅਸੀਂ ਉਨ੍ਹਾਂ ਨੂੰ ਬੜਾਵਾ ਨਹੀਂ ਦੇਵਾਂਗੇ, ਉਨ੍ਹਾਂ ਵਿਆਹੇ ਜੋੜਿਆਂ ਨੂੰ ਬਣਦੀ ਰਾਸ਼ੀ ਨਹੀਂ ਦੇਵਾਂਗੇ ਤਾਂ ਬਹੁਤ ਸਾਰੇ ਲੋਕ ਇਸ ਤੋਂ ਨਿਰਾਸ਼ ਹੋਣਗੇ। ਮੈਂ ਸਮਝਦਾ ਹਾਂ ਕਿ ਪੰਜਾਬ ਅੰਦਰ ਘੱਟੋ-ਘੱਟ ਦੋ ਜਾਂ ਤਿੰਨ ਹਜ਼ਾਰ ਇਹੋ ਜਿਹੇ ਅੰਤਰਜਾਤੀ ਵਿਆਹਾਂ ਸਬੰਧੀ ਕੇਸ ਪਏ ਹਨ ਜਿਨ੍ਹਾਂ ਨੂੰ 5-6 ਸਾਲਾਂ ਤੋਂ ਕੋਈ ਰਾਸ਼ੀ ਨਹੀਂ ਮਿਲੀ ਹੈ।ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਸਾ ਕਦੋਂ ਤੱਕ ਜਾਰੀ ਕੀਤਾ ਜਾਵੇਗਾ?

ਮੰਤਰੀ: ਇਸ ਸਬੰਧੀ ਕੁੱਲ 3284 ਕੇਸ ਪ੍ਰਾਪਤ ਹੋਏ ਸਨ, ਜਿਨ੍ਹਾਂ ਵਿੱਚੋਂ ਹਜ਼ਾਰ ਜੋੜਿਆਂ ਨੂੰ ਅਦਾਇਗੀ ਕਰਨ ਲਈ ਬਿਲ ਖਜ਼ਾਨੇ ਵਿੱਚ ਲਗਾਇਆ ਜਾ ਰਿਹਾ ਹੈ।

ਸਰਦਾਰ ਬਲਦੇਵ ਸਿੰਘ ਕਲਿਆਣ: ਮੰਤਰੀ ਸਾਹਿਬ, ਮੈਂ ਜਿਹੜਾ ਸਵਾਲ ਕੀਤਾ ਸੀ ਕਿ 6-7 ਸਾਲਾਂ ਤੋਂ ਇਹ ਰਾਸ਼ੀ ਬੰਦ ਪਈ ਹੈ, ਹਜ਼ਾਰਾਂ ਲੋਕ ਜਿਨ੍ਹਾਂ ਨੇ ਅੰਤਰਜਾਤੀ ਵਿਆਹ ਕਰਵਾਏ ਹਨ, ਜਾਤ-ਪਾਤ ਤੋਂ ਉੱਪਰ ਉਠ ਕੇ ਵਿਆਹ ਕੀਤਾ ਹੈ, ਉਨ੍ਹਾਂ ਨੂੰ ਅਜੇ ਤੱਕ ਇਹ ਰਾਸ਼ੀ ਕਿਉਂ ਨਹੀਂ ਮਿਲ ਰਹੀ ਅਤੇ ਉਨ੍ਹਾਂ ਨੂੰ ਇਹ ਰਾਸ਼ੀ ਕਦੋਂ ਤੱਕ ਮਿਲ ਜਾਵੇਗੀ? ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਅੰਤਰਜਾਤੀ ਵਿਆਹ ਕਰਦੇ ਹਨ ਸਰਕਾਰ ਨੂੰ ਉਨ੍ਹਾਂ ਨੂੰ ਘੱਟੋ-ਘੱਟ ਲੱਖ ਜਾਂ ਡੇਢ ਲੱਖ ਰੁਪਿਆ ਦੇਣਾ ਚਾਹੀਦਾ ਹੈ ਤਾਂ ਕਿ ਸਾਡੇ ਸਮਾਜ ਵਿੱਚ ਜਿਹੜਾ ਜਾਤ-ਪਾਤ ਦਾ ਕੋਹੜ ਹੈ, ਉਹ ਖਤਮ ਹੋ ਸਕੇ।

ਮਾਨਯੋਗ ਸਪੀਕਰ: ਮੰਤਰੀ ਜੀ, ਦੋ ਇਸ਼ੂ ਆਏ ਹਨ। ਇੱਕ ਤਾਂ ਇਹ ਚਾਹੁੰਦੇ ਹਨ ਕਿ ਕੀ ਇਸ ਗੱਲ ਤੇ ਵਿਚਾਰ ਕਰੋਗੇ ਕਿ ਇਸ ਰਾਸ਼ੀ ਵਿੱਚ ਵਾਧਾ ਕੀਤਾ ਜਾਵੇ? ਦੂਜਾ, ਇਹ ਕਹਿੰਦੇ ਹਨ ਕਿ ਪਿਛਲੇ ਕਰੀਬ 7 ਸਾਲਾਂ ਤੋਂ ਸਬੰਧਿਤ ਜੋੜਿਆਂ ਨੂੰ ਪੈਸੇ ਨਹੀਂ ਮਿਲੇ ਹਨ। ਇਹਦੋ ਗੱਲਾਂ ਹਨ।

ਮੰਤਰੀ: ਜੀ ਸਰ, ਪਹਿਲੀ ਗੱਲ ਤਾਂ ਮੈਂ ਕਿਹਾ ਹੈ ਕਿ ਹਜ਼ਾਰ ਜੋੜਿਆਂ ਦੇ ਜਿਹੜੇ ਪੈਸੇ ਬਣਦੇ ਹਨ, ਉਹ ਦੇਣ ਲਈ ਅਸੀਂ ਜਲਦੀ ਹੀ ਖਜ਼ਾਨੇ ਵਿੱਚ ਬਿਲ ਲਗਾ ਰਹੇ ਹਾਂ, ਜ਼ਿਆਦਾ ਦੇਰ ਨਹੀਂ ਲਗੇਗੀ। ਬਿਲ ਖਜ਼ਾਨੇ ਵਿੱਚ ਲਗਾ ਕੇ ਪੈਸੇ ਜਲਦੀ ਤੋਂ ਜਲਦੀ ਦਿੱਤੇ ਜਾਣਗੇ ਔਰ ਜਿਹੜੀ ਦੂਸਰੀ ਇਸ ਰਾਸ਼ੀ ਵਿੱਚ ਵਾਧੇ ਦੀ ਗੱਲ ਕਹੀ ਹੈ, ਉਸ ਬਾਰੇ ਵੀ ਵਿਚਾਰ ਕਰ ਲਿਆ ਜਾਵੇਗਾ।

Mr. Speaker: Thank you. ਸਰਦਾਰ ਬਲਦੇਵ ਸਿੰਘ ਜੀ, ਹੁਣ ਧੰਨਵਾਦ ਕਰ ਦਿਓ, ਤੁਹਾਡੀ ਗੱਲ ਮੰਨੀ ਗਈ ਹੈ।

ਸਰਦਾਰ ਬਲਦੇਵ ਸਿੰਘ ਕਲਿਆਣ: ਮੈਂ ਮੰਤਰੀ ਸਾਹਿਬ ਦੀ ਇੱਜ਼ਤ ਕਰਦਾ ਹਾਂ ਪਰ ਕਈ ਵਾਰੀ ਇਨ੍ਹਾਂ ਵਾਅਦਿਆਂ ਕਰਕੇ ਜਿਵੇਂ ਪਿਛਲੀ ਵਾਰੀ ਐਸ.ਸੀ. ਬੱਚਿਆਂ ਦੇ ਵਜੀਫੇ ਦੀ ਗੱਲ ਕੀਤੀ ਸੀ, ਉਹ ਅਜੇ ਤੱਕ ਵੀ ਰੁਲਿਆ ਫਿਰਦਾ ਹੈ। ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਅੰਤਰਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਰਾਸ਼ੀ ਵਿੱਚ ਬੜਾਵਾ ਕੀਤਾ ਜਾਵੇਗਾ।

ਮਾਨਯੋਗ ਸਪੀਕਰ:ਧੰਨਵਾਦ ਜੀ।

ਹਲਕਾ ਸ਼ੁਤਰਾਣਾ ਦੀਆਂ ਪਸ਼ੂ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀਆਂ ਅਸਾਮੀਆਂ

***2690. ਸਰਦਾਰ ਨਿਰਮਲ ਸਿੰਘ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਦੀਆਂ ਪਸ਼ੂ ਡਿਸਪੈਂਸਰੀਆਂ ਵਿੱਚੋਂ ਕਿਹੜੀ ਕਿਹੜੀ ਡਿਸਪੈਂਸਰੀ ਵਿੱਚ ਡਾਕਟਰਾਂ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:ਹਲਕਾ ਸ਼ੁਤਰਾਣਾ ਦੀਆਂ ਕੁੱਲ 11 ਵੈਟਰਨਰੀ ਡਿਸਪੈਂਸਰੀਆਂ ਵਿਚੋਂ ਹੇਠ ਲਿਖੀਆਂ ਡਿਸਪੈਂਸਰੀਆਂ ਵਿਚ ਵੈਟਰਨਰੀ ਇੰਸਪੈਕਟਰਾਂ ਦੀਆਂ 5 ਅਸਾਮੀਆਂ ਖਾਲੀ ਪਈਆਂ ਹਨ:

ਲੜੀ ਨੰ:	ਪਸ਼ੂ ਡਿਸਪੈਂਸਰੀ ਦਾ ਨਾਂ
1	ਸਿਵਲ ਪਸ਼ੂ ਡਿਸਪੈਂਸਰੀ, ਕਰਤਾਰਪੁਰ
2	ਸਿਵਲ ਪਸ਼ੂ ਡਿਸਪੈਂਸਰੀ, ਹਰਿਆਓ ਖੁਰਦ
3	ਸਿਵਲ ਪਸ਼ੂ ਡਿਸਪੈਂਸਰੀ, ਕਕਰਾਲਾ
4	ਸਿਵਲ ਪਸ਼ੂ ਡਿਸਪੈਂਸਰੀ, ਰਤਨਹੇੜੀ
5	ਸਿਵਲ ਪਸ਼ੂ ਡਿਸਪੈਂਸਰੀ, ਕਲਵਾਨੂੰ

ਵੈਟਰਨਰੀ ਇੰਸਪੈਕਟਰਾਂ ਦੀਆਂ ਅਸਾਮੀਆਂ ਨੂੰ ਭਰਨ ਲਈ ਕਾਰਵਾਈ ਆਰੰਭੀ ਹੋਈ ਹੈ। ਭਰਤੀ ਪ੍ਰਕਿਰਿਆ ਦੇ ਮੁਕੰਮਲ ਹੋਣ ਉਪਰੰਤ ਹਲਕਾ ਸ਼ੁਤਰਾਣਾ ਦੀਆਂ ਪਸ਼ੂ ਡਿਸਪੈਂਸਰੀਆਂ ਵਿੱਚ ਵੀ ਵੈਟਰਨਰੀ ਇੰਸਪੈਕਟਰਾਂ ਦੀ ਨਿਯੁਕਤੀ ਕਰ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਹਲਕਾ ਸ਼ੁਤਰਾਣਾ ਦੀਆਂ ਕੁੱਲ 11 ਵੈਟਰਨਰੀ ਡਿਸਪੈਂਸਰੀਆਂ ਵਿੱਚ ਵੈਟਰਨਰੀ ਇੰਸਪੈਕਟਰਾਂ ਦੀਆਂ 5 ਅਸਾਮੀਆਂ ਖਾਲੀ ਪਈਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿੱਚ ਵੈਟਰਨਰੀ ਇੰਸਪੈਕਟਰਾਂ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ, ਕੁੱਲ 664 ਅਸਾਮੀਆਂ ਖਾਲੀ ਹਨ ਅਤੇ ਇਸ ਸਾਲ ਦੇ ਅੰਦਰ-ਅੰਦਰ ਸਤੰਬਰ ਤੱਕ ਅਸੀਂ ਸਾਰੀਆਂ ਅਸਾਮੀਆਂ ਭਰ ਦੇਣੀਆਂ ਹਨ।

ਸਰਦਾਰ ਨਿਰਮਲ ਸਿੰਘ: ਮੰਤਰੀ ਜੀ ਨੇ ਠੀਕ ਕਿਹਾ ਹੈ ਜੀ। ਇਨ੍ਹਾਂ ਦਾ ਧੰਨਵਾਦ ਹੈ ਕਿ ਇਸ ਸਾਲ ਵਿੱਚ ਇਹ ਅਸਾਮੀਆਂ ਭਰ ਦਿੱਤੀਆਂ ਜਾਣਗੀਆਂ। ਅੱਜ ਹਾਲਾਤ ਇਹ ਹਨ ਕਿ ਅੱਗੇ ਬਾਰਸ਼ ਦਾ ਮੌਸਮ ਆਉਣ ਵਾਲਾ ਹੈ ਅਤੇ ਉਸ ਬਾਰਸ਼ ਦੇ ਮੌਸਮ ਵਿੱਚ ਮੇਰਾ ਏਰੀਆ ਜਿਹੜਾ

ਘੱਗਰ ਦੀ ਬੈਲਟ ਵਿੱਚ ਪੈਂਦਾ ਹੈ, ਉੱਥੇ ਜਦੋਂ ਵੀ ਬਾਰਸ਼ ਦਾ ਮੌਸਮ ਹੁੰਦਾ ਹੈ ਤਾਂ ਪਸ਼ੂਆਂ ਤੇ ਬਹੁਤ ਵੱਡੀ ਆਫਤ ਆਉਂਦੀ ਹੈ। ਇਸ ਕਰਕੇ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਘੱਟੋ-ਘੱਟ ਘੱਗਰ ਬੈਲਟ ਦੀਆਂ ਜਿਹੜੀਆਂ ਡਿਸਪੈਂਸਰੀਆਂ ਹਨ, ਉਨ੍ਹਾਂ ਵਿੱਚ ਤਾਂ ਔਖੇ-ਸੌਖੇ ਹੋ ਕੇ ਡਾਕਟਰ ਤੈਨਾਤ ਕਰ ਦੇਣ ਤਾਂ ਜੋ ਕਿਸਾਨਾਂ ਦੇ ਪਸ਼ੂਆਂ ਦਾ ਇਲਾਜ ਸਹੀ ਢੰਗ ਨਾਲ ਹੋ ਸਕੇ ਔਰ ਪਸ਼ੂ ਬਿਮਾਰੀ ਤੋਂ ਬੱਚ ਸਕਣ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਸਾਨੂੰ ਹਰ ਪਾਸਿਓਂ ਅਪਰੂਵਲ ਮਿਲ ਚੁੱਕੀ ਹੈ, ਫਾਈਨਾਂਸ਼ੀਅਲ ਅਪਰੂਵਲ ਵੀ ਮਿਲ ਚੁੱਕੀ ਹੈ। ਅਸਾਮੀਆਂ ਤਾਂ 6 ਮਹੀਨੇ ਵਿੱਚ ਭਰੀਆਂ ਜਾਣਗੀਆਂ ਪਰ ਜਿਹੜੀ ਇਹ ਘੱਗਰ ਬੈਲਟ ਦੀਆਂ ਡਿਸਪੈਂਸਰੀਆਂ ਬਾਰੇ ਕਹਿੰਦੇ ਹਨ, ਇਹ ਮੇਰੇ ਕੋਲ ਆ ਜਾਣ, ਜਿੱਥੇ ਕਹਿਣਗੇ ਮੈਂ ਇਨ੍ਹਾਂ ਏਰੀਏ ਵਿੱਚ ਡਾਕਟਰ ਲਗਾ ਦਿਆਂਗਾ ਜੀ।

ਮਾਨਯੋਗ ਸਪੀਕਰ:ਮੈਂਬਰ ਸਾਹਿਬ, ਤੁਸੀਂ ਦੱਸ ਦਿਉ ਜਿੱਥੇ-ਜਿੱਥੇ ਤੁਹਾਨੂੰ ਡਾਕਟਰ ਚਾਹੀਦੇ ਹਨ।

ਸਰਦਾਰ ਨਿਰਮਲ ਸਿੰਘ: ਮਿਹਰਬਾਨੀ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 2703

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਉੜਮੁੜ ਹਲਕੇ ਵਿਚ ਪੀਣ ਵਾਲੇ ਪਾਣੀ ਲਈ ਨਵੇਂ ਟਿਊਬਵੈੱਲ ਲਗਾਉਣ

*2728 **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਜਲ ਸਪਲਾਈ ਅਤ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉੜਮੁੜ ਵਿਧਾਨ ਸਭਾ ਚੋਣ ਹਲਕੇ ਵਿਚ ਨੇੜਲੇ ਭਵਿੱਖ ਵਿਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਨਵੇਂ ਟਿਊਬਵੈੱਲ ਲਗਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਹਲਕੇ ਵਿਚ ਲਗਾਏ ਜਾਣ ਵਾਲੇ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ?

ਸ਼੍ਰੀਮਤੀ ਰਜ਼ੀਆ ਸੁਲਤਾਨਾ: ਹਾਂ ਜੀ। ਉੜਮੁੜ ਟਾਂਡਾ ਵਿਧਾਨ ਸਭਾ ਚੋਣ ਹਲਕੇ ਵਿੱਚ ਨੇੜਲੇ ਭਵਿੱਖ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ 5 ਨਵੇਂ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ। ਇਨ੍ਹਾਂ ਵਿਚੋਂ 2 ਟਿਊਬਵੈੱਲਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ 3

ਟਿਊਬਵੈੱਲਾਂ ਦਾ ਕੰਮ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਇਹ ਕੰਮ ਮਿਤੀ 31.05.2020 ਤੱਕ ਮੁਕੰਮਲ ਹੋ ਜਾਵੇਗਾ।

ਸਰਦਾਰ ਸੰਗਤ ਸਿੰਘ ਗਿਲਜੀਆਂ: ਸਪੀਕਰ ਸਾਹਿਬ, ਬੇਨਤੀ ਹੈ ਕਿ ਮੈਡਮ ਜੀ ਨੇ 5 ਟਿਊਬਵੈੱਲਾਂ ਬਾਰੇ ਕਿਹਾ ਹੈ। ਇਹ ਟਿਊਬਵੈੱਲ ਤਾਂ ਅਜੇ ਚਾਲੂ ਨਹੀਂ ਹੋਏ। ਹੁਣ ਗਰਮੀ ਦਾ ਸੀਜ਼ਨ ਆਉਣ ਵਾਲਾ ਹੈ, ਉੱਥੇ ਕੰਢੀ ਏਰੀਆ ਵਿੱਚ ਬਹੁਤ ਵੱਡੀ ਸਮੱਸਿਆ ਹੈ। ਉਨ੍ਹਾਂ ਟਿਊਬਵੈੱਲਾਂ ਦਾ 6-6, 7-7 ਪਿੰਡਾਂ ਦਾ ਕੁਨੈਕਸ਼ਨ ਚੱਲਦਾ ਹੈ, ਬਿਜਲੀ ਦੀ ਵੀ ਕਈ ਵਾਰ ਕਮੀ ਹੋ ਜਾਂਦੀ ਹੈ। ਕਈ ਵਾਰ ਘਰਾਂ ਤੱਕ ਪਾਣੀ ਵੀ ਨਹੀਂ ਪਹੁੰਚਦਾ। ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗਰਮੀ ਦਾ ਸੀਜ਼ਨ ਆਉਣ ਵਾਲਾ ਹੈ, ਸੋ ਖਾਸ ਕਰਕੇ ਕੰਢੀ ਦੇ ਏਰੀਏ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ। ਉੱਥੇ ਰਹਿੰਦੇ ਟਿਊਬਵੈੱਲ ਲੱਗਣੇ ਚਾਹੀਦੇ ਹਨ।

ਮੰਤਰੀ: ਸਰਕਾਰ ਕੰਢੀ ਏਰੀਆ ਨੂੰ ਲੈ ਕੇ ਖੁਦ ਬਹੁਤ ਚਿੰਤਾ ਦੇ ਵਿੱਚ ਹੈ। ਅਸੀਂ ਵਾਰ-ਵਾਰ ਮੀਟਿੰਗਜ਼ ਕਰਕੇ ਵੀ ਇਸ ਬਾਰੇ ਸੋਚਦੇ ਰਹਿੰਦੇ ਹਾਂ ਔਰ ਉਪਰਾਲਾ ਵੀ ਕਰ ਰਹੇ ਹਾਂ। ਆਉਣ ਵਾਲੇ ਸਮੇਂ ਦੇ ਵਿੱਚ ਕੰਢੀ ਏਰੀਏ ਵਿੱਚ ਪੀਣ ਵਾਲੇ ਪਾਣੀ ਨੂੰ ਮੁਹੱਈਆ ਕਰਵਾਉਣ ਵਾਸਤੇ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਉੱਥੇ ਵਾਸਤੇ ਜੋ ਉਪਰਾਲੇ ਹੋ ਰਹੇ ਹਨ, ਜੇ ਮੈਂਬਰ ਸਾਹਿਬ ਨੇ ਉਸ ਦੀ ਡਿਟੇਲ ਲੈਣੀ ਹੈ ਤਾਂ ਅਸੀਂ ਉਨ੍ਹਾਂ ਨੂੰ ਡਿਟੇਲ ਦੇ ਸਕਦੇ ਹਾਂ। ਇਹ ਮੇਰੇ ਕੋਲ ਆਫਿਸ ਵਿਚ ਆ ਕੇ ਆਪਣੀ ਡਿਟੇਲ ਵੀ ਲੈ ਸਕਦੇ ਹਨ। ਅਸੀਂ ਸਾਲ 2020-21 ਵਿੱਚ ਇਨ੍ਹਾਂ ਦੇ 10 ਹੋਰ ਪਿੰਡਾਂ ਨੂੰ ਪਾਣੀ ਮੁਹੱਈਆ ਕਰਵਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ।

ਮਾਨਯੋਗ ਸਪੀਕਰ: ਰਜ਼ੀਆ ਜੀ, ਡਿਟੇਲ ਭਿਜਵਾ ਦਿਉ।ਮੈਂਬਰ ਸਾਹਿਬ, ਤੁਹਾਡੇ ਕੋਲ ਡਿਟੇਲ ਆ ਜਾਵੇਗੀ ਕਿ ਕੰਢੀ ਏਰੀਏ ਦੇ ਸਾਰੇ ਕਿਹੜੇ-ਕਿਹੜੇ ਪ੍ਰਾਜੈਕਟ ਹਨ।

ਸਰਦਾਰ ਸੰਗਤ ਸਿੰਘ ਗਿਲਜੀਆਂ: ਨਹੀਂ, ਸਪੀਕਰ ਸਾਹਿਬ। ਦੇਖੋ ਪੀਣ ਵਾਲੇ ਪਾਣੀ ਦੀ ਸਮੱਸਿਆ ਦੀ ਗੱਲ ਹੈ। ਜੇ ਆਪਾਂ ਡਿਟੇਲ ਹੀ ਮੰਗੀ ਜਾਣੀ ਤਾਂ ਇਸ ਤਰ੍ਹਾਂ ਕੰਮ ਨਹੀਂ ਚੱਲੇਗਾ ਕਿਉਂਕਿ ਗਰਮੀਆਂ ਆਉਣ ਵਾਲੀਆਂ ਹਨ। ਹਰ ਵਾਰੀ ਕਹਿ ਦਿੰਦੇ ਹਨ, ਹੁਣ ਸਾਨੂੰ ਸਮਾਂ ਦੱਸਣ ਕਿ ਇਹ ਕਦੋਂ ਲੱਗਣਗੇ? 10 ਟਿਊਬਵੈੱਲ ਲੱਗ ਰਹੇ ਹਨ ਜੀ, ਕਦੋਂ ਲੱਗ ਰਹੇ ਹਨ? ਇਨ੍ਹਾਂ ਨੂੰ ਟਾਈਮ-ਬਾਊਂਡ ਕਰੋ, ਇਹ ਗੱਲ ਨਹੀਂ ਹੋਣੀ। ਇਹ ਕੰਢੀ ਦਾ ਏਰੀਆ ਹੈ ਅਤੇ ਪੀਣ ਵਾਲੇ ਪਾਣੀ ਦੀ ਕਮੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਮਾਨਯੋਗ ਸਪੀਕਰ: ਰਜ਼ੀਆ ਜੀ, ਕੋਈ ਟਾਈਮ ਲਿਮਿਟ ਤੈਅ ਕਰੋ।

ਮੰਤਰੀ:ਸਾਲ 2020-21 ਦੇ ਵਿੱਚ ਇਨ੍ਹਾਂ ਦੇ 10 ਟਿਊਬਵੈੱਲ ਹੋਰ ਲੱਗਣ ਜਾ ਰਹੇ ਹਨ।

ਸਰਦਾਰ ਸੰਗਤ ਸਿੰਘ ਗਿਲਜੀਆਂ: ਸਪੀਕਰ ਸਾਹਿਬ, ਸਾਲ 2021 ਕਦੋਂ ਆਉਣਾ ਹੈ? ਇਹ ਗੱਲ ਨਹੀਂ ਹੈ ਜੀ, ਹੁਣ ਸਾਲ 2020 ਚੱਲ ਰਿਹਾ ਹੈ, ਭਾਵ ਇੱਕ ਸਾਲ ਦਾ ਹੋਰ ਬਹਾਨਾ ਲੱਗ ਰਿਹਾ ਹੈ।

ਮੰਤਰੀ: ਕਈ ਵਾਰੀ ਜਦੋਂ ਅਸੀਂ ਕੰਮ ਸ਼ੁਰੂ ਕਰਦੇ ਹਾਂ ਤਾਂ ਥੋੜ੍ਹਾ ਜਿਹਾ ਡਿਲੇਅ ਵੀ ਹੋ ਜਾਂਦਾ ਹੈ। ਸੋ, ਫਿਕਸਡ ਡੇਟ ਨਹੀਂ ਦਿੱਤੀ ਜਾ ਸਕਦੀ। ਪਰ ਸਾਲ 2020-21 ਵਿੱਚ ਅਸੀਂ ਇਨ੍ਹਾਂ ਦੇ 10 ਹੋਰ ਪਿੰਡਾਂ ਵਿੱਚ ਪਾਣੀ ਮੁਹੱਈਆ ਕਰਵਾਵਾਂਗੇ।

ਮਾਨਯੋਗ ਸਪੀਕਰ: ਰਜ਼ੀਆ ਜੀ, ਸਾਲ 2021 ਤਾਂ ਬਹੁਤ ਦੂਰ ਹੈ। ਇਹ ਤਾਂ ਫਿਰ ਬੇਇਨਸਾਫੀ ਹੋਵੇਗੀ ਕਿਉਂਕਿ ਪਾਣੀ ਦਾ ਮਸਲਾ ਹੈ। ਪਾਣੀ ਦੇ ਮਸਲੇ ਦੀ ਸੈਂਸਟੇਵਿਟੀ ਹੈ। ਕੰਢੀ ਵਾਲਾ ਪ੍ਰਾਜੈਕਟ ਪ੍ਰਾਇਰਟੀ ਤੇ ਕਰਵਾਓ।

ਮੰਤਰੀ: ਸਰ, ਅਸੀਂ ਕੰਢੀ ਏਰੀਆ ਨੂੰ ਪਹਿਲਾਂ ਹੀ ਪ੍ਰਾਇਰਟੀ ਤੇ ਲੈ ਰਹੇ ਹਾਂ। ਸਰਕਾਰ ਕੰਢੀ ਏਰੀਆ ਨੂੰ ਲੈ ਕੇ ਬਹੁਤ ਫਿਕਰਮੰਦ ਹੈ ਤੇ ਪਿਛਲੇ ਦਿਨੀਂ ਸਰਕਾਰ ਨੇ 10 ਕਰੋੜ ਰੁਪਿਆ ਕੰਢੀ ਏਰੀਏ ਲਈ ਸਪੈਸ਼ਲ ਦਿੱਤਾ ਹੈ। ਅਸੀਂ ਹੋਰ ਵੀ ਪੈਸਾ ਮੁਹੱਈਆ ਕਰਵਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਮੈਂ ਵਾਅਦਾ ਕਰਦੀ ਹਾਂ ਕਿ ਕੰਢੀ ਏਰੀਆ ਵਿੱਚ ਅਸੀਂ ਜਲਦ ਤੋਂ ਜਲਦ, ਜਿੰਨਾ ਜਲਦੀ ਹੋ ਸਕੇਗਾ ਪੈਸੇ ਦਾ ਉਪਰਾਲਾ ਕਰਕੇ, ਇਨ੍ਹਾਂ ਦੇ ਕੰਮ ਜਲਦੀ ਸ਼ੁਰੂ ਕਰਵਾ ਦਿੱਤੇ ਜਾਣਗੇ।

ਮਾਨਯੋਗ ਸਪੀਕਰ: ਹੁਣ ਤਾਂ ਐਸ਼ਿਓਰੈਂਸ ਆ ਗਈ ਜੀ।

ਸਰਦਾਰ ਸੰਗਤ ਸਿੰਘ ਗਿਲਜੀਆਂ: ਨਹੀਂ, ਸਪੀਕਰ ਸਾਹਿਬ। ਸਪੀਕਰ ਸਾਹਿਬ, ਇਹ ਦੱਸ ਰਹੇ ਹਨ ਕਿ 10 ਕਰੋੜ ਰੁਪਿਆ ਕੰਢੀ ਏਰੀਏ ਨੂੰ ਦੇ ਰਹੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੰਢੀ ਕਿੱਥੋਂ ਚੱਲਦੀ ਹੈ। ਇਹ ਚੰਡੀਗੜ੍ਹ ਤੋਂ ਚੱਲ ਕੇ ਪਠਾਨਕੋਟ ਵਿੱਚ ਜਾ ਕੇ ਮੁੱਕਦੀ ਹੈ। ਕਿੰਨੇ ਹੀ ਹਲਕੇ ਵਿੱਚ ਆ ਜਾਂਦੇ ਹਨ। ਦੱਸੋ 10 ਕਰੋੜ ਰੁਪਏ ਨਾਲ ਕੀ ਬਣੇਗਾ? ਕਿੰਨੇ ਟਿਊਬਵੈੱਲ ਲੱਗਣਗੇ? ਇੱਥੇ ਬਿਲਕੁਲ ਸਹੀ ਦੱਸਿਆ ਜਾਵੇ। ਲੋਕਾਂ ਦੇ ਪਾਣੀ ਦੀ ਗੱਲ ਹੈ, ਲੋਕਾਂ ਦੇ ਮਸਲੇ ਦੀ ਗੱਲ ਹੈ। ਇਸ ਤਰ੍ਹਾਂ ਗੱਲ ਨਹੀਂ ਚੱਲਣੀ, ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਲੋਕਾਂ ਨੂੰ ਪਾਣੀ ਨਹੀਂ ਮਿਲ ਰਿਹਾ। ਇਸ ਦਾ ਮਤਲਬ ਅਸੀਂ ਕਿਹੜਾ ਮੂੰਹ ਲੈ ਕੇ ਲੋਕਾਂ ਕੋਲ ਜਾਣਾ ਹੈ?

ਮੰਤਰੀ: ਸਪੀਕਰ ਸਾਹਿਬ, 10 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਦਿੱਤਾ ਹੈ। ਬਾਕੀ ਸਾਡੀਆਂ ਸਕੀਮਾਂ 50:50 ਦੇ ਹਿਸਾਬ ਨਾਲ ਚੱਲਦੀਆਂ ਹਨ। 50% ਪੰਜਾਬ ਸਰਕਾਰ ਅਤੇ 50% ਸੈਂਟਰ ਸਰਕਾਰ ਦਿੰਦੀ ਹੈ। ਉਸ ਦੇ ਤਹਿਤ ਅਲੱਗ ਸਕੀਮਾਂ ਹਨ। ਫਿਲਹਾਲ 10 ਕਰੋੜ ਰੁਪਿਆ

ਸਰਕਾਰ ਨੇ ਜਲਦਬਾਜ਼ੀ ਵਿੱਚ ਦਿੱਤਾ ਹੈ ਤਾਂ ਕਿ ਜਿਹੜਾ ਛੋਟਾ-ਮੋਟਾ ਕੰਮ ਹੈ, ਅਸੀਂ ਉਸ ਨੂੰ ਪੂਰਾ ਕਰ ਸਕੀਏ।ਸਪੀਕਰ ਸਾਹਿਬ, ਗੱਲ ਇਹ ਹੈ ਕਿ ਵਾਰ-ਵਾਰ ਇਹੀ ਜਵਾਬ ਆ ਰਿਹਾ ਹੈ। ਪਿਛਲੀ ਵਾਰੀ ਵੀ ਇਹੀ ਜਵਾਬ ਸੀ ਪਰੰਤੂ ਜਿਹੜੀ ਫਿਕਰ ਦੀ ਗੱਲ ਹੈ, ਉਹ ਪੀਣ ਵਾਲੇ ਪਾਣੀ ਦੀ ਹੈ।

ਮਾਨਯੋਗ ਸਪੀਕਰ: ਵੈਸੇ ਮੈਂ ਤੁਹਾਨੂੰ ਇੱਕ ਆਫ ਦਿ ਰਿਕਾਰਡ ਗੱਲ ਦੱਸਣਾ ਚਾਹੁੰਦਾ ਹਾਂ ਕਿ ਮੈਂ ਵੀ ਇਸ ਗੱਲ ਨੂੰ ਲੈ ਕੇ ਚਿੰਤਾਤੁਰ ਹਾਂ। ਮੈਂ ਕੱਲ੍ਹ ਇਨ੍ਹਾਂ ਦੇ ਸੈਕਟਰੀ ਸਾਹਿਬ ਨੂੰ ਬੁਲਾਇਆ ਸੀ ਅਤੇ ਉਨ੍ਹਾਂ ਨਾਲ ਗੱਲ ਵੀ ਕੀਤੀ ਸੀ। ਉਨ੍ਹਾਂ ਦਾ ਇਹ ਕਹਿਣਾ ਹੈ ਕਿ ਜਿਹੜੀ ਰੂਰਲ ਵਾਟਰ ਸਪਲਾਈ ਹੈ, ਉਸ ਵਾਸਤੇ ਕਾਫੀ ਪੈਸਾ ਸਾਡੇ ਕੋਲ ਆ ਗਿਆ ਹੈ, ਹੁਣ ਕਿਤੇ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।

ਸਰਦਾਰ ਸੰਗਤ ਸਿੰਘ ਗਿਲਜੀਆਂ: ਧੰਨਵਾਦ, ਸਪੀਕਰ ਸਾਹਿਬ।

ਮਾਨਯੋਗ ਸਪੀਕਰ: ਹਾਂ ਜੀ, ਨਿਰਮਲ ਸਿੰਘ ਜੀ।

ਸਰਦਾਰ ਨਿਰਮਲ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੇਰਾ ਹਲਕਾ ਸ਼ੁਤਰਾਣਾ ਹੈ ਜਿਵੇਂ ਪਹਿਲਾਂ ਘੱਗਰ ਬਾਰੇ ਗੱਲ ਕੀਤੀ ਗਈ ਹੈ, ਉਸ ਦੇ ਕੰਢੇ ਜਿੰਨੇ ਪਿੰਡ ਵੱਸਦੇ ਹਨ, ਉੱਥੇ ਸਾਰਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ, ਜਿਸ ਨੂੰ ਪੀਣ ਨਾਲ ਕਾਫੀ ਬਿਮਾਰੀਆਂ ਫੈਲ ਰਹੀਆਂ ਹਨ, ਪੀਲੀਏ ਦੀ ਬਿਮਾਰੀ ਫੈਲ ਰਹੀ ਹੈ। ਉਥੇ ਪੀਣ ਵਾਲਾ ਪਾਣੀ ਨਾ ਹੋਣ ਕਾਰਨ ਬੱਚਿਆਂ ਅਤੇ ਬਹੁਤ ਸਾਰੇ ਲੋਕਾਂ ਨੂੰ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਨਯੋਗ ਸਪੀਕਰ: ਨਿਰਮਲ ਸਿੰਘ ਜੀ, ਇਹ ਵੱਖਰਾ ਸਵਾਲ ਬਣਦਾ ਹੈ, ਇਸ ਦਾ ਇਸ ਸਵਾਲ ਨਾਲ ਤੁਅੱਲਕ ਨਹੀਂ ਹੈ।

ਸਰਦਾਰ ਨਿਰਮਲ ਸਿੰਘ: ਸਪੀਕਰ ਸਾਹਿਬ, ਠੀਕ ਹੈ ਜੀ।

ਮਾਨਯੋਗ ਸਪੀਕਰ: ਹਾਂ ਜੀ, ਬੈਂਸ ਸਾਹਿਬ।

ਸਰਦਾਰ ਬਲਵਿੰਦਰ ਸਿੰਘ ਬੈਂਸ: ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਾਣੀ ਦਾ ਮੁੱਦਾ ਬਹੁਤ ਅਹਿਮ ਹੈ। ਜੇਕਰ ਸਰਕਾਰ ਟਿਊਬਵੈੱਲ ਨਹੀਂ ਲਗਾ ਸਕਦੀ, ਜਿੱਥੇ ਸਰਕਾਰ ਦੀ ਪਹੁੰਚ ਨਹੀਂ ਪਰੰਤੂ ਕੁਝ ਲੋਕ ਆਪਣੇ ਵਾਸਤੇ ਪੀਣ ਵਾਲੇ ਪਾਣੀ ਦਾ ਟਿਊਬਵੈੱਲ ਲਗਾਉਣਾ ਚਾਹੁੰਦੇ ਹਨ, ਉਹ ਇੱਕ ਇੰਚੀ ਜਾਂ ਅੱਧੀ ਇੰਚੀ ਦਾ

ਟਿਊਬਵੈੱਲ ਲਗਾਉਣਾ ਚਾਹੁੰਦੇ ਹਨ। ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਜਿੱਥੇ ਤਾਂ ਅਫਸਰਾਂ ਨੂੰ ਪੈਸੇ ਮਿਲ ਜਾਂਦੇ ਹਨ, ਉੱਥੇ ਬੋਰ ਹੋ ਜਾਂਦਾ ਹੈ ਅਤੇ ਜਿੱਥੇ ਪੈਸੇ ਨਹੀਂ ਮਿਲਦੇ, ਉੱਥੇ ਅਫਸਰ ਹਰਲ-ਹਰਲ ਕਰਦੇ ਫਿਰਦੇ ਹਨ। ਸਪੀਕਰ ਸਾਹਿਬ, ਉੱਥੇ ਉਹ ਅਫਸਰ ਮਸ਼ੀਨ ਵਾਲੇ ਦੀ ਮਸ਼ੀਨ/ਸਮਾਨ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ ਹਨ ਅਤੇ ਘਰ ਵਾਲਿਆਂ ਨੂੰ ਨੋਟਿਸ ਦੇ ਦਿੱਤੇ ਜਾਂਦੇ ਹਨ। ਮੈਂ ਸਰਕਾਰ ਨੂੰ ਇੱਕੋ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਆਪਾਂ ਬੋਰ ਨਹੀਂ ਲਗਾ ਸਕਦੇ ਤਾਂ ਕੋਈ ਹੱਦ ਸੀਮਾ ਤਾਂ ਤਹਿ ਕੀਤੀ ਜਾ ਸਕਦੀ ਹੈ ਕਿਉਂਕਿ ਬੰਦਾ ਅੱਧੀ ਇੰਚੀ ਦਾ ਪਾਈਪ ਲਗਾ ਕੇ, ਆਪਣੇ ਵਾਸਤੇ ਪੀਣ ਵਾਲਾ ਪਾਣੀ ਤਾਂ ਲੈ ਸਕਦਾ ਹੈ। ਕੀ ਸਰਕਾਰ ਇਸ ਸਬੰਧੀ ਕੋਈ ਐਲਾਨ ਕਰ ਸਕਦੀ ਹੈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਮੈਂ ਇਹ ਸਵਾਲ ਕੀਤਾ ਹੈ, ਉਸ ਦਾ ਜਵਾਬ ਦਿੱਤਾ ਜਾਏ।

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਵਿਚਾਰ ਕਰ ਲਵਾਂਗੇ, ਜੇਕਰ ਕਿਤੇ ਇਨ੍ਹਾਂ ਨੂੰ ਇਹੋ ਜਿਹੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਇਹ ਮੈਨੂੰ ਦੱਸ ਦੇਣ ਕਿ ਕਿੱਥੇ-ਕਿੱਥੇ ਇਨ੍ਹਾਂ ਨੂੰ ਇਸ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ, ਉਥੇ ਅਸੀਂ ਵਿਚਾਰ ਕਰਕੇ, ਇਨ੍ਹਾਂ ਨੂੰ ਅਲਾਓ ਕਰ ਦੇਵਾਂਗੇ।

ਮਾਨਯੋਗ ਸਪੀਕਰ: ਨਹੀਂ ਜੀ, ਇਹ ਕਿਸੇ ਇੱਕ ਦੀ ਗੱਲ ਨਹੀਂ ਕਰ ਰਹੇ ਹਨ, ਇਨ੍ਹਾਂ ਦਾ ਇਹ ਕਹਿਣਾ ਹੈ ਕਿ ਇਨ ਜਨਰਲ ਪ੍ਰਾਈਵੇਟ ਬੋਰ ਮਹਿਕਮਾ ਲਗਾਉਣ ਨਹੀਂ ਦਿੰਦਾ ਹੈ। ਇਸ ਤੇ ਵਿਚਾਰ ਜ਼ਰੂਰ ਕਰੋ।

ਮੰਤਰੀ:ਮੈਂ ਇਹ ਕਿਹਾ ਹੈ ਕਿ ਵਿਚਾਰ ਕਰਕੇ ਅਲਾਓ ਕਰ ਦੇਵਾਂਗੇ। ਇਹ ਮੈਨੂੰ ਦੱਸ ਦੇਣ ਕਿੱਥੇ-ਕਿੱਥੇ ਦਿੱਕਤ ਹੈ। ਮੈਂ ਉਥੇ ਪਤਾ ਕਰਵਾ ਲਵਾਂਗੀ।ਜੇਕਰ ਵਾਕਿਆ ਹੀ ਉਥੇ ਟਿਊਬਵੈੱਲ ਲੱਗਣ ਵਾਲੇ ਹਨ ਤਾਂ ਅਸੀਂ ਅਲਾਉ ਕਰ ਦੇਵਾਂਗੇ। ਸਪੀਕਰ ਸਾਹਿਬ, ਵਿਚਾਰ ਕਰ ਲਵਾਂਗੇ ਜੀ।

Mr. Speaker: Thank you.ਹਾਂ ਜੀ, ਨਾਜਰ ਸਿੰਘ ਮਾਨਸ਼ਾਹੀਆ ਜੀ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਇੱਕ ਜਨਰਲ ਪ੍ਰਾਬਲਮ ਵਾਟਰ ਸਪਲਾਈ ਦੀ ਆ ਰਹੀ ਹੈ ਕਿ ਪਾਈਪ ਲਾਈਨ ਦੇ ਉੱਤੇ ਲੋਕ ਅਣਆਥੋਰਾਈਜ਼ਡ ਵੇਅ ਨਾਲ ਪਾਣੀ ਨੂੰ ਖਿੱਚਣ ਵਾਸਤੇ ਮੋਟਰਾਂ ਲਗਾ ਲੈਂਦੇ ਹਨ, ਉਸ ਨਾਲ ਵੈਕੂਯਮ ਕੀਰੀਏਟ ਹੋ ਕੇ, ਜਦੋਂ ਦੁਬਾਰਾ ਸਪਲਾਈ ਸ਼ੁਰੂ ਹੁੰਦੀ ਹੈ ਤਾਂ ਕੁਦਰਤੀ ਜਿਹੜਾ ਬਾਹਰਲਾ ਗੰਦਾ ਪਾਣੀ ਹੁੰਦਾ ਹੈ, ਉਹ ਪਾਈਪਾਂ ਵਿੱਚ ਐਂਟਰ ਹੋ ਜਾਂਦਾ ਹੈ।ਹਾਊਸ ਵਿੱਚ ਕੱਲ੍ਹ ਵੀ ਇਹੀ ਇਸ਼ੂ ਉੱਠਿਆ ਸੀ।ਕੀ ਪਬਲਿਕ ਹੈਲਥ ਡਿਪਾਰਟਮੈਂਟ ਜਾਂ ਲੋਕਲ ਬਾਡੀਜ਼

ਡਿਪਾਰਟਮੈਂਟ ਦੀ, ਜਿਵੇਂ ਸ਼ਹਿਰਾਂ ਵਿੱਚ ਪਾਣੀ ਦੀ ਸਪਲਾਈ ਹੁੰਦੀ ਹੈ, ਕੀ ਉਸ ਸਬੰਧੀ ਕੋਈ ਜਨਰਲ ਪਾਲਿਸੀ ਹੈ ਕਿ ਮੋਟਰਾਂ ਵਾਲਿਆਂ ਤੇ ਕੀ ਐਕਸ਼ਨ ਲੈਣਾ ਹੈ? ਕਿਉਂਕਿ ਇਹ ਮੋਟਰਾਂ ਸਾਰੀਆਂ ਅਣਆਥੋਰਾਈਜ਼ਡ ਹੁੰਦੀਆਂ ਹਨ। ਜਿਹੜੇ ਐਂਡ ਤੇ ਪਾਣੀ ਯੂਜ਼ਰ ਹੁੰਦੇ ਹਨ, ਉਨ੍ਹਾਂ ਨੂੰ ਇਹ ਸਮੱਸਿਆ ਆ ਰਹੀ ਹੈ, ਉਨ੍ਹਾਂ ਕੋਲ ਪਾਣੀ ਨਹੀਂ ਪਹੁੰਚਦਾ। ਇਸ ਤੋਂ ਇਲਾਵਾ ਜਿਹੜੇ ਉਪਰਲੀ ਮੰਜ਼ਿਲ ਤੇ ਰਹਿੰਦੇ ਹਨ, ਉਨ੍ਹਾਂ ਕੋਲ ਵੀ ਪਾਣੀ ਨਹੀਂ ਪਹੁੰਚਦਾ।ਕੀ ਮੰਤਰੀ ਜੀ ਕ੍ਰਿਪਾ ਕਰਕੇ ਇਸ ਬਾਰੇ ਦੱਸਣਗੇ ਜੀ?

ਮਾਨਯੋਗ ਸਪੀਕਰ: ਰਜ਼ੀਆ ਜੀ, ਜਿਹੜੀਆਂ ਅਨਆਥੋਰਾਈਜ਼ਡ ਮੋਟਰਾਂ ਲੋਕਾਂ ਵੱਲੋਂ ਲਗਾਈਆਂ ਜਾਂਦੀਆਂ ਹਨ, ਕੀ ਕੋਈ ਪੀਨਲ ਐਕਸ਼ਨ ਲੈਣ ਦੀ ਤਜਵੀਜ਼ ਹੈ?

ਮੰਤਰੀ:ਸਪੀਕਰ ਸਾਹਿਬ, ਇਹੀ ਸਵਾਲ ਹੈ ਕਿ ਜਿੱਥੇ-ਜਿੱਥੇ ਪਾਣੀ ਜਾਂਦਾ ਹੈ ਤਾਂ ਕਈ ਵਾਰੀ ਲੋਕੀਂ ਪਾਣੀ ਖਿੱਚਣ ਵਾਸਤੇ ਟੂਲੂ ਪੰਪ ਲਗਾ ਲੈਂਦੇ ਹਨ, ਜਦੋਂ ਟੂਲੂ ਪੰਪ ਦੇ ਜ਼ਰੀਏ ਇੱਕ ਘਰ ਨੂੰ ਪਾਣੀ ਚਲਾ ਜਾਂਦਾ ਹੈ ਤਾਂ ਦੂਸਰੇ ਘਰਾਂ ਨੂੰ ਪਾਣੀ ਰੁਕ ਜਾਂਦਾ ਹੈ। ਇਸ ਲਈ ਇੱਥੇ ਸਾਡੇ ਵੱਲੋਂ ਐਕਸ਼ਨ ਲਿਆ ਜਾਂਦਾ ਹੈ ਜਿਵੇਂ ਕਿ ਮੈਂਬਰ ਸਾਹਿਬਾਨ ਨੇ ਪਹਿਲਾਂ ਸਵਾਲ ਕੀਤਾ ਹੈ, ਉਹ ਵੀ ਹੋ ਸਕਦਾ ਹੈ ਕਿ ਇਹੋ ਜਿਹਾ ਕੋਈ ਮਸਲਾ ਹੋਵੇ। ਲੋਕੀਂ ਟੂਲੂ ਪੰਪ ਲਗਾ ਕੇ ਆਪਣਾ ਪਾਣੀ ਲੈ ਲੈਂਦੇ ਹਨ ਅਤੇ ਬਾਕੀਆਂ ਨੂੰ ਪਾਣੀ ਤੋਂ ਵਾਂਝਾ ਕਰ ਦਿੰਦੇ ਹਨ। ਇਸ ਲਈ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਇਹੋ ਜਿਹਾ ਕੁਝ ਨਾ ਹੋਵੇ।

Mr. Speaker: Thank you.ਹਾਂ ਜੀ, ਸਰਦਾਰ ਰਣਦੀਪ ਸਿੰਘ ਨਾਭਾ।

ਅਮਲੋਹ ਵਿਖੇ ਸਹਿਕਾਰਤਾ ਭਵਨ ਦੇ ਪ੍ਰਾਜੈਕਟ ਦੀ ਮੌਜੂਦਾ ਸਥਿਤੀ

*2751. **ਸਰਦਾਰ ਰਣਦੀਪ ਸਿੰਘ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਅਕਤੂਬਰ, 2018 ਦੇ ਮਹੀਨੇ ਵਿੱਚ ਸਹਿਕਾਰਤਾ ਮੰਤਰੀ ਨੇ ਅਮਲੋਹ ਵਿਖੇ ਸਹਿਕਾਰਤਾ ਭਵਨ ਉਸਾਰੇ ਜਾਣ ਬਾਰੇ ਘੋਸ਼ਣਾ ਕੀਤੀ ਸੀ, ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਇਸ ਸਬੰਧ ਵਿੱਚ ਕੀ ਕਾਰਵਾਈ ਕੀਤੀ ਗਈ ਹੈ;

(ਅ) ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ?

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ: (ੳ) ਜੀ ਹਾਂ।ਅਮਲੋਹ ਵਿਖੇ ਸਹਿਕਾਰਤਾ ਭਵਨ ਦੀ ਉਸਾਰੀ ਕਰਨ ਲਈ ਫੰਡਜ਼ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਫੰਡਜ਼ ਦਾ ਪ੍ਰਬੰਧ ਹੋਣ ਤੇ ਭਵਨ ਦੀ ਉਸਾਰੀ ਕਰਨ ਦੀ ਪ੍ਰਕਿਰਿਆ ਆਰੰਭੀ ਜਾਵੇਗੀ।

(ਅ) ਉਕਤ ਭਾਗ 'ੳ' ਅਨੁਸਾਰ।

ਮੈਂ ਇਸ ਵਿੱਚ ਥੋੜ੍ਹਾ ਜਿਹਾ ਹੋਰ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਦੇ ਨਾਲ ਖਨਿਆਣ ਪਿੰਡ ਵਿਖੇ ਗਏ ਸੀ ਔਰ ਉਸ ਇਲਾਕੇ ਦੀਆਂ ਜਿਹੜੀਆਂ ਸੁਸਾਇਟੀਆਂ ਸਨ, ਉਨ੍ਹਾਂ ਦੇ ਤਕਰੀਬਨ ਸਾਰੇ ਉਥੋਂ ਦੇ ਡਾਇਰੈਕਟਰ ਅਤੇ ਪ੍ਰਧਾਨ ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ ਸਹਿਕਾਰਤਾ ਭਵਨ ਜ਼ਰੂਰ ਹੋਣਾ ਚਾਹੀਦਾ ਹੈ ਕਿਉਂਕਿ ਫਤਿਹਗੜ੍ਹ ਸਾਹਿਬ ਵਿੱਚ ਜਿੰਨੀਆਂ ਵੀ ਸੁਸਾਇਟੀਆਂ ਹਨ, ਉਹ ਤਕਰੀਬਨ ਸਾਰੀਆਂ ਪ੍ਰਾਫਿਟ ਵਿੱਚ ਹਨ। ਸਾਡੇ ਪੰਜ-ਸੱਤ ਜ਼ਿਲ੍ਹੇ ਹਨ, ਜਿਨ੍ਹਾਂ ਵਿੱਚ ਸੁਸਾਇਟੀਆਂ ਦਾ ਕੰਮ ਬਹੁਤ ਵਧੀਆ ਚੱਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਕੋਈ ਟ੍ਰੇਨਿੰਗ ਲੈਣੀ ਹੁੰਦੀ ਹੈ, ਕੋਈ ਮੀਟਿੰਗ ਕਰਨੀ ਹੁੰਦੀ ਹੈ, ਇਨ੍ਹਾਂ ਤੇ ਕੋਈ ਵਿਚਾਰ ਕਰਨਾ ਹੁੰਦਾ ਹੈ ਤਾਂ ਸਾਨੂੰ ਸਹਿਕਾਰਤਾ ਭਵਨ ਦੀ ਬਹੁਤ ਲੋੜ ਹੁੰਦੀ ਹੈ, ਇਸ ਲਈ ਸਾਨੂੰ ਬਣਾ ਕੇ ਦਿੱਤਾ ਜਾਵੇ। ਇਸ ਤੋਂ ਇਲਾਵਾ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਲਿਖ ਕੇ ਭੇਜਿਆ ਹੈ ਕਿਸਾਡੇ ਚਾਰ-ਪੰਜ ਡਿਸਟ੍ਰਿਕਟ ਹਨ, ਜਿਨ੍ਹਾਂ ਵਿੱਚ ਸਹਿਕਾਰਤਾ ਭਵਨਾਂ ਦੀ ਬਹੁਤ ਜ਼ਿਆਦਾ ਲੋੜ ਹੈ ਤਾਂ ਕਿ ਜਿਹੜੇ ਫਾਰਮਰਜ਼ ਹਨ, ਸੁਸਾਇਟੀਜ਼ ਦੇ ਮੈਂਬਰ ਹਨ ਉਹ ਉੱਥੇ ਇਕੱਠੇ ਬੈਠ ਕੇ ਆਪਣਾ ਵਿਚਾਰ ਵਟਾਂਦਰਾ ਕਰ ਸਕਣ। ਸੀ.ਐਮ. ਸਾਹਿਬ ਨੇ ਵੀ ਐਸ਼ੋਰੈਂਸ ਦਿੱਤੀ ਹੈ ਕਿ ਇਨ੍ਹਾਂ ਦੇ ਪੈਸੇ ਜਲਦੀ ਰਿਲੀਜ਼ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਰਣਦੀਪ ਸਿੰਘ ਨਾਭਾ: ਸਪੀਕਰ ਸਾਹਿਬ, ਧੰਨਵਾਦ ਜੀ। ਮੇਰੀ ਸਪਲੀਮੈਂਟਰੀ ਹੈ।ਸਪੀਕਰ ਸਾਹਿਬ, ਮੰਤਰੀ ਜੀ ਨੇ ਸਹੀ ਫੁਰਮਾਇਆ ਹੈ ਔਰ ਮੇਰੀ ਖੁਸ਼ਕਿਸਮਤੀ ਵੀ ਹੈ ਕਿ ਇਨ੍ਹਾਂ ਦੇ ਬਜ਼ੁਰਗ ਸਰਦਾਰ ਸੰਤੋਖ ਸਿੰਘ ਰੰਧਾਵਾ ਸਾਹਿਬ ਮੇਰੇ ਸਵਰਗੀ ਪਿਤਾ ਸਰਦਾਰ ਗੁਰਦਰਸ਼ਨ ਸਿੰਘ ਜੀ ਨਾਲ, ਸਰਦਾਰ ਦਰਬਾਰਾ ਸਿੰਘ ਜੀ ਦੀ ਵਜਾਰਤ ਅਤੇ ਗਿਆਨੀ ਜੀ ਦੀ ਵਜ਼ਾਰਤ ਵਿੱਚ ਇਕੱਠੇ ਰਹੇ। ਮੰਤਰੀ ਜੀ ਖਨਿਆਣ ਪਿੰਡ ਵਿਖੇ 22 ਅਕਤੂਬਰ 2018 ਨੂੰ ਆਏ ਸੀ। ਜਿਨ੍ਹਾਂ ਦੀਆਂ press cuttings ਮੇਰੇ ਕੋਲ ਹੋਣਗੀਆਂ। ਬਕਾਇਦਾ, ਇਹ ਉਹ ਸੁਸਾਇਟੀ ਹੈ ਜਿਸ ਨੇ ਪੰਜਾਬ ਵਿੱਚ ਰਾਸ਼ਟਰਪਤੀ ਐਵਾਰਡ ਹਾਸਲ ਕੀਤਾ ਸੀ। ਇਹ ਉਹ ਸੁਸਾਇਟੀ ਹੈ ਜਿਸ ਦੇ ਲਗਭਗ 1088 ਮੈਂਬਰ ਹੋਣਗੇ ਅਤੇ ਤਕਰੀਬਨ 1 ਕਰੋੜ 68 ਲੱਖ ਰੁਪਿਆ ਮੁਨਾਫਾ ਇਨ੍ਹਾਂ ਨੂੰ ਵੰਡਿਆ ਗਿਆ ਸੀ। ਇਹ ਪੰਜਾਬ ਦੀ ਇਕੱਲੀਸੁਸਾਇਟੀ ਹੈ ਜਿਹੜੀ most profitable co-operative society ਹੈ। ਉਨ੍ਹਾਂ ਨੇ ਵਜ਼ੀਰ ਸਾਹਿਬ ਤੋਂ ਸਹਿਕਾਰਤਾ ਭਵਨ ਬਣਾਉਣ ਦੀ ਮੰਗ

ਕੀਤੀ ਸੀ। ਡੇਢ ਸਾਲ ਹੋਣ ਵਾਲਾ ਹੈ। ਅੱਜ ਵੀ ਵਜ਼ੀਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਜਦੋਂ ਵੀ ਫਾਇਨਾਂਸ ਮਨਿਸਟਰ ਸਾਹਿਬ ਫੰਡ ਦੇ ਦੇਣਗੇ, ਇਸ ਦੀ ਉਸਾਰੀ ਪ੍ਰਕ੍ਰਿਆ ਅਰੰਭੀ ਜਾਵੇਗੀ।ਇਸ ਬਾਰੇ ਸਵਾਲ ਮੇਰਾ ਪੁੱਛਣਾ ਹੱਕ ਹੈ ਕਿਉਂਕਿ ਮੈਂ ਉਸ ਹਲਕੇ ਦਾ ਨੁਮਾਇੰਦਾ ਹਾਂ। ਉਨ੍ਹਾਂ ਨੇ ਮੈਨੂੰ ਮਾਣ ਸਤਿਕਾਰ ਦੇ ਕੇ ਇੱਥੇ ਭੇਜਿਆ ਹੈ। ਡੇਢ ਸਾਲ ਤੋਂ ਉਨ੍ਹਾਂ ਦੀ ਆਸ ਉਡੀਕ ਕਰ ਰਹੀ ਹੈ। ਇਹ ਮੇਰੀ ਹੱਥ ਜੋੜ ਕੇ ਪ੍ਰਾਰਥਨਾ ਹੈ, ਮੰਤਰੀ ਸਾਹਿਬ ਨੇ ਬਿਲਕੁਲ ਦਰੁਸਤ ਫੁਰਮਾਇਆ ਹੈ ਕਿ 25 ਲੱਖ ਰੁਪਏ ਦਾ ਐਲਾਨ ਕੀਤਾ ਗਿਆ ਸੀ ਲੇਕਿਨ ਡੇਢ ਸਾਲ ਹੋ ਗਏ, ਉਹ ਪੈਸਾ ਹਾਲੇ ਤੱਕ ਨਹੀਂ ਦਿੱਤਾ ਗਿਆ। ਮੇਰੀ ਹੱਥ ਜੋੜ ਕੇ ਪ੍ਰਾਰਥਨਾ ਹੈ ਕਿ ਇਹ ਪੈਸਾ with in time frame ਦਿੱਤਾ ਜਾਵੇ ਤਾਂ ਕਿ ਜਿਹੜੀਆਂ ਪ੍ਰੋਫੀਟੇਬਲ ਸੁਸਾਇਟੀਜ਼ ਹਨ, ਉਨ੍ਹਾਂ ਨੂੰ ਅਸੀਂ encouragement ਕਰ ਸਕੀਏ। ਤੁਹਾਡੇ ਮਾਧਿਅਮ ਰਾਹੀਂ ਮੇਰੀ ਸਿਰਫ ਇੰਨੀ ਹੀ ਗੁਜ਼ਾਰਿਸ਼ ਹੈ।

ਮਾਨਯੋਗ ਸਪੀਕਰ: ਰੰਧਾਵਾ ਸਾਹਿਬ।

ਮੰਤਰੀ: ਜਿਹੜੀ ਗੱਲ ਨਾਭਾ ਸਾਹਿਬ ਨੇ ਕਹੀ ਹੈ, ਉਹ ਬਿਲਕੁਲ ਸਹੀ ਹੈ ਕਿ ਪੰਜਾਬ ਦੇ ਵਿੱਚ ਜਿੰਨੀਆਂ ਵੀ ਸੁਸਾਇਟੀਜ਼ ਹਨ, ਉਨ੍ਹਾਂ ਦੇ ਕਈਆਂ ਦੇ ਬਹੁਤ ਮਾੜੇ ਹਾਲਾਤ ਹਨ। ਉੱਥੇ ਸਟੋਰੇਜ ਨਹੀਂ ਕੀਤੀ ਜਾ ਸਕਦੀ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਉੱਥੇ ਸਟੋਰੇਜ ਕਰ ਲਈਏ। ਮੈਂ ਇਨ੍ਹਾਂ ਨੂੰ ਰਿਕੁਐਸਟ ਕੀਤੀ ਹੈ ਅਤੇ ਕਿਹਾ ਹੈ ਕਿ ਮੈਨੂੰ ਫਾਇਨਾਂਸ ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦੇ ਦਿੱਤੀ ਹੈ ਕਿ ਇੱਕ ਮਹੀਨੇ ਦੇ ਵਿੱਚ ਤੁਹਾਡੇ ਪੈਸੇ ਰਿਲੀਜ਼ ਕਰ ਦਿੱਤੇ ਜਾਣਗੇ।

ਸਰਦਾਰ ਰਣਦੀਪ ਸਿੰਘ ਨਾਭਾ: ਮੇਰੀ ਸਪਲੀਮੈਂਟਰੀ ਹੈ ਜੀ।

ਮਾਨਯੋਗ ਸਪੀਕਰ: ਹਾਂ ਜੀ।

ਸਰਦਾਰ ਰਣਦੀਪ ਸਿੰਘ ਨਾਭਾ: ਮੈਂ ਮੰਤਰੀ ਸਾਹਿਬ ਦਾ ਧੰਨਵਾਦ ਤਾਂ ਕਰ ਸਕਦਾ ਹਾਂ ਕਿ ਇਨ੍ਹਾਂ ਨੇ ਮਹੀਨੇ ਦੇ ਅੰਦਰ ਅੰਦਰ ਪੈਸੇ ਰਿਲੀਜ਼ ਕਰਨ ਦਾ ਵਾਅਦਾ ਕੀਤਾ ਹੈ।

Mr. Speaker: Thank you.ਹਾਂ ਜੀ, ਸੰਧਵਾਂ ਜੀ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਧੰਨਵਾਦ ਜੀ, ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਨੂੰ ਪਤਾ ਲੱਗ ਗਿਆ ਹੈ ਕਿ ਤੁਹਾਡੇ ਡਿਪਾਰਟਮੈਂਟ ਤੇ ਵਜ਼ੀਰ-ਏ-ਖਜ਼ਾਨਾ ਦੀ ਮਿਹਰ ਹੋਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਦਾ ਭਵਨ ਬਣੇਗਾ, ਜਿਹੜੀ ਸਿਹਤ ਬੀਮਾ ਯੋਜਨਾ ਪੰਜਾਬ ਦੇ ਵਿੱਚ ਰੁਕੀ ਹੋਈ ਹੈ, ਉਹ ਇਸ ਭਵਨ ਦੇ ਬਣਨ

ਤੋਂ ਬਾਅਦ ਚਾਲੂ ਹੋਵੇਗੀ ਜਾਂ ਪਹਿਲਾਂ ਚਾਲੂ ਹੋਵੇਗੀ? ਜਿਹੜੇ ਵੀ ਕਾਰਡ ਬਣਨੇ ਸਨ, ਉਹ ਸਾਰੀਆਂ ਸੁਸਾਇਟੀਆਂ ਦੇ ਵਿੱਚੋਂ ਮੈਂਬਰਸ਼ਿਪ ਲਈ ਜਾ ਚੁੱਕੀ ਹੈ।

ਮਾਨਯੋਗ ਸਪੀਕਰ: ਉਸ ਦਾ ਕਾਰਪੋਰੇਸ਼ਨ ਨਾਲ ਤਾਂ ਕੋਈ ਤਾਅਲੁੱਕ ਨਹੀਂ ਹੈ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਕਾਰਪੋਰੇਸ਼ਨ ਦੇ ਨਾਲ ਹੀ ਹੈ।

ਮੰਤਰੀ: ਕੀਤੁਸੀਂ ਭਾਈ ਘਨੱਈਆ ਸਕੀਮ ਦੀ ਗੱਲ ਕਰ ਰਹੇ ਹੋ?

ਸਰਦਾਰ ਕੁਲਤਾਰ ਸਿੰਘ ਸੰਧਵਾਂ: ਹਾਂ ਜੀ, ਉਹ ਕਦੋਂ ਸ਼ੁਰੂ ਹੋਵੇਗੀ? 6 ਮਹੀਨਿਆਂ ਤੋਂ ਪੈਸੇ ਵੀ ਜਮ੍ਹਾਂ ਕਰਵਾ ਚੁੱਕੇ ਹਨ।

ਮਾਨਯੋਗ ਸਪੀਕਰ: ਰੰਧਾਵਾ ਜੀ, ਵੈਸੇ ਤਾਂ ਇਹ ਵੱਖਰਾ ਸਵਾਲ ਬਣਦਾ ਹੈ।ਕੀ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ?

ਮੰਤਰੀ: ਜਿੰਨਾ ਕੁ ਯਾਦ ਹੈ, ਮੈਂ ਜਵਾਬ ਦੇ ਦਿੰਦਾ ਹਾਂ।

ਮਾਨਯੋਗ ਸਪੀਕਰ: ਹਾਂ ਜੀ, ਉਨਾ ਕੁ ਜਵਾਬ ਦੇ ਦਿਓ।

ਮੰਤਰੀ: ਜਿਹੜੀ ਭਾਈ ਘਨੱਈਆ ਸਕੀਮ ਸੀ, ਜਿਹੜੀ ਉਸ ਦੀ insurance company ਸੀ, ਉਸ ਦੀ ਪੂਰੀ ਡਿਟੇਲ ਤਾਂ ਮੈਨੂੰ ਪਤਾ ਨਹੀਂ। ਕਾਲ ਅਟੈਂਸ਼ਨ ਵਿੱਚ ਇਨ੍ਹਾਂ ਦਾ ਪ੍ਰਸ਼ਨ ਲੱਗਾ ਸੀ। ਜਿਹੜੇ insurance ਵਾਲੇ ਸੀ, ਉਹ ਵਿੱਚੇ ਹੀ ਛੱਡ ਕੇ ਦੌੜ ਗਏ ਸਨ। ਉਨ੍ਹਾਂ ਨੂੰ ਇਸ ਸਾਲ ਦੇ ਵਿੱਚ 15 ਕਰੋੜ ਦਾ ਲੋਸ ਹੋਇਆ। ਅਸੀਂ ਦੁਬਾਰਾ ਫਿਰ ਟੈਂਡਰ ਕੀਤੇ। ਸਾਡੇ ਟੈਂਡਰ accept ਕਰ ਲਏ ਗਏ। ਉਨ੍ਹਾਂ ਨੇ ਉਸ ਵਿੱਚ premium ਵੀ ਵਧਾਇਆ ਹੈ। 11 ਨਵੰਬਰ ਨੂੰ ਉਨ੍ਹਾਂ ਦੀ ਮਿਆਦ ਖਤਮ ਹੋ ਗਈ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਦੁਬਾਰਾ ਸ਼ੁਰੂ ਨਹੀਂ ਕੀਤੀ। ਇੱਕ-ਦੋ ਦਿਨ ਵਿੱਚ ਸਾਡੀ ਅਪਰੂਵਲ ਆ ਗਈ ਹੈ। ਟੈਂਡਰ ਵੀ accept ਹੋ ਗਏ ਹਨ। ਇਹ ਜਲਦ ਤੋਂ ਜਲਦ ਲਾਗੂ ਕਰ ਦਿੱਤੀ ਜਾਵੇਗੀ।

Mr. Speaker: Thank you. ਹਾਂ ਜੀ, ਇਆਲੀ ਸਾਹਿਬ।

ਸਰਦਾਰ ਮਨਪ੍ਰੀਤ ਸਿੰਘ ਇਯਾਲੀ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਹਿਕਾਰਤਾ ਵਿਭਾਗ ਹੈ, ਪੰਜਾਬ ਦੀ ਤਰੱਕੀ ਦੇ ਵਿੱਚ ਸਹਿਕਾਰਤਾ ਵਿਭਾਗ ਦਾ ਬਹੁਤ ਵੱਡਾ ਯੋਗਦਾਨ ਹੈ। ਚਾਹੇ ਅਸੀਂ ਕਿਸਾਨੀ ਦੀ ਗੱਲ ਕਰ ਲਈਏ, ਚਾਹੇ ਡੇਅਰੀ ਦੀ ਗੱਲ ਕਰ ਲਈਏ। ਜੇਕਰ ਮੈਂ ਪਿਛਲੇ ਤਿੰਨ ਸਾਲ ਦੀ ਗੱਲ ਕਰਾਂ ਤਾਂ ਮੇਰੇ ਹਲਕੇ ਦੇ ਵਿੱਚ ਇੱਕ ਵੀ

ਸੁਸਾਇਟੀ ਅਜਿਹੀ ਨਹੀਂ ਹੈ, ਜਿੱਥੇ ਇਲੈਕਸ਼ਨ ਹੋਈ ਹੋਵੇ ਉੱਥੇ ਉਨ੍ਹਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ ਹਨ। ਉਹ ਬੰਦੇ ਚੁਣੇ ਗਏ, ਜਿਨ੍ਹਾਂ ਦਾ ਨਾ ਤਾਂ ਕਿਸਾਨੀ ਨਾਲ ਸਬੰਧ ਹੈ ਅਤੇ ਨਾ ਹੀ ਡੇਅਰੀਆਂ ਜਾਂ ਦੁੱਧ ਨਾਲ ਕੋਈ ਸਬੰਧ ਹੈ।

ਮਾਨਯੋਗ ਸਪੀਕਰ:ਇਹ ਵੱਖਰਾਸਵਾਲ ਬਣਦਾ ਹੈ, ਵੱਖਰਾ ਬਣਦਾ ਹੈ।

ਸਰਦਾਰ ਮਨਪ੍ਰੀਤ ਸਿੰਘ ਇਆਲੀ: ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਥੱਲੇ ਦੇ ਲੈਵਲ ਦੇ ਸਭ ਕੁਝ ਹੋ ਰਿਹਾ ਹੈ।ਅੱਜ ਅਸੀਂ ਹਾਈਕੋਰਟ ਰਾਹੀਂ ਚੋਣਾਂ ਕਰਵਾ ਰਹੇ ਹਾਂ।

ਮਾਨਯੋਗ ਸਪੀਕਰ : ਅਗਲਾ ਸਵਾਲ , ਸਰਦਾਰ ਸੰਤੋਖ ਸਿੰਘ ਭਲਾਈਪੁਰ ਜੀ।

\-------

ਬਾਬਾ ਬਕਾਲਾ ਹਲਕੇ ਵਿੱਚੋਂ ਲੰਘਦੇ ਬਿਆਸ ਦਰਿਆ ਦੀ ਸਫਾਈ

*2747. **ਸਰਦਾਰ ਸੰਤੋਖ ਸਿੰਘ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਰਸਾਤਾਂ ਦੇ ਮੌਸਮ ਦੇ ਦੌਰਾਨ ਹੋਣ ਵਾਲੀ ਹੜ੍ਹਾਂ ਵਰਗੀ ਸਥਿਤੀ ਵਿੱਚ ਪਾਣੀ ਦੇ ਨਿਰਵਿਘਨ ਵਹਾਉ ਲਈ ਬਾਬਾ ਬਕਾਲਾ ਵਿਧਾਨ ਸਭਾ ਹਲਕੇ ਵਿੱਚੋਂ ਲੰਘਦੇ ਬਿਆਸ ਦਰਿਆ ਦੀ ਸਫਾਈ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਵੇਰਵੇ ਹਨ?

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ: ਬਾਬਾ ਬਕਾਲਾ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਦਰਿਆ ਬਿਆਸ ਦੀ ਸਫਾਈ ਦੀ ਕੋਈ ਯੋਜਨਾ ਇਸ ਸਮੇਂ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਫਿਰ ਵੀ ਵਿਭਾਗੀ ਪੱਧਰ ਤੇ ਚੈੱਕ ਕਰਵਾ ਲਵਾਂਗੇ ਅਤੇ ਜੇਕਰ ਲੋੜ ਹੋਈ ਤਾਂ ਦਰਿਆ ਦੀ ਸਫਾਈ ਕਰਵਾ ਲਈ ਜਾਵੇਗੀ।

ਸਰਦਾਰ ਸੰਤੋਖ ਸਿੰਘ: ਸਰ, ਬੇਨਤੀ ਹੈ ਕਿ ਮੈਂ ਪਿਛਲੇ ਸਾਲ ਵੀ ਸਵਾਲ ਲਗਾਇਆ ਸੀ ਪਰ ਅਜੇ ਤੱਕ ਬਿਆਸ ਦਰਿਆ ਦੀ ਸਫਾਈ ਲਈ ਫੰਡ ਮੁਹੱਈਆ ਨਹੀਂ ਕਰਵਾਏ ਗਏ, ਹਾਲੇ ਤੱਕ ਉੱਥੇ ਕੁਝ ਨਹੀਂ ਹੋਇਆ।ਜਦੋਂ ਵੀ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਵਧਦਾ ਹੈ ਤਾਂ ਨਾਲ ਲਗਦੀ ਜ਼ਮੀਨ ਨੂੰ ਹਰ ਸਾਲ ਢਾਹ ਲੱਗਦੀ ਹੈ ਅਤੇ ਲੋਕਾਂ ਦੀ ਹਜ਼ਾਰਾਂ ਏਕੜ ਫਸਲ ਖਰਾਬ ਹੋ ਜਾਂਦੀ ਹੈ। ਜਿਹੜੀ ਇਸ ਦਰਿਆ ਵਿਚਕਾਰ ਮਿੱਟੀ ਜਾਂ ਰੇਤਾ ਜੰਮਿਆ ਹੋਇਆ ਹੈ, ਮੇਰਾ ਸੁਝਾਅ ਹੈ ਕਿ ਜਿਨ੍ਹਾਂ ਠੇਕੇਦਾਰਾਂ ਨੂੰ ਰੇਤੇ ਦਾ ਠੇਕਾ ਦਿੱਤਾ ਗਿਆ ਹੈ,ਜੇਕਰ ਉਨ੍ਹਾਂ ਠੇਕੇਦਾਰਾਂ ਦੀ ਜ਼ਿੰਮੇਵਾਰੀ ਲਗਾਈ

ਜਾਵੇ ਕਿ ਉਹ ਹੀ ਇਹ ਸਫਾਈ ਕਰਵਾਉਣਗੇ, ਇਸ ਨਾਲ ਸਫਾਈ ਵੀ ਹੋ ਜਾਵੇਗੀ ਅਤੇ ਸਰਕਾਰ ਨੂੰ ਖਰਚ ਵੀ ਨਹੀਂ ਕਰਨਾ ਪਵੇਗਾ।

ਮੰਤਰੀ: ਸਪੀਕਰ ਸਾਹਿਬ, ਇਹ ਇਕੱਲੇ ਬਿਆਸ ਦਰਿਆ ਦੀ ਗੱਲ ਨਹੀਂ ਹੈ। ਇਹ ਕਾਫੀ ਲੰਮੇ ਸਮੇਂ ਤੋਂ ਮੰਗ ਰਹੀ ਹੈ। ਸਾਡੇ ਤਿੰਨਾਂ ਦਰਿਆਵਾਂ ਦੇ ਵਿੱਚ ਕਦੀ ਵੀ ਅੱਜ ਤੱਕ ਡੀ-ਸਿਲਟਿੰਗ ਦਾ ਕੰਮ ਨਹੀਂ ਹੋਇਆ। ਹੁਣ ਤੱਕ ਕਈ ਸਰਕਾਰਾਂ ਆਈਆਂ ਹਨ। ਸਮੇਂ-ਸਮੇਂ ਤੇ ਦਰਿਆਵਾਂ ਨੇ ਆਪਣਾ ਰੁਖ ਵੀ ਬਦਲਿਆ ਹੈ ਔਰ ਕਈ ਜਗ੍ਹਾ ਤੇ ਬੰਨ੍ਹ ਦੇ ਬਿਲਕੁਲ ਨਾਲ ਹੀ ਦਰਿਆ ਚਲਿਆ ਗਿਆ। ਇਸ ਨਾਲ ਕਾਫੀ ਜਗ੍ਹਾ ਤੇ ਨੁਕਸਾਨ ਹੋਇਆ ਹੈ।ਹਰ ਸਾਲ ਫਲੱਡ ਕੰਟਰੋਲ ਸਬੰਧੀ ਮੀਟਿੰਗ ਹੁੰਦੀ ਹੈ, ਜਿੱਥੇ ਵੀ ਐਮਰਜੈਂਸੀ ਕੰਮ ਕਰਵਾਉਣ ਵਾਲੇ ਹੁੰਦੇ ਹਨ, ਉਹ ਕਰਵਾ ਦਿੱਤੇ ਜਾਂਦੇ ਹਨ। ਮਾਨਯੋਗ ਸੀ.ਐਮ. ਸਾਹਿਬ ਦਾ ਵੀ ਇਹ ਕਨਸਰਨ ਹੈ ਕਿ ਡੀ-ਸਿਲਟਿੰਗ ਕਰਵਾਈ ਜਾਵੇ। ਅਸੀਂ ਸਾਰੇ ਦਰਿਆਵਾਂ ਲਈ ਇੱਕ ਪਰਪੋਜ਼ਲ ਬਣਾਈ ਹੈ, ਜੋ ਏ.ਜੀ. ਆਫਿਸ ਵਿੱਚ ਵਿਚਾਰ ਲਈ ਗਈ ਹੋਈ ਹੈ। ਮੈਨੂੰ ਲਗਦਾ ਹੈ ਕਿ ਜੇਕਰ ਇਹ ਕਲੀਅਰ ਹੋ ਗਈ ਤਾਂ ਸਾਰੇ ਦਰਿਆਵਾਂ ਦੇ ਵਿੱਚ ਡੀ-ਸਿਲਟਿੰਗ ਕਰਵਾ ਦਿੱਤੀ ਜਾਵੇਗੀ।

Mr. Speaker: Thank you.

WELCOME ANNOUNCEMENT BY THE SPEAKER

ਮਾਨਯੋਗ ਸਪੀਕਰ : ਮੈਂ ਸਦਨ ਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਸਰਦਾਰ ਜਸਵੀਰ ਸਿੰਘ ਗਿੱਲ ਡਿੰਪਾ, ਮਾਨਯੋਗ ਮੈਂਬਰ ਲੋਕ ਸਭਾ, ਸਦਨ ਦੀ ਕਾਰਵਾਈ ਵੇਖਣ ਲਈ ਹਾਜ਼ਰ ਹੋਏ ਹਨ। ਮੈਂ ਉਨ੍ਹਾਂ ਨੂੰ ਸਦਨ ਵੱਲੋਂ ਜੀ ਆਇਆਂ ਕਹਿੰਦਾ ਹਾਂ । (ਥੰਪਿੰਗ)

STARRED QUESTION AND ANSWERS (RESUMPTION)

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਜਿਹੜਾ ਬਿਆਸ ਦਰਿਆ ਹੈ, ਉਹ ਮੇਰੇ ਹਲਕੇ ਵਿੱਚ ਦੀ ਵੀ ਲੰਘਦਾ ਹੈ। ਦਰਿਆ ਦੇ ਵਿੱਚੋਂ ਰੇਤਾ ਕੱਢਣ ਦੀ ਕੋਸ਼ਿਸ਼ ਹੋ ਰਹੀ ਹੈ ਅਤੇ ਅਸੀਂ ਪਿਛਲੇ ਤਿੰਨ ਸਾਲ ਤੋਂ ਕਾਫੀ ਲੋਕ ਅੰਦਰ ਡੱਕੇ ਹਨ। ਮੈਨੂੰ ਪਤਾ ਲੱਗਾ ਹੈ ਕਿ ਦਰਿਆ ਤੋਂ ਪਾਰ ਅਤੇ ਇੱਧਰ ਵਾਲੇ ਪਾਸੇ ਮੇਰੇ ਹਲਕੇ ਦੇ ਵਿੱਚ ਦਰਿਆ ਦੇ ਕੰਡੇ ਲੱਗਣੇ ਸ਼ੁਰੂ ਹੋਏ ਹਨ। ਮੈਂ ਉਨ੍ਹਾਂ ਲੋਕਾਂ ਨੂੰ ਕਿਹਾ ਕਿ ਮੈਂ ਕਿਸੇ ਵੀ ਕੀਮਤ ਤੇ ਦਰਿਆ ਦੇ ਵਿੱਚੋਂ ਰੇਤਾ ਨਹੀਂ ਕੱਢਣ ਦੇਣਾ।

ਜਦੋਂ ਮੇਰੀ ਲਾਸ਼ ਜਾਏਗੀ ਤਦ ਹੀ ਰੇਤਾ ਨਿਕਲੇਗਾ ਪਰ ਉਹ ਲੋਕ ਮੁੜਦੇ ਨਹੀਂ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਕੰਡੇ ਲੱਗ ਰਹੇ ਹਨ, ਉਹ ਕਿਸ ਤਰੀਕੇ ਨਾਲ ਲੱਗ ਰਹੇ ਹਨ? ਜਦੋਂ ਦਰਿਆ ਦਾ ਰੁਖ ਮੁੜ ਗਿਆ ਤਾਂ ਉਹ ਪਿੰਡਾਂ ਦੇ ਪਿੰਡ ਰੋੜ੍ਹ ਕੇ ਲੈ ਜਾਵੇਗਾ। ਮੇਰੀ ਬੇਨਤੀ ਹੈ ਕਿ ਇਸ ਤੇ ਮੰਤਰੀ ਸਾਹਿਬ ਜ਼ਰੂਰ ਜਵਾਬ ਦੇਣ।

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ, ਇਸ ਨਾਲ ਕੋਈ ਤਾਅਲੁਕ ਨਹੀਂ ਹੈ। ਜੇ ਮੰਤਰੀ ਸਾਹਿਬ ਜਵਾਬ ਦੇਣਾ ਚਾਹੁਣ ਤਾਂ ਜਵਾਬ ਦੇ ਸਕਦੇ ਹਨ।

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਦੇ ਦਿੰਦਾ ਹਾਂ। ਗੱਲ ਇਹ ਹੈ ਕਿ ਜਿਹੜੀਆਂ ਲੀਗਲ ਖੱਡਾਂ ਹਨ, ਜਿਨ੍ਹਾਂ ਦੀ ਇਨਵਾਇਰਨਮੈਂਟ ਕਲੀਅਰੈਂਸ ਹੋ ਜਾਂਦੀ ਹੈ, ਜੇਕਰ ਠੇਕੇਦਾਰਾਂ ਨੇ ਮਾਈਨਿੰਗ ਕਰਨੀ ਹੈ ਤਾਂ ਕੰਡੇ ਲਗਾਉਣੇ ਲਾਜ਼ਮੀ ਹਨ। ਕੰਡਿਆਂ ਤੋਂ ਹੀ ਪਰਚੀ ਨਿਕਲਦੀ ਹੈ ਅਤੇ ਮੈਂ ਕੱਲ੍ਹ ਵੀ ਸਟੇਟਮੈਂਟ ਦਿੱਤੀ ਸੀ ਕਿ ਕਿਸੇ ਵੀ ਟਰੈਕਟਰ/ਟਰਾਲੀ ਤੋਂ ਪਰਚੀ ਨਾ ਮਿਲੇ ਤਾਂ ਉਹ ਇਲਲੀਗਲ ਮਾਈਨਿੰਗ ਸਮਝੀ ਜਾਵੇ। ਉਸ ਦਾ ਚਲਾਨ ਕੀਤਾ ਜਾਵੇ। ਕੱਲ੍ਹ ਵੀ ਐਨ.ਕੇ.ਸ਼ਰਮਾ ਜੀ ਨੇ ਜ਼ੀਰੋ ਆਵਰ ਵਿੱਚ ਕਾਲ ਅਟੈਂਸ਼ਨ ਕੀਤੀ ਸੀ ਤੇ ਮੈਂ ਕੱਲ੍ਹ ਬੋਲਣਾ ਠੀਕ ਨਹੀਂ ਸਮਝਿਆ। ਇਨ੍ਹਾਂ ਨੇ ਕਿਹਾ ਕਿ ਮੇਰੇ ਹਲਕੇ ਵਿੱਚ ਇਲਲੀਗਲ ਮਾਈਨਿੰਗ ਹੁੰਦੀ ਹੈ। ਸਪੀਕਰ ਸਾਹਿਬ, ਪਿਛਲੇ ਦਸ ਸਾਲ ਇਨ੍ਹਾਂ ਦੀ ਸਰਕਾਰ ਰਹੀ ਹੈ। (ਵਿਘਨ) ਹੁਣ ਮੈਨੂੰ ਬੋਲ ਲੈਣ ਦਿਓ, ਮੈਂ ਕੱਲ੍ਹ ਤੁਹਾਡੀ ਗੱਲ ਵਿੱਚ ਨਹੀਂ ਬੋਲਿਆ। ਮੈਂ ਹੁਣ ਦੀ ਵੀ ਗੱਲ ਕਰਾਂਗਾ ਤੇ ਕੱਲ੍ਹ ਦਾ ਵੀ ਜਵਾਬ ਦੇ ਦਿੰਦਾ ਹਾਂ। ਇਹ 35-40 ਕਰੋੜ ਰੁਪਿਆ ਸਰਕਾਰ ਨੂੰ ਆਉਂਦਾ ਸੀ।ਅਸੀਂ ਸਾਰੇ ਪੰਜਾਬ ਦੇ ਵਿੱਚ ਨਵੀਂ ਪਾਲਿਸੀ ਬਣਾਈ ਅਤੇ ਆਕਸ਼ਨ ਕੀਤੀ ਹੈ। ਜਿਹੜੇ ਮਾਫੀਏ ਦੀ ਇਹ ਗੱਲ ਕਰਦੇ ਸੀ, ਉਹ ਇਨ੍ਹਾਂ ਦੇ ਵੇਲੇ ਹੀ ਸ਼ੁਰੂ ਹੋਇਆ ਸੀ। ਉਸ ਮਾਫੀਏ ਨੇ ਸਾਨੂੰ 7 ਮਹੀਨੇ ਅਦਾਲਤ ਵਿੱਚ ਰਗੜਿਆ। ਕੋਰਟ ਦੇ ਵਿੱਚੋਂ ਕੇਸ ਸਟੇਅ ਹੋ ਗਿਆ ਤੇ ਸਾਨੂੰ ਲੜਾਈ ਲੜਨੀ ਪਈ। ਉਸ ਤੋਂ ਬਾਅਦ ਅਸੀਂ ਜਾ ਕੇ ਸਟੇਅ ਤੁੜਵਾਇਆ ਅਤੇ ਆਕਸ਼ਨ ਕੀਤੀ ਹੈ। ਅੱਜ ਅਸੀਂ 306 ਕਰੋੜ ਦੀ ਆਕਸ਼ਨ ਕੀਤੀ ਹੈ। ਇਕ ਸਾਲ ਵਿੱਚ ਮਾਲੀਆ 306 ਕਰੋੜ ਰੁਪਿਆ ਆਉਣਾ ਹੈ।(ਥੰਪਿੰਗ) ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ, ਇਹ ਜਿਹੜਾ ਰੌਲਾ ਪਾਉਂਦੇ ਹਨ...(ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਵਲੋਂ ਵਿਘਨ) ਹਾਲੇ ਮੈਂ ਜਵਾਬ ਦੇਣਾ ਹੈ, ਇਕ ਮਿੰਟ ਹੌਂਸਲਾ ਰੱਖੋ। ਅਸੀਂ ਜੁਲਾਈ ਵਿੱਚ ਆਕਸ਼ਨ ਕੀਤੀ ਹੈ। ਸਪੀਕਰ ਸਾਹਿਬ, ਰੌਲਾ ਇਸ ਗੱਲ ਦਾ ਹੈ, ਇਨ੍ਹਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਹੈ ਕਿ ਇਲਲੀਗਲ ਮਾਈਨਿੰਗ ਹੈ, ਇਹ ਸਿਰਫ ਆਪਣਾ ਪਾਪ ਛੁਪਾਉਣ ਲਈ ਹੈ, ਜਿਹੜੀ ਇਨ੍ਹਾਂ ਨੇ ਪਿਛਲੇ 10 ਸਾਲਾਂ ਵਿੱਚ ਲੁੱਟ-ਖਸੁੱਟ ਕੀਤੀ ਸੀ, ਉਸ ਨੂੰ ਲੁਕਾਉਣ ਲਈ ਇਹ ਸਾਡੇ ਤੇ ਇਲਜ਼ਾਮ ਲਗਾਉਂਦੇ ਹਨ। ਜੇ ਮੋਟਾ ਜਿਹਾ ਹਿਸਾਬ ਲਗਾਈਏ ਤਾਂ 10 ਸਾਲਾਂ

ਵਿੱਚ 3000 ਕਰੋੜ ਰੁਪਿਆ ਇਹ ਲੁੱਟ ਕੇ ਖਾ ਗਏ ਹਨ ਜਿਹੜਾ ਕਿ ਪੰਜਾਬ ਦੀ ਜਨਤਾ ਦਾ ਪੰਜਾਬ ਦੀ ਸਰਕਾਰ ਨੂੰ ਆਉਣਾ ਸੀ। ਜਿਹੜੀ ਇਹ ਗੱਲ ਕਰਦੇ ਹਨ ਕਿ ਹੁਣ ਤੱਕ ਕੀ ਆਇਆ ਹੈ, ਮੈਂ ਉਸ ਦਾ ਜਵਾਬ ਦੇਣ ਲੱਗਿਆ ਹਾਂ.... (ਸ਼੍ਰੀ ਐਨ.ਕੇ. ਸ਼ਰਮਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਵੱਲੋਂ ਵਿਘਨ) ਹੁਣ ਮੈਨੂੰ ਗੱਲ ਕਰ ਲੈਣ ਦਿਓ। ਚੰਦੂਮਾਜਰਾ ਜੀ ਨੇ ਗੱਲ ਕੀਤੀ ਸੀ। ਸਪੀਕਰ ਸਾਹਿਬ, ਮੇਰੀ ਗੱਲ ਪੂਰੀ ਹੋ ਲੈਣ ਦਿਓ।

ਮਾਨਯੋਗ ਸਪੀਕਰ : ਜਵਾਬ ਆ ਲੈਣ ਦਿਓ।

ਮੰਤਰੀ : ਸਪੀਕਰ ਸਾਹਿਬ, ਚੰਦੂਮਾਜਰਾ ਜੀ ਨੇ ਗੱਲ ਕੀਤੀ ਹੈ ਕਿ ਹੁਣ ਤੱਕ ਕੀ ਆਇਆ ਹੈ....(ਸ਼੍ਰੀ ਐਨ.ਕੇ. ਸ਼ਰਮਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਵਲੋਂ ਵਿਘਨ)

ਮਾਨਯੋਗ ਸਪੀਕਰ : ਜਵਾਬ ਆਉਣ ਦਿਓ, ਜਵਾਬ ਆਉਣ ਦਿਓ।(ਵਿਘਨ...ਸ਼ੋਰ)

ਮੰਤਰੀ : ਮੈਨੂੰ ਜਵਾਬ ਦੇਣ ਦਿਓ।(ਵਿਘਨ....ਸ਼ੋਰ)

ਮਾਨਯੋਗ ਸਪੀਕਰ : ਜਵਾਬ ਆਉਣ ਦਿਓ। (ਵਿਘਨ....ਸ਼ੋਰ) ਜਵਾਬ ਆਉਣ ਦਿਓ।

ਸਰਦਾਰ ਕੰਵਰਜੀਤ ਸਿੰਘ : ਸਭ ਤੋਂ ਵੱਡਾ ਫਰਾਡ ਇਨ੍ਹਾਂ ਨੇ ਕੀਤਾ ਹੈ।

ਮਾਨਯੋਗ ਸਪੀਕਰ : ਮੰਤਰੀ ਜੀ ਨੂੰ ਬੋਲਣ ਤਾਂ ਦਿਓ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਹੁਣ ਤੱਕ ਕੀ ਆਇਆ ਹੈ, ਜਦੋਂ ਦੀ ਆਕਸ਼ਨ ਕੀਤੀ ਹੈ। ਜੁਲਾਈ ਵਿੱਚ ਆਕਸ਼ਨ ਸ਼ੁਰੂ ਹੋਈ। ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਸੱਤ ਮਹੀਨੇ ਕੋਰਟ ਦਾ ਸਟੇਅ ਸੀ ਜਿਸ ਕਾਰਨ ਆਕਸ਼ਨ ਨਹੀਂ ਕਰ ਸਕੇ। ਜੁਲਾਈ ਮਹੀਨੇ ਵਿੱਚ ਆਕਸ਼ਨ ਕੀਤੀ ਜੋ ਕਿ ਸਤੰਬਰ ਤੱਕ ਚੱਲੀ। ਵੱਖ ਵੱਖ ਕਲੱਸਟਰਾਂ ਦੀ ਆਕਸ਼ਨ ਹੋਈ ਸੀ। ਹੁਣ ਤੱਕ ਸਾਡੇ ਕੋਲ 110 ਕਰੋੜ ਰੁਪਿਆ ਆ ਚੁੱਕਿਆ ਹੈ ਅਤੇ ਸਾਨੂੰ ਆਸ ਹੈ ਕਿ ਇਨ੍ਹਾਂ 4-5 ਮਹੀਨਿਆਂ ਦਾ ਮਾਰਚ ਤੱਕ 40-45 ਕਰੋੜ ਰੁਪਿਆ ਹੋਰ ਆਵੇਗਾ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 306 ਕਰੋੜ ਰੁਪਿਆ ਇਕ ਸਾਲ ਦਾ ਹੈ। ਹਰ ਸਾਲ ਇਸ ਵਿੱਚ 7% ਇਨਕ੍ਰੀਜ਼ ਹੋਣੀ ਹੈ। 20-25 ਕਰੋੜ ਰੁਪਏ ਦਾ ਹਰ ਸਾਲ ਵਾਧਾ ਹੋਣਾ ਹੈ। ਤੀਜੇ ਸਾਲ ਵਿੱਚ ਜਾ ਕੇ 350 ਕਰੋੜ ਨੂੰ ਮਾਲੀਆ ਪਹੁੰਚ ਜਾਣਾ ਹੈ। ਇਹ ਆਪਣੀ ਲੁੱਟ-ਖਸੁੱਟ ਨੂੰ ਛੁਪਾਉਣ ਵਾਸਤੇ ਸਾਡੇ ਤੇ ਇਲਜਾਮ ਲਗਾ ਰਹੇ ਹਨ। ਲੋਕਾਂ ਨੇ ਇਨ੍ਹਾਂ ਨੂੰ ਪੁੱਛਣਾ ਹੈ ਅਤੇ ਉਹ ਵੀਰ ਵੀ ਇਸ ਵਾਰੀ ਇਲੈਕਸ਼ਨਾਂ ਵਿੱਚ ਪੁੱਛਣਗੇ ਕਿ ਮਾਈਨਿੰਗ ਦੀ 3000 ਕਰੋੜ ਰੁਪਏ ਦੀ ਲੁੱਟ-ਖਸੁੱਟ ਵਾਲਾ ਮਾਮਲਾ ਕਿੱਥੇ ਗਿਆ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਸ਼ੋਰ ਸੀ।)

ਮਾਨਯੋਗ ਸਪੀਕਰ : ਸਰਦਾਰ ਕੰਵਰਜੀਤ ਸਿੰਘ ਰੋਜੀ ਬੋਲਣਗੇ।(ਵਿਘਨ...) ਤੁਸੀਂ ਹਰ ਗੱਲ ਤੇ ਧੱਕਾ ਨਾ ਕਰੋ। ਇਕ ਮਿੰਟ ਬੈਠੋ ਜੀ। ਰੋਜ਼ੀ ਜੀ, ਤੁਸੀਂ ਬੋਲੋ।

ਸਰਦਾਰ ਕੰਵਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਕੋ ਗੱਲ ਪੁੱਛਣਾ ਚਾਹੁੰਦਾ ਹਾਂ। ਇਹ ਕਹਿੰਦੇ ਹਨ ਕਿ ਜੁਲਾਈ ਵਿੱਚ ਆਕਸ਼ਨ ਹੋਈ ਹੈ। ਤਿੰਨ ਸਾਲਾਂ ਦੇ ਪੈਸੇ ਦੱਸ ਦੇਣ? ਇਕ ਸਾਲ ਦੇ ਆਕਸ਼ਨ ਤੋਂ ਬਾਅਦ ਜਿਹੜੀ EC ਕਲੀਅਰ ਨਹੀਂ ਹੋਈ ਸੀ, ਕੀ ਉਹ ਸਰਕਾਰੀ ਖਜ਼ਾਨੇ ਦੀ ਲੁੱਟ ਨਹੀਂ ਹੋਈ? ਉਹ ਪੈਸਾ ਦੱਸ ਦੇਣ ਕਿ ਕਿੱਥੇ ਗਿਆ ਹੈ? ਮੇਰਾ ਇਹੀ ਸਵਾਲ ਹੈ ਅਤੇ ਰੇਟ ਬਾਰੇ ਦੱਸ ਦੇਣ ਕਿ ਅੱਜ ਰੇਟ ਕਿੱਥੇ ਪਹੁੰਚ ਗਿਆ ਹੈ?

ਮਾਨਯੋਗ ਸਪੀਕਰ : ਇਸ ਗੱਲ ਨੂੰ ਛੱਡੋ।(ਵਿਘਨ..ਸ਼ੋਰ) ਅਮਨ ਜੀ, ਤੁਸੀਂ ਬੋਲੋ।(ਵਿਘਨ...ਸ਼ੋਰ) ਸਭ ਨੇ ਨਹੀਂ ਬੋਲਣਾ। ਸਾਰੇ ਮੇਰੀ ਗੱਲ ਸੁਣੋ, ਅਮਨ ਜੀ, ਤੁਸੀਂ ਵੀ ਸੁਣੋ। ਕੁਐਸਚਨ ਆਵਰ ਹੈ...(ਵਿਘਨ...ਸ਼ੋਰ) ਪਹਿਲਾਂ ਮੇਰੀ ਗੱਲ ਪੂਰੀ ਹੋ ਲੈਣ ਦਿਓ।(ਵਿਘਨ...ਸ਼ੋਰ) ਸ਼ਰਮਾ ਜੀ, ਮੇਰੀ ਗੱਲ ਸੁਣੋ। ਦੇਖੋ, ਕੁਐਸਚਨ ਆਵਰ ਹੈ ਅਤੇ ਬਾਕੀ ਸਾਥੀਆਂ ਦੇ ਕੁਐਸਚਨ ਰਹਿ ਜਾਣੇ ਹਨ। (ਵਿਘਨ...ਸ਼ੋਰ) ਤੁਸੀਂ ਮੇਰੀ ਗੱਲ ਸੁਣੋ...(ਵਿਘਨ...ਸ਼ੋਰ) ਸ਼ਰਮਾ ਜੀ, ਮੇਰੀ ਰਿਕੁਐਸਟ ਤਾਂ ਸੁਣੋ, ਮੇਰੀ ਰਿਕੁਐਸਟ ਤਾਂ ਸੁਣ ਲਓ। (ਵਿਘਨ...ਸ਼ੋਰ) ਸੁਣੋ ਤਾਂ ਸਹੀ...ਸੁਣੋ ਤਾਂ ਸਹੀ...ਇਸ ਇਸ਼ੂ ਤੇ ਜੇ ਤੁਸੀਂ ਬਹਿਸ ਸ਼ੁਰੂ ਕਰ ਲਈ ਤਾਂ ਕੁਐਸਚਨ ਆਵਰ ਮਰ ਜਾਵੇਗਾ..(ਵਿਘਨ...ਸ਼ੋਰ) ਪਹਿਲਾਂ ਮੇਰੀ ਗੱਲ ਵੀ ਸੁਣ ਲਓ ਜੀ। ਸਾਰੇ ਤੁਹਾਡੇ ਵਰਗੇ ਹੀ ਮਿੰਟ ਮਿੰਟ ਵਾਲੇ ਹਨ। ਸਾਰੇ ਹੀ ਮਿੰਟ ਮਿੰਟ ਬੋਲਣ ਵਾਲੇ ਹਨ। (ਵਿਘਨ...ਸ਼ੋਰ) ਮੇਰੀ ਗੱਲ ਤਾਂ ਪੂਰੀ ਹੋ ਲੈਣ ਦਿਓ। ਇਕ ਮਿੰਟ ਗੱਲ ਸੁਣੋ। (ਵਿਘਨ...ਸ਼ੋਰ) ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ, ਤੁਸੀਂ ਬਜਟ ਤੇ ਬੋਲਣਾ ਹੈ, ਤੁਸੀਂ ਉਸ ਵੇਲੇ ਜਿੰਨਾ ਮਰਜ਼ੀ ਬੋਲੋ ਪਰ ਇਸ ਇਸ਼ੂ ਤੇ ਜੇਕਰ ਬਹਿਸ ਕਰੋਗੇ ਤਾਂ ਕੁਐਸਚਨ ਆਵਰ ਜਿਵੇਂ ਦੋ ਦਿਨ ਪਹਿਲਾਂ ਖਰਾਬ ਹੋਇਆ ਹੈ ਅਤੇ ਅੱਜ ਫੇਰ ਤੁਸੀਂ ਖਰਾਬ ਕਰੋਗੇ।(ਵਿਘਨ...ਸ਼ੋਰ) ਪਹਿਲਾਂ ਅਮਨ ਜੀ ਨੂੰ ਬੋਲ ਲੈਣ ਦਿਓ, ਫੇਰ ਤੁਸੀਂ ਬੋਲ ਲੈਣਾ। ਹਾਂ ਜੀ, ਬੋਲੋ ਪਰ ਲੰਬਾ ਭਾਸ਼ਣ ਨਹੀਂ ਕਰਨਾ।

ਸ਼੍ਰੀ ਅਮਨ ਅਰੋੜਾ : ਸਰ, ਮੇਰੀ ਤਾਂ ਸਪਲੀਮੈਂਟਰੀ ਸੀ। ਤੁਹਾਡਾ ਧੰਨਵਾਦ। ਮੇਰਾ ਸਵਾਲ ਇਹ ਹੈ ਕਿ ਸਾਨੂੰ ਇਹ ਸੁਣਦਿਆਂ ਨੂੰ ਤਿੰਨ ਸਾਲ ਹੋ ਗਏ ਹਨ, ਸਾਮ੍ਹਣੇ ਵਾਲੇ ਦਸ ਸਾਲ ਕਹਿ ਦਿੰਦੇ ਹਨ ਅਤੇ ਸਾਡੇ ਨਾਲ ਵਾਲੇ ਤਿੰਨ ਸਾਲ ਕਹਿ ਦਿੰਦੇ ਹਨ ਪਰ ਐਕਚੁਅਲ ਵਿੱਚ ਅੱਜ ਵੀ ਹਾਲਾਤ ਇਹ ਹਨ ਜਿਵੇਂ ਕਿ ਐਮ.ਐਲ.ਏ. ਸਾਹਿਬ ਨੇ ਗੱਲ ਕੀਤੀ ਹੈ ਕਿ ਅੱਜ ਵੀ ਜੇ ਕਾਂਗਰਸ ਦੇ ਐਮ.ਐਲ.ਏ. ਨੂੰ ਇਲਲੀਗਲ ਮਾਈਨਿੰਗ ਜਾਂ ਕੰਡਾ ਰੋਕਣ ਲਈ ਆਪਣੀ ਸ਼ਹਾਦਤ ਦੇਣ ਦੀ ਗੱਲ ਕਰਨੀ ਪੈ ਰਹੀ ਹੈ ਤਾਂ ਸਿਚੁਏਸ਼ਨ ਕਿੰਨੀ ਗੰਭੀਰ ਹੈ, ਆਪਾਂ ਇਸ ਤੋਂ ਅੰਦਾਜ਼ਾ ਲਗਾ ਲਈਏ। ਮੇਰਾ ਤੁਹਾਡੇ ਜ਼ਰੀਏ ਸਰਕਾਰ ਅਤੇ ਮੰਤਰੀ ਜੀ ਨੂੰ ਇੰਨਾ ਹੀ ਸਵਾਲ ਹੈ, ਮੈਂ ਇਨ੍ਹਾਂ ਦੇ ਐਫਰਟਸ

ਦੇ ਉਪਰ ਕੋਈ ਸਵਾਲੀਆ ਨਿਸ਼ਾਨ ਨਹੀਂ ਖੜ੍ਹੇ ਕਰ ਰਿਹਾ ਪਰ ਸੀ.ਐਮ. ਸਾਹਿਬ ਨੇ ਮਾਈਨਿੰਗ ਦੇ ਉਪਰ ਇੱਕ ਕਮੇਟੀ ਬਣਾਈ ਸੀ, ਜਿਸ ਵਿਚ ਮੰਤਰੀ ਜੀ ਵੀ ਸਨ ਅਤੇ ਸਰਦਾਰ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਸਨ। ਇਹ ਤਿੰਨ-ਚਾਰ ਕਰੋੜ ਰੁਪਿਆ 10 ਸਾਲਾਂ ਦਾ ਕਹਿੰਦੇ ਹਨ, ਉਸ ਕਮੇਟੀ ਨੇ ਕਿਹਾ ਸੀ ਕਿ 4000 ਕਰੋੜ ਰੁਪਿਆ ਇੱਕ ਸਾਲ ਵਿਚ ਕਮਾਇਆ ਜਾ ਸਕਦਾ ਹੈ। ਸਪੀਕਰ ਸਾਹਿਬ, ਉਸ ਕਮੇਟੀ ਪ੍ਰਤੀ ਜੇ ਸਰਕਾਰ ਸੰਜੀਦਾ ਹੈ ਤਾਂ ਦਮ ਰੱਖਣ, ਉਸ ਕਮੇਟੀ ਦੀ ਰਿਪੋਰਟ ਨੂੰ ਤੁਸੀਂ ਵਿਧਾਨ ਸਭਾ ਵਿਚ ਪੇਸ਼ ਕਰਨ ਦੇ ਆਰਡਰ ਦਿਉ। ਇਸ ਤਰ੍ਹਾਂ ਪਤਾ ਲੱਗ ਜਾਵੇਗਾ, ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਜੋ ਪਿਛਲੇ ਸਾਲਾਂ ਵਿਚ ਹੋ ਗਿਆ, ਉਹ ਛੱਡੋ, ਅਗਾਂਹ ਵਾਲਾ ਵਿਚਾਰੋ ਜੀ। ਆਪਾਂ ਅੱਗੇ ਵਾਲਾ ਵਿਚਾਰੀਏ।

ਸ਼੍ਰੀ ਐਨ.ਕੇ.ਸ਼ਰਮਾ: ਇਕੱਠਾ ਹੀ ਦੇ ਦੇਣ....

ਮਾਨਯੋਗ ਸਪੀਕਰ: ਸ਼ਰਮਾ ਜੀ, ਇੱਕ ਮਿੰਟ, ਬੈਠੋ ਤਾਂ ਸਹੀ। ਇਸ ਤਰ੍ਹਾਂ ਨਾ ਕਰੋ।

ਮੰਤਰੀ: ਜਦੋਂ ਇਹ ਕਮੇਟੀ ਬਣੀ ਸੀ, ਮੇਰੇ ਕੋਲ ਉਦੋਂ ਇਹ ਮਹਿਕਮਾ ਨਹੀਂ ਸੀ। ਉਹ ਕਮੇਟੀ ਸੀ.ਐਮ. ਸਾਹਿਬ ਨੇ ਬਣਾਈ ਸੀ। ਉਸ ਦੇ ਵਿਚ ਸਰਦਾਰ ਮਨਪ੍ਰੀਤ ਸਿੰਘ ਅਤੇ ਬਾਜਵਾ ਸਾਹਿਬ ਵੀ ਸ਼ਾਮਲ ਸੀ। ਬਾਅਦ ਵਿਚ ਜਦੋਂ ਮੇਰੇ ਕੋਲ ਇਹ ਮਹਿਕਮਾ ਆ ਗਿਆ ਤਾਂ ਲਾਸਟ ਮੀਟਿੰਗ ਮੈਂ ਵੀ ਅਟੈਂਡ ਕੀਤੀ ਹੈ। ਉਸ ਦੇ ਵਿਚ ਸਿੱਧੂ ਸਾਹਿਬ ਤੇਲੰਗਾਨਾ ਵਾਲਾ ਕੋਈ ਆਪਣਾ ਆਈਡਿਆ ਲੈ ਕੇ ਆਏ ਸੀ ਪਰ ਉਨ੍ਹਾਂ ਨੇ ਇਹੀ ਆਖਿਆ ਸੀ ਕਿ ਮੈਂ ਸੋਚਦਾ ਹਾਂ ਕਿ ਜੇ ਇਸ ਤਰ੍ਹਾਂ ਕੰਮ ਹੋ ਜਾਵੇ ਤਾਂ ਇੰਨੇ ਪੈਸੇ ਆ ਸਕਦੇ ਹਨ ਪਰ ਉਹ ਬਿਲਕੁਲ ਫਜ਼ੂਲ ਜਿਹੀ ਗੱਲ ਸੀ, ਅਸੀਂ ਵੀ ਉਸ 'ਤੇ ਸਟੱਡੀ ਕੀਤੀ ਸੀ, ਜੇ ਅਸੀਂ 35 ਕਰੋੜ ਰੁਪਏ ਤੋਂ 306 ਕਰੋੜ ਰੁਪਏ ਤੇ ਪਹੁੰਚ ਸਕਦੇ ਹਾਂ ਤਾਂ ਜੇ ਪੈਸੇ ਆਉਣ ਵਾਲੇ ਹੁੰਦੇ ਤਾਂ ਅਸੀਂ ਕਿਉਂ ਨਾ 3000 ਕਰੋੜ ਰੁਪਏ ਤੇ ਪਹੁੰਚ ਜਾਂਦੇ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ: ਐਨ.ਕੇ. ਸ਼ਰਮਾ ਜੀ, ਆਪਣੀ ਸਪਲੀਮੈਂਟਰੀ ਕਰੋ। ਸਿਰਫ ਸਪਲੀਮੈਂਟਰੀ ਪੁੱਛਣੀ ਹੈ, ਕਿਉਂਕਿ ਇਹ ਕੁਐਸਚਨ ਆਵਰ ਹੈ।

ਸ਼੍ਰੀ ਐਨ.ਕੇ.ਸ਼ਰਮਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਨਵਾਂ ਸਿਸਟਮ ਸ਼ੁਰੂ ਕੀਤਾ ਸੀ ਕਿ ਜਦੋਂ ਤੱਕ ਇਨਵਾਇਰਨਮੈਂਟਲ ਕਲੀਅਰੈਂਸ ਨਹੀਂ ਹੁੰਦੀ, ਉਦੋਂ ਤੱਕ ਠੇਕੇਦਾਰ ਕਿਸ਼ਤਾਂ ਨੂੰ ਭਰ ਸਕਦਾ ਹੈ ਪਰ ਮੇਰੇ ਹਲਕੇ ਵਿਚ ਇਹ ਹੋ ਰਿਹਾ ਹੈ ਕਿ ਇੱਕ ਵੀ ਇਨਵਾਇਰਨਮੈਂਟਲ ਕਲੀਅਰੈਂਸ ਨਹੀਂ ਹੋਈ, ਮਾਈਨਿੰਗ ਡੱਟ ਕੇ ਚੱਲ ਰਹੀ ਹੈ ਅਤੇ ਜਦੋਂ ਤੱਕ ਉਨ੍ਹਾਂ ਨੇ ਕਿਸ਼ਤਾਂ ਭਰਨੀਆਂ ਹਨ, ਤਦ ਤੱਕ ਤਾਂ ਉਨ੍ਹਾਂ ਨੇ ਸਾਰੀਆਂ ਜ਼ਮੀਨਾਂ ਪੁੱਟ ਕੇ ਲੈ ਜਾਣੀਆਂ ਹਨ। ਜਿਹੜੀ ਇਹ 3000 ਕਰੋੜ ਰੁਪਏ ਦੀ ਗੱਲ ਕਰ ਰਹੇ ਹਨ, ਮੈਂ ਤਾਂ ਛੱਤਬੀੜ

ਚਿੜੀਆਘਰ ਦੀ ਗੱਲ ਕਰਦਾ ਹਾਂ, ਮੰਤਰੀ ਜੀ, ਤੁਸੀਂ ਉਥੇ ਸਾਰੀ ਸ਼ੇਰ ਸਫਾਰੀ ਔਰ ਉਹ ਮੰਤਰੀ ** ** ਬੈਠੇ ਹਨ, ਉਨ੍ਹਾਂ ਨੇ ਪੁੱਟ ਦਿੱਤੀ ਹੈ। ਸੋ, ਘੱਗਰ ਕੋਈ ਨਹੀਂ ਛੱਡਿਆ, ਮੇਰੇ ਹਲਕੇ ਵਿੱਚ ਸ਼ਾਮਲਾਟ ਜ਼ਮੀਨ ਕੋਈ ਨਹੀਂ ਛੱਡੀ.....

ਮਾਨਯੋਗ ਸਪੀਕਰ: ਇਸ ਤਰ੍ਹਾਂ ਨਾ ਕਰੋ। ਨਹੀਂ, ਨਹੀਂ ਜੀ। This is wrong. **** ਦਾ ਨਾਮ ਕੱਟ ਦਿਉ ਜੀ। (ਵਿਘਨ)(ਸ਼ੋਰ)

ਸ਼੍ਰੀ ਐਨ.ਕੇ.ਸ਼ਰਮਾ: ਇਸ ਗੱਲ ਦੀ ਇਨਕੁਆਰੀ ਕਰਵਾ ਦਿਉ ਜੀ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ): ਹਾਂ ਜੀ, ਇਨਕੁਆਰੀ ਕਰਵਾ ਦਿਉ। (ਵਿਘਨ) (ਸ਼ੋਰ)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2753

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਗੜ੍ਹਸ਼ੰਕਰ ਦੇ ਸਰਕਾਰੀ ਹਸਪਤਾਲ ਵਿਖੇ ਖਾਲੀ ਅਸਾਮੀਆਂ ਭਰਨਾ

*2376 **ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ ਵਿਚ ਜੋ ਸਰਕਾਰੀ ਹਸਪਤਾਲ ਹੈ, ਉਸ ਵਿਚ ਰੇਡੀਓਲੋਜਿਸਟ, ਪੈਥੋਲੋਜਿਸਟ, ਅੱਖਾਂ ਦਾ ਮਾਹਰ (ਡਾਕਟਰ) ਅਤੇ ਬੱਚਿਆਂ ਦੇ ਮਾਹਰ (ਡਾਕਟਰ) ਦੀਆਂ ਅਸਾਮੀਆਂ ਖਾਲੀ ਪਈਆਂ ਹਨ, ਜੇਕਰ ਅਜਿਹਾ ਹੋਵੇ ਤਾਂ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

ਸਰਦਾਰ ਬਲਬੀਰ ਸਿੰਘ ਸਿੱਧੂ: ਸ਼੍ਰੀਮਾਨ ਜੀ, ਹਾਂ ਜੀ। ਰਾਜ ਵਿਚ ਮੈਡੀਕਲ ਅਫ਼ਸਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਮੈਡੀਕਲ ਅਫ਼ਸਰ (ਜਨਰਲ) ਦੀਆਂ 175 ਖਾਲੀ ਅਸਾਮੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਭਰਨ ਲਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ। ਮੈਡੀਕਲ ਅਫ਼ਸਰ (ਸਪੈਸ਼ਲਿਸਟ) ਦੀ ਘਾਟ ਹੋਣ ਕਾਰਨ 27 ਮੈਡੀਕਲ ਅਫ਼ਸਰ (ਸਪੈਸ਼ਲਿਸਟ) ਨੂੰ ਰੀਇੰਪਲਾਈਮੈਂਟ ਅਧਾਰ ਤੇ ਜਲਦ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਰਹੇ ਹਨ। ਮਾਹਿਰ ਡਾਕਟਰਾਂ ਦੀਆਂ ਹੋਰ ਖਾਲੀ ਅਸਾਮੀਆਂ ਭਰਨ ਲਈ 32ਵੀਂ ਵਾਕ-ਇਨ-ਇੰਟਰਵਿਊ ਜਲਦੀ ਕੀਤੀ ਜਾਵੇਗੀ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਪੀਕਰ ਸਾਹਿਬ, ਮੰਤਰੀ ਸਾਹਿਬ ਪਿਛਲੇ ਸਮੇਂ ਦੌਰਾਨ ਗੜ੍ਹਸ਼ੰਕਰ ਆਏ ਸੀ। ਇਹ ਵੱਖ ਵੱਖ ਪਿੰਡਾਂ ਵਿਚ ਆ ਕੇ ਗਏ ਹਨ। ਸਾਡੇ ਹਲਕੇ ਵਿਚ ਵੀ ਆ ਕੇ ਗਏ ਸੀ ਤਾਂ ਸਾਡੇ ਇਲਾਕੇ ਦੇ ਲੋਕਾਂ ਨੂੰ ਬੜਾ ਚਾਅ ਚੜ੍ਹਿਆ ਕਿ ਸਿਹਤ ਮੰਤਰੀ ਜੀ ਆ ਰਹੇ ਹਨ, ਸ਼ਾਇਦ ਸਾਡੇ ਬੀਤ ਇਲਾਕੇ ਵਿਚ ਜਿਹੜਾ ਹਸਪਤਾਲ ਹੈ, ਜਿਸ ਵਿਚ ਐਮਰਜੰਸੀ ਸੇਵਾਵਾਂ ਲਈ ਕੋਈ ਡਾਕਟਰ ਨਹੀਂ ਹੈ, ਉਥੇ ਕੋਈ ਐਕਸ-ਰੇ ਵੀ ਨਹੀਂ ਹੋ ਰਹੇ ਤਾਂ ਲੋਕਾਂ ਨੂੰ ਲੱਗਿਆ ਕਿ ਸ਼ਾਇਦ ਉਥੇ ਮੰਤਰੀ ਜੀ ਕੁਝ ਦੇ ਕੇ ਜਾਣਗੇ। ਪਰ ਚਲੋ, ਜਿਹੜੇ ਖਿਡਾਰੀ ਸੀ, ਇਹ ਉਨ੍ਹਾਂ ਨੂੰ ਹੌਸਲਾ ਦੇ ਗਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਵਿਚ ਐਮਰਜੰਸੀ ਸੇਵਾਵਾਂ ਲਈ ਸੱਤ ਪੋਸਟਾਂ ਹਨ ਪਰ ਇਨ੍ਹਾਂ ਸੱਤਾਂ ਵਿਚੋਂ ਛੇ ਪੋਸਟਾਂ ਖਾਲੀ ਪਈਆਂ ਹਨ, ਉਥੇ ਸਿਰਫ ਇੱਕ ਡਾਕਟਰ ਹੈ। ਉਸ ਦੇ ਕਾਰਨ ਕੀ ਹੋ ਰਿਹਾ ਹੈ ਕਿ ਸਪੈਸ਼ਲਿਸਟ ਡਾਕਟਰਨੂੰ ਐਮਰਜੰਸੀ ਵਿਚ ਵੀ ਡਿਊਟੀ ਲਗਾਉਣੀ ਪੈਂਦੀ ਹੈ ਅਤੇ ਕਈ ਵਾਰੀ ਤਾਂ ਨਾਈਟ ਨੂੰ ਵੀ ਡਿਊਟੀ ਕਰਨੀ ਪੈਂਦੀ ਹੈ। ਜਿਸ ਕਾਰਨ ਸਾਡੇ ਸ਼ਹਿਰ ਦੇ ਲੋਕ ਆਲੇ ਦੁਆਲੇ ਦੇ ਇਲਾਕੇ ਦੇ ਅਤੇ ਸਾਡੇ ਪਿੰਡਾਂ ਦੇ ਲੋਕ ਉਥੇ ਡਾਕਟਰ ਨਾ ਹੋਣ ਕਾਰਨ ਬਹੁਤ ਜ਼ਿਆਦਾ ਖੱਜਲ ਖੁਆਰ ਹੁੰਦੇ ਹਨ। ਮੰਤਰੀ ਸਾਹਿਬ ਨੇ ਰਾਜ ਵਿਚ ਮੈਡੀਕਲ ਅਫ਼ਸਰਾਂ ਦੀ ਗੱਲ ਕਰ ਦਿੱਤੀ ਹੈ, ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਅਸਾਮੀਆਂ ਖਾਲੀ ਹਨ, ਇਹ ਗੜ੍ਹਸ਼ੰਕਰ ਵਿਚ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

ਮੰਤਰੀ: ਸਪੀਕਰ ਸਾਹਿਬ, ਡਾਕਟਰ ਤਾਂ ਸਾਰੇ ਪੰਜਾਬ ਵਾਸਤੇ ਭਰਤੀ ਕਰਨੇ ਹਨ।

ਮਾਨਯੋਗ ਸਪੀਕਰ: ਨਹੀਂ ਜੀ, ਉਨ੍ਹਾਂ ਦਾ ਸਪੈਸੇਫਿਕ ਸਵਾਲ ਗੜ੍ਹਸ਼ੰਕਰ ਬਾਰੇ ਹੈ।

ਮੰਤਰੀ: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਉੱਥੇ ਸੱਤ ਪੋਸਟਾਂ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਥੇ ਦੋ ਪੋਸਟਾਂ ਭਰੀਆਂ ਹੋਈਆਂ ਹਨ। ਅਸੀਂ ਹੁਣ ਐਨ.ਆਰ.ਐਚ.ਐਮ. ਸਕੀਮ ਰਾਹੀਂ ਡਾਕਟਰ ਰੱਖੇ ਹਨ, ਉਨ੍ਹਾਂ ਰਾਹੀਂ ਇਨ੍ਹਾਂ ਨੂੰਦੋ-ਤਿੰਨ ਡਾਕਟਰ ਜ਼ਰੂਰ ਦੇ ਦੇਵਾਂਗੇ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਪੀਕਰ ਸਾਹਿਬ, ਮਸਲਾ ਇਹ ਹੈ ਕਿ ਗੜ੍ਹਸ਼ੰਕਰ ਦੇ ਵਿਚ ਅਜੋਕੀ ਸਮੱਸਿਆ ਇਹ ਹੈ ਕਿ ਜਿਹੜਾ ਸੀਵਰੇਜ ਵਾਲਾ ਪਾਣੀ ਹੈ, ਉਹ ਪੀਣ ਵਾਲੇ ਪਾਣੀ ਵਿਚ ਮਿਕਸ ਹੋ ਰਿਹਾ ਹੈ, ਜਿਸ ਕਾਰਨ ਸ਼ਹਿਰ ਦੇ ਵਿਚ ਛੋਟੇ ਬੱਚਿਆਂ ਤੇ ਬਜ਼ੁਰਗਾਂ ਵਿਚ ਮਹਾਂਮਾਰੀ ਫੈਲਣ ਦਾ ਖਤਰਾ ਹੈ। ਕਈ ਲੋਕ ਉਥੇ ਹਸਪਤਾਲਾਂ ਵਿਚ ਦਾਖਲ ਵੀ ਹਨ। ਉਥੇ ਬੱਚਿਆਂ ਦੇ ਡਾਕਟਰ ਦੀ ਅਸਾਮੀ ਖਾਲੀ ਪਈ ਹੈ ਤੇ ਹੱਡੀਆਂ ਵਾਲੇ ਡਾਕਟਰ ਸਿਰਫ ਤਿੰਨ ਦਿਨ ਗੜ੍ਹਸ਼ੰਕਰ ਬੈਠਦੇ ਹਨ ਅਤੇ ਤਿੰਨ ਦਿਨ ਨਵਾਂ ਸ਼ਹਿਰ ਬੈਠਦੇ ਹਨ। ਤਿੰਨ ਦਿਨਾਂ ਵਿਚੋਂ ਵੀ ਇਕ ਦਿਨ ਉਨ੍ਹਾਂ ਦੀ ਐਮਰਜੈਂਸੀ ਵਿਚ ਡਿਊਟੀ ਆ ਜਾਂਦੀ ਹੈ, ਇਕ ਦਿਨ ਉਨ੍ਹਾਂ ਦੀ ਨਾਈਟ ਡਿਊਟੀ ਲੱਗੀ ਹੁੰਦੀ ਹੈ ਅਤੇ ਇਕ

ਦਿਨ ਉਨ੍ਹਾਂ ਨੂੰ ਕੋਰਟ ਵਿਚ ਜਾਣਾ ਪੈਂਦਾ ਹੈ। ਸੋ, ਪੂਰਾ ਹਫਤਾ ਖਾਲੀ ਚਲਿਆ ਜਾਂਦਾ ਹੈ। ਕ੍ਰਿਪਾ ਕਰਕੇ ਹੱਡੀਆਂ ਵਾਲੇ ਡਾਕਟਰਾਂ ਨੂੰ ਪੱਕੇ ਤੌਰ ਤੇ ਗੜ੍ਹਸ਼ੰਕਰ ਵਿਚ ਹੀ ਅਡਜਸਟ ਕੀਤਾ ਜਾਵੇ ਜੀ।

ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣੇ 700 ਉਮੀਦਵਾਰਾਂ ਨੇ ਇੰਟਰਵਿਊ ਦਿੱਤੀ ਹੈ, ਜਿਸ ਵਿਚੋਂ ਕਾਫੀ ਸਾਰੇ ਬੱਚੇ ਆਰਥੋ ਸਪੈਸ਼ਲਾਈਜ਼ਡ ਹਨ। ਅਸੀਂ ਉਨ੍ਹਾਂ ਨੂੰ ਪ੍ਰਾਇਰਟੀ ਦਿਆਂਗੇ, ਇਹ ਬਹੁਤ ਜ਼ਰੂਰੀ ਹੈ। ਤੁਹਾਡੀ ਗੱਲ ਬਿਲਕੁਲ ਸਹੀ ਹੈ ਪਰ ਸਾਨੂੰ ਡਾਕਟਰਾਂ ਦੀ ਘਾਟ ਹੋਣ ਕਾਰਨ ਇਹ ਸਮੱਸਿਆ ਆ ਰਹੀ ਹੈ।ਅੱਜ ਪੂਰੇ ਪੰਜਾਬ ਵਿਚ ਸਪੈਸ਼ਲਾਈਜ਼ਡ ਡਾਕਟਰਾਂ ਦੀ ਘਾਟ ਹੈ। ਮੈਡੀਕਲ ਫੀਲਡ ਦੇ 27-28 ਫੀਸਦੀ ਬੱਚੇ ਪੜ੍ਹ ਕੇ ਬਾਹਰ ਚਲੇ ਜਾਂਦੇ ਹਨ। ਅਸੀਂ ਇਸੇ ਕਰਕੇ ਪੰਜਾਬ ਵਿਚ ਚਾਰ ਨਵੇਂ ਮੈਡੀਕਲ ਕਾਲਜ ਲੈ ਕੇ ਆ ਰਹੇ ਹਾਂ ਤਾਂ ਕਿ ਡਾਕਟਰਾਂ ਦੀ ਘਾਟ ਪੂਰੀ ਕੀਤੀ ਜਾ ਸਕੇ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਪੀਕਰ ਸਾਹਿਬ, ਕੇਵਲ ਉਪਰਾਲੇ ਹੀ ਕੀਤੇ ਜਾ ਰਹੇ ਹਨ।

ਮਾਨਯੋਗ ਸਪੀਕਰ: ਮੰਤਰੀ ਜੀ, ਰੋੜੀ ਸਾਹਿਬ ਦਾ ਸਵਾਲ ਬੜਾ ਸਪੈਸੀਫਿਕ ਹੈ, ਇਸ ਤਰ੍ਹਾਂ ਬੇਇਨਸਾਫੀ ਨਾ ਕਰਿਆ ਕਰੋ, ਸਪੈਸੀਫਿਕ ਸਵਾਲ ਗੜ੍ਹਸ਼ੰਕਰ ਦਾ ਹੈ।ਰੋੜੀ ਜੀ, ਤੁਸੀਂ ਕੁੱਝ ਕਹਿਣਾ ਹੈ?

ਸਰਦਾਰ ਜੈ ਕ੍ਰਿਸ਼ਨ ਸਿੰਘ: ਸਪੀਕਰ ਸਾਹਿਬ, ਬੇਨਤੀ ਹੈ ਕਿ ਉਥੇ ਕੇਵਲ ਤਿੰਨ ਦਿਨ ਹੀ ਡਾਕਟਰ ਬੈਠਦੇ ਹਨ, ਉਨ੍ਹਾਂ ਵਿਚੋਂ ਵੀ ਇਕ ਦਿਨ ਨਾਈਟ ਡਿਊਟੀ ਲੱਗ ਜਾਂਦੀ ਹੈ, ਇਕ ਦਿਨ ਐਮਰਜੈਂਸੀ ਡਿਊਟੀ ਹੁੰਦੀ ਹੈ ਅਤੇ ਤੀਜੇ ਦਿਨ ਕੋਰਟ ਵਿਚ ਜਾਣਾ ਪੈਂਦਾ ਹੈ। ਸਪੀਕਰ ਸਾਹਿਬ, ਤੁਹਾਨੂੰ ਤਾਂ ਪਤਾ ਹੀ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਮੇਨ ਰੋਡ ਤੇ ਕਈ ਵਾਰ ਐਕਸੀਡੈਂਟ ਹੋ ਜਾਂਦੇ ਹਨ ਤੇ ਡਾਕਟਰ ਉਥੇ ਅਵੇਲੇਬਲ ਨਹੀਂ ਹੈ।

ਸਿਹਤ ਮੰਤਰੀ: ਸਪੀਕਰ ਸਾਹਿਬ, ਅਸੀਂ ਉਨ੍ਹਾਂ ਡਾਕਟਰਾਂ ਦੀ ਐਮਰਜੈਂਸੀ ਡਿਊਟੀ ਖਤਮ ਕਰ ਦਿਆਂਗੇ।

ਮਾਨਯੋਗ ਸਪੀਕਰ: ਲਓ ਜੀ, ਮੰਤਰੀ ਜੀ ਕਹਿੰਦੇ ਹਨ ਕਿ ਸਬੰਧਿਤ ਡਾਕਟਰਾਂ ਦੀ ਐਮਰਜੈਂਸੀ ਸੇਵਾਵਾਂ ਲਈ ਡਿਊਟੀ ਖਤਮ ਕਰ ਦੇਣਗੇ। ਅਗਲਾ ਸਵਾਲ, ਸ੍ਰੀ ਸੰਗਤ ਸਿੰਘ ਗਿਲਜੀਆਂ।

<u>ਉੜਮੁੜ ਹਲਕੇ ਦੇ ਸਕੂਲਾਂ ਦੀਆਂ ਅਸੁੱਰਖਿਅਤ ਇਮਾਰਤਾਂ ਦੀ ਉਸਾਰੀ</u>

*2727 ਸਰਦਾਰ ਸੰਗਤ ਸਿੰਘ ਗਿਲਜੀਆਂ: ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਉੜਮੁੜ ਵਿਧਾਨ ਸਭਾ ਚੋਣ ਹਲਕੇ ਵਿੱਚ ਪੈਂਦੇ ਪ੍ਰਾਇਮਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ ਅਤੇ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਦੀਆਂ ਇਮਾਰਤਾਂ ਅਸੁਰੱਖਿਅਤ ਘੋਸ਼ਿਤ ਕੀਤੀਆਂ ਗਈਆਂ ਹਨ;

(ਅ) ਉਪਰੋਕਤ ਵਰਣਿਤ ਸਕੂਲਾਂ ਵਿੱਚ ਨਵੀਆਂ ਇਮਾਰਤਾਂ ਦੀ ਉਸਾਰੀ ਕਰਨ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ-ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਵਿਜੈ ਇੰਦਰ ਸਿੰਗਲਾ:(ੳ) ਵਿਧਾਨ ਸਭਾ ਹਲਕਾ ਟਾਂਡਾ ਉੜਮੁੜ ਵਿੱਚ ਕਿਸੇ ਵੀ ਸਰਕਾਰੀ ਸਕੂਲ ਦੀਇਮਾਰਤ ਅਸੁਰੱਖਿਅਤ ਨਹੀਂ ਹੈ। ਇਸ ਹਲਕੇ ਦੇ 11 ਸਕੂਲਾਂ ਦੇ 31 ਕਮਰੇ ਅਸੁਰੱਖਿਅਤ ਹਨ।ਇਹਨਾਂਅਣਸੁਰੱਖਿਅਤਕਮਰਿਆਂਦੀਵੇਰੀਫਿਕੇਸ਼ਨਕਰਵਾਈਜਾਰਹੀਹੈ।

(ਅ) ਇਹਨਾਂ ਸਕੂਲਾਂਦੀ ਲੋੜ ਅਨੁਸਾਰ ਕਮਰਿਆਂ ਦੀ ਉਸਾਰੀ ਜਾਂ ਰਿਪੇਅਰਲਈ ਤਜਵੀਜ਼ ਨਾਬਾਰਡ ਅਤੇ ਸਮੱਗਰਾ ਸਿੱਖਿਆ ਅਭਿਆਨ ਤਹਿਤ ਸ਼ਾਮਿਲ ਕਰ ਲਈ ਜਾਵੇਗੀ।

ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ, ਇਹ ਪਹਿਲਾਂ ਵੀ ਕਈ ਮੈਂਬਰ ਸਾਹਿਬਾਨ ਨੇ ਕੀਤਾ ਹੈ ਕਿ ਸਾਡੇ ਸਕੂਲ ਦੀ ਪੂਰੀ ਦੀ ਪੂਰੀ ਬਿਲਡਿੰਗ ਅਨਸੇਫ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ ਸੀਟਾਂ ਤੇ ਬੈਠੇ ਹੋਏ ਸਿੱਖਿਆ ਮੰਤਰੀ ਨਾਲ ਬਹਿਸਬਾਜ਼ੀ ਕਰਨ ਲੱਗ ਪਏ।)

ਮੰਤਰੀ:(ਵਿਘਨ..ਸ਼ੋਰ) ਉਹ ਵੀ ਦੱਸ ਦਿਆਂਗੇ। ਮਾਨਯੋਗ ਮੁੱਖ ਮੰਤਰੀ ਸਾਹਿਬ ਜਦੋਂ ਬੋਲਣਗੇ ਤਾਂ ਗੱਲ ਆ ਜਾਵੇਗੀ, ਤੁਹਾਨੂੰ (ਸ਼੍ਰੀ ਪਵਨ ਕੁਮਾਰ ਟੀਨੂੰ ਨੂੰ ਸੰਬੋਧਨ ਕਰਦੇ ਹੋਏ) ਚਿੰਤਾ ਕਰਨ ਦੀ ਲੋੜ ਨਹੀਂ ਹੈ।ਤੁਸੀਂ ਮੇਰੇ ਦਫ਼ਤਰ ਆ ਜਾਓ, ਮੈਂ ਲਿਸਟ ਦੇ ਦਿਆਂਗਾ। 5600 ਦੀ ਲਿਸਟ ਵੀ ਦੇ ਦਿਆਂਗਾ ਅਤੇ ਅਗਲੇ ਸਾਲ ਵਾਲੇ 10 ਹਜ਼ਾਰ ਦੀ ਲਿਸਟ ਵੀ ਦੇ ਦਿਆਂਗਾ। ਤੁਸੀਂ ਆਪਣਾ ਸੋਚਿਆ ਕਰੋ ਕਿ ਤੁਸੀਂ ਕੀ ਕੀਤਾ। (ਵਿਘਨ..ਸ਼ੋਰ)

ਮਾਨਯੋਗ ਸਪੀਕਰ: ਟੀਨੂ ਜੀ, ਰਨਿੰਗ ਕੁਮੈਂਟਰੀ ਨਾ ਕਰੋ, ਮੰਤਰੀ ਜੀ ਨੂੰ ਬੋਲਣ ਦਿਓ।

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਕੱਲ੍ਹ ਵੀ ਇਸ਼ਾਰੇ ਨਾਲ ਕਿਹਾ ਸੀ ਪਰ ਇਹ ਹਰ ਗੱਲ ਵਿਚ ਖੜ੍ਹੇ ਹੋ ਕੇ ਹਰ ਮੈਂਬਰ ਨੂੰ ਟੋਕ ਕੇ ਟੌਂਟ ਕਰਦੇ ਹਨ। This is not the Decorum of this house. He maybe intelligent ਇਹ ਆਪਣੀ ਇੰਟੈਲੀਜੈਂਸ ਆਪਣੇ ਘਰੇ ਰੱਖਣ, ਸਦਨ ਤਾਂ ਮੈਂਬਰਾਂ ਦੀ ਗੱਲ ਰੱਖਣ ਵਾਸਤੇ ਹੈ।

ਮਾਨਯੋਗ ਸਪੀਕਰ: ਤੁਸੀਂ ਜਵਾਬ ਦਿਓ ਜੀ।

ਮੰਤਰੀ: ਸਪੀਕਰ ਸਾਹਿਬ, ਮੈਂ ਅਨਸੇਫ ਬਿਲਡਿੰਗਾਂ ਦੀ ਗੱਲ ਕਰ ਰਿਹਾ ਸੀ। ਕਈ ਸਕੂਲਾਂ ਦੇ ਵਿਚ ਕੁੱਝ ਕਮਰੇ ਅਨਸੇਫ ਹੁੰਦੇ ਹਨ ਪਰ ਕਈ ਵਾਰ ਮਾਨਯੋਗ ਮੈਂਬਰ ਸਾਹਿਬ ਕਹਿ ਦਿੰਦੇ ਹਨ ਕਿ ਪੂਰੇ ਦਾ ਪੂਰਾ ਸਕੂਲ ਹੀ ਅਨਸੇਫ ਹੈ। ਜਿਹੜੇ ਕਮਰੇ ਅਨਸੇਫ ਹੁੰਦੇ ਹਨ, ਅਸੀਂ ਉਨ੍ਹਾਂ ਕਮਰਿਆਂ ਵਿਚ ਕਲਾਸਾਂ ਨਹੀਂ ਲਗਾਉਂਦੇ। ਪਿਛਲੀ ਸਰਕਾਰ ਵੇਲੇ ਕੀ ਹੋਇਆ ਸੀ ਕਿ ਭਾਰਤ ਸਰਕਾਰ ਨੇ ਕਿਹਾ ਸੀ ਕਿ ਤੁਹਾਡੇ ਜਿੰਨੇ ਸਕੂਲ ਅਨਸੇਫ ਹਨ, ਤੁਸੀਂ ਸਾਨੂੰ ਲਿਸਟ ਦਿਓ ਤਾਂ ਅਸੀਂ ਤੁਹਾਡੇ ਸਾਰੇ ਅਨਸੇਫ ਸਕੂਲਾਂ ਵਾਸਤੇ ਪੈਸੇ ਦੇ ਦਿਆਂਗੇ। ਉਸ ਵੇਲੇ ਦੀ ਸਰਕਾਰ ਨੇ ਸਮਝਿਆ ਕਿ ਚਲੋ ਭਾਰਤ ਸਰਕਾਰ ਤੋਂ ਪੈਸੇ ਲੈਣ ਦਾ ਲਾਹਾ ਲੈ ਲਈਏ। ਇਸ ਕਰਕੇ ਉਨ੍ਹਾਂ ਨੇ ਸੋਚਿਆ ਕਿ ਜਿੰਨੇ ਵੀ ਸਕੂਲਾਂ ਨੂੰ ਅਨਸੇਫ ਡਿਕਲੇਅਰ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਅਨਸੇਫ ਡਿਕਲੇਅਰ ਕਰ ਦਿੱਤਾ ਜਾਵੇ। ਸੋ, ਜਿਹੜੇ ਸਕੂਲਾਂ ਵਿਚ ਕੁੱਝ ਕਮਰੇ ਹੀ ਅਨਸੇਫ ਸੀ, ਤਾਂ ਵੀ ਪੂਰੇ ਸਕੂਲ ਨੂੰ ਹੀ ਅਨਸੇਫ ਡਿਕਲੇਅਰ ਕਰ ਦਿੱਤਾ ਗਿਆ। ਸਪੀਕਰ ਸਾਹਿਬ, ਮੈਂ ਇਹ ਬੈਕਗਰਾਉਂਡ ਇਸ ਕਰਕੇ ਦੇ ਰਿਹਾ ਹਾਂ ਕਿਉਂਕਿ ਇਹ ਸਵਾਲ ਵਾਰ-ਵਾਰ ਆ ਰਿਹਾ ਹੈ ਤੇ ਜੇਕਰ ਮੈਂ ਗੱਲ ਕਲੀਅਰ ਕਰ ਦਿਆਂਗਾ ਤਾਂ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਲੱਗ ਜਾਵੇਗਾ। ਜਿਹੜੇ 5400 ਜਾਂ 10 ਹਜ਼ਾਰ ਸਮਾਰਟ ਸਕੂਲਾਂ ਦੀ ਗੱਲ ਹੈ, (ਸ਼੍ਰੀ ਪਵਨ ਕੁਮਾਰ ਟੀਨੂ ਨੂੰ ਸੰਬੋਧਨ ਕਰਦੇ ਹੋਏ) ਉਸ ਬਾਰੇ ਵੀ ਇਨ੍ਹਾਂ ਸਾਰਿਆਂ ਨੂੰ ਲਿਸਟ ਭੇਜ ਦਿਆਂਗੇ ਕਿਉਂਕਿ ਇਹ ਗੱਲਾਂ ਇਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦੀਆਂ। ਜਿਹੜੀ ਗੱਲ ਮਾਨਯੋਗ ਮੈਂਬਰ ਸਾਹਿਬ ਨੇ ਆਪਣੇ ਸਵਾਲ ਵਿਚ ਰੱਖੀ ਹੈ, ਮੈਂ ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਪੂਰੇ ਹਲਕੇ ਵਿਚ 11 ਸਕੂਲ ਹਨ ਔਰ 11 ਸਕੂਲਾਂ ਦੇ 31 ਕਮਰੇ ਅਨਸੇਫ ਹਨ। ਇਹ ਗੱਲ ਕੇਵਲ ਇਨ੍ਹਾਂ ਦੇ ਹਲਕੇ ਦੀ ਨਹੀਂ, ਉਸ ਦਿਨ ਮੈਡਮ ਰੂਬੀ ਜੀ ਨੇ ਵੀ ਸਵਾਲ ਕੀਤਾ ਸੀ ਤੇ ਮੈਂ ਉਸ ਦਿਨ ਵੀ ਇਹੀ ਜਵਾਬ ਦਿੱਤਾ ਸੀ ਪਰ ਬਾਹਰ ਜਾ ਕੇ ਮੀਡੀਆ ਵਿਚ ਕਿਹਾ ਗਿਆ ਕਿ ਸਿੰਗਲਾ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਦੇ ਹਲਕੇ ਵਿਚ ਕੋਈ ਵੀ ਸਰਕਾਰੀ ਸਕੂਲ ਅਨਸੇਫ ਨਹੀਂ ਹੈ। ਮੈਂ ਇਹ ਨਹੀਂ ਕਿਹਾ ਸੀ, ਮੈਂ ਉਸ ਦਿਨ ਵੀ ਤੁਹਾਨੂੰ ਬੇਨਤੀ ਕੀਤੀ ਸੀ ਕਿ ਪੰਜਾਬ ਵਿਚ ਕੋਈ ਵੀ ਐਸਾ ਸਕੂਲ ਨਹੀਂ ਹੈਕਿ ਜਿਸ ਦੀ ਪੂਰੀ ਦੀ ਪੂਰੀ

ਬਿਲਡਿੰਗ unsafe ਹੋਵੇ। ਰੂਬੀ ਜੀ, ਤੁਹਾਡੇ ਜਵਾਬ ਦੇ ਵਿੱਚ ਪਹਿਲਾਂ ਵੀ ਮੈਂ ਇਹੀ ਕਿਹਾ ਸੀ ਤੇ ਅੱਜ ਵੀ ਕਹਿ ਰਿਹਾ ਹਾਂ। ਸਾਡੇ ਮੈਂਬਰ ਸਾਹਿਬ ਦੇ ਹਲਕੇ ਵਿੱਚ 275 ਸਕੂਲ ਹਨ ਤੇ ਉਨ੍ਹਾਂ ਵਿੱਚੋਂ 11 ਸਕੂਲਾਂ ਦੇ 31 ਕਮਰਿਆਂ ਦੀ ਹਾਲਤ ਖਰਾਬ ਹੈ। ਇਸ ਕਰਕੇ ਵੱਲੋਂ Art and Craft Room ਵਾਸਤੇ 30 ਲੱਖ ਰੁਪਿਆ ਆਲਰੈਡੀ ਭੇਜ ਚੁੱਕੇ ਹਾਂ। 45 ਲੱਖ ਰੁਪਿਆ additional class room ਵਾਸਤੇ ਨਾਬਾਰਡ ਦੇ 23-24 ਪ੍ਰੋਗਰਾਮਾਂ ਦੇ ਵਿੱਚ ਅਪਰੂਵ ਕੀਤਾ ਹੈ। ਜਿੱਥੇ ਕਿਤੇ ਰੈਂਪ ਬਣਨ ਵਾਲਾ ਸੀ, 11 ਲੱਖ ਰੁਪਿਆ ਉਥੇ ਰਿਲੀਜ਼ ਕੀਤਾ ਹੈ। Repair and Maintenance ਦਾ 23 ਲੱਖ ਰੁਪਿਆ ਇਨ੍ਹਾਂ ਦੇ ਹਲਕੇ ਦੇ ਸਕੂਲਾਂ ਵਾਸਤੇ ਰਿਲੀਜ਼ ਕੀਤਾ ਹੈ। ਜਿੰਨੀਆਂ ਬਾਕੀ ਸਕੂਲਾਂ ਦੀਆਂ ਗਰਾਂਟਾਂ ਹਨ, ਚਾਹੇ ਸਪੋਰਟਸ ਵਾਸਤੇ ਦੇਣ ਦੀ ਗੱਲ ਸੀ, ਉਸ ਦੇ ਵਾਸਤੇ ਅੰਦਾਜ਼ਨ 2 ਕਰੋੜ ਰੁਪਿਆ ਇਨ੍ਹਾਂ ਦੇ ਹਲਕੇ ਦੇ ਬਾਕੀ ਸਕੂਲਾਂ ਵਾਸਤੇ ਦਿੱਤਾ ਹੈ। ਟੋਟਲ ਗਰਾਂਟ 3 ਕਰੋੜ ਤੇ 5 ਲੱਖ ਰੁਪਏ ਦੀ ਟਾਂਡਾ ਦੇ ਹਲਕੇ ਵਾਸਤੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਹੈ। ਇੱਕਲੇ ਇਨ੍ਹਾਂ ਦੇ ਸਕੂਲਾਂ ਦੀ ਗੱਲ ਨਹੀਂ ਹੈ। ਸਾਡਾ ਇੱਕੋ ਹੀ ਟਾਰਗੈਟ ਹੈ ਕਿ ਸਾਰੇ ਸਕੂਲਾਂ ਦੇ ਵਾਸਤੇ ਹੀ ਅਸੀਂ ਜੋ ਸਮਗਰਾ ਸਿੱਖਿਆ ਅਭਿਆਨ ਦੇ ਵਿੱਚ ਜਾਂ ਨਾਬਾਰਡ ਦੇ ਵਿੱਚ ਨਵੇਂ ਕਮਰੇ ਬਣਾਉਣ/ਉਸਾਰੀ ਵਾਸਤੇ ਗੱਲ ਕਰ ਰਹੇ ਹਾਂ। ਉਸ ਦੇ ਲਈ 120 ਕਰੋੜ ਰੁਪਏ ਦੇ ਨਾਲ ਅਸੀਂ 1597 ਨਵੇਂ ਕਮਰੇ ਬਨਾਉਣ ਵਾਸਤੇ ਨਾਬਾਰਡ ਕੋਲੋਂ ਪ੍ਰੋਜੈਕਟ ਦੀ ਮਨਜ਼ੂਰੀ ਲਈ ਹੈ ਤਾਂ ਕਿ ਸਾਡੇ ਆਉਣ ਵਾਲੇ ਸਾਲ ਦੇ ਵਿੱਚ, ਸਾਰੇ ਸਰਕਾਰੀ ਸਕੂਲਾਂ ਵਿੱਚ, ਜਿੱਥੇ ਐਡੀਸ਼ਨਲ ਕਲਾਸ ਰੂਮਜ਼ ਦੀ ਲੋੜ ਹੈ, ਅਸੀਂ ਉਹ ਦੇ ਸਕੀਏ। ਇਸ ਤੋਂ ਇਲਾਵਾ ਐਡੀਸ਼ਨਲ ਕਲਾਸ ਰੂਮਜ਼ ਦੇ ਨਾਲ ਨਾਲ repair and maintenance ਦੀ ਗੱਲ ਹੈ, ਅਸੀਂ ਉਸ ਨੂੰ ਵੀ ਪੂਰਾ ਕਰ ਸਕੀਏ।

ਸਰਦਾਰ ਸੰਗਤ ਸਿੰਘ ਗਿਲਜੀਆਂ: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 3 ਕਰੋੜ ਰੁਪਿਆ ਟਾਂਡੇ ਹਲਕੇ ਦੇ ਸਕੂਲਾਂ ਨੂੰ ਰਿਪੇਅਰ ਅਤੇ ਅੱਡ ਅੱਡ ਕੰਮਾਂ ਵਾਸਤੇ ਦਿੱਤਾ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਕਮਰੇ ਅਣਸੁਰੱਖਿਅਤ ਹਨ, ਉਹ ਕਦੋਂ ਤੱਕ ਬਣ ਜਾਣਗੇ? ਕਾਫੀ ਕਮਰੇ ਹਨ, ਮੈਂ ਪੂਰੀ ਬਿਲਡਿੰਗ ਦੀ ਗੱਲ ਨਹੀਂ ਕਰਦਾ ਹਾਂ। ਟਾਂਡੇ ਦੇ ਵਿੱਚ ਇੱਕ ਸੀਨੀਅਰ ਸੈਕੰਡਰੀ ਸਕੂਲ ਜੋ ਕਿ ਲੜਕਿਆਂ ਦਾ ਹੈ, ਉਹ ਅੰਗਰੇਜ਼ਾਂ ਦੇ ਟਾਈਮ ਦਾ ਬਣਿਆ ਹੋਇਆ ਹੈ। ਉਸ ਬਿਲਡਿੰਗ ਦੀ ਬੜੀ ਖਸਤਾ ਹਾਲਤ ਹੈ। ਉਹ ਕਦੇ ਵੀ ਬਹਿ ਸਕਦੀ ਹੈ। ਬੱਚਿਆਂ ਦੀ ਗਿਣਤੀ ਸਕੂਲ ਵਿੱਚ ਘੱਟੋ-ਘੱਟ 1400-1500 ਹੈ।ਸਮੇਂ-ਸਮੇਂ ਤੇ ਅਸੀਂ ਦੱਸਦੇ ਰਹੇ ਹਾਂ ਕਿਉਂਕਿ ਇਹ ਐਜੂਕੇਸ਼ਨ ਦਾ ਅਦਾਰਾ ਹੈ। ਇਸ ਤਰ੍ਹਾਂ ਹੈ ਕਿ ਬੱਚੇ ਇੱਥੇ ਪੜ੍ਹਦੇ ਹਨ ਤੇ ਬਾਹਰ ਬੈਠਦੇ ਹਨ। ਸੋ, ਇਨ੍ਹਾਂ ਕਮਰਿਆਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ।

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਸ ਸਾਲ ਦੇ ਅੰਦਰ ਅੰਦਰ ਅਸੀਂ ਜਿਹੜਾ ਕੋਈ ਇਨ੍ਹਾਂ ਮਾਨਯੋਗ ਐਮ.ਐਲ.ਏ ਸਾਹਿਬ ਦਾ ਕੋਈ ਹੋਰ ਸਕੂਲ ਰਹਿ ਵੀ ਗਿਆ ਹੋਵੇਗਾ ਜਿਹੜਾ ਬਾਈ ਚਾਂਸ ਕਦੇ ਧਿਆਨ ਵਿੱਚ ਨਾ ਆਇਆ ਹੋਵੇ, ਜੇਕਰ ਇਹ ਧਿਆਨ ਵਿੱਚ ਲਿਆ ਦੇਣਗੇ ਤਾਂ ਉਸ ਦਾ ਪੈਸਾ ਵੀ 31 ਮਾਰਚ ਤੋਂ ਪਹਿਲਾਂ ਪਹਿਲਾਂ ਰਿਲੀਜ਼ ਕਰ ਦਿਆਂਗੇ ਤਾਂ ਵੀ ਕੋਈ ਇਸ਼ੂ ਨਹੀਂ ਹੈ।

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਸ਼ੁਕਰ ਹੈ ਕਿ ਤੁਸੀਂ ਸਰਕਾਰ ਵਾਲੀ ਸਾਈਡ ਤੋਂ ਕਹਿ ਤਾਂ ਦਿੱਤਾ ਕਿ 11 ਕਮਰੇ ਅਣਸੁਰਖਿੱਅਤ ਹਨ। ਮੇਰਾ ਸਵਾਲ ਬਾਰੇ ਤਾਂ ਤੁਸੀਂ ਕਿਹਾ ਕਿ ਅਣਸੁਰੱਖਿਅਤ ਹੀ ਨਹੀਂ ਹੈ। ਸਵਾਲ ਇਹ ਹੈ ਕਿ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਕਮਰੇ ਅਣਸੁਰੱਖਿਅਤ ਹੋਣਗੇ, ਬਿਲਡਿੰਗ ਨਹੀਂ। ਸਪੀਕਰ ਸਾਹਿਬ, ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਵਿੱਚ ਤਾਂ ਹੁੰਦੇ ਹੀ 2-2, 4-4 ਕਮਰੇ ਹਨ। ਉਹੀ ਉਨ੍ਹਾਂ ਦੀ ਬਿਲਡਿੰਗ ਹੁੰਦੀ ਹੈ। ਪਿੰਡਾਂ ਦੇ ਸਕੂਲ ਕਿਹੜਾ ਸ਼ਹਿਰਾਂ ਦੇ ਪ੍ਰਾਈਵੇਟ ਸਕੂਲਾਂ ਵਾਂਗ ਹਨ ਜਿਨ੍ਹਾਂ ਦੇ 50-50 ਕਮਰੇ ਹੁੰਦੇ ਹਨ, ਪਿੰਡਾਂ ਦੇ ਸਕੂਲਾਂ ਵਿੱਚ 2-2, 4-4 ਕਮਰੇ ਹੀ ਹੁੰਦੇ ਹਨ। ਉਹੀ ਬਿਲਡਿੰਗ ਹੈ ਜੀ। ਅਸੀਂ ਤਾਂ ਉਨ੍ਹਾਂ ਦੀ ਹੀ ਗੱਲ ਕਰਦੇ ਹਾਂ। ਮੈਂ ਮੰਤਰੀ ਸਾਹਿਬ ਨੂੰ ਇਹ ਕਹਿ ਰਹੀ ਹਾਂ ਕਿ ਤੁਸੀਂ ਉਨ੍ਹਾਂ ਨੂੰ ਤਾਂ ਆਸ਼ਵਾਸਨ ਦੇ ਦਿੱਤਾ, ਮੈਨੂੰ ਵੀ ਆਸ਼ਵਾਸਨ ਦਿੱਤਾ ਸੀ। ਅਸੀਂ ਵੀ ਬਿਲਡਿੰਗ ਸਿਰਫ ਕਮਰਿਆਂ ਨੂੰ ਕਹਿ ਰਹੇ ਹਾਂ। ਅਸੀਂ ਤਾਂ ਸਿਰਫ ਇਹ ਕਹਿ ਰਹੇ ਹਾਂ ਕਿ ਉਹ ਕਮਰੇ ਸੁਰੱਖਿਅਤ ਕਰ ਦਿਓ। ਇਹ ਉਸ ਗੱਲ ਨੂੰ misinterpret ਕਰ ਗਏ ਹਨ।

ਮੰਤਰੀ: ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਮਾਨਯੋਗ ਬੀਬਾ ਬਹੁਤ intelligent ਹਨ ਪਰ ਮੈਂ ਬੀਬਾ ਜੀ ਨੂੰ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਉਸ ਦਿਨ ਵੀ ਮੈਂ ਇਹੀ ਕਹਾ ਸੀ ਪਰ ਇਨ੍ਹਾਂ ਨੇ ਬਾਹਰ ਜਾ ਕੇ ਮੀਡੀਆ ਨੂੰ ਕਿਹਾ......

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂਆਪਣੀ ਸੀਟ ਤੇ ਬੈਠੇ-ਬੈਠੇ ਕੁਝ ਬੋਲ ਰਹੇ ਸਨ)(ਵਿਘਨ)(ਸ਼ੋਰ)

Minister: You are not supposed to speak in the middle. Right. I told you just now. (ਵਿਘਨ)(ਸ਼ੋਰ)

Mr. Speaker: Tinu ji, Don't interrupt, Don't interrupt. ਮੰਤਰੀ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ।(ਵਿਘਨ)(ਸ਼ੋਰ)

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਗੱਲ ਕਹੀ ਸੀ ਕਿ ਮਾਨਯੋਗ ਮੈਂਬਰ ਸਾਹਿਬ ਨੂੰ ਆਦਤ ਹੈ ਕਿ ਕੋਈ ਮੈਂਬਰ ਸਾਹਿਬਾਨ ਜਾਂ ਵਜ਼ੀਰ ਸਾਹਿਬਾਨ ਨੇ ਇੱਧਰੋਂ ਬੋਲਣ, ਇਨ੍ਹਾਂ ਨੇ comment pass ਕਰਨਾ ਹੀ ਹੈ। ਕੱਲ੍ਹ ਮੈਂ ਇਨ੍ਹਾਂ ਨੂੰ ਇਸ਼ਾਰੇ ਨਾਲ ਕਿਹਾ ਤਾਂ ਇਨ੍ਹਾਂ ਨੂੰ ਤਕਲੀਫ ਹੋਈ।

ਸ਼੍ਰੀ ਪਵਨ ਕੁਮਾਰ ਟੀਨੂ: ਪੰਜਾਬ ਦੇ ਲੋਕਾਂ ਨੂੰ ਤਕਲੀਫ ਹੋਈ ਹੈ ਜੀ।

ਮੰਤਰੀ: ਪੰਜਾਬ ਦੇ ਲੋਕਾਂ ਨੂੰ ਜਿਹੜੀ ਅਕਾਲੀ ਦਲ ਨੇ ਤਕਲੀਫ ਦਿੱਤੀ ਸੀ, ਉਹ ਸਭ ਨੂੰ ਪਤਾ ਹੈ। ਸਾਰੇ ਹਾਊਸ ਨੂੰ ਪਤਾ ਹੈ ਕਿ ਅਕਾਲੀ ਦਲ ਨੇ ਪਿਛਲੇ 10 ਸਾਲ ਦੀ ਸਰਕਾਰ ਦੇ ਵਿੱਚ ਪੰਜਾਬ ਦਾ ਕੀ ਹਾਲ ਕੀਤਾ।

ਮਾਨਯੋਗ ਸਪੀਕਰ: ਬੈਠੋ ਜੀ, ਟੀਨੂ ਜੀ, ਬੈਠ ਜਾਓ। ਹਾਊਸ ਦਾ ਵਕਤ ਨਾ ਜ਼ਾਇਆ ਕਰੋ। ਹਾਂ ਜੀ, ਸਿੰਗਲਾ ਜੀ।

ਮੰਤਰੀ : ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ...... (ਵਿਘਨ) (ਸ਼ੋਰ) ਸਰ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦੀ ਜਨਤਾ...... (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਸਮਾਂ ਮੰਗ ਰਹੇ ਸਨ।)

ਮਾਨਯੋਗ ਸਪੀਕਰ: ਬੈਠ ਜਾਉ। ਹਾਂ ਜੀ, ਸਿੰਗਲਾ ਸਾਹਿਬ। (ਵਿਘਨ) (ਸ਼ੋਰ)

ਮੰਤਰੀ: ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪੰਜਾਬ ਦੀ ਜਨਤਾ ਨੇ ਹੀ ਉਧਰ ਬਿਠਾਇਆ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਹਾਂ ਜੀ, ਸਿੰਗਲਾ ਸਾਹਿਬ।

ਮੰਤਰੀ : ਸਰ, ਜਿੱਥੋਂ ਤੱਕ ਮਾਨਯੋਗ ਮੈਂਬਰ ਸਾਹਿਬਾ ਨੇ ਗੱਲ ਕੀਤੀ ਹੈ, ਮੈਂ ਉਸ ਦਿਨ ਵੀ ਇਹੀ ਗੱਲ ਬੀਬਾ ਜੀ ਨੂੰ ਦੱਸ ਰਿਹਾ ਸੀ ਅਤੇ ਮੈਂ ਅੱਜ ਵੀ ਇਹੀ ਗੱਲ ਕਹਿਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਸੀ ਕਿ ਛੋਟੇ ਦੋ ਜਾਂ ਤਿੰਨ ਕਮਰੇ ਦੀ ਹੀ ਬਿਲਡਿੰਗ ਸਕੂਲ ਵਿੱਚ ਹੁੰਦੀ ਹੈ। ਮੈਂ ਵੀ ਇਸ ਗੱਲ ਨੂੰ ਐਗਰੀ ਕਰਦਾ ਹਾਂ ਅਤੇ ਮੈਂ ਸਦਨ ਵਿੱਚ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਪੰਜਾਬ ਵਿੱਚ ਕੋਈ ਵੀ ਐਸਾ ਸਰਕਾਰੀ ਸਕੂਲ ਨਹੀਂ ਹੈ ਜਿਸ ਦੀ ਪੂਰੀ ਦੀ ਪੂਰੀ ਬਿਲਡਿੰਗ ਅਨਸੇਫ ਹੋਵੇ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਸਮਾਂ ਮੰਗ ਰਹੇ ਸਨ।)

ਮਾਨਯੋਗ ਸਪੀਕਰ : ਸਪਲੀਮੈਂਟਰੀ ਹੋ ਗਈ ਹੈ ਜੀ. There is a limit. There is a limit.(ਵਿਘਨ) (ਸ਼ੋਰ)

ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਬਣਾਉਣ ਦੀ ਮੌਜੂਦਾ ਸਥਿਤੀ

*2479 **ਸਰਦਾਰ ਰਣਦੀਪ ਸਿੰਘ**: ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: -

(ੳ) ਕੀ ਇਹ ਠੀਕ ਹੈ ਕਿ ਜੁਲਾਈ 2018 ਵਿੱਚ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਬਣਾਉਣ ਦੀ ਘੋਸ਼ਣਾ ਕੀਤੀ ਗਈ ਸੀ, ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ?

(ਅ) ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਕਦੋਂ ਤੱਕ ਤਿਆਰ ਹੋ ਜਾਵੇਗਾ?

ਸ਼੍ਰੀ ਸੁੰਦਰ ਸ਼ਾਮ ਅਰੜਾ: (ੳ) ਹਾਂ ਜੀ, ਇਹ ਠੀਕ ਹੈ ਕਿ ਮੰਡੀ ਗੋਬਿੰਦਗੜ੍ਹ ਵਿਖੇ ਜੁਲਾਈ 2018 ਵਿੱਚ ਸਟੀਲ ਚੈਂਬਰ ਬਣਾਉਣ ਲਈ ਘੋਸ਼ਣਾ ਕੀਤੀ ਗਈ ਸੀ ਪਰੰਤੂ ਇਸ ਸਬੰਧੀ ਗੋਬਿੰਦਗੜ੍ਹ ਸਟੀਲ ਚੈਂਬਰ ਆਫ ਕਾਮਰਸ ਅਤੇ ਇੰਡਸਟਰੀ ਵੱਲੋਂ ਆਪਣੀ ਤਜਵੀਜ਼ ਪੇਸ਼ ਕੀਤੀ ਜਾਣੀ ਸੀ ਪਰੰਤੂ ਅਜੇ ਤੱਕ ਸਬੰਧਿਤ ਐਸੋਸੀਏਸ਼ਨ ਵੱਲੋਂ ਸਰਕਾਰ ਨੂੰ ਕੋਈ ਤਜਵੀਜ਼ ਨਹੀਂ ਭੇਜੀ ਗਈ। ਤਜਵੀਜ਼ ਪ੍ਰਾਪਤ ਹੋਣ ਤੇ ਰੂਲਾਂ ਅਨੁਸਾਰ ਵਿਚਾਰ ਕਰ ਲਿਆ ਜਾਵੇਗਾ।

(ਅ) ਸਰਕਾਰ ਨੂੰ ਇਸ ਸਬੰਧੀ ਕੋਈ ਤਜਵੀਜ਼ ਪ੍ਰਾਪਤ ਨਾ ਹੋਣ ਕਾਰਨ ਇਸ ਸਬੰਧੀ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ।

ਸਰ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਜੁਲਾਈ 2018 ਵਿੱਚ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਬਣਾਉਣ ਦੀ ਘੋਸ਼ਣਾ ਕੀਤੀ ਗਈ ਸੀ ਪਰ ਸਟੀਲ ਚੈਂਬਰ ਆਫ ਕਾਮਰਸ ਵੱਲੋਂ ਇੱਕ ਨਵੀਂ ਪਰਪੋਜ਼ਲ ਆਈ ਹੈ ਕਿ ਜਿਹੜੀ ਸਾਡੀ ਡੀ.ਆਈ.ਸੀ. ਦੀ ਬਿਲਡਿੰਗ ਹੈ, ਉਸ ਦੀ ਫਸਟ ਫਲੋਰ ਸਾਨੂੰ ਦੇ ਦਿੱਤੀ ਜਾਵੇ। ਉਸ ਫਸਟ ਫਲੋਰ ਲਈ ਮਾਨਯੋਗ ਮੈਂਬਰ ਸਾਹਿਬ ਦੀ ਰਿਕੁਮੈਂਡੇਸ਼ਨ ਆਈ ਹੈ। ਅਸੀਂ ਉਹ ਫਸਟ ਫਲੋਰ ਸਟੀਲ ਚੈਂਬਰ ਆਫ ਕਾਮਰਸ ਨੂੰ ਦੇ ਦਿਆਂਗੇ।

ਸਰਦਾਰ ਰਣਦੀਪ ਸਿੰਘ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ। ਸਪੀਕਰ ਸਾਹਿਬ, ਮੈਨੂੰ ਇਸ ਹਾਊਸ ਵਿੱਚ ਲਗਭਗ 18 ਸਾਲ ਹੋ ਗਏ ਹਨ। ਤੁਹਾਡੇ ਨਾਲ ਮੈਨੂੰ ਆਪੋਜ਼ੀਸ਼ਨ ਵਿੱਚ ਵੀ ਅਤੇ ਰੂਲਿੰਗ ਪਾਰਟੀ ਵਿੱਚ ਵੀ ਕੰਮ ਕਰਨ ਦਾ ਮੌਕਾ ਮਿਲਿਆ ਹੈ। ਅੱਜ ਤੱਕ ਮੈਂ ਜ਼ਾਤੀ ਤੌਰ ਤੇ ਕਿਸੇ ਦੇ ਖਿਲਾਫ ਜਾਂ ਕਿਸੇ ਦੇ ਲਿਹਾਜ਼ੇ ਦੇ ਖਿਲਾਫ ਜਾਂ ਕਿਸੇ ਪਾਰਟੀ ਦੇ ਖਿਲਾਫ ਨਹੀਂ ਬੋਲਿਆ। ਲੇਕਿਨ ਸਪੀਕਰ ਸਾਹਿਬ, ਮੈਨੂੰ ਬਣਾ ਦੁੱਖ ਹੋਇਆ। ਮੈਨੂੰ ਸਵੇਰੇ ਮੰਤਰੀ ਸਾਹਿਬ ਦਾ ਫੋਨ ਆਇਆ। ਹਾਲੇ ਤੱਕ ਮੇਰੇ ਟੇਬਲ ਤੇ ਇਨ੍ਹਾਂ ਦਾ ਜਵਾਬ ਨਹੀਂ ਆਇਆ। ਹਾਲੇ ਤੱਕ ਮੇਰੇ ਟੇਬਲ

ਤੇ ਇਨ੍ਹਾਂ ਜਵਾਬ ਨਹੀਂ ਆਇਆ ਔਰ ਮੈਂ ਵਿਸ਼ੇਸ਼ ਤੌਰ ਤੇ ਸਵਾਲ ਇਸ ਲਈ ਪਾਇਆ ਸੀ ਕਿਉਂਕਿ ਇੱਕ ਚਿੱਠੀ ਰਾਹੀਂ ਬਾਕਾਇਦਾ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕੀਤੀ ਹੈ ਅਤੇ ਸੀ.ਐਮ. ਸਾਹਿਬ ਨੂੰ ਵੀ ਲਿਖਤ ਰੂਪ ਵਿੱਚ ਮੈਂ ਬੇਨਤੀ ਕੀਤੀ ਸੀ ਕਿਉਂਕਿ ਮੇਰਾ ਖਿਆਲ ਮਨਿਸਟਰ ਸਾਹਿਬ ਆਪ ਇਸ ਦੇ ਗਵਾਹ ਹੋਣਗੇ। ਇਹ ਬਤੌਰ ਇੰਡਸਟਰੀ ਮਨਿਸਟਰ ਪਹਿਲੀ ਵਾਰ ਮੰਡੀ ਗੋਬਿੰਦਗੜ੍ਹ ਆਏ ਸੀ, ਜਿਹੜੀ ਏਸ਼ੀਆ ਦੀ ਸਭ ਤੋਂ ਪੁਰਾਣੀ ਲੋਹਾ ਨਗਰੀ ਹੈ। ਸਰ, ਇਹ ਏਸ਼ੀਆ ਦੀ ਹੈ ਨਾ ਕਿ ਇੰਡੀਆ ਦੀ। ਇਨ੍ਹਾਂ ਦੇ ਮੁਤਾਬਿਕ ਉੱਥੇ ਕੋਈ ਘਾਟ ਨਹੀਂ ਰਹੀ। ਸਟੀਲ ਚੈਂਬਰ ਵਾਲਿਆਂ ਨੇ 15 ਕਰੋੜ ਮੰਗਿਆ ਸੀ, ਇਨ੍ਹਾਂ ਨੇ ਬੜੀ ਖੁਸ਼ੀ ਦੇ ਤਹਿਤ 25 ਕਰੋੜ ਤੱਕ ਸੀ.ਐਮ. ਸਾਹਿਬ ਦੇ ਬਿਹਾਫ ਤੇ ਐਲਾਨ ਕੀਤਾ। ਇਹ ਮੇਰੇ ਅਜੀਜ਼ ਵੀ ਹਨ, ਸਾਡੀ ਸਰਕਾਰ ਦੇ ਵਜ਼ੀਰ ਵੀ ਹਨਲੇਕਿਨ ਮੈਨੂੰ ਦੁੱਖ ਹੋਇਆ ਕਿ ਦੋ ਸਾਲਾਂ ਦਰਮਿਆਨ ਹਾਲੇ ਤੱਕ ਪੈਸੇ ਦੀ ਘੋਸ਼ਣਾ ਨਹੀਂ ਹੋਈ। ਪੈਸਾ ਪਹੁੰਚਿਆ ਨਹੀਂ। ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਪਹਿਲਾਂ ਜਵਾਬ ਮੇਰੇ ਟੇਬਲ ਤੇ ਪਹੁੰਚਾਇਆ ਜਾਵੇ ਤਾਂ ਕਿ ਮੈਂ ਸਪਲੀਮੈਂਟਰੀ ਤੁਹਾਡੇ ਰਾਹੀਂ ਪੁੱਛ ਸਕਾਂ। ਇਹ ਪਹਿਲੀ ਵਾਰ ਕੁਤਾਹੀ ਹੋਈ ਹੈ। ਸਪੀਕਰ ਸਾਹਿਬ, first, I would request your indulgence ਤਾਂ ਕਿ ਜਵਾਬ ਮੈਨੂੰ ਪਹਿਲਾਂ ਭੇਜਿਆ ਜਾਵੇ।

Mr.Speaker : But I am told ਕਿ ਜਵਾਬ ਤੁਹਾਨੂੰ ਦੇ ਦਿੱਤਾ ਹੈ।

ਸਰਦਾਰ ਰਣਦੀਪ ਸਿੰਘ: ਮੇਰੇ ਕੋਲ ਹਾਲੇ ਤੱਕ ਨਹੀਂ ਆਇਆ। ਭਾਵੇਂ ਮੇਰਾ ਟੇਬਲ ਚੈੱਕ ਕਰ ਲਉ, ਮੈਂ ਖੜ੍ਹਾ ਹਾਂ।

Mr. Speaker: I will enquire into it. But this is what I am told that the reply has already been given to you.

Sardar Randeep Singh: Please take all the papers which are lying on my table. I would request to you kindly, ਇਸ ਦਾ ਜਵਾਬ ਮਿਲ ਜਾਵੇ।

Mr. Speaker: Let me enquire into it.ਮੈਂ ਸਵਾਲ ਪੋਸਟਪੋਨ ਕਰਦਾ ਹਾਂ।

ਸਰਦਾਰ ਰਣਦੀਪ ਸਿੰਘ: ਸਰ, ਮੇਰੀ ਰਿਕੁਐਸਟ ਹੈ ਕਿ ਇਹ ਕੱਲ੍ਹ ਨੂੰ ਲੱਗਣਾ ਚਾਹੀਦਾ ਹੈ।

ਮਾਨਯੋਗ ਸਪੀਕਰ: ਕੱਲ੍ਹ ਲਗਾ ਦਿਆਂਗੇ।

ਸਰਦਾਰ ਰਣਦੀਪ ਸਿੰਘ: ਧੰਨਵਾਦ ਜੀ।

ਮਾਨਯੋਗ ਸਪੀਕਰ : ਹਾਂ ਜੀ, ਬੈਂਸ ਸਾਹਿਬ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਸ਼ੁਕਰੀਆ। ਤੁਹਾਡੇ ਮਾਧਿਅਮ ਤੋਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਲੁਧਿਆਣਾ ਹੈ......

ਮਾਨਯੋਗ ਸਪੀਕਰ:**ਇਹ ਕੱਲ੍ਹ ਤੇ ਪੋਸਟਪੋਨ ਹੋ ਗਿਆ ਹੈ। ਤੁਸੀਂ ਵੀ ਕੱਲ੍ਹ ਪੁੱਛ ਲੈਣਾ। ਇਹ ਸਵਾਲ ਕੱਲ੍ਹ ਤੇ ਪੋਸਟਪੋਨ ਕਰ ਦਿੱਤਾ ਹੈ।

ਸਰਦਾਰ ਹਰਪਾਲ ਸਿੰਘ ਚੀਮਾ : ਸਪੀਕਰ ਸਾਹਿਬ, ਜਿਸ ਤਰ੍ਹਾਂ ਨਾਭਾ ਜੀ ਨੇ ਕਿਹਾ ਕਿ ਉਨ੍ਹਾਂ ਦਾ ਰਿਪਲਾਈ ਟੇਬਲ ਤੇ ਨਹੀਂ ਆਇਆ, ਇਸੇ ਤਰ੍ਹਾਂ ਦੂਜੀ ਤੀਜੀ ਵਾਰ ਹੋ ਗਿਆ ਹੈ ਕਿ........

Mr.Speaker : We will enquire into it. We will enquire into itਕਿ ਮੇਰੇ ਆਫਿਸ ਵਿੱਚ ਕਿੰਨੇ ਵਜੇ ਆਇਆ, ਕਿੰਨੇ ਵਜੇ ਚੱਲਿਆ, we will enquire into it.

ਸਰਦਾਰ ਹਰਪਾਲ ਸਿੰਘ ਚੀਮਾ : ਸਪੀਕਰ ਸਾਹਿਬ, ਹਰੇਕ ਸੈਸ਼ਨ ਵਿੱਚ ਬ੍ਰਹਮ ਮਹਿੰਦਰਾ ਜੀ ਜਿਹੜੇ ਸੰਸਦੀ ਮਾਮਲੇ ਮੰਤਰੀ ਜੀ ਹਨ, ਉਹ ਹਮੇਸ਼ਾ ਕਹਿੰਦੇ ਹਨ ਕਿ ਬਿਲ ਜਾਂ ਪ੍ਰਸ਼ਨ ਦੇ ਜੋ ਜਵਾਬ ਹਨ, ਉਹ ਟਾਈਮ ਸਿਰ ਆਉਣਗੇ। ਜਿਹੜੇ ਵਿਧਾਨ ਸਭਾ ਦੇ ਰੂਲਜ਼ ਹਨ, ਉਨ੍ਹਾਂ ਮੁਤਾਬਕ ਬਿਲ 15 ਦਿਨ ਪਹਿਲਾਂ ਆਉਣੇ ਹੁੰਦੇ ਹਨ, ਸਾਰਾ ਕੰਮ ਪਹਿਲਾਂ ਆਉਂਦਾ ਹੈ। ਹੁਣ ਤੱਕ ਵਾਰ-ਵਾਰ ਆਸ਼ਵਾਸਨ ਦੇਣ ਦੇ ਬਾਵਜੂਦ ਵੀ ਇਹ ਵਿਧਾਨ ਸਭਾ ਵਿੱਚ ਟਾਈਮ ਸਿਰ ਨਹੀਂ ਆਉਂਦੇ। ਵਿਧਾਨ ਸਭਾ ਦਾ ਜਿਸ ਦਿਨ ਸੈਸ਼ਨ ਹੁੰਦਾ ਹੈ, ਉਸ ਦਿਨ ਵੀ ਨਹੀਂ ਆਉਂਦੇ, 15 ਦਿਨ ਪਹਿਲਾਂ ਤਾਂ ਕੀ ਆਉਣੇ ਹਨ।ਸਰਕਾਰ ਨੇ ਕਿੰਨੀ ਵਾਰ ਆਸ਼ਵਾਸਨ ਦਿੱਤਾ, ਕਿੰਨੀ ਵਾਰ ਬ੍ਰਹਮ ਮਹਿੰਦਰਾ ਜੀ ਨੇ ਖੜ੍ਹੇ ਹੋ ਕੇ ਕਿਹਾ ਹਾਂ ਕਿ ਅਗਲੇ ਸੈਸ਼ਨ ਵਿੱਚ ਟਾਈਮ ਸਿਰ ਆਉਣਗੇ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਸਰਕਾਰ ਦੇ ਅਫਸਰ ਸਾਹਿਬਾਨ ਇੰਨੇ ਭਾਰੂ ਹਨ ਕਿ ਉਹ ਟਾਈਮ ਸਿਰ ਜਵਾਬ ਨਹੀਂ ਦਿੰਦੇ....

ਮਾਨਯੋਗ ਸਪੀਕਰ: ਚੱਲੋ, ਤੁਹਾਡਾ ਇਸ਼ੂ ਆ ਗਿਆ ਹੈ।

ਸਰਦਾਰ ਹਰਪਾਲ ਸਿੰਘ ਚੀਮਾ : ਨਹੀਂ ਸਰ, ਘੱਟੋ-ਘੱਟ ਆਸ਼ਵਾਸਨ ਦੇ ਦੇਣ।

ਮਾਨਯੋਗ ਸਪੀਕਰ: ਤੁਸੀਂ ਬੈਠੋ ਤਾਂ ਸਹੀ, ਤੁਸੀਂ ਬੈਠੋਗੇ ਮੈਂ ਤਾਂ ਹੀ ਗੱਲ ਕਰਾਂਗਾ। ਜੇ ਤੁਸੀਂ ਬੈਠੋਗੇ ਮੈਂ ਤਾਂ ਹੀ ਗੱਲ ਕਰਾਂਗਾ। ਸ੍ਰੀ ਬ੍ਰਹਮ ਮਹਿੰਦਰਾ ਸਾਹਿਬ, it is a serious matter. ਬਿਲਾਂ ਨੂੰ ਟਾਈਮ ਸਿਰ ਭਿਜਵਾਇਆ ਕਰੋ ਪਲੀਜ਼।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

ਮਾਨਯੋਗ ਸਪੀਕਰ: ਇੱਕ ਮਿੰਟ ਜੀ, ਬੈਠੋ। ਇੱਕ ਸੈਕਿੰਡ, ਅਮਨ ਜੀ, ਸੁਣ ਲਓ। It is a serious matter. ਹਰ ਵਾਰੀ ਇਹ ਇਸ਼ੂ ਉਠਦਾ ਹੈ ਔਰ ਸਤਿਕਾਰਯੋਗ ਮੈਂਬਰ ਇਸ ਗੱਲ ਦਾ ਇਤਰਾਜ਼ ਕਰਦੇ ਹਨ ਲੇਕਿਨ ਬਿਲ ਟਾਈਮ ਸਿਰ ਨਹੀਂ ਆਉਂਦੇ ਹਨ।

** Postponed till tomorrow i.e. 27.02.2020

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ): ਸਰ, ਮੈਂ ਤੁਹਾਡੇ ਨਾਲ ਇਸ ਗੱਲ ਤੇ ਐਗਰੀ ਕਰਦਾ ਹਾਂ। I have taken up this matter with the Administration many times and again I stress my point ਕਿ ਬਿਲ ਟਾਈਮ ਤੇ ਆਉਣੇ ਚਾਹੀਦੇ ਹਨ। ਸਰ, ਵੈਸੇ ਲੈਜਿਸਲੇਟਿਵ ਬਿਜ਼ਨਸ ਚਾਰ ਤਰੀਕ ਨੂੰ ਹੈ, ਉਸ ਤੋਂ ਪਹਿਲਾਂ-ਪਹਿਲਾਂ ਬਿਲ ਆ ਜਾਣਗੇ ਜੀ। I assure.

ਮਾਨਯੋਗ ਸਪੀਕਰ: ਆਉਣੇ ਚਾਹੀਦੇ ਹਨ ਜੀ।

ਸ਼੍ਰੀ ਅਮਨ ਅਰੋੜਾ: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਨਾਭਾ ਸਾਹਿਬ ਨੇ ਵੀ ਗੱਲ ਕੀਤੀ ਹੈ, ਚੀਮਾ ਜੀ ਨੇ ਵੀ ਗੱਲ ਕੀਤੀ ਹੈ। ਜਿਹੜਾ ਜਵਾਬ ਦੇਣ ਦਾ ਸਿਸਟਮ ਹੈ, ਪ੍ਰਕ੍ਰਿਆ ਹੈ, ਮੈਂ ਤੁਹਾਡੇ ਤੋਂ ਇੱਕ ਚੀਜ਼ ਗਿਆਨ ਵਾਸਤੇ ਜਾਣਨਾ ਚਾਹੁੰਦਾ ਹਾਂ ਕਿ is it allowed ਕਿ ਅਸੀਂ ਇੱਕ ਸਵਾਲ ਲਗਾਈਏ, ਚਾਹੇ ਉਹ ਸਟਾਰਡ ਹੋਵੇ ਜਾਂ ਅਨਸਟਾਰਡ ਹੋਵੇ ਅਤੇ ਉਸ ਵਿੱਚ ਸੱਤ ਜਾਂ ਅੱਠ ਪੁਆਇੰਟ ਹੋਣ ਤੇ ਜਿੰਨੇ ਦੋ-ਤਿੰਨ ਪੁਆਇੰਟ ਸਰਕਾਰ ਨੂੰ ਕੰਫਰਟੇਬਲ ਲੱਗਣ, ਉਸ ਦਾ ਜਵਾਬ ਮਿਲ ਜਾਵੇ ਤੇ ਬਾਕੀ ਦੇ ਪੁਆਇੰਟ ਡਰਾਪ ਕਰ ਦਿੱਤੇ ਜਾਣ?

ਮਾਨਯੋਗ ਸਪੀਕਰ: ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ।

ਸ਼੍ਰੀ ਅਮਨ ਅਰੋੜਾ: ਨਹੀਂ ਹੋ ਸਕਦਾ ਜੀ। ਸਰ, ਮੇਰਾ ਇੱਕ ਸਵਾਲ ਇਨਵੈਸਟ ਪੰਜਾਬ ਬਾਰੇ ਸੀ, ਮੈਂ ਉਸ ਬਾਰੇ ਮੰਤਰੀ ਜੀ ਕੋਲ ਵੀ ਗਿਆ ਸੀ ਤੇ ਇਨ੍ਹਾਂ ਨੇ ਮੇਰੀ ਉਸ ਵਿੱਚ ਬੜੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਉਹ ਸਵਾਲ ਲੋਕਲ ਗੌਰਮਿੰਟ ਨਾਲ ਵੀ ਸਬੰਧਿਤ ਸੀ। ਮੇਰੇ ਸਵਾਲ ਦੇ ਸੱਤ ਪੁਆਇੰਟ ਸਨ ਤੇ ਉਨ੍ਹਾਂ ਵਿੱਚੋਂ ਤਿੰਨ ਪੁਆਇੰਟਸ ਦਾ ਜਵਾਬ ਮਿਲ ਗਿਆ ਤੇ ਮੇਰਾ ਬਾਕੀ ਦਾ ਅੱਧਾ ਸਵਾਲ ਛੱਡ ਦਿੱਤਾ। ਮੇਰੀ ਇੰਨੀ ਬੇਨਤੀ ਹੈ ਕਿ Please ensure it from the Secretariat that this should not happen. ਸਰ, ਇਹ ਤਾਂ ਪ੍ਰੀਵਿਲੇਜ ਬਣਦੀ ਹੈ, ਮੈਂ ਤੁਹਾਡੇ ਕੋਲ ਜਵਾਬ ਲੈ ਕੇ ਆ ਜਾਵਾਂਗਾ, ਸਵਾਲ ਦੀ ਕਾਪੀ ਲੈ ਆਵਾਂਗਾ।

ਮਾਨਯੋਗ ਸਪੀਕਰ: ਚਲੋ, we will see, ਜਦੋਂ ਤੁਸੀਂ ਆਓਗੇ ਤਾਂ ਦੇਖ ਲਵਾਂਗੇ।

ਸ਼੍ਰੀ ਅਮਨ ਅਰੋੜਾ: ਸਰ, ਕੋਈ ਐਸ਼ੋਰੈਂਸ ਤਾਂ ਦਿਵਾ ਦਿਓ।

Mr. Speaker: You have raised a issue, it has been registered.

ਸਰਦਾਰ ਕੁਲਤਾਰ ਸਿੰਘ ਸੰਧਵਾਂ: ਸਰ, ਤੁਸੀਂ ਇੰਨੇ ਹੀ ਪਿਆਰ ਨਾਲ ਪਿਛਲੀ ਵਾਰੀ ਵੀ ਕਿਹਾ ਸੀ ਤੇ ਇੰਨੇ ਹੀ ਪਿਆਰ ਨਾਲ ਤੁਸੀਂ ਇਹ ਜਵਾਬ ਦਿੱਤਾ ਸੀ।

ਮਾਨਯੋਗ ਸਪੀਕਰ: ਚਲੋ, ਕੋਈ ਨਹੀਂ। ਕੋਈ ਨਹੀਂ, ਬੈਠੋ, ਬੈਠੋ।

ਸਤਲੁਜ ਦਰਿਆ ਤੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ

*2542 **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਚਿੱਟੀ ਤੇ ਕਾਲੀ ਵੇਂਈ ਅਤੇ ਬੁੱਢੇ ਨਾਲੇ ਦਾ ਦੂਸ਼ਿਤ ਪਾਣੀ ਸਤਲੁਜ ਦਰਿਆ ਵਿੱਚ ਪੈਣ ਕਾਰਨ ਦਰਿਆ ਦਾ ਪਾਣੀ ਪੀਣ ਯੋਗ ਨਹੀਂ ਰਹਿੰਦਾ ਅਤੇ ਕਿਸਾਨਾਂ ਦੀਆਂ ਫਸਲਾਂ ਲਈ ਵੀ ਨੁਕਸਾਨਦਾਇਕ ਹੈ; ਜੇਕਰ ਅਜਿਹਾ ਹੋਵੇ ਤਾਂ ਸਤਲੁਜ ਦਰਿਆ ਦੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ): ਚਿੱਟੀ ਵੇਂਈ (ਈਸਟ ਵੇਂਈ) ਅਤੇ ਬੁੱਢੇ ਨਾਲੇ ਦਾ ਪਾਣੀ ਸਤਲੁਜ ਦਰਿਆ ਵਿਚ ਦਾਖਲ ਹੁੰਦਾ ਹੈ ਜਦੋਂ ਕਿ ਕਾਲੀ ਵੇਂਈ (ਹੋਲੀ ਵੇਂਈ) ਦਾ ਪਾਣੀ ਬਿਆਸ ਦਰਿਆ ਵਿਚ ਦਾਖਲ ਹੁੰਦਾ ਹੈ। ਪੀ.ਪੀ.ਸੀ.ਬੀ. (ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ) ਦੀ ਤਾਜ਼ਾ ਵਿਸ਼ਲੇਸ਼ਣ ਰਿਪੋਰਟ ਅਨੁਸਾਰ ਬਿਆਸ ਦਰਿਆ ਦੀ ਗੁਣਵੱਤਾ ਕਲਾਸ 'ਬੀ' ਦੀ ਹੈ ਜਦੋਂ ਕਿ ਸਤੁਲਜ ਦਰਿਆ ਦਾ ਪਾਣੀ ਵੱਖ-ਵੱਖ ਥਾਵਾਂ ਤੇ ਕਲਾਸ 'ਸੀ' ਤੋਂ 'ਈ' ਤੱਕ ਬਦਲਦਾ ਹੈ। ਸੀ.ਪੀ.ਸੀ.ਬੀ. (ਸੈਂਟਰਲ ਪੋਲਿਊਸ਼ਨ ਕੰਟਰੋਲ ਬੋਰਡ) ਦੇ ਨਾਰਮਜ਼ ਅਨੁਸਾਰ ਕਲਾਸ 'ਸੀ' ਪਾਣੀ ਨੂੰ ਸੋਧਣ ਉਪਰੰਤ ਪੀਣ ਲਈ ਵਰਤਿਆ ਜਾ ਸਕਦਾ ਹੈ ਅਤੇ ਕਲਾਸ'ਈ' ਪਾਣੀ ਨੂੰ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ।

ਨਗਰ ਕੌਂਸਲਾਂ ਅਤੇ ਉਦਯੋਗਾਂ ਦੀ ਸੀਵੇਜ ਦੇ ਨਿਕਾਸ ਲਈ ਸਤਲੁਜ ਦਰਿਆ ਦੇ ਕੈਚਮੈਂਟ ਏਰੀਏ ਵਿਚ ਸੀਵਰੇਜ ਅਤੇ ਐਫਲੂਐਂਟ ਟਰੀਟਮੈਂਟ ਪਲਾਂਟ ਸਥਾਪਿਤ ਕੀਤੇ ਜਾ ਚੁੱਕੇ ਹਨ। ਪੰਜਾਬ ਸਰਕਾਰ ਨੇ ਸਤਲੁਜ ਦਰਿਆ ਅਤੇ ਸਹਾਇਕ ਨਦੀਆਂ ਦੀ ਸਫਾਈ ਲਈ ਇੱਕ ਐਕਸ਼ਨ ਪਲਾਨ ਤਿਆਰ ਕੀਤਾ ਹੈ। ਜ਼ਿਲ੍ਹਾ ਅਤੇ ਰਾਜ ਪੱਧਰੀ ਕਮੇਟੀਆਂ ਅਤੇ ਐਨ.ਜੀ.ਟੀ. ਵੱਲੋਂ ਨਿਯੁਕਤ ਮੋਨੀਟਰਿੰਗ ਕਮੇਟੀ ਐਕਸ਼ਨ ਪਲਾਨ ਦੀ ਬਕਾਇਦਾ ਨਿਗਰਾਨੀ ਕਰ ਰਹੀਆਂ ਹਨ।

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਤਲੁਜ ਦਰਿਆ ਵਿੱਚ ਇਹ ਦੋਵੇਂ ਵੇਈਂਆਂ ਨਹੀਂ ਪੈਂਦੀਆਂ ਹਨ ਜੀ ਔਰ ਇਹ ਸਾਰਾ ਪਾਣੀ ਐਗਰੀਕਲਚਰ ਦੇ ਲਾਇਕ ਹੈ। ਇਸ ਪਾਣੀ ਨੂੰ ਸਾਫ ਰੱਖਣ ਲਈ ਪੰਜਾਬ ਸਰਕਾਰ ਨੇ ਐਕਸ਼ਨ ਪਲਾਨ ਵੀ ਬਣਾਇਆ ਹੈ ਜਿਸ ਵਿੱਚ ਸਾਲ 2022 ਤੱਕ ਕਰੀਬ 700 ਕਰੋੜ ਰੁਪਿਆ ਲਗਾਇਆ ਜਾਣਾ ਹੈ ਤੇ ਸਾਰਾ ਪਾਣੀ ਅੱਗੇ ਤੋਂ ਸਾਫ ਹੋ ਜਾਇਆ ਕਰੇਗਾ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਪੰਜਾਬ ਪੰਜ ਦਰਿਆਵਾਂ ਦੀ ਧਰਤੀ ਸੀ ਤੇ ਪੰਜਾਬ ਨੂੰ ਆਪਣੇ ਦਰਿਆਵਾਂ ਤੇ ਬਹੁਤ ਮਾਣ ਸੀ। ਚਲੋ, ਅੱਜ ਇਹ ਦਰਿਆ ਘੱਟ ਕੇ ਤਿੰਨ ਰਹਿ ਗਏ ਹਨ ਪਰ ਜਦੋਂ ਵੀ ਕੋਈ ਵੀ ਪੰਜਾਬੀ ਸਤਲੁਜ, ਬਿਆਸ ਜਾਂ ਰਾਵੀ ਦਰਿਆ ਉੱਪਰੋਂ ਲੰਘਦਾ ਹੈ ਤਾਂ ਉਸ ਦੇ ਮਨ ਵਿੱਚ ਬਹੁਤ ਅਫਸੋਸ ਹੁੰਦਾ ਹੈ ਕਿ ਕਿਤੇ ਤਾਂ these rivers were the pride of Punjab ਪਰ ਅੱਜ ਉਹ ਇੱਕ ਤਰ੍ਹਾਂ ਦਾ ਪੰਜਾਬ ਦੀ ਧਰਤੀ ਤੇ ਬਹੁਤ ਵੱਡਾ blot ਬਣ ਗਏ ਹਨ। ਹੁਣ ਬੜੀਆਂ ਸਰਕਾਰਾਂ ਨੇ, ਪਿਛਲੀਆਂ ਸਰਕਾਰਾਂ ਨੇ ਵੀ ਇਸ ਨੂੰ ਸਾਫ ਕਰਨ ਦੇ ਉਪਰਾਲੇ ਕੀਤੇ ਸਨ, ਕੰਮ ਕੀਤੇ ਸਨ। ਸਪੀਕਰ ਸਾਹਿਬ, ਜਿਹੜਾ ਸਵਾਲ ਹੈ ਕਿ ਸਤਲੁਜ ਦਰਿਆ ਵਿੱਚ ਬੁੱਢਾ ਨਾਲਾ ਵੀ ਪੈਂਦਾ ਹੈ, ਬੁੱਢੇ ਨਾਲੇ ਦੇ ਉੱਪਰ ਬਹੁਤ Common Effluent Treatment Plantsਲੱਗੇ ਹਨ, ਸੀਵਰੇਜ ਟਰੀਟਮੈਂਟ ਪਲਾਂਟਸ ਲੱਗੇ ਹਨ, ਬੜੇ ਸਾਲਾਂ ਤੋਂ ਕੰਮ ਹੋ ਰਿਹਾ ਹੈ ਲੇਕਿਨ ਅਜੇ ਤੱਕ ਬੁੱਢਾ ਨਾਲਾ ਸਾਫ ਨਹੀਂ ਹੋਇਆ ਹੈ। ਸਪੀਕਰ ਸਾਹਿਬ, ਜਿੱਥੇ ਬੁੱਢਾ ਨਾਲਾ ਪੈਂਦਾ ਹੈ, ਉਨ੍ਹਾਂ ਪਿੰਡਾਂ ਦੇ ਨਾਲ ਜਾ ਕੇ ਦੇਖੋ, ਉੱਥੇ ਲੋਕ ਰਹਿ ਨਹੀਂ ਸਕਦੇ ਅਤੇ during the monsoon seasonਉਨ੍ਹਾਂ ਲੋਕਾਂ ਨੂੰ ਕਾਫੀwater borne diseasesਲਗਦੀਆਂ ਹਨ। ਸਪੀਕਰ ਸਾਹਿਬ, ਇੱਕ ਪਿੰਡ ਵਿੱਚ ਪਿਛਲੇ ਸਾਲ ਮੌਨਸੂਨ ਦੇ ਦੌਰਾਨ 100 ਮਰੀਜ਼ ਡੇਂਗੂ ਦਾ ਸੀ, ਉਹ ਜ਼ਿਲ੍ਹਾ ਜਲੰਧਰ ਦਾ ਪਿੰਡ ਤਲਵਣ ਦਰਿਆ ਦੇ ਉੱਪਰ ਪੈਂਦਾ ਹੈ। ਲੇਕਿਨ ਅਜੇ ਤੱਕ ਕੋਈ ਉਪਰਾਲਾ ਨਹੀਂ ਦਿਸ ਰਿਹਾ ਹੈ। ਫਿਰ ਬਾਜਵਾ ਸਾਹਿਬ, ਮੈਂ ਨਾਲ ਹੋਰ ਵੀ ਪੁੱਛਿਆ ਹੈ ਕਿ ਜਿਹੜੀ ਚਿੱਟੀ ਤੇ ਕਾਲੀ ਵੇਂਈਂ ਹੈ ਜਿਸ ਵੇਂਈਂ ਨੂੰ ਬਹੁਤ ਸਾਰੀਆਂ ਧਾਰਮਿਕ ਸ਼ਖਸੀਅਤਾਂ ਨੇ ਸਾਫ ਕਰਨ ਵਾਸਤੇ ਬਹੁਤ ਵੱਡੇ ਉਪਰਾਲੇ ਕੀਤੇ, ਇਸ ਨੂੰ ਪਵਿੱਤਰ ਵੇਂਈਂ ਆਖਿਆ ਜਾਂਦਾ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਇਸ਼ਨਾਨ ਕੀਤਾ ਸੀ, ਆਪਾਂ ਸਾਰੇ ਜਾਣਦੇ ਹਾਂ। ਤੁਸੀਂ ਸਤਲੁਜ ਰੀਵਰ ਐਂਡ ਡਿਸਟ੍ਰੀਬਿਊਟਰੀਜ਼ ਬਾਰੇ ਦੱਸਿਆ ਹੈ। ਕੀ ਆਪਣੇ ਐਕਸ਼ਨ ਪਲਾਨ ਵਿੱਚ ਇਨ੍ਹਾਂ ਨੂੰ ਸਾਫ ਕਰਨ ਦੀ ਤਜਵੀਜ਼ ਹੈ? ਸਪੀਕਰ ਸਾਹਿਬ, ਇਹ ਐਕਸ਼ਨ ਪਲਾਨ ਕਦੋਂ ਸ਼ੁਰੂ ਹੋਵੇਗਾ? ਅਸੀਂ ਸੀ.ਐਮ. ਸਾਹਿਬ ਦੀ ਸਟੇਟਮੈਂਟ ਪੜ੍ਹ ਲਈ ਸੀ ਕਿ 650 ਕਰੋੜ ਰੁਪਿਆ ਸਤਲੁਜ ਨੂੰ ਸਾਫ ਕਰਨ ਵਾਸਤੇ ਸਰਕਾਰ ਲਗਾਉਣ ਜਾ ਰਹੀ ਹੈ ਪਰ ਇਹ ਐਕਸ਼ਨ ਪਲਾਨ ਕਦੋਂ ਸ਼ੁਰੂ ਹੋਵੇਗਾ?

ਮਾਨਯੋਗ ਸਪੀਕਰ: ਸਵਾਲ ਕਰੋ ਜੀ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, What is the time frame? Till when will the water of Satluj river would be cleaned and it will be fit for drinking or for agricultural purposes?ਬਾਜਵਾ ਸਾਹਿਬ ਇਹ ਦੱਸ ਦੇਣ।

ਮੰਤਰੀ: ਦੇਖੋ ਜੀ, ਸਾਲ 2022 ਵਿੱਚ ਇਹ ਐਕਸ਼ਨ ਪਲਾਨ ਕੰਪਲੀਟ ਕਰ ਦਿੱਤਾ ਜਾਵੇਗਾ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਬਾਜਵਾ ਸਾਹਿਬ, ਵੇਈਂਆਂ ਬਾਰੇ ਵੀ ਦੱਸੋ ਕਿ ਕੀ ਅਸੀਂ ਵੇਈਂਆਂ ਵੀ ਸਾਫ ਕਰਾਂਗੇ? ਇੱਕ ਵੇਈਂ ਸਤਲੁਜ ਵਿੱਚ ਪੈਂਦੀ ਹੈ ਅਤੇ ਇੱਕ ਵੇਈਂ ਬਿਆਸ ਵਿੱਚ ਪੈਂਦੀ ਹੈ।

ਮੰਤਰੀ: ਜਿਹੜੀ ਬਿਆਸ ਵਿੱਚ ਪੈਂਦੀ ਹੈ, ਉਸ ਦੇ ਦੁਆਲੇ ਜਿਹੜੀਆਂ ਕਮੇਟੀਆਂ ਹਨ, ਉਨ੍ਹਾਂ ਵਿੱਚ ਟਰੀਟਮੈਂਟ ਪਲਾਂਟ ਲੱਗ ਚੁੱਕੇ ਹਨ। ਬਹੁਤਾ ਸਾਫ ਹੋ ਚੁੱਕਾ ਹੈ ਅਤੇ ਜਿਹੜਾ ਕੰਮ ਰਹਿ ਗਿਆ ਹੈ, ਉਹ ਵੀ ਕਰ ਰਹੇ ਹਾਂ।

ਮਾਨਯੋਗ ਸਪੀਕਰ:ਹਾਂ ਜੀ, ਰਾਣਾ ਗੁਰਜੀਤ ਜੀ।

ਰਾਣਾ ਗੁਰਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ 650-700 ਕਰੋੜ ਰੁਪਏ ਦੀ ਫਿੱਗਰ ਹੈ, ਕੀ ਇਹ ਸਤਲੁਜ ਸਾਫ ਕਰਨ ਦੀ ਹੈ ਜਾਂ ਉਸ ਵਿੱਚ ਗੰਦਾ ਪਾਣੀ ਪੈਣ ਨਹੀਂ ਦੇਣਾ, ਉਸ ਪਰਪਜ਼ ਲਈ ਹੈ? ਜੇ ਗੰਦਾ ਪਾਣੀ ਪਏਗਾ ਤਾਂ ਕੀ ਸਾਫੇ ਹੋ ਕੇ ਪਏਗਾ? ਔਰ ਕਿਸ-ਕਿਸ ਕਿਸਮ ਦਾ ਗੰਦਾ ਪਾਣੀ ਹੈ, ਉਸ ਦਾ ਪਲੈਨ ਕੀ ਹੈ? ਕੀ ਇਹ ਦੱਸ ਸਕਦੇ ਹਨ ਜੀ?

ਮਾਨਯੋਗ ਸਪੀਕਰ: ਇਹ ਇਸ ਦੇ ਕੰਪੋਨੈਂਟਸ ਬਾਰੇ ਪੁੱਛਣਾ ਚਾਹੁੰਦੇ ਹਨ।

ਮੰਤਰੀ: 650 ਕਰੋੜ ਰੁਪਏ ਲਗਾਉਣ ਦਾ ਮਤਲਬ ਇਹ ਹੈ ਕਿ ਗੰਦਾ ਪਾਣੀ ਦਰਿਆ ਵਿਚ ਨਾ ਪਵੇ। ਜਦੋਂ ਗੰਦਾ ਪਾਣੀ ਨਹੀਂ ਪਵੇਗਾ ਤਾਂ ਦਰਿਆਵਾਂ ਦਾ ਪਾਣੀ ਸਾਫ ਰਹੇਗਾ।

ਮਾਨਯੋਗ ਸਪੀਕਰ: ਰਾਣਾ ਗੁਰਜੀਤ ਜੀ।

ਰਾਣਾ ਗੁਰਜੀਤ ਸਿੰਘ: ਸਰ, ਮੇਰਾ ਸਵਾਲ ਇਹ ਸੀ ਕਿ ਕਿਸ-ਕਿਸ ਕਿਸਮ ਦਾ ਗੰਦਾ ਪਾਣੀ ਸਤਲੁਜ ਵਿੱਚ ਪੈਂਦਾ ਹੈ? ਕਿਹੜੀ-ਕਿਹੜੀ ਜਗ੍ਹਾ ਤੇ ਪੈਂਦਾ ਹੈ? ਉਸ ਦਾ ਕੀ-ਕੀ ਇਲਾਜ ਹੈ?

ਮੰਤਰੀ: ਦੇਖੋ ਜੀ, ਸਾਰੇ ਲੁਧਿਆਣੇ ਸ਼ਹਿਰ ਵਿਚੋਂ ਜਿਹੜੀਆਂ ਡੇਅਰੀਆਂ ਹਨ, ਉਹ ਵੀ ਪਾਣੀ ਗੰਦਾ ਕਰਦੇ ਹਨ। ਇੰਡਸਟਰੀ ਵੀ ਗੰਦਾ ਕਰਦੀ ਹੈ। ਇਨ੍ਹਾਂ ਸਾਰਿਆਂ ਦਾ ਐਕਸ਼ਨ ਪਲਾਨ 650 ਕਰੋੜ ਰੁਪਏ ਵਿੱਚ ਬਣਾਇਆ ਗਿਆ ਹੈ। ਲੁਧਿਆਣੇ ਦਾ ਹਰ ਤਰ੍ਹਾਂ ਦਾ ਪਾਣੀ ਟਰੀਟ ਕਰਕੇ ਇਸ ਵਿੱਚ ਪਾਇਆ ਜਾਵੇਗਾ।

ਮਾਨਯੋਗ ਸਪੀਕਰ: ਰਾਣਾ ਸਾਹਿਬ, ਮੇਰਾ ਖਿਆਲ ਹੈ ਕਿ ਸਵਾਲ ਹੋ ਗਿਆ।

ਰਾਣਾ ਗੁਰਜੀਤ ਸਿੰਘ: ਸਰ, ਇੱਕੋ ਸਵਾਲ ਹੈ ਜੀ। ਗੱਲ ਇਹ ਹੈ ਕਿ ਮੇਰੇ ਤੋਂ ਪਹਿਲਾਂ ਵਡਾਲਾ ਸਾਹਿਬ ਨੇ ਕਾਲੀ ਵੇਈਂ ਅਤੇ ਚਿੱਟੀ ਵੇਈਂ ਦੀ ਵੀ ਗੱਲ ਕੀਤੀ ਹੈ। ਮੈਂ ਇਹ ਦੱਸਣਾ ਚਾਹਾਂਗਾ ਔਰ ਮੰਤਰੀ ਜੀ ਤੋਂ ਸਵਾਲ ਪੁੱਛਣਾ ਵੀ ਚਾਹਾਂਗਾ ਕਿ ਜੇ ਸਾਡੀ ਕਾਲੀ ਵੇਈਂ ਵਿੱਚ ਗੰਦਾ ਪਾਣੀ ਨਾ ਪਵੇ, ਉੱਥੇ 40 ਪਿੰਡ ਹਨ ਔਰ 2-3 ਨਗਰ ਕੌਂਸਲਾਂ ਉਸ ਵਿੱਚ ਪਾਣੀ ਨਾ ਪਾਉਣ ਤਾਂ ਸੁਲਤਾਨਪੁਰ ਤੱਕ ਉਹ ਪਾਣੀ ਪੀਣ ਦੇ ਕੰਮ ਆ ਸਕਦਾ ਹੈ। ਜਿਹੜਾ ਅਸੀਂ ਫਰੈੱਸ਼ ਰਿਵਰ ਵਾਟਰ ਦੀ ਗੱਲ ਕਰਦੇ ਹਾਂ ਕਿ ਅਸੀਂ ਲੋਕਾਂ ਨੂੰ ਪੀਣ ਲਈ ਦਿਆਂਗੇ। ਅਗਰ ਉਹ ਵਿੱਚ ਗੰਦਾ ਪਾਣੀ ਵਿੱਚ ਨਾ ਪਵੇ ਤਾਂ ਕਾਲੀ ਵੇਈਂ ਦਾ ਪਾਣੀ ਸਾਫ ਹੋ ਸਕਦਾ ਹੈ ਅਤੇ ਸਾਰੇ ਪਿੰਡ ਅਤੇ 2-3 ਸ਼ਹਿਰ ਉਸ ਪਾਣੀ ਦਾ ਫਾਇਦਾ ਚੁੱਕ ਸਕਦੇ ਹਨ। ਪਿਛਲੇ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ...

ਮਾਨਯੋਗ ਸਪੀਕਰ: ਰਾਣਾ ਸਾਹਿਬ, ਕੁਐਸਚਨ ਕਰੋ ਜੀ।

ਰਾਣਾ ਗੁਰਜੀਤ ਸਿੰਘ: ਸਰ, ਕੁਐਸਚਨ ਹੀ ਪੁੱਛ ਰਿਹਾ ਹਾਂ ਜੀ। ਇਹ ਮੰਗ ਕੀਤੀ ਗਈ ਸੀ ਕਿ ਜਿਹੜੇ ਪਿੰਡਾਂ ਦੇ ਛੱਪੜ ਹਨ, ਜੇ ਉਨ੍ਹਾਂ ਦਾ ਪਾਣੀ ਅਸੀਂ ਲਾਈਨਿੰਗ ਕਰਕੇ ਛੱਪੜਾਂ ਨੂੰ ਡੂੰਘੇ ਕਰਕੇ ਖੇਤੀ ਵਿੱਚ ਇਸਤੇਮਾਲ ਕਰੀਏ ਤਾਂ ਉਹ ਪਾਣੀ ਫਿਰ ਦਰਿਆਵਾਂ ਵਿੱਚ ਨਹੀਂ ਪਵੇਗਾ। ਉਸ ਦੇ ਲਈ ਮੰਤਰੀ ਜੀ ਨੇ 9-10 ਕਰੋੜ ਰੁਪਿਆ ਦੇਣ ਲਈ ਕਿਹਾ ਵੀ ਸੀ, ਪਰ ਹਾਲੇ ਤੱਕ ਮਿਲਿਆ ਨਹੀਂ। ਲੇਕਿਨ ਮੈਂ ਚਾਹਵਾਂਗਾ ਕਿ ਸਾਨੂੰ ਇਹੋ ਜਿਹੇ ਪ੍ਰਾਜੈਕਟ ਲਗਾਉਣੇ ਚਾਹੀਦੇ ਹਨ ਔਰ ਜੇ ਇਨ੍ਹਾਂ ਨੂੰ ਡਿਫਰੈਂਟ-ਡਿਫਰੈਂਟ ਜਗ੍ਹਾ ਤੇ ਚਾਲੂ ਕਰ ਦੇਈਏ ਤਾਂ ਸਾਡੇ ਨਾਲੇ, ਨਦੀਆਂ ਪਲਿਉਟ ਨਹੀਂ ਹੋਣਗੀਆਂ ਤਾਂ ਦਰਿਆ ਵੀ ਦੂਸ਼ਿਤ ਨਹੀਂ ਹੋਣਗੇ। ਇਸ ਦੇ ਬਾਰੇ ਮੰਤਰੀ ਜੀ ਦੱਸਣ ਕਿ ਕੀ ਪਰਪੋਜ਼ਲ ਹੈ?

ਮੰਤਰੀ: ਦਰਿਆਵਾਂ ਤੋਂ ਸੁਜੈਸ਼ਨ ਛੱਪੜਾਂ ਤੇ ਆ ਗਈ ਹੈ। ਇਨ੍ਹਾਂ ਦੀ ਛੱਪੜਾਂ ਬਾਰੇ ਸੁਜੈਸ਼ਨ ਬਹੁਤ ਚੰਗੀ ਹੈ। ਇਨ੍ਹਾਂ ਨਾਲ ਬੈਠ ਕੇ ਗੱਲ ਕਰ ਲਵਾਂਗੇ, ਇਹ ਜੋ ਆਖਣਗੇ, ਸਲਾਹ ਕਰਕੇ ਕਰਾਂਗੇ ਜੀ।

ਮਾਨਯੋਗ ਸਪੀਕਰ: ਅਗਲਾ ਸਵਾਲ।

ਰਾਹੋਂ-ਮੱਤੇਵਾਲੀ-ਮਿਹਰਬਾਨ ਨੂੰ ਜਾਂਦੀ ਸੜਕ ਦੀ ਰਿਪੇਅਰ ਕਰਨਾ

*2718 **ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਹੋਂ-ਮੱਤੇਵਾੜਾ-ਮਿਹਰਬਾਨ (ਜ਼ਿਲ੍ਹਾ ਲੁਧਿਆਣਾ) ਸੜਕ, ਜਿਸ ਦੀ ਹਾਲਤ ਬਹੁਤ

ਖਸਤਾ ਹੋ ਚੁਕੀ ਹੈ, ਨੂੰ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸ਼੍ਰੀ ਵਿਜੈ ਇੰਦਰ ਸਿੰਗਲਾ:ਸ਼੍ਰੀਮਾਨ ਜੀ, ਲੁਧਿਆਣਾ ਤੋਂ ਰਾਹੋਂ (ਵਾਇਆ ਮੱਤੇਵਾੜਾ, ਮੇਹਰਬਾਨ) ਸੜਕ ਦੀ ਕੁੱਲ ਲੰਬਾਈ 25.04 ਕਿਲੋਮੀਟਰ ਹੈ। ਆਰ.ਡੀ. 0.00 ਤੋਂ 3.00 ਕਿਲੋਮੀਟਰ ਦੀ ਹਾਲਤ ਜ਼ਿਆਦਾ ਖਸਤਾ ਹੈ। ਇਸ ਨੂੰ ਰਿਪੇਅਰ ਕਰਨ ਲਈ ਟੈਂਡਰ ਲਗਾਏ ਜਾ ਚੁੱਕੇ ਹਨ। ਆਰ.ਡੀ. 3.00 ਕਿਲੋਮੀਟਰ ਤੋਂ 11.43 ਕਿਲੋਮੀਟਰ ਦੇ ਹਿੱਸੇ ਨੂੰ ਰਿਪੇਅਰ ਕਰਨ ਸਬੰਧੀ ਹਾਲ ਦੀ ਘੜੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਆਰ.ਡੀ. 11.43 ਤੋਂ 13.93 ਕਿਲੋਮੀਟਰ ਤੇ ਬਰਿਜ ਬਣਿਆ ਹੋਇਆ ਹੈ, ਜਿਸ ਦੀ ਹਾਲਤ ਠੀਕ ਹੈ। ਆਰ.ਡੀ. 13.93 ਤੋਂ 25.04 ਕਿਲੋਮੀਟਰ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਲਗਭਗ 60% ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ।

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਿਲਕੁਲ ਮੇਰੇ ਸਵਾਲ ਦਾ **। ਇਹ ਆਪਣਾ ਪਿਛਲੀ ਵਾਰੀ ਦਿੱਤਾ ਹੋਇਆ ਆਂਸਰ ਪੜ੍ਹ ਲੈਣ। ਇਨ੍ਹਾਂ ਨੇ ਕੀ ਆਂਸਰ ਦਿੱਤਾ ਸੀ?

ਮਾਨਯੋਗ ਸਪੀਕਰ: ** ਕੱਟ ਦਿਉ।

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: ਸਾਰੇ ਪੰਜਾਬ ਨੂੰ ਪਤਾ ਹੈ ਕਿ ਜਿਹੜੀ ਇਹ ਰੋਡ ਮੱਤੇਵਾੜਾ ਤੋਂ ਰਾਹੋਂ ਨੂੰ ਜਾਂਦੀ ਹੈ, ਇਸ ਦੀ ਇੰਨੀ-ਕੁ ਭੈੜੀ ਹਾਲਤ ਹੈ ਕਿ ਉੱਥੇ ਤੁਰਿਆ ਵੀ ਨਹੀਂ ਜਾਂਦਾ। ਇਨ੍ਹਾਂ ਨੇ ਕਹਿ ਦਿੱਤਾ ਕਿ ਪੁਲ ਦੀ ਹਾਲਤ ਠੀਕ ਹੈ। ਮੈਂ ਪੁਲ ਦੀ ਰਿਪੇਅਰ ਬਾਰੇ ਤਾਂ ਕਿਹਾ ਹੀ ਨਹੀਂ ਸੀ। ਮੈਂ ਜਿਹੜੀ ਰਿਪੇਅਰ ਦੀ ਗੱਲ ਕੀਤੀ ਸੀ, ਪਿਛਲੀ ਵਾਰ ਵੀ ਮੰਤਰੀ ਜੀ ਨੇ ਵਾਅਦਾ ਕੀਤਾ ਸੀ ਕਿ 6 ਮਹੀਨੇ ਦੇ ਵਿੱਚ-ਵਿੱਚ ਤੁਹਾਡੀ ਰੋਡ ਦੀ ਰਿਪੇਅਰ ਹੋ ਜਾਵੇਗੀ।

ਮਾਨਯੋਗ ਸਪੀਕਰ: ਬੈਠੋ, ਢਿੱਲੋਂ ਜੀ।

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: ਮੈਂ ਉਸ ਤੋਂ ਬਾਅਦ ਇਨ੍ਹਾਂ ਨੂੰ ਮਿਲਿਆ ਵੀ ਸੀ।

ਮਾਨਯੋਗ ਸਪੀਕਰ: ਢਿੱਲੋਂ ਜੀ, ਬੈਠੋ। ਜਵਾਬ ਆ ਲੈਣ ਦਿਉ।(ਵਿਘਨ)

** Expunged as ordered by the Chair

ਮਾਨਯੋਗ ਸਪੀਕਰ: ਢਿੱਲੋਂ ਸਾਹਿਬ, ਬੈਠੋ ਜੀ। ਟਾਈਮ ਹੋ ਗਿਆ। ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਬਾਘਾਪੁਰਾਣਾ ਵਿਖੇ ਨਵਾਂ ਨਰਸਿੰਗ ਕਾਲਜ ਖੋਲ੍ਹਣਾ

*2719 **ਸਰਦਾਰ ਦਰਸ਼ਨ ਸਿੰਘ ਬਰਾੜ:** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਾਘਾਪੁਰਾਣਾ (ਮੋਗਾ) ਵਿਖੇ ਹਲਕੇ ਦੇ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਨਵਾਂ ਨਰਸਿੰਗ ਕਾਲਜ ਖੋਲ੍ਹਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਹ ਕਾਲਜ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ?

ਸ਼੍ਰੀ ਓਮ ਪ੍ਰਕਾਸ਼ ਸੋਨੀ: ਇਸ ਸਮੇਂ ਬਾਘਾਪੁਰਾਣਾ (ਮੋਗਾ) ਵਿਖੇ ਨਰਸਿੰਗ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਇੰਸਪੈਕਟਰ ਦੀਆਂ ਅਸਾਮੀਆਂ ਭਰਨਾ

*2696. **ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਇੰਸਪੈਕਟਰ ਦੀਆਂ 600 ਦੇ ਕਰੀਬ ਅਸਾਮੀਆਂ ਇਸ ਵੇਲੇ ਖਾਲੀ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ: ਜੀ ਹਾਂ। ਪਸ਼ੂ ਪਾਲਣ ਵਿਭਾਗ ਵਿੱਚ ਇਸ ਸਮੇਂ ਵੈਟਰਨਰੀ ਇੰਸਪੈਕਟਰਾਂ ਦੀਆਂ 664 ਅਸਾਮੀਆਂ ਖਾਲੀ ਹਨ। ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕਾਰਵਾਈ ਆਰੰਭੀ ਹੋਈ ਹੈ, ਜਿਸ ਤੇ ਤਕਰੀਬਨ 6 ਮਹੀਨੇ ਦਾ ਸਮਾਂ ਲੱਗਣ ਦੀ ਸੰਭਾਵਨਾ ਹੈ।

ਪੀ.ਆਰ.ਟੀ.ਸੀ. ਅਧੀਨ ਕੰਮ ਕਰਦੇ ਅਮਲੇ ਬਾਰੇ

*2645. **ਸਰਦਾਰ ਹਰਪਾਲ ਸਿੰਘ ਚੀਮਾ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਪੰਜਾਬ ਸਰਕਾਰ ਦੀ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਪੰਜਾਬ ਰੋਡਵੇਜ਼ ਅਦਾਰੇ ਅਧੀਨ ਕਿੰਨੇ ਮੁਲਾਜ਼ਮ ਕੰਮ ਕਰ ਰਹੇ ਹਨ; ਇਨ੍ਹਾਂ ਵਿੱਚੋਂ ਕਿੰਨੇ ਮੁਲਾਜ਼ਮ ਪੱਕੇ ਹਨ, ਕਿੰਨੇ ਠੇਕੇ ਤੇ ਕੰਮ ਕਰ ਰਹੇ ਹਨ ਅਤੇ ਕਿੰਨੇ ਮੁਲਾਜ਼ਮਾਂ ਨੂੰ ਆਊਟ ਸੋਰਸ ਰਾਹੀਂ ਭਰਤੀ ਕੀਤਾ ਗਿਆ ਹੈ;

(ਅ) ਉਪਰੋਕਤ ਅਦਾਰੇ ਲਈ ਕਿੰਨੀਆਂ ਪੋਸਟਾਂ ਮਨਜ਼ੂਰਸ਼ੁਦਾ ਹਨ;

(ੲ) ਕੀ ਪੰਜਾਬ ਸਰਕਾਰ ਦੀ ਰਿਜ਼ਰਵੇਸ਼ਨ ਨੀਤੀ ਤਹਿਤ ਇਸ ਵਿੱਚ ਸਾਰੀਆਂ ਅਸਾਮੀਆਂ ਭਰ ਦਿੱਤੀਆਂ ਗਈਆਂ ਹਨ?

ਸ਼੍ਰੀਮਤੀ ਰਜ਼ੀਆ ਸੁਲਤਾਨਾ: (ੳ) ਪੀ.ਆਰ.ਟੀ.ਸੀ. ਪੰਜਾਬ ਰੋਡਵੇਜ਼ ਅਤੇ ਪਨਬਸ ਅਧੀਨ ਕੁੱਲ 10547 ਮੁਲਾਜ਼ਮ ਕੰਮ ਕਰ ਰਹੇ ਹਨ। ਇਨ੍ਹਾਂ ਵਿੱਚੋਂ 3659 ਪੱਕੇ ਹਨ, 2187 ਮੁਲਾਜ਼ਮ ਠੇਕੇ ਤੇ ਕੰਮ ਕਰ ਰਹੇ ਹਨ ਅਤੇ 4701 ਦੀਆਂ ਸੇਵਾਵਾਂ ਆਊਟਸੋਰਸ ਏਜੰਸੀ ਰਾਹੀਂ ਲਈਆਂ ਗਈਆਂ ਹਨ।

(ਅ) ਉਪਰੋਕਤ ਅਦਾਰਿਆਂ ਵਿੱਚ ਮਨਜ਼ੂਰਸ਼ੁਦਾ ਪੋਸਟਾਂ ਦੀ ਗਿਣਤੀ 13609 ਹੈ।

(ੲ) ਵਿਭਾਗ ਵਿੱਚ ਭਰਤੀ ਰਿਜ਼ਰਵੇਸ਼ਨ ਨੀਤੀ ਤਹਿਤ ਕੀਤੀ ਜਾਂਦੀ ਹੈ ਅਤੇ ਬੈਕਲਾਗ ਸਮੇਂ-ਸਮੇਂ ਸਿਰ ਪੂਰਾ ਕਰ ਲਿਆ ਜਾਂਦਾ ਹੈ।

ਨਵੀਂ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) ਦੀ ਉਸਾਰੀ ਸਬੰਧੀ

*2731. **ਸਰਦਾਰ ਰਮਨਜੀਤ ਸਿੰਘ ਸਿੱਕੀ:** ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਇਹ ਠੀਕ ਹੈ ਕਿ ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) ਵਿਖੇ ਜੇਲ੍ਹ ਦੀ ਇਮਾਰਤ ਦੀ ਉਸਾਰੀ ਹਾਲੇ ਵੀ ਅਧੂਰੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ;

(ਅ) ਇਸ ਇਮਾਰਤ ਨੂੰ ਕਦੋਂ ਤੱਕ ਪੂਰਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ: (ੳ) ਹਾਂ ਜੀ, ਇਹ ਠੀਕ ਹੈ ਕਿ ਨਵੀਂ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) ਵਿਖੇ ਜੇਲ੍ਹ ਦੀ ਉਸਾਰੀ ਦਾ ਕੰਮ ਹਾਲੇ ਵੀ ਅਧੂਰਾ ਹੈ। ਲੋਕ ਨਿਰਮਾਣ ਵਿਭਾਗ, ਪੰਜਾਬ ਵੱਲੋਂ ਸਾਲ 2013 ਦੌਰਾਨ ਟੈਂਡਰ ਅਲਾਟ ਕਰਕੇ ਇਹ ਕੰਮ ਮੈਸ: ਸੁਨੀਲ ਹਾਈਟੈਕ ਇੰਜੀਨੀਅਰ ਲਿਮ: ਨੂੰ ਦਿੱਤਾ ਗਿਆ ਸੀ ਪਰੰਤੂ ਇਸ ਫਰਮ ਵੱਲੋਂ ਇਹ ਕੰਮ ਮੁਕੰਮਲ ਨਹੀਂ ਕੀਤਾ ਗਿਆ। ਜਿਸ ਕਾਰਨ ਇਸ ਠੇਕੇਦਾਰ ਦਾ ਐਗਰੀਮੈਂਟ ਰੱਦ ਕਰ ਦਿੱਤਾ ਗਿਆ ਸੀ। ਇਸ ਕਰਕੇ ਇਸ ਜੇਲ੍ਹ ਦੀ ਉਸਾਰੀ ਦਾ ਕੰਮ ਮਹੀਨਾ 10/2016 ਵਿੱਚ ਬੰਦ ਹੋ ਗਿਆ ਸੀ। ਲੋਕ ਨਿਰਮਾਣ ਵਿਭਾਗ, ਪੰਜਾਬ ਵੱਲੋਂ ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) ਵਿਖੇ ਜੇਲ੍ਹ ਦੀ ਉਸਾਰੀ ਦੇ ਕੰਮ ਲਈ ਮੁੜ ਟੈਂਡਰ ਕਰਕੇ ਇਹ ਕੰਮ ਮੈਸ: ਏ.ਐਸ.ਸੀ. ਬਿਲਡਿੰਗ ਪ੍ਰਾਈਵੇਟ ਲਿਮਟਿਡ ਨੂੰ ਅਲਾਟ ਕੀਤਾ ਗਿਆ ਹੈ ਅਤੇ ਇਹ ਕੰਮ ਸੰਬੰਧਤ ਫਰਮ ਵੱਲੋਂ ਮਿਤੀ 01.03.2019 ਨੂੰ ਮੁੜ ਸ਼ੁਰੂ ਕੀਤਾ ਗਿਆ ਹੈ।

(ਅ) ਲੋਕ ਨਿਰਮਾਣ ਵਿਭਾਗ, ਪੰਜਾਬ ਵੱਲੋਂ ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) ਵਿਖੇ ਜੇਲ੍ਹ ਦੀ ਉਸਾਰੀ ਦਾ ਕੰਮ ਮਿਤੀ 31.05.2020 ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਦੱਸੀ ਗਈ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 2695**

ਮਾਨਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

2004 ਤੋਂ ਪਹਿਲਾਂ ਬਣੇ ਜਨਮ ਸਰਟੀਫਿਕੇਟਾਂ ਵਿੱਚ ਨਾਮ ਦਰਜ ਕਰਵਾਉਣਾ

***2714 ਸ੍ਰੀ ਰਜਿੰਦਰ ਬੇਰੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 2004 ਤੋਂ ਪਹਿਲਾਂ ਜਾਰੀ ਹੋਏ ਜਿਨ੍ਹਾਂ ਜਨਮ ਸਰਟੀਫਿਕੇਟਾਂ ਵਿੱਚ ਬੱਚੇ ਦਾ ਨਾਮ ਦਰਜ ਨਹੀਂ ਹੈ, ਉਸ ਦਾ ਨਾਮ ਹੁਣ ਦਰਜ ਨਹੀਂ ਕੀਤਾ ਜਾ ਰਿਹਾ, ਜਿਸ ਨਾਲ ਆਮ ਜਨਤਾ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਦਫਤਰਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ 2004 ਤੋਂ ਪਹਿਲਾਂ ਬਣੇ ਜਨਮ ਸਰਟੀਫਿਕੇਟਾਂ ਵਿੱਚ ਨਾਮ ਦਰਜ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਲਾਭਪਾਤਰੀਆਂ ਨੂੰ ਹੋਰ ਸਮਾਂ ਦਿੱਤਾ ਜਾਵੇਗਾ?

** For Starred Question No. 2695 and reply thereof please see

ਸਰਦਾਰ ਬਲਬੀਰ ਸਿੰਘ ਸਿੱਧੂ: ਸ਼੍ਰੀਮਾਨ ਜੀ, ਜੀ ਹਾਂ, ਇਹ ਠੀਕ ਹੈ ਕਿ 2004 ਤੋਂ ਪਹਿਲਾਂ ਜਨਮੇ ਬੱਚਿਆਂ ਦੇ ਜਿਨ੍ਹਾਂ ਇੰਦਰਾਜਾਂ ਅਤੇ ਸਰਟੀਫਿਕੇਟਾਂ ਵਿੱਚ ਬੱਚੇ ਦਾ ਨਾਮ ਦਰਜ ਨਹੀਂ ਹੈ, ਉਹ ਨਾਮ ਇਸ ਸਮੇਂ ਦਰਜ ਨਹੀਂ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ 2004 ਤੋਂ ਪਹਿਲਾਂ ਜਨਮੇ ਬੱਚਿਆਂ ਦੇ ਜਨਮ ਇੰਦਰਾਜਾਂ ਅਤੇ ਸਰਟੀਫਿਕੇਟਾਂ ਵਿੱਚ ਨਾਮ ਦਰਜ ਕਰਵਾਉਣ ਸਬੰਧੀ ਵਿਸ਼ੇਸ਼ ਛੋਟ ਦੇਣ ਲਈ ਭਾਰਤ ਦੇ ਮਹਾਂ ਰਜਿਸਟਰਾਰ, ਨਵੀਂ ਦਿੱਲੀ ਦੇ ਦਫਤਰ ਨੂੰ ਕੀਤੀ ਗਈ ਬੇਨਤੀ ਦੇ ਸਬੰਧ ਵਿੱਚ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ।

ਬਲਾਕ ਭਾਨਰੀ ਜ਼ਿਲ੍ਹਾ ਪਟਿਆਲਾ ਵਿਖੇ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਖੋਲ੍ਹਣਾ

*2738. **ਸਰਦਾਰ ਰਾਜਿੰਦਰ ਸਿੰਘ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਬਲਾਕ ਭਾਨਰੀ ਜ਼ਿਲ੍ਹਾ ਪਟਿਆਲਾ ਵਿਖੇ ਸਰਕਾਰ ਦੁਆਰਾ ਮਨਜ਼ੂਰ ਕੀਤੀ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਖੋਲ੍ਹਣ ਦਾ ਕੀ ਪ੍ਰਸਤਾਵ ਹੈ ਅਤੇ ਇਸ ਲਈ ਫੰਡਾਂ ਦੇ ਕੀ ਸਾਧਨ ਹਨ;

(ਅ) ਇਸ ਯੂਨੀਵਰਸਿਟੀ ਵਿੱਚ ਅਕਾਦਮਿਕ ਸੈਸ਼ਨ ਸ਼ੁਰੂ ਹੋਣ ਦੀ ਕਦੋਂ ਤੱਕ ਸੰਭਾਵਨਾ ਹੈ ਅਤੇ ਕੀ ਇਸ ਯੂਨੀਵਰਸਿਟੀ ਦੀ ਇਮਾਰਤ ਦੀ ਉਸਾਰੀ ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਹੈ ਜਾਂ ਇਸ ਲਈ ਕੋਈ ਟ੍ਰਾਂਜਿਟ ਕੈਂਪਸ ਬਣਾਇਆ ਜਾਵੇਗਾ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

(ੲ) ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ਕਦੋਂ ਤੱਕ ਰੱਖੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ: (ੳ) ਸਰਕਾਰ ਦੁਆਰਾ ਮਨਜ਼ੂਰ ਕੀਤੀ ਗੁਰੂ ਨਾਨਕ ਦੇਵ ਸਟੇਟ ਓਪਨ ਯੂਨੀਵਰਸਿਟੀ ਖੋਲ੍ਹਣ ਲਈ ਬਲਾਕ ਭਾਨਰੀ ਜ਼ਿਲ੍ਹਾ ਪਟਿਆਲਾ ਬਾਰੇ ਡੀ.ਸੀ. ਪਟਿਆਲਾ ਤੋਂ ਪ੍ਰਾਪਤ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਪਰੰਤੂ ਅਜੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ ਹੈ। ਇਸ ਯੂਨੀਵਰਸਿਟੀ ਲਈ ਫੰਡਾਂ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇਗਾ।ਫਿਲਹਾਲ ਇਸ ਯੂਨੀਵਰਸਿਟੀ ਲਈ 2 ਕਰੋੜ ਰੁਪਏ ਦਾ ਉਪਬੰਧ ਰਿਵਾਈਜ਼ਡ ਬਜਟ 2019-20 ਵਿੱਚ ਕੀਤਾ ਗਿਆ ਹੈ ਅਤੇ ਅਗਲੇ ਵਿੱਤੀ ਵਰ੍ਹੇ ਲਈ 5 ਕਰੋੜ ਦਾ ਉਪਬੰਧ ਕੀਤਾ ਗਿਆ ਹੈ।

(ਅ) ਇਸ ਯੂਨੀਵਰਸਿਟੀ ਨੂੰ ਅਗਲੇ ਅਕਾਦਮਿਕ ਵਰ੍ਹੇ ਤੋਂ ਆਰਜ਼ੀ ਪ੍ਰਬੰਧ ਕਰਦੇ ਹੋਏ ਸ਼ੁਰੂ ਕਰਨ ਲਈ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ। ਇਸ ਯੂਨੀਵਰਸਿਟੀ ਦੀ ਇਮਾਰਤ ਦੀ ਉਸਾਰੀ, ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਨਹੀਂ ਹੈ। ਕਿਉਂ ਜੋ ਕਿ ਅਜੇ ਤੱਕ ਢੁੱਕਵੀਂ ਜਗ੍ਹਾ ਬਾਰੇ ਫੈਸਲਾ ਕਰਨਾ ਬਾਕੀ ਹੈ। ਇਸ ਯੂਨੀਵਰਸਿਟੀ ਲਈ ਟ੍ਰਾਂਜਿਟ ਕੈਂਪਸ ਬਣਾਉਣ ਲਈ ਡੀ.ਸੀ. ਪਟਿਆਲਾ ਵੱਲੋਂ 3 ਇਮਾਰਤਾਂ ਦੀ ਤਜਵੀਜ਼ ਸਰਕਾਰ ਨੂੰ ਭੇਜੀ ਗਈ ਹੈ, ਜਿਨ੍ਹਾਂ ਵਿੱਚੋਂ ਇੱਕ ਢੁੱਕਵੀਂ ਇਮਾਰਤ ਬਤੌਰ ਟ੍ਰਾਂਜਿਟ ਕੈਂਪਸ ਵਿਚਾਰੀ ਜਾਵੇਗੀ।

(ੲ) ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ਜਲਦ ਹੀ ਰੱਖਿਆ ਜਾਵੇਗਾ ਅਤੇ ਇਸ ਨੂੰ ਜੰਗੀ ਪੱਧਰ ਤੇ ਤਿਆਰ ਕਰਵਾਇਆ ਜਾਵੇਗਾ।

ਭੈਣੀ, ਮੀਆਂ ਖਾਂ ਸਿਵਲ ਹਸਪਤਾਲ ਵਿੱਚ ਮਨਜ਼ੂਰਸ਼ੁਦਾ ਡਾਕਟਰਾਂ ਅਤੇ ਹੋਰ ਸਟਾਫ ਦੀਆਂ ਅਸਾਮੀਆਂ

*2736 **ਸਰਦਾਰ ਫਤਿਹਜੰਗ ਸਿੰਘ ਬਾਜਵਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਭੈਣੀ ਮੀਆਂ ਖਾਂ (ਕਾਹਨੂੰਵਾਨ ਬਲਾਕ) ਸਿਵਲ ਹਸਪਤਾਲ ਵਿੱਚ ਮਨਜੂਰਸ਼ੁਦਾ ਡਾਕਟਰਾਂ ਅਤੇ ਹੋਰ ਪੈਰਾ ਮੈਡੀਕਲ ਸਟਾਫ ਦੀਆਂ ਸ਼੍ਰੇਣੀਵਾਰ ਕੁੱਲ ਅਸਾਮੀਆਂ ਹਨ;

(ਅ) ਉਕਤ ਹਸਪਤਾਲ ਵਿੱਚ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਤੇ ਕਿੰਨਾ ਸਮਾਂ ਲੱਗੇਗਾ?

ਸਰਦਾਰ ਬਲਬੀਰ ਸਿੰਘ ਸਿੱਧੂ: ਸ਼੍ਰੀਮਾਨ ਜੀ,(ੳ ਅਤੇ ਅ) ਕਮਿਊਨਿਟੀ ਹੈਲਥ ਸੈਂਟਰ, ਭੈਣੀ ਮੀਆਂ ਖਾਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕੁੱਲ 17 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 14 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 3 ਅਸਾਮੀਆਂ ਖਾਲੀ ਹਨ, ਜਿਨ੍ਹਾਂ ਦੀ ਸ਼੍ਰੇਣੀਵਾਰ ਸੂਚੀ (ਅਨੁਲੱਗ-ੳ) ਤੇ ਹੈ। ਮੈਡੀਕਲ ਅਫਸਰਾਂ (ਸਪੈਸ਼ਲਿਸਟ) ਦੀਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਮਾਹਿਰ ਡਾਕਟਰਾਂ ਦੀਆਂ ਹੋਰ ਖਾਲੀ ਪਈਆਂ ਅਸਾਮੀਆਂ ਭਰਨ ਲਈ 32ਵੀਂ ਵਾਕ-ਇੰਨ-ਇੰਟਰਵਿਊ ਜਲਦੀ ਹੀ

ਕਰਵਾਈ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਮਾਹਿਰ ਡਾਕਟਰਾਂ ਦੀ ਰੀ-ਇੰਪਲਾਈਮੈਂਟ ਦੇ ਆਧਾਰ ਤੇ ਭਰਤੀ ਪ੍ਰਕਿਰਿਆ ਜਾਰੀ ਹੈ, ਜਿਸ ਤਹਿਤ 27 ਮੈਡੀਕਲ ਅਫਸਰ (ਸਪੈਸ਼ਲਿਸਟ) ਨੂੰ ਰੀ-ਇੰਪਲਾਈਮੈਂਟ ਆਧਾਰ ਤੇ ਜਲਦ ਹੀ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਰਹੇ ਹਨ। ਏ.ਐਨ.ਐਮ. ਦੀ ਇੱਕ ਖਾਲੀ ਅਸਾਮੀ ਨੂੰ ਵੀ ਛੇਤੀ ਹੀ ਭਰ ਦਿੱਤਾ ਜਾਵੇਗਾ।

ਅਨੁਲੱਗ-ੳ

ਸੀ.ਐਚ. ਭੈਣੀ ਮੀਆਂ ਖਾਂ ਬਲਾਕ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਿਖੇ ਮੈਡੀਕਲ ਅਫਸਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਵੈਕੇਂਸੀ ਪੁਜ਼ੀਸ਼ਨ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ.	ਅਸਾਮੀ ਦਾ ਨਾਮ	ਮਨਜ਼ੂਰਸ਼ੁਦਾ ਅਸਾਮੀਆਂ	ਭਰੀਆਂ ਅਸਾਮੀਆਂ	ਖਾਲੀ ਅਸਾਮੀਆਂ
1	ਐਸ.ਐਮ.ਓ.	1	1	0
2	ਮੈਡੀਕਲ ਅਫਸਰ (ਸਪੈਸ਼ਲਿਸਟ)	4	2	2
3	ਮੈਡੀਕਲ ਅਫਸਰ (ਐਮ.ਬੀ.ਬੀ.ਐਸ.)	1	1	0
4	ਮੈਡੀਕਲ ਅਫਸਰ (ਡੈਂਟਲ)	1	1	0
5	ਸਟਾਫ ਨਰਸ	6	6	0
6	ਰੇਡੀਓਗ੍ਰਾਫਰ	1	1	0
7	ਮਲਟੀਪਰਪਜ਼ ਹੈਲਥ ਵਰਕਰ (ਫੀਮੇਲ)	1	0	1
8	ਮਲਟੀਪਰਪਜ਼ ਹੈਲਥ ਵਰਕਰ (ਮੇਲ)	1	1	0
9	ਲੈਬਾਰਟਰੀ ਟੈਕਨੀਸ਼ੀਅਨ ਗ੍ਰੇਡ-2	1	1	0
	ਕੁੱਲ ਜੋੜ	17	14	3

UNSTARRED QUESTIONS AND ANSWERS

ਰਾਜ ਵਿੱਚ ਜਨਨੀ ਦੀ ਮੌਤ ਦਰ ਸਬੰਧੀ

323. **ਡਾਕਟਰ ਰਾਜ ਕੁਮਾਰ ਚੱਬੇਵਾਲ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਪੰਜਾਬ ਵਿੱਚ ਜ਼ਿਲ੍ਹਾ ਵਾਰ ਸਭ ਤੋਂ ਘੱਟ ਅਤੇ ਸਭ ਤੋਂ ਵੱਧ ਜਨਨੀ ਦੀ ਮੌਤ ਦਰ ਕਿੰਨੀ ਹੈ;

(ਅ) ਸਥਿਤੀ ਨੂੰ ਸੁਧਾਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

ਸਰਦਾਰ ਬਲਬੀਰ ਸਿੰਘ ਸਿੱਧੂ: (ੳ) ਭਾਰਤ ਸਰਕਾਰ ਦੇ NFHS-4 ਸਰਵੇ ਅਤੇ ਐਸ.ਆਰ.ਐਸ. 2015-17 ਅਨੁਸਾਰ ਪੰਜਾਬ ਦੀ ਜਨਨੀ ਮੌਤ ਦਰ 122 ਹੈ। ਜ਼ਿਲ੍ਹਾਵਾਰ ਮੌਤਾਂ ਦੀ ਲਿਸਟ ਅਨੁਲੱਗ-ੳ ਅਨੁਸਾਰ ਹੈ।

(ਅ) ਇਸ ਸਬੰਧ ਵਿੱਚ ਰਾਜ ਸਰਕਾਰ ਵੱਲੋਂ ਕੁੱਲ 43 ਜੱਚਾ ਬੱਚਾ ਹਸਪਤਾਲ (ਐਮ.ਸੀ.ਐਚ. ਸੈਂਟਰ) ਬਣਾਉਣ ਦਾ ਟੀਚਾ ਹੈ। ਜਿਨ੍ਹਾਂ ਵਿੱਚੋਂ 19 ਸੈਂਟਰ ਪੂਰੀ ਤਰ੍ਹਾਂ ਤਿਆਰ ਹਨ ਅਤੇ ਕੰਮ ਕਰ ਰਹੇ ਹਨ। 10 ਸੈਂਟਰਾਂ ਦੀ ਬਿਲਡਿੰਗ ਤਿਆਰ ਹੈ ਅਤੇ ਛੇਤੀ ਹੀ ਚਾਲੂ ਕਰ ਲਏ ਜਾਣਗੇ। ਬਾਕੀ ਦੇ 14 ਸੈਂਟਰਾਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਸਪੈਸ਼ਲਿਸਟ ਡਾਕਟਰਾਂ (ਔਰਤਾਂ ਅਤੇ ਬੱਚਿਆਂ ਦੇ ਮਾਹਿਰ) ਦੀ ਭਰਤੀ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਹਰ ਜ਼ਿਲ੍ਹੇ ਵਿੱਚ ਰੈਫਰਲ ਚੇਨ ਬਣਾਈ ਗਈ ਹੈ।

ਅਨੁਲੱਗ 'ੳ' (i) ਪਾਰਟ

Table 1:Maternal Mortality Ratio (MMR), Maternal Mortality Rate and Life Time Risk; India, EAG & Assam, South and Other States, 2015-17

India & Major States	Sample Female Population (15-49 years)	Live Births	Maternal Deaths	MMR	95% CI	Maternal Mortality Rate	Lifetime risk
INDIA	**6475970**	**429173**	**525**	**122**	**(112-133)**	**8.1**	**0.3%**
Assam	184598	12301	28	229	(144-313)	15.2	0.5%
Bihar	277090	28374	47	165	(118-212)	16.9	0.6%
Jharkhand	124697	10018	8	76	(22-130	6.1	0.2%
Madhya Pradesh	318906	29603	56	188	(139-238)	17.5	0.6%

Chhattisgarh	97649	7588	11	141	(57-226)	11.0	0.4%
Odisha	294187	19553	33	168	(110-225)	11.1	0.4%
Rajasthan	256166	23184	43	186	(131-242)	16.8	0.6%
Uttar Pradesh	406636	37832	82	216	(170-263)	20.1	0.7%
Uttarakhand	227477	14977	13	89	(42-137)	5.9	0.2%
EAG AND ASSAM SUBTOTAL	**2187407**	**183430**	**320**	**175**	**(155-194)**	**14.6**	**0.5%**
Andhra Pradesh	330420	15995	12	74	(32-116)	3.6	0.1%
Telangana	214727	10851	8	76	(24-127)	3.8	0.1%
Karnataka	309456	23388	23	97	(57-136)	7.3	0.3%
Kerala	339174	15226	6	42	(9-75)	1.9	0.1%
Tamil Nadu	300893	22896	14	63	(31-96)	4.8	0.2%
SOUTH SUBTOTAL	**1494669**	**88356**	**63**	**72**	**(54-89)**	**4.2**	**0.1%**
Gujarat	365562	25394	22	87	(51-123)	6.0	0.2%
Haryana	189375	14978	15	98	(48-148)	7.7	0.3%
Maharashtra	405444	23821	13	55	(26-85)	3.3	0.1%
Punjab	165469	9208	11	122	(51-194)	6.8	0.2%
West Bengal	462453	24480	23	94	(55-132)	5.0	0.2%
Other states	1205591	59506	57	96	(71-121)	4.7	0.2%
OTHER SUBTOTAL	**2793894**	**157387**	**141**	**90**	**(75-105)**	**5.1**	**0.2%**

Table 2: Age Distribution of Maternal and Non-Maternal deaths; India, 2015-17

	Maternal Deaths		**Non-maternal Deaths**	
Age Groups	**Proportion**	**95 % CI**	**Proportion**	**95 % CI**
15-19	4%	(3-6)	10%	(9-10)
20-24	34%	(30-38)	11%	(10-12)
25-29	34%	(30-38)	13%	(12-13)
30-34	16%	(13-19)	13%	(12-13)
35-39	7%	(5-10)	15%	(14-15)
40-44	4%	(2-5)	18%	(17-19)
45-49	1%	(0-2)	21%	(21-22)
15-49	**100%**		**100%**	

ਅਨੁਲੱਗ 'ੳ' (ii) ਪਾਰਟ

Maternal Death Report			
Sr. no.	**Districts**	**2018-19**	**2019-20 (upto Dec 2019)**
1	**Amritsar**	62	46
2	**Barnala**	8	6
3	**Bathinda**	24	25
4	**Faridkot**	7	10
5	**F.G.Sahib**	10	8
6	**Fazilka**	19	7
7	**Ferozpur**	24	21
8	**Gurdaspur**	25	20
9	**Hoshiarpur**	30	8
10	**Jalandhar**	39	27
11	**Kapurthala**	11	13
12	**Ludhiana**	59	65
13	**Mansa**	12	8
14	**Moga**	13	10
15	**Mohali**	15	11
16	**Muktsar**	24	15
17	**SBS nagar**	8	4
18	**Patiala**	18	15
19	**Pathankot**	7	6
20	**Ropar**	6	6
21	**Sangrur**	27	21
22	**Tarn Taran**	32	18
	Punjab	**480**	**370**

ਰਾਜ ਸਰਕਾਰ ਦੇ ਭਲਾਈ ਵਿਭਾਗ ਵੱਲ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ ਦੀ ਬਕਾਇਆ ਰਾਸ਼ੀ

324. **ਸ਼੍ਰੀ ਪਵਨ ਕੁਮਾਰ ਟੀਨੂ:** ਕੀ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਰਾਜ ਸਰਕਾਰ ਦੇ ਭਲਾਈ ਵਿਭਾਗ ਵੱਲ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ (ਮੋਹਾਲੀ) ਦੀ ਕਿੰਨੀ ਪੇਮੈਂਟ ਕਿੰਨੇ ਚਿਰ ਤੋਂ ਬਕਾਇਆ ਖੜੀ ਹੈ ਅਤੇ ਇਸ ਦੇ ਸਮੇਂ ਸਿਰ ਰਿਲੀਜ਼ ਨਾ ਕਰਨ ਦੇ ਕੀ ਕਾਰਨ ਹਨ?

(ਅ) ਇਹ ਰਾਸ਼ੀ ਕਦੋਂ ਤੱਕ ਰਿਲੀਜ਼ ਕਰ ਦਿੱਤੀ ਜਾਵੇਗੀ?

ਸਰਦਾਰ ਸਾਧੂ ਸਿੰਘ ਧਰਮਸੋਤ: (ੳ) ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ (ਮੋਹਾਲੀ) ਦੀ ਮੁਫਤ ਪਾਠ-ਪੁਸਤਕਾਂ ਦੀ ਸਪਲਾਈ ਸਕੀਮ ਅਧੀਨ ਸਾਲ 2014-15 ਤੋਂ 2019-20 ਤੱਕ 125.92 ਕਰੋੜ ਰੁਪਏ ਦੀ ਰਾਸ਼ੀ ਰਾਜ ਸਰਕਾਰ ਵੱਲ ਬਕਾਇਆ ਹੈ। ਇਸ ਵਿੱਚੋਂ 15.00 ਕਰੋੜ ਰੁਪਏ ਦੇ ਬਿਲ ਖਜ਼ਾਨੇ ਲਗਾ ਦਿੱਤੇ ਗਏ ਹਨ। ਬਾਕੀ 110.92 ਕਰੋੜ ਰੁਪਏ ਦੀ ਰਾਸ਼ੀ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਅਦਾ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

(ਅ) ਰਾਜ ਸਰਕਾਰ ਵੱਲੋਂ ਫੰਡ ਜਾਰੀ ਕਰਨ ਉਪਰੰਤ ਬਾਕੀ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 325**

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

ਲਿੰਕ ਸੜਕਾਂ ਉੱਤੇ ਟੁੱਟੇ ਪੁਲਾਂ ਅਤੇ ਤੰਗ ਪੁਲੀਆਂ ਲਈ ਬਜਟ ਮਹੁੱਈਆ ਕਰਵਾਉਣਾ

344. **ਸ਼੍ਰੀ ਅਮਿਤ ਵਿਜ:**ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਮੰਡੀ ਬੋਰਡ ਅਧੀਨ ਪੈਂਦੀਆਂ ਲਿੰਕ ਸੜਕਾਂ ਉੱਤੇ ਟੁੱਟੇ ਪੁਲਾਂ ਅਤੇ ਤੰਗ ਪੁਲੀਆਂ:-

(1) ਸਰਨਾ ਗੁਲਪੁਰ ਤੋਂ ਮੁਕੀਮਪੁਰ;

(2) ਲੇਹਰੀ ਭਰਵਾਂ ਤੋਂ ਫੋਕਲ ਪੁਆਇੰਟ;

(3) ਢਾਕੀ ਧੀਰਾ ਰੋਡ ਤੋਂ ਸਰਨਾ ਵਾਇਆ ਲਾਡੋ ਚੱਕ ਢੇਰੀਵਾਲ;

(4) ਢਾਕੀ ਧੀਰਾ ਘਰੋਟਾ ਕੋਠੀ ਪੰਡਤਾਂ;

** For unstarred question no. 325 and reply thereto, please see

ਦੀ ਅਪਗਰੇਡੇਸ਼ਨ ਅਤੇ ਚੌੜਾ ਕਰਨ ਲਈ ਲੱਗਭੱਗ 2.5 ਕਰੋੜ ਦਾ ਬਜਟਕਦੋਂ ਤੱਕ ਮੁਹੱਈਆ ਕਰਵਾਇਆ ਜਾਵੇਗਾ ?

ਕੈਪਟਨ ਅਮਰਿੰਦਰ ਸਿੰਘ: ਇਹਨਾਂ ਪੁਲਾਂ ਲਈ ਲੋੜੀਂਦੇ ਫੰਡਜ਼ ਮੰਡੀ ਬੋਰਡ ਦੇ ਬਜਟ ਸਾਲ 2020-21 ਦੌਰਾਨ ਮੁਹੱਈਆ ਕਰਵਾ ਦਿੱਤੇ ਜਾਣਗੇ।

ਲੋਕ ਨਿਰਮਾਣ ਦੀ ਇਮਾਰਤ ਨੂੰ ਪਾਰਕ ਵਿੱਚ ਤਬਦੀਲ ਕਰਨਾ

345. **ਸ਼੍ਰੀ ਅਮਿਤ ਵਿਜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਵਿੱਚ ਲੋਕ ਨਿਰਮਾਣ ਦੀ ਪੁਰਾਣੀ ਇਮਾਰਤ ਨੂੰ ਪਾਰਕ ਵਿੱਚ ਕਦੋਂ ਤੱਕ ਤਬਦੀਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ?

ਸ਼੍ਰੀ ਵਿਜੈ ਇੰਦਰ ਸਿੰਗਲਾ: ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਦੇ ਪਠਾਨਕੋਟ ਸ਼ਹਿਰ ਵਿਖੇ ਕਾਲੀ ਮਾਤਾ ਮੰਦਰ ਦੇ ਨੇੜੇ ਸਥਿਤ ਪੁਰਾਣੇ ਕੰਪਲੈਕਸ ਨੂੰ ਪਾਰਕ ਵਿੱਚ ਤਬਦੀਲ ਕਰਨ ਦੀ ਪ੍ਰਵਾਨਗੀ ਦਾ ਮਾਮਲਾ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਪ੍ਰਵਾਨਗੀ ਬਾਰੇ ਅਜੇ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਜਾ ਸਕਦੀ ਹੈ।

ਚੱਬੇਵਾਲ ਹਲਕੇ ਦੇ ਸਕੂਲਾਂ ਦੀਆਂ ਖਾਲੀ ਅਸਾਮੀਆਂ

362 . **ਡਾਕਟਰ ਰਾਜ ਕੁਮਾਰ ਚੱਬੇਵਾਲ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਚੱਬੇਵਾਲ ਹਲਕੇ ਕਿੰਨੇ ਪ੍ਰਾਇਮਰੀ, ਹਾਈ ਅਤੇ ਸੈਕੰਡਰੀ ਸਕੂਲ ਬਿਨਾਂ ਅਧਿਆਪਕਾਂ ਤੋਂ ਹਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦੀ ਕੀ ਯੋਜਨਾ ਹੈ ?

(ਅ) ਅਣਸੁਰੱਖਿਅਤ ਸਕੂਲਾਂ ਦੀਆਂ ਇਮਾਰਤਾਂ ਲਈ ਫੰਡਾਂ ਦੀ ਵੰਡ ਦੀ ਸਥਿਤੀ ਕੀ ਹੈ?

ਸ਼੍ਰੀ ਵਿਜੈ ਇੰਦਰ ਸਿੰਗਲਾ:(ੳ)ਚੱਬੇਵਾਲ ਹਲਕੇ ਵਿੱਚ ਕੋਈ ਵੀ ਪ੍ਰਾਇਮਰੀ, ਹਾਈ ਅਤੇ ਸੈਕੰਡਰੀ ਸਕੂਲ ਬਿਨਾਂ ਅਧਿਆਪਕਾਂ ਤੋਂ ਨਹੀਂ ਹੈ। ਇਹਨਾਂ ਸਕੂਲਾਂ ਵਿਚ ਕੁੱਲ 761 ਆਸਾਮੀਆਂ ਮੰਨਜੂਰ ਹਨ ਜਿਨ੍ਹਾਂ ਵਿਚੋ 646 ਭਰੀਆਂ ਅਤੇ 115 ਆਸਾਮੀਆਂ ਖਾਲੀ ਹਨ। ਇਨ੍ਹਾਂ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨੂੰ ਨਵੀਂ ਭਰਤੀ ਜਾਂ ਤਰੱਕੀਆਂ ਜਾਂ ਰੈਸ਼ਨੇਲਾਈਜੇਸ਼ਨ ਰਾਹੀਂ ਭਰਨ ਦੇ ਉਪਰਾਲੇ ਕੀਤੇ ਜਾਣਗੇ।

(ਅ) ਅਣਸੁਰੱਖਿਅਤ ਸਕੂਲਾਂ ਦੀਆਂ ਇਮਾਰਤਾਂ ਲਈ ਫੰਡਾਂ ਦੀ ਵੰਡ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ:

ਲੜੀ ਨੰ:	ਸਕੂਲ ਦਾ ਨਾਂ	ਅਸੁਰੱਖਿਅਤ ਕਮਰੇ	ਮਨਜ਼ੂਰ ਹੋਈ ਗਰਾਂਟ		ਵਿਸ਼ੇਸ਼ ਕਥਨ
			Physical	**Financial**	
1	ਸਹਸ ਮਹਿਤੀਆਣਾ	4	4	30,04,000	10,06,720 ਰੁਪਏ ਗਰਾਂਟ ਜਾਰੀ ਕੀਤੀ ਜਾ ਚੁੱਕੀ ਹੈ
2	ਸਪਸ ਲਕਸ਼ੀਆਂ	1	0	0	ਅਗਲੀ ਨਬਾਰਡ ਪ੍ਰੋਜੈਕਟ ਵਿੱਚ ਗਰਾਂਟ ਦੇਣ ਲਈ ਸ਼ਾਮਿਲ ਕਰਨ ਲਈ ਵਿਚਾਰ ਕਰ ਲਿਆ ਜਾਵੇਗਾ
3	ਸਹਸ ਕਾਲੇਵਾਲ ਭਗਤਾ	3	0	0	
4	ਸਪਸ ਕੋਟ ਫਤੂਹੀ	2	0	0	
5	ਸਸਸ ਬਸੀ ਕਲਾਂ	1	0	0	

ਬੇਘਰੇ/ਕੱਚੇ ਘਰਾਂ ਵਿੱਚ ਰਹਿਣ ਵਾਲੇ ਮਜ਼ਦੂਰਾਂ ਨੂੰ ਪੱਕੇ ਘਰ ਮੁਹੱਈਆ ਕਰਵਾਉਣਾ

363. ਸ਼੍ਰੀ ਪਵਨ ਕੁਮਾਰ ਟੀਨੂ: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਵਿੱਤੀ ਸਾਲ, 2015-16, 2016-17, 2017-18, 2018-19 ਅਤੇ 2019-20 ਦੌਰਾਨ ਰਾਜ ਦੇ ਬੇਘਰੇ ਅਤੇ ਕੱਚੇ ਘਰਾਂ ਵਿੱਚ ਰਹਿਣ ਵਾਲੇ ਕਿੰਨੇ ਪੇਂਡੂ ਖੇਤ ਮਜ਼ਦੂਰਾਂ ਨੂੰ ਨਵੇਂ ਪੱਕੇ ਘਰ ਅਤੇ ਕਿੰਨਿਆਂ ਦੇ ਕੱਚੇ ਘਰਾਂ ਨੂੰ ਪੱਕੇ ਕੀਤਾ ਗਿਆ ਹੈ ਅਤੇ ਇਸ ਮੰਤਵ ਲਈ ਕੇਂਦਰੀ ਜਾਂ ਰਾਜ ਸਰਕਾਰ ਵੱਲੋਂ ਕਿੰਨੇ-ਕਿੰਨੇ ਫੰਡਜ਼ ਸਬੰਧਤ ਵਿਭਾਗ ਨੂੰ ਮੁਹੱਈਆ ਕਰਵਾਏ ਸਨ;

(ਅ) ਰਾਜ ਵਿੱਚ ਅਜਿਹੇ ਕਿੰਨੇ ਮਜ਼ਦੂਰ/ਖੇਤ ਮਜ਼ਦੂਰ ਹਨ ਜਿਨ੍ਹਾਂ ਕੋਲ ਰਹਿਣ ਲਈ ਕੋਈ ਵੀ ਘਰ ਨਹੀਂ ਜਾਂ ਕੱਚੇ ਘਰਾਂ ਵਿੱਚ ਰਹਿੰਦੇ ਹਨ ਇਨ੍ਹਾਂ ਸਾਰਿਆਂ ਨੂੰ ਕਦੋਂ ਤੱਕ ਪੱਕੇ ਘਰ ਬਣਾਕੇ ਮੁਹੱਈਆ ਕਰਵਾ ਦਿੱਤੇ ਜਾਣਗੇ; ਵਿਸਥਾਰ ਸਹਿਤ ਦੱਸਿਆ ਜਾਵੇ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ: ਸ਼੍ਰੀਮਾਨ ਜੀ,(ੳ) ਪੀ.ਐਮ.ਏ.ਵਾਈ.(ਜੀ) ਸਕੀਮ ਮਿਤੀ 1.4.2016 ਤੋਂ ਸ਼ੁਰੂ ਹੋਈ ਹੈ। ਵਿੱਤੀ ਸਾਲ 2016-17 ਤੋਂ 2019-20 ਦੌਰਾਨ ਰਾਜ ਵਿੱਚ ਕੁੱਲ 13,619 ਲਾਭਪਾਤਰਾਂ ਨੂੰ ਨਵੇਂ ਘਰ ਬਣਾ ਕੇ ਦਿੱਤੇ ਗਏ ਹਨ। ਇਸ ਮੰਤਵ ਲਈ ਕੇਂਦਰੀ

ਜਾਂ ਰਾਜ ਸਰਕਾਰ ਵੱਲੋਂ ਸਬੰਧਤ ਵਿਭਾਗ ਨੂੰ ਕੁੱਲ 159.32 ਕਰੋੜ ਰੁਪਏ ਮੁਹੱਈਆ ਕਰਵਾਏ ਹਨ। ਜਿਸ ਦਾ ਸਾਲ ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਵਿੱਤੀ ਸਾਲ	ਬਣਾਏ ਗਏ ਨਵੇਂ ਘਰ	ਕੇਂਦਰ ਜਾਂ ਰਾਜ ਸਰਕਾਰ ਵੱਲੋਂ ਸਬੰਧਤ ਵਿਭਾਗ ਨੂੰ ਮੁਹੱਈਆ ਕਰਵਾਏ ਫੰਡ (ਰੁਪਏ ਕਰੋੜਾਂ ਵਿੱਚ)
2016-17	0	12.76
2017-18	59	0.00
2018-19	11,456	111.85
2019-20	2,163	34.71
ਕੁੱਲ	**13,619**	**159.32**

ਇਸ ਤੋਂ ਇਲਾਵਾ ਇਨ੍ਹਾਂ ਲਾਭਪਾਤਰਾਂ ਵਿੱਚੋਂ ਕਿੰਨੇ ਲਾਭਪਾਤਰ ਖੇਤ ਮਜ਼ਦੂਰ ਹਨ, ਇਸ ਬਾਰੇ ਕੋਈ ਡਾਟਾ ਉਪਲੱਬਧ ਨਹੀਂ ਹੈ।

(ਅ) ਸਮਾਜਿਕ ਆਰਥਿਕ ਅਤੇ ਜਾਤੀ ਜਨਗਣਨਾ 2011 ਸਰਵੇ ਵਿੱਚੋਂ ਪੀ.ਐਮ.ਏ.ਵਾਈ.ਜੀ ਸਕੀਮ ਦੀਆਂ ਸ਼ਰਤਾਂ ਮੁਤਾਬਿਕ ਕੁੱਲ 24,000 ਪਰਿਵਾਰ ਯੋਗ ਪਾਏ ਗਏ ਸਨ ਜਿਨ੍ਹਾਂ ਕੋਲ ਰਹਿਣ ਲਈ ਕੋਈ ਵੀ ਘਰ ਨਹੀਂ ਜਾਂ ਕੱਚੇ ਘਰਾਂ ਵਿੱਚ ਰਹਿੰਦੇ ਸਨ। ਇਨ੍ਹਾਂ ਵਿੱਚੋਂ ਕਿੰਨੇ ਮਜ਼ਦੂਰ ਜਾਂ ਖੇਤ ਮਜ਼ਦੂਰ ਹਨ, ਇਸ ਬਾਰੇ ਕੋਈ ਡਾਟਾ ਉਪਲੱਬਧ ਨਹੀਂ ਹੈ।

ਇਨ੍ਹਾਂ ਕੁੱਲ 24,000 ਲਾਭਪਾਤਰਾਂ ਵਿੱਚੋਂ ਹੁਣ ਤੱਕ ਕੁੱਲ 13,619 ਘਰ ਮੁਕੰਮਲ ਕਰ ਲਏ ਗਏ ਹਨ ਅਤੇ ਬਕਾਇਆ 10,381 ਘਰਾਂ ਦੀ ਉਸਾਰੀ ਦਾ ਕੰਮ ਮਿਤੀ 31 ਦਸੰਬਰ, 2020 ਤੱਕ ਮੁਕੰਮਲ ਕਰਨ ਦੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਹਨਾਂ 24,000 ਦੇ ਟੀਚੇ ਵਿੱਚੋਂ 10,000 ਦਾ ਟੀਚਾ ਭਾਰਤ ਸਰਕਾਰ ਵੱਲੋਂ ਅਕਤੂਬਰ 2019 ਵਿੱਚ ਹੀ ਪ੍ਰਾਪਤ ਹੋਇਆ ਹੈ।

ਬਠਿੰਡਾ ਦੇ ਪਿੰਡ ਗੰਗਾ ਅਬਲੂ ਕੀ ਦੇ ਵਸਨੀਕਾਂ ਨੂੰ ਪੀਣ ਲਈ ਅਤੇ ਸਿੰਚਾਈ ਲਈ ਪਾਣੀ ਮੁਹੱਈਆ ਕਰਵਾਉਣਾ

390. ਸਰਦਾਰ ਬਿਕਰਮ ਸਿੰਘ ਮਜੀਠੀਆ: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਗੰਗਾ ਅਬਲੂ ਕੀ (ਬਲਾਕ ਗੋਨੇਆਣਾ), ਜ਼ਿਲ੍ਹਾ ਬਠਿੰਡਾ ਦੇ ਵਸਨੀਕਾਂ ਨੂੰ ਪੀਣ ਦਾ ਪਾਣੀ ਅਤੇ ਸਿੰਚਾਈ ਲਈ ਪਾਣੀ ਮੁਹੱਈਆ ਕਰਵਾਉਣ ਲਈ ਰਾਮੇਆਣਾ ਸੂਏ ਜਾਂ ਭਾਈਕੋਟ (ਗੋਨੇਆਣਾ

ਮੰਡੀ) ਵਾਲੇ ਸੂਏ ਵਿੱਚੋਂ ਇਲਾਕੇ ਦੇ ਲੋਕਾਂ ਅਤੇ ਪਿੰਡ ਦੀ ਗੰਭੀਰ ਸਮੱਸਿਆ ਨੂੰ ਮੁੱਖ ਰੱਖਦੇ ਹੋਏ, ਪਾਣੀ ਦੇਣ ਲਈ ਸਰਕਾਰ ਕਿਸੇ ਤਜਵੀਜ਼ ਤੇ ਵਿਚਾ ਕਰਨ ਲਈ ਤਿਆਰ ਹੈ, ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ: ਪਿੰਡ ਗੰਗਾ ਅਬਲੂ ਕੀ (ਬਲਾਕ ਗੋਨੇਆਣਾ) ਜ਼ਿਲ੍ਹਾ ਬਠਿੰਡਾ ਦੇ ਵਸਨੀਕਾਂ ਨੂੰ ਸਿੰਚਾਈ ਲਈ ਪਾਣੀ ਰੋਂਤਾ ਰਜਬਾਹੇ ਵਿੱਚੋਂ ਨਿਕਲਦੇ ਰਾਮਗੜ੍ਹ ਮਾਈਨਰ ਤੋਂ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਪਿੰਡ ਦੀ ਜ਼ਮੀਨਾਂ ਨੂੰ ਸਿੰਚਾਈ ਵਾਸਤੇ ਪੂਰਾ ਪਾਣੀ ਮਿਲ ਰਿਹਾ ਹੈ। ਇਸ ਇਲਾਕੇ ਦੇ ਲਈ ਸਿੰਚਾਈ ਵਾਸਤੇ ਕੋਈ ਨਵੀਂ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਨਹਿਰੀ ਆਧਾਰਿਤ ਵ/ਸ ਸਕੀਮ ਗੰਗਾ ਅਬਲੂ ਕੀ ਜੋ ਫਰਵਰੀ 1975 ਵਿੱਚ ਚਲਾਈ ਗਈ ਸੀ, ਨੂੰ ਰਾਮਗੜ੍ਹ ਮਾਈਨਰ ਤੋਂ ਰਾਅ ਵਾਟਰ ਲੈ ਕੇ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ ਅਤੇ ਸਕੀਮ ਚਾਲੂ ਹਾਲਤ ਵਿੱਚ ਹੈ। ਇਸ ਸਕੀਮ ਨੂੰ ਰਾਮੇਆਣਾ ਮਾਈਨਰ ਜਾਂ ਭਾਈਕੋਟ ਮਾਈਨਰ ਤੋਂ ਪੀਣ ਵਾਲੇ ਪਾਣੀ ਲੈਣ ਦੀ ਕੋਈ ਤਜਵੀਜ਼ ਇਸ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

ਅੰਮ੍ਰਿਤਸਰ ਨੇੜੇ ਭਗਤਾਂਵਾਲਾ ਵਿਖੇ ਗਾਰਬੇਜ ਡੰਪ ਅਤੇ ਗ੍ਰੀਨ ਏਰੀਆ ਬਣਾਉਣਾ

391. **ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਸਥਾਨਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਭਗਤਾਂਵਾਲਾ ਵਿਖੇ ਗਾਰਬੇਜ ਡੰਪ (ਪ੍ਰੋਸੈਸਿੰਗ ਪਲਾਂਟ) ਅਤੇ ਗ੍ਰੀਨ ਏਰੀਆ ਬਣਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਾਜੈਕਟ ਦਾ ਨੀਂਹ ਪੱਥਰ ਕਿਸ ਮਿਤੀ ਨੂੰ, ਕਿਸ ਵਿਅਕਤੀ ਵਿਸ਼ੇਸ਼ ਦੁਆਰਾ ਰੱਖਿਆ ਗਿਆ ਸੀ, ਇਸ ਮੰਤਵ ਲਈ ਸਰਕਾਰ ਵੱਲੋਂ ਕਿੰਨੇ ਫੰਡਜ਼ ਮੁਹੱਈਆ ਕਰਵਾਏ ਗਏ ਸਨ ਅਤੇ ਇਸ ਪ੍ਰਾਜੈਕਟ ਦੀ ਅਜੋਕੀ ਸਥਿਤੀ ਕੀ ਹੈ?

ਸ਼੍ਰੀ ਬ੍ਰਹਮ ਮਹਿੰਦਰਾ: ਪੰਜਾਬ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਵਿੱਚ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਭਗਤਾਂਵਾਲਾ ਵਿਖੇ ਗਾਰਬੇਜ ਡੰਪ (ਪ੍ਰੋਸੈਸਿੰਗ ਪਲਾਂਟ) ਅਤੇ ਗ੍ਰੀਨ ਏਰੀਆ ਬਣਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਨਹੀਂ ਰੱਖਿਆ ਗਿਆ ਹੈ। ਗ੍ਰੀਨ ਏਰੀਆ ਬਣਾਉਣ ਲਈ ਹੁਣ ਨਗਰ ਨਿਗਮ, ਅੰਮ੍ਰਿਤਸਰ ਵੱਲੋਂ 5.82 ਲੱਖ ਰੁਪਏ ਦਾ ਟੈਂਡਰ ਲਗਾਇਆ ਗਿਆ ਹੈ। ਉਕਤ ਅਨੁਸਾਰ ਮੌਨਸੂਨ ਸੀਜ਼ਨ ਵਿੱਚ ਗ੍ਰੀਨ ਬੈਲਟ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਅੰਮ੍ਰਿਤਸਰ ਵਿਖੇ ਅਪਰ ਬਾਰੀ ਦੋਆਬ ਨਹਿਰ ਦੇ ਨਾਲ-ਨਾਲ ਇੱਕ ਸੁੰਦਰ ਬਾਗ-ਕਮ-ਜੋਗਿੰਗ ਟ੍ਰੈਕ ਬਣਾਉਣ

392. **ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਅੰਮ੍ਰਿਤਸਰ ਵਿਖੇ ਅਪਰ ਬਾਰੀ ਦੋਆਬ ਨਹਿਰ (UBDC) ਦੇ ਨਾਲ-ਨਾਲ ਇੱਕ ਸੁੰਦਰ ਬਾਗ-ਕਮ-ਜੋਗਿੰਗ ਟ੍ਰੈਕ ਬਣਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਾਜੈਕਟ ਦਾ ਨੀਂਹ ਪੱਥਰ ਕਿਸ ਮਿਤੀ ਨੂੰ ਅਤੇ ਕਿਸ ਵਿਅਕਤੀ ਵਿਸ਼ੇਸ਼ ਦੁਆਰਾ ਰੱਖਿਆ ਗਿਆ ਸੀ; ਇਸ ਮੰਤਵ ਲਈ ਰਾਜ ਜਾਂ ਕੇਂਦਰੀ ਸਰਕਾਰ ਵੱਲੋਂ ਕਿੰਨੇ ਫੰਡਜ਼ ਮੁਹੱਈਆ ਕਰਵਾਏ ਗਏ ਸਨ ਅਤੇ ਇਸ ਪ੍ਰਾਜੈਕਟ ਦੀ ਅਜੋਕੀ ਸਥਿਤੀ ਕੀ ਹੈ?

ਸ਼੍ਰੀ ਬ੍ਰਹਮ ਮਹਿੰਦਰਾ: ਨਹੀਂ ਜੀ, ਸਥਾਨਕ ਸਰਕਾਰ ਵਿਭਾਗ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਅੰਮ੍ਰਿਤਸਰ ਵਿਖੇ ਅਪਰ ਬਾਰੀ ਦੋਆਬ ਨਹਿਰ (UBDC) ਦੇ ਨਾਲ-ਨਾਲ ਇੱਕ ਸੁੰਦਰ ਬਾਗ-ਕਮ-ਜੋਗਿੰਗ ਟ੍ਰੈਕ ਬਣਾਉਣ ਦੇ ਪ੍ਰਾਜੈਕਟ ਦਾ ਕੋਈ ਨੀਂਹ ਪੱਥਰ ਨਹੀਂ ਰੱਖਿਆ।

ਜੋੜਾ ਫਾਟਕ (ਅੰਮ੍ਰਿਤਸਰ) ਨੇੜੇ ਰੇਲ ਹਾਦਸੇ ਵਿੱਚ ਮਾਰੇ ਗਏ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਅਤੇ ਨੌਕਰੀ ਦੇਣਾ

393. **ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ 19 ਅਕਤੂਬਰ, 2018 ਨੂੰ ਦੁਸਹਿਰੇ ਵਾਲੇ ਦਿਨ ਜੋੜਾ ਫਾਟਕ (ਅੰਮ੍ਰਿਤਸਰ) ਨੇੜੇ ਰਾਵਣ ਦੇ ਪੁਤਲੇ ਨੂੰ ਸੜਦਾ ਦੇਖ ਰਹੇ ਲੋਕਾਂ ਤੇ ਚੜ੍ਹੀ ਡੀ.ਐਮ.ਯੂ. ਟਰੇਨ ਕਾਰਨ ਵਾਪਰੇ ਵੱਡੇ ਰੇਲ ਹਾਦਸੇ ਵਿੱਚ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਤੇ ਉਨ੍ਹਾਂ ਦੇ ਇਲਾਜ ਤੋਂ ਇਲਾਵਾ 50-50 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਰਾਜ ਸਰਕਾਰ ਨੇ ਐਲਾਨ ਕੀਤਾ ਸੀ;

(ਅ) ਜੇਕਰ ਉਪਰੋਕਤ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਰੇਲ ਹਾਦਸੇ ਵਿੱਚ ਮਾਰੇ ਗਏ ਵਿਅਕਤੀਆਂ, ਗੰਭੀਰ ਜਖਮੀਂ ਹੋਏ ਵਿਅਕਤੀਆਂ ਨੂੰ ਦਿੱਤੀ ਗਈ ਵਿੱਤੀ ਸਹਾਇਤਾਂ ਅਤੇ ਮ੍ਰਿਤਕਾਂ ਦੇ ਆਸ਼ਰਤਾਂ ਨੂੰ ਨੌਕਰੀ ਦੇਣ ਬਾਰੇ ਹੁਣ ਤੱਕ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਦੇ ਵਿਸਥਾਰਪੂਰਵਕ ਵੇਰਵੇ ਕੀ ਹਨ?

ਸਰਦਾਰ ਗੁਰਪ੍ਰੀਤ ਸਿੰਘ ਕਾਂਗੜ: (ੳ) ਹਾਂ ਜੀ।

(ਅ) ਰੇਲ ਹਾਦਸੇ ਵਿੱਚ ਮਾਰੇ ਗਏ ਹਰੇਕ ਮ੍ਰਿਤਕ ਦੇ ਪਰਿਵਾਰ ਦੇ ਵਾਰਸਾਂ ਨੂੰ 5-5 ਲੱਖ ਰੁਪਏ ਅਤੇ ਗੰਭੀਰ ਜਖਮੀਆਂ ਨੂੰ 50-50 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ ਹੈ।ਮ੍ਰਿਤਕਾਂ ਦੇ ਆਸਰਿਤਾਂ ਨੂੰ ਨੌਕਰੀ ਨਹੀਂ ਦਿੱਤੀ ਗਈ। ਦਿੱਤੇ ਗਏ ਮੁਆਵਜ਼ੇ ਦਾ ਵੇਰਵਾ ਅਨੁਲੱਗ-ੳ ਵਿੱਚ ਦਿੱਤਾ ਗਿਆ ਹੈ।

ਅਨੁਲੱਗ-ੳ

ਰੇਲ ਹਾਦਸੇ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਵੇਰਵੇ ਅਤੇ ਜਿਨ੍ਹਾਂ ਦੇ ਵਾਰਸਾਂ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ।

ਲੜੀ ਨੰ:	ਨਾਮ	ਰਿਹਾਇਸ਼ੀ ਪਤਾ
1	ਤਰੁਣ ਮੱਖਣ ਪੁੱਤਰ ਕਮਲ ਕੁਮਾਰ	ਗਲੀ ਨੰ:9, ਸ਼ਰੀਫਪੁਰਾ, ਰਾਣੀ ਬਜਾਰ ਅੰਮ੍ਰਿਤਸਰ
2	ਵਾਸੂ ਸਨੋਤਰਾ ਪੁੱਤਰ ਵਿੱਕੀ ਸਨੋਤਰਾ	ਗਲੀ ਨੰ:9, ਸ਼ਰੀਫਪੁਰਾ, ਰਾਣੀ ਬਜਾਰ ਅੰਮ੍ਰਿਤਸਰ
3	ਰੋਹਿਤ ਸ਼ਰਮਾ ਪੁੱਤਰ ਨੰਦ ਕਿਸ਼ੋਰ	ਮਕਾਨ ਨੰ: 1694/3, ਗਲੀ ਨੰ:6, ਬਾਗ ਰਾਮਾਨੰਦ ਅੰਮ੍ਰਿਤਸਰ
4	ਨੰਦਿਨੀ ਪੁੱਤਰੀ ਦੀਪਕ	ਗਲੀ ਨੰ: 5, ਸ਼ਰੀਫਪੁਰਾ, ਅੰਮ੍ਰਿਤਸਰ
5	ਰਾਮ ਮਿਲਨ ਪੁੱਤਰ ਫੇਕੂ	ਗਲੀ ਨੰ: 2, ਮੁਸਲਿਮ ਗੰਜ, ਸ਼ਿਵਾਲਿਕ ਰੋਡ, ਅੰਮ੍ਰਿਤਸਰ
6	ਅਕਾਸ਼ ਪੁੱਤਰ ਅਨਿਲ ਕੁਮਾਰ	292-ਬੀ, ਸ਼ਿਵਾਲਾ ਰੋਡ, ਸ਼ਿਵਾਲਾ ਕਲੋਨੀ, ਅੰਮ੍ਰਿਤਸਰ
7	ਠਾਕੁਰ ਪ੍ਰਸ਼ਾਦ ਪੁੱਤਰ ਜਲੇਸ਼ਰ ਪ੍ਰਸ਼ਾਦ	369, ਮਾਲ ਰੋਡ, ਅੰਮ੍ਰਿਤਸਰ
8	ਬਲਬੀਰ ਸਿੰਘ ਪੁੱਤਰ ਸੁਮੇਰ ਸਿੰਘ	ਵਾਸੀ ਮਕਾਨ ਨੰ: 2380/26, ਗਲੀ ਨੰ: 3, ਸੁੰਦਰ ਨਗਰ, ਅੰਮ੍ਰਿਤਸਰ
9	ਬ੍ਰਿਜ ਲਾਲ ਪੁੱਤਰ ਰਾਮ ਚੰਦਰ	ਵਾਸੀ ਮਕਾਨ ਨੰ: 339, ਬਾਬਾ ਦੀਪ ਸਿੰਘ ਨਗਰ ਨੰਗਾਲੀ ਅਬਾਦੀ, ਅੰਮ੍ਰਿਤਸਰ
10	ਨੀਰਜ ਕੁਮਾਰ ਪੁੱਤਰ ਮੁਕੇਸ਼ ਕੁਮਾਰ	ਵਾਸੀ 2189, ਗਲੀ ਨੰ: 5, ਧਰਮਪੁਰਾ, ਨੇੜੇ ਜੌੜਾ ਫਾਟਕ, ਅੰਮ੍ਰਿਤਸਰ
11	ਸੋਨੀਆ ਪੁੱਤਰੀ ਜਤਿੰਦਰ ਸਿੰਘ	ਵਾਸੀ ਜੌੜਾ ਫਾਟਕ, ਗਲੀ ਜੌੜਾ ਵਾਲੀ ਅੰਮ੍ਰਿਤਸਰ
12	ਕਰਮਜੋਤ ਕੌਰ ਪਤਨੀ ਰਵੀ ਕੁਮਾਰ	ਵਾਸੀ ਮਕਾਨ ਨੰ: ਐਚ3/2912, ਗਲੀ ਨੰ: 2, ਮੁਹੱਲਾ ਦਸ਼ਮੇਸ਼ ਨਗਰ, ਜੌੜਾ ਫਾਟਕ, ਅੰਮ੍ਰਿਤਸਰ
13	ਨਿਰਮਲਾ ਦੇਵੀ ਪਤਨੀ ਪ੍ਰਭੂ ਦਿਆਲ	ਵਾਸੀ ਮਕਾਨ ਨੰ: ਐਚ3/2912, ਗਲੀ ਨੰ: 2, ਮੁਹੱਲਾ ਦਸ਼ਮੇਸ਼ ਨਗਰ, ਜੌੜਾ ਫਾਟਕ, ਅੰਮ੍ਰਿਤਸਰ
14	ਸ਼ਾਮ ਲਾਲ ਪੁੱਤਰ ਓਮ ਪ੍ਰਕਾਸ਼	ਵਾਸੀ ਦਸ਼ਮੇਸ਼ ਨਗਰ, ਨੇੜੇ ਜੌੜਾ ਫਾਟਕ, ਅੰਮ੍ਰਿਤਸਰ
15	ਨਰਿੰਦਰਪਾਲ ਪੁੱਤਰ ਤਿਲਕ ਰਾਜ	ਵਾਸੀ ਜੌੜਾ ਫਾਟਕ, ਅੰਮ੍ਰਿਤਸਰ
16	ਵਿਕਾਸ ਕੁਮਾਰ ਵਿੱਕੀ ਪੁੱਤਰ ਰਾਜ ਕੁਮਾਰ	ਵਾਸੀ ਕ੍ਰਿਸ਼ਨਾ ਨਗਰ
17	ਪ੍ਰਦੀਪ ਪੁੱਤਰ ਸ਼ਿਵ ਕੁਮਾਰ	ਵਾਸੀ ਪਿੰਡ ਬੇਗਿੰਦ, ਜਿਲਾ ਗਾਜੀਪੁਰ (ਯੂ.ਪੀ.) ਹੁਣ ਮਕਾਨ ਨੰ: 2801, ਨਿਊ ਦਸ਼ਮੇਸ਼ ਨਗਰ
18	ਸਾਰਥਕ ਪੁੱਤਰ ਰਾਮ ਬਿਲਾਸ	ਵਾਸੀ ਪਿੰਡ ਬੇਗਿੰਦ, ਜਿਲਾ ਗਾਜੀਪੁਰ (ਯੂ.ਪੀ.) ਹੁਣ ਮਕਾਨ ਨੰ: 2801, ਨਿਊ ਦਸ਼ਮੇਸ਼ ਨਗਰ
19	ਬੌਬੀ ਪਾਂਡੇ ਪੁੱਤਰ ਓਪਲ ਪਾਂਡੇ	ਗਲੀ ਨੰ: 14, ਦਸ਼ਮੇਸ਼ ਨਗਰ
20	ਕੁਸ਼ਮ ਪੁੱਤਰੀ ਰਾਮ ਨਾਥ	ਵਾਸੀ ਜੌੜਾ ਫਾਟਕ, ਅੰਮ੍ਰਿਤਸਰ
21	ਸਚਿਨ ਸਿੰਘ ਪੁੱਤਰ ਨਵਜੀਤ ਸਿੰਘ	ਵਾਸੀ ਮੋਹਕਮਪੁਰਾ, ਅੰਮ੍ਰਿਤਸਰ
22	ਨੀਤੂ ਕੁਮਾਰੀ ਪਤਨੀ ਪ੍ਰਭੂ ਦਿਆਲ	ਦਸ਼ਮੇਸ਼ ਨਗਰ, ਅੰਮ੍ਰਿਤਸਰ
23	ਨੀਰਜ ਪੁੱਤਰ ਜਤਿੰਦਰ	ਗਲੀ ਨੰ: 5, ਦਸ਼ਮੇਸ਼ ਨਗਰ, ਵੱਡੀ ਡੇਅਰੀ, ਅੰਮ੍ਰਿਤਸਰ
24	ਮੁਨੀਸ਼ ਪੁੱਤਰ ਵਿਜੈ	ਨੇੜੇ ਜਗਤ ਜੋਤੀ ਸਕੂਲ ਵਾਲੀ ਗਲੀ, ਜੌੜਾ ਫਾਟਕ, ਅੰਮ੍ਰਿਤਸਰ
25	ਬਲਬੀਰ ਸਿੰਘ ਪੁੱਤਰ ਸੁਮੇਰ ਸਿੰਘ	ਵਾਸੀ ਮਕਾਨ ਨੰ: 2380/26, ਗਲੀ ਨੰ:3, ਸੁੰਦਰ ਨਗਰ, ਅੰਮ੍ਰਿਤਸਰ
26	ਅੰਮ੍ਰਿਤਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ	ਮਕਾਨ ਨੰ: 311/ ਐਚ-2 ਸਰਪੰਚ ਹਾਊਸ ਮੋਹਕਮਪੁਰਾ, ਅੰਮ੍ਰਿਤਸਰ
27	ਦੀਪਕ ਪੁੱਤਰ ਰਾਮ ਤੀਰਾਹ	ਮਕਾਨ ਨੰ: 1035, ਬਿਲੇ ਵਾਲਾ ਚੌਕ, ਅੰਮ੍ਰਿਤਸਰ

ਲੜੀ ਨੰ:	ਨਾਮ	ਰਿਹਾਇਸ਼ੀ ਪਤਾ
28	ਅਜੈ ਕੁਮਾਰ (ਅਭੈ) ਪੁੱਤਰ ਰਾਮ ਨਰਾਇਣ	ਜੌੜਾ ਫਾਟਕ, ਅੰਮ੍ਰਿਤਸਰ
29	ਦਿਨੇਸ਼ ਕੁਮਾਰ ਪੁੱਤਰ ਸ਼੍ਰੀ ਰਾਮ	ਪਿੰਡ ਸੁਨਵਾਰਸ ਪੀ.ਐਸ., ਬਲੀਰਾਜ, ਜਿਲ੍ਹਾ ਸੁਲਤਾਨਪੁਰ (ਯੂ.ਪੀ.)
30	ਰਾਜਬੀਰ ਸਿੰਘ ਪੁੱਤਰ ਲਾਲ ਸਿੰਘ	ਮਕਾਨ ਨੰ: 68, ਮੋਹਕਮਪੁਰਾ, ਅੰਮ੍ਰਿਤਸਰ
31	ਬੁੱਧ ਰਾਮ ਪੁੱਤਰ ਗੰਗਾ ਰਾਮ	ਪਿੰਡ ਸਦਰਾਬਰੀ, ਜਿਲ੍ਹਾ ਸੁਲਤਾਨਪੁਰ (ਯੂ.ਪੀ.)
32	ਰਾਜੇਸ਼ ਖੁਸ਼ਬਾਹਾ ਪੁੱਤਰ ਨਥਿਨੀ ਭਗਤ	ਪਿੰਡ ਸਲੋਨਾ, ਪੀਐਸ ਬਰੋਲੀ ਜਿਲ੍ਹਾ ਗੋਪਾਲਗੰਜ ਬਿਹਾਰ
33	ਗੁਰਿੰਦਰ ਕੁਮਾਰ ਪੁੱਤਰ ਆਤਮਾ ਰਾਮ	ਗਲੀ ਨੰ: 13, ਦਸ਼ਮੇਸ਼ ਨਗਰ
34	ਪਵਨ ਕੁਮਾਰ ਪੁੱਤਰ ਆਤਮਾ ਰਾਮ	ਗਲੀ ਨੰ: 13, ਦਸ਼ਮੇਸ਼ ਨਗਰ
35	ਜਤਿੰਦਰ ਦਾਸ ਪੁੱਤਰ ਸ਼ਾਲਿੰਗ ਰਾਮ ਦਾਸ	ਵਾਸੀ ਚਾਹਚੱਕ ਥਾਨਾ ਸਬੌਰ ਜਿਲ੍ਹਾ ਭਾਗਲਪੁਰ ਬਿਹਾਰ
36	ਸ਼ਿਵਮ ਪੁੱਤਰ ਜਤਿੰਦਰ ਦਾਸ	ਵਾਸੀ ਚਾਹਚੱਕ ਥਾਨਾ ਸਬੌਰ ਜਿਲ੍ਹਾ ਭਾਗਲਪੁਰ ਬਿਹਾਰ
37	ਜਗਦੀਸ਼ ਪੁੱਤਰ ਸਵਾਮੀ ਨਾਥ	ਦਸ਼ਮੇਸ਼ ਨਗਰ, ਗਲੀ ਨੰ: 5
38	ਸੰਨੀ ਪੁੱਤਰ ਦਰਸ਼ਨ ਲਾਲ	ਮੋਹਕਮਪੁਰਾ, ਅੰਮ੍ਰਿਤਸਰ
39	ਮਦਨ ਲਾਲ ਪੁੱਤਰ ਹਜਾਰੀ ਲਾਲ	ਵਾਸੀ ਚੌਧਰੀ ਹਰੀ ਸਿੰਘ ਨਗਰ
40	ਸਰਵੇਸ਼ ਪੁੱਤਰ ਮੇਖੂ ਰਾਮ	ਵਾਸੀ ਗਲੀ ਨੰ: 5, ਕ੍ਰਿਸ਼ਨਾ ਨਗਰ, ਜੌੜਾ ਫਾਟਕ, ਅੰਮ੍ਰਿਤਸਰ
41	ਸੁਰੇਸ਼ ਪੁੱਤਰ ਸਤਪਾਲ	ਮਕਾਨ ਨੰ: 389, ਗਲੀ ਨੰ: 5, ਕ੍ਰਿਸ਼ਨਾ ਨਗਰ, ਜੌੜਾ ਫਾਟਕ, ਅੰਮ੍ਰਿਤਸਰ
42	ਨੰਦ ਲਾਲ ਪੁੱਤਰ ਰਹੀ ਸਿੰਘ (ਪ੍ਰਦੇਸੀ)	ਜੱਜ ਨਗਰ, ਅੰਮ੍ਰਿਤਸਰ
43	ਸਰਵਨ ਪੁੱਤਰ ਨਨੇਹ ਲਾਲ	ਵਾਸੀ 215, ਗਲੀ ਨੰ: 9, ਨਿਊ ਜਵਾਹਰ ਨਗਰ, ਅੰਮ੍ਰਿਤਸਰ
44	ਅਭਿਸ਼ੇਕ ਪੁੱਤਰ ਦਿਨੇਸ਼ ਕੁਮਾਰ	ਵਾਸੀ 25, ਰੋਜ ਐਵੀਨਿਊ ਰਸੂਲਪੁਰ, ਅੰਮ੍ਰਿਤਸਰ
45	ਦਿਨੇਸ਼ ਕੁਮਾਰ ਪੁੱਤਰ ਮੰਗਲ ਰਾਮ	ਵਾਸੀ ਬੇਸਰਪੁਰ, ਯੂ.ਪੀ.
46	ਹਰਸ ਪੁੱਤਰ ਰਾਜ ਕੁਮਾਰ	ਵਾਸੀ 673, ਜੌੜਾ ਫਾਟਕ ਸੰਧੂ ਵੀਡਿਓ ਹਾਲ ਵਾਲੀ ਗਲੀ ਅੰਮ੍ਰਿਤਸਰ
47	ਰਮੇਸ਼ ਕੁਮਾਰ ਪੁੱਤਰ ਵਿਜੈ ਕੁਮਾਰ	2769, ਤਹਿਸੀਲਪੁਰਾ ਅੰਮ੍ਰਿਤਸਰ
48	ਚੰਦਰਿਕਾ ਯਾਦਵ	ਗੋਪਾਲ ਗੰਜ ਬਿਹਾਰ
49	ਰਾਮ ਸ਼ੰਕਰ	ਜੌੜਾ ਫਾਟਕ, ਅੰਮ੍ਰਿਤਸਰ
50	ਸਤੀਸ਼ ਕੁਮਾਰ	ਪਿੰਡ ਗੋਸਬਾਰੀ ਪਟਨਾ, ਬਿਹਾਰ
51	ਰਜਨੀ ਪਤਨੀ ਗਗਨਦੀਪ ਸਿੰਘ	ਵਾਸੀ ਪਿੰਡ ਭੁਲਾ ਰਾਏ, ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ
52	ਮਿਸ ਨਵਨੂਰ ਪੁੱਤਰੀ ਗਗਨਦੀਪ ਸਿੰਘ	ਵਾਸੀ ਪਿੰਡ ਭੁਲਾ ਰਾਏ, ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ

ਨੋਟ:- ਮਾਰੇ ਗਏ ਇੱਕ ਵਿਅਕਤੀ ਦੀ ਸ਼ਨਾਖਤ ਨਾ ਹੋਣ ਕਰਕੇ, 4 ਮ੍ਰਿਤਕ ਇੱਕ ਹੀ ਪਰਿਵਾਰ ਦੇ ਹੋਣ ਕਾਰਨ ਕਾਨੂੰਨੀ ਵਾਰਸ ਤਸਦੀਕ ਨਾ ਹੋਣ ਕਰਕੇ ਅਤੇ ਇੱਕ ਮ੍ਰਿਤਕ ਦੇ ਵਾਰਸ ਵੱਲੋਂ ਮੁਆਵਜ਼ਾ ਲੈਣ ਸਬੰਧੀ ਕੋਰਟ ਕੇਸ ਕੀਤੇ ਹੋਣ ਕਰਕੇ ਇਨ੍ਹਾਂ 6 ਕੇਸਾਂ ਵਿੱਚ ਮੁਆਵਜ਼ਾ ਦਿੱਤਾ ਜਾਣਾ ਬਾਕੀ ਹੈ।

ਅਨੁਲੱਗ-ੳ

ਰੇਲ ਹਾਦਸਿਆਂ ਵਿੱਚ ਜ਼ਖਮੀ ਹੋਏ ਵਿਅਕਤੀਆਂ ਦੇ ਵੇਰਵੇ ਜਿਨ੍ਹਾਂ ਦੇ ਪਰਿਵਾਰ ਨੂੰ 50,000/- ਰੁਪਏ ਮੁਆਵਜ਼ਾ ਦਿੱਤਾ ਗਿਆ:-

ਲੜੀ ਨੰ:	ਨਾਮ	ਪਤਾ
1	ਰਾਧਾ ਪਤਨੀ ਬੋਧ ਰਾਮ	ਮਕਾਨ ਨੰ: 701, ਨਿਊ ਰੋਜ ਐਵੇਨਿਊ, ਜੌੜਾ ਫਾਟਕ, ਅੰਮ੍ਰਿਤਸਰ
2	ਵਿਸ਼ਾਲ ਪੁੱਤਰ ਬੋਧ ਰਾਮ	ਮਕਾਨ ਨੰ: 701, ਨਿਊ ਰੋਜ ਐਵੇਨਿਊ, ਜੌੜਾ ਫਾਟਕ, ਰਸਾਲ ਫੁਰ, ਕਲਾਰ
3	ਸਰੋਜਨੀ ਪੁੱਤਰੀ ਬੋਧ ਰਾਮ	ਮਕਾਨ ਨੰ: 701, ਨਿਊ ਰੋਜ ਐਵੇਨਿਊ, ਜੌੜਾ ਫਾਟਕ, ਰਸਾਲ ਫੁਰ, ਕਲਾਰ
4	ਰਾਮ ਕਿਸੋਰ ਪੁੱਤਰ ਪ੍ਰੂਦਮ	ਸੀਰਖਰੀ, ਅਮੇਠੀ, ਅੰਗਰਾਵਨ, ਉੱਤਰ ਪ੍ਰਦੇਸ਼।
5	ਮਨਜੀਤ ਕੌਰ ਪਤਨੀ ਅਬੇਹ ਕੁਮਾਰ	ਮੇਹਰਾ ਸਪਿਨਿੰਗ ਮਿੱਲ, ਅੰਮ੍ਰਿਤਸਰ-2, ਵੇਰਕਾ, ਅੰਮ੍ਰਿਤਸਰ
6	ਜੋਤੀ ਪੁੱਤਰ ਸਤਪਾਲ	ਮਕਾਨ ਨੰ: 2431, ਗਲੀ ਨੰ: 5, ਸਰੀਫਪੁਰਾ, ਅੰਮ੍ਰਿਤਸਰ
7	ਰਾਜੇਸ਼ ਕੁਮਾਰ ਪੁੱਤਰ ਰਾਮ ਕੁਮਾਰ	ਬਾਬਾ ਪੁਰਵਾ, ਮੋਲਿਆ ਕਪੂਰ, ਫੈਜਾਬਾਦ, ਮੋਇਆਬੇਗੁਮਗੰਜ ਉੱਤਰ ਪ੍ਰਦੇਸ਼
8	ਵੀਕੀ ਪੁੱਤਰ ਅਸੋਕ ਕੁਮਾਰ	238, ਗਲੀ ਨੰ: 5, ਕ੍ਰਿਸ਼ਨਾ ਨਗਰ, ਅੰਮ੍ਰਿਤਸਰ
9	ਦੀਪਕ ਪੁੱਤਰ ਸੰਕਰ	ਮਕਾਨ ਨੰ: 2435, ਗਲੀ ਨੰ: 5, ਸਰੀਫਪੁਰਾ, ਅੰਮ੍ਰਿਤਸਰ
10	ਸੋਕੀਨ ਪੁੱਤਰ ਤਨੀ	183, ਡੂੰਗਰ ਸਾਮਲੀ, ਉੱਤਰ ਪ੍ਰਦੇਸ਼
11	ਮੋਨਿਕਾ ਪਤਨੀ ਜਗਦੀਸ	ਮਕਾਨ ਨੰ: 173/17, ਗਲੀ ਨੰ: 15, ਜੌੜਾ ਫਾਟਕ, ਦਸ਼ਮੇਸ਼ ਨਗਰ, ਅੰਮ੍ਰਿਤਸਰ
12	ਕਰਨਮਨਦੀਪ ਸਿੰਘ ਪੁੱਤਰ ਸੁਖਦੇਵ ਸਿੰਘ	ਜੌੜਾ ਫਾਟਕ, ਕਿਸ਼ਨਾ ਨਗਰ, ਗਲੀ ਨੰ: 1, ਮਕਾਨ ਨੰ: 4/70
13	ਕਿਸਨ ਪੁੱਤਰ ਕੁਲਬੀਰ ਸਿੰਘ	56, ਗਲੀ ਨੰ: 1, ਸਿਵਾਲਾ ਰੋਡ, ਸੁੰਨਦ ਨਗਰ, ਅੰਮ੍ਰਿਤਸਰ
14	ਪੁਸਰਾਮ ਗੁਪਤਾ ਪੁੱਤਰ ਰਾਮ ਹਿਟ	ਸਾਹਿਲਾ, ਸਿਧਾਰਥ ਨਗਰ, ਖਕਾਰਾ ਖੁਰਦ, ਉੱਤਰ ਪ੍ਰਦੇਸ਼
15	ਸਤਰੂਦਾਂ ਹਰੀਜੰਨ ਪੁੱਤਰ ਨਗੇਸਵਾਰ ਹਰੀਜੰਨ	ਮਕਾਨ ਨੰ: 34, ਗਲੀ ਨੰ: 16, ਦਸ਼ਮੇਸ਼ ਨਗਰ, ਅੰਮ੍ਰਿਤਸਰ
16	ਰਮੇਸ ਕੁਮਾਰ ਪੁੱਤਰ ਸ੍ਰੀ ਹੰਸ ਰਾਜ	566, ਗਲੀ ਨੰ: 9, ਸਰੀਫਪੁਰਾ, ਅੰਮ੍ਰਿਤਸਰ
17	ਵਿਸ਼ਾਲ ਪੁੱਤਰ ਸਾਮਬਹਾਦੂਰ	ਬੇਲਵਾ, ਸਿਧਾਰਥ ਨਗਰ, ਉੱਤਰ ਪ੍ਰਦੇਸ਼
18	ਮੋਤੀ ਲਾਲ ਪੁੱਤਰ ਰਾਮਦੇਵ ਯਾਦਵ	ਜੌੜਾ ਫਾਟਕ, ਅੰਮ੍ਰਿਤਸਰ
19	ਬਲਜਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ	ਮਕਾਨ ਨੰ: 2765, ਗਲੀ ਨੰ: 5, ਤਹਿਸੀਲਪੁਰਾ, ਅੰਮ੍ਰਿਤਸਰ
20	ਬਿਬੇਕ ਪੁੱਤਰ ਪ੍ਰੇਮ ਰਾਜ	ਮਕਾਨ ਨੰ: 410, ਜੌੜਾ ਫਾਟਕ, ਅੰਮ੍ਰਿਤਸਰ
21	ਸੰਤੋਸ ਕੁਮਾਰ ਪੁੱਤਰ ਰਾਮ ਬਹਾਦਰ	ਨੇੜੇ ਨਿਰੰਕਾਰੀ ਭਵਨ ਮੇਨ ਬਜਾਰ ਜੱਜ ਨਗਰ, ਜੌੜਾ ਫਾਟਕ, ਅੰਮ੍ਰਿਤਸਰ
22	ਆਯੂਸ਼ ਪੁੱਤਰ ਦਿਨੇਸ	ਮਕਾਨ ਨੰ: 701, ਨਿਊ ਰੋਜ ਐਵੀਨਿਊ, ਜੌੜਾ ਫਾਟਕ, ਅੰਮ੍ਰਿਤਸਰ
23	ਸੰਦੀਪ ਕੌਰ ਪਤਨੀ	ਮਕਾਨ ਨੰ: 2, ਬਿਲੇ ਵਾਲਾ ਚੌਕ ਜੌੜਾ ਫਾਟਕ, ਅੰਮ੍ਰਿਤਸਰ

ਲੜੀ ਨੰ:	ਨਾਮ	ਪਤਾ
	ਜਤਿੰਦਰ ਸਿੰਘ	
24	ਰਾਜ ਕੁਮਾਰ ਮਹਿਰਾ ਪੁੱਤਰ ਰਵੀ ਮਹਿਰਾ	ਮਕਾਨ ਨੰ: 2383, ਗਲੀ ਨੰ: 3 ਜੌੜਾ ਫਾਟਕ, ਧਰਮਪੁਰਾ ਅੰਮ੍ਰਿਤਸਰ
25	ਵਿਕਰਮਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ	ਮਕਾਨ ਨੰ: 7/2604, ਗਲੀ ਮੁਰੱਬੇ ਵਾਲੀ ਸਹੀਦ ਊਧਮ ਸਿੰਘ ਨਗਰ ਤਰਨਤਾਰਨ ਰੋਡ, ਅੰਮ੍ਰਿਤਸਰ
26	ਹਰਜਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ	2/76, ਤੁੰਗ ਪਾਈ ਮੋਹਕਮਪੁਰਾ, ਅੰਮ੍ਰਿਤਸਰ
27	ਲਖਵੀਰ ਸਿੰਘ ਪੁੱਤਰ ਜਗੀਰ ਸਿੰਘ	ਮਕਾਨ ਨੰ: 3481/15, ਗਲੀ ਨੰ: 5, ਮਕਬੂਲਪੁਰਾ, ਅੰਮ੍ਰਿਤਸਰ
28	ਲਵਕੁਸ਼ ਪੁੱਤਰ ਲਲਿਤ	ਗਲੀ ਨੰ: 7, ਕੋਰਟ ਹਰਨਾਮਦਾਸ, ਅੰਮ੍ਰਿਤਸਰ
29	ਸੰਦੀਪ ਪੁੱਤਰ ਲਲਿਤ	ਗਲੀ ਨੰ: 7, ਕੋਰਟ ਹਰਨਾਮਦਾਸ, ਅੰਮ੍ਰਿਤਸਰ
30	ਲਲਿਤ ਪੁੱਤਰ ਹੀਰਾ ਲਾਲ	ਗਲੀ ਨੰ: 7, ਕੋਰਟ ਹਰਨਾਮਦਾਸ, ਅੰਮ੍ਰਿਤਸਰ
31	ਮੁਖਤਿਆਰ ਸਿੰਘ ਪੁੱਤਰ--	ਪਿੰਡ ਗੁੰਨੋਵਾਲ ਜੰਡਿਆਲਾ
32	ਨਿਤਨ ਪੁੱਤਰ ਸੁਭਾਸ਼	ਮਕਾਨ ਨੰ: 308, ਗਲੀ ਨੰ: 5, ਕ੍ਰਿਸ਼ਨਾ ਨਗਰ ਜੌੜਾ ਫਾਟਕ, ਅੰਮ੍ਰਿਤਸਰ
33	ਨੀਸ਼ਾ	ਮਕਾਨ ਨੰ: 308, ਗਲੀ ਨੰ: 5, ਕ੍ਰਿਸ਼ਨਾ ਨਗਰ ਜੌੜਾ ਫਾਟਕ, ਅੰਮ੍ਰਿਤਸਰ
34	ਮਹਿਕ	ਗਲੀ ਨੰ: 17, ਨੇੜੇ ਬਾਬਾ ਸਦਕ ਸ਼ਾਹ ਡੇਰਾ ਨੇੜੇ ਕੁਮਾਰ ਟੇਲਰ ਅੰਮ੍ਰਿਤਸਰ
35	ਫੂਲ ਚੰਦ ਪੁੱਤਰ ਗੰਗਾ ਦਾਸ	ਮਕਾਨ ਨੰ: 13, ਗਲੀ ਨੰ: 2 ਫੋਕਲ ਪੁਆਇੰਟ ਨੇੜੇ ਹਿਮਾਚਲ ਭਵਨ, ਅੰਮ੍ਰਿਤਸਰ
36	ਸੁਦੇਸ	ਮਕਾਨ ਨੰ: 1921, ਗਲੀ ਨੰ: 9, ਰਾਣੀ ਬਜਾਰ ਸਰੀਫਪੁਰਾ, ਅੰਮ੍ਰਿਤਸਰ
37	ਰਾਜ ਕੁਮਾਰ ਪੁੱਤਰ ਚਿੱਤਾ ਰਾਮ	ਮਕਾਨ ਨੰ: 167, ਗਲੀ ਨੰ: 3, ਕ੍ਰਿਸ਼ਨਾ ਨਗਰ ਜੋੜਾ ਰੋਡ ਫਾਟਕ, ਅੰਮ੍ਰਿਤਸਰ
38	ਦੀਪਕ ਪੁੱਤਰ ਮਦਨ ਲਾਲ	ਗਲੀ ਨੰ: 3, ਸਾਹਮਣੇ ਕ੍ਰਿਸ਼ਨਾਂ ਮੰਦਰ ਜੋੜਾ ਫਾਟਕ ਅੰਮ੍ਰਿਤਸਰ
39	ਅਮਿਤ ਪੁੱਤਰ ਰਾਮ ਬਹਾਦਰ	ਗਲੀ ਨੰ: 4, ਗੁਰਦੁਆਰਾ ਵਾਲੀ ਗਲੀ ਦਸ਼ਮੇਸ਼ ਨਗਰ ਜੋੜਾ
40	ਕੀਮਤੀ ਲਾਲ ਪੁੱਤਰ ਸਿੰਗਾਰਾ ਸਿੰਘ	ਐਮ.ਕੇ. ਫੈਕਟਰੀ ਫਰੀਡਮ ਨਗਰ, ਸਾਹਮਣੇ ਅਲਫਾ 1 ਅੰਮ੍ਰਿਤਸਰ
41	ਰਾਕੇਸ਼ ਕੁਮਾਰ ਪੁੱਤਰ ਪ੍ਰਹਲਾਦ	ਗਲੀ ਨੰ: 3, ਸਾਹਮਣੇ ਕ੍ਰਿਸ਼ਨਾ ਨਗਰ ਜੋੜਾ ਰੋਡ ਫਾਟਕ ਅੰਮ੍ਰਿਤਸਰ।
42	ਜਾਦੂਨੰਦਨ ਪੁੱਤਰ ਸ਼ਾਮ ਪਾਲ	ਬਿੱਲਾ ਚੌਕ, ਨਿਊ ਪ੍ਰੀਤ ਨਗਰ, ਮੰਦਰ ਵਾਲੀ ਗਲੀ, ਅੰਮ੍ਰਿਤਸਰ
43	ਰਵੀ ਪੁੱਤਰ ਰਾਜੇਸ ਕੁਮਾਰ	ਮਕਾਨ ਨੰ: 4, ਗਲੀ ਨੰ: 15, ਨਿਊ ਦਸ਼ਮੇਸ਼ ਨਗਰ ਜੌੜਾ ਫਾਟਕ, ਅੰਮ੍ਰਿਤਸਰ
44	ਜੈ ਪ੍ਰਕਾਸ਼ ਪੁੱਤਰ ਪਰਲਾਦ	ਮਕਾਨ ਨੰ: 4/71, ਗਲੀ ਨੰ: 1, ਅੰਮ੍ਰਿਤਸਰ
45	ਪ੍ਰੀਤੀ	ਮਕਾਨ ਨੰ: 183, ਗਲੀ ਨੰ: 2, ਮੋਹਕਮਪੁਰਾ, ਅੰਮ੍ਰਿਤਸਰ
46	ਸੁਮਰਿਤਾ ਦੇਵੀ	ਮਕਾਨ ਨੰ: 4, ਗਲੀ ਨੰ: 15, ਨਿਊ ਦਸ਼ਮੇਸ਼ ਨਗਰ, ਜੌੜਾ ਫਾਟਕ, ਅੰਮ੍ਰਿਤਸਰ
47	ਵੰਸ ਪੁੱਤਰ ਦੀਪਕ	ਮਕਾਨ ਨੰ: 4, ਗਲੀ ਨੰ: 15, ਨਿਊ ਦਸ਼ਮੇਸ਼ ਨਗਰ, ਜੌੜਾ ਫਾਟਕ, ਅੰਮ੍ਰਿਤਸਰ

ਲੜੀ ਨੰ:	ਨਾਮ	ਪਤਾ
48	ਜਸਵਿੰਦਰ ਕੁਮਾਰ ਪੁੱਤਰ ਪੂਰਨ ਚੰਦ	ਮਕਾਨ ਨੰ: 309, ਗਲੀ ਨੰ: 5, ਜੋੜਾ ਫਾਟਕ, ਅੰਮ੍ਰਿਤਸਰ
49	ਜੋਗਾ ਸਿੰਘ ਪੁੱਤਰ ਦਰਸ਼ਨ ਸਿੰਘ	ਮਕਾਨ ਨੰ: 183, ਗਲੀ ਨੰ: 2, ਮੋਹਕਮਪੁਰਾ, ਅੰਮ੍ਰਿਤਸਰ
50	ਪ੍ਰੇਮ ਕੁਮਾਰ ਪੁੱਤਰ ਸੁਨੀਲ ਕੁਮਾਰ	ਜੋੜਾ ਫਾਟਕ, ਅੰਮ੍ਰਿਤਸਰ
51	ਕਰਨ ਪੁੱਤਰ ਹੀਰਾ ਲਾਲ	ਗਲੀ ਨੰ: 18, ਜੋੜ ਫਾਟਕ ਮੋਹਕਮਪੁਰਾ, ਨੇੜੇ ਬਹੇਰਾ ਅੰਮ੍ਰਿਤਸਰ
52	ਦੁਰਗਾ ਪਾਂਡੇ ਪੁੱਤਰ ਚੰਦਰ ਸ਼ੇਖਰ ਪਾਂਡੇ	ਧਰਮਪੁਰਾ ਗਲੀ ਨੰ: 2, ਮਕਾਨ ਨੰ: 2498, ਨੇੜੇ ਜੋੜਾ ਫਾਟਕ
53	ਗੋਬਿੰਦ ਕੁਮਾਰ ਪੁੱਤਰ ਸੁਰਿੰਦਰ	ਗਲੀ ਨੰ: 2, ਮੁਸਲਿਮ ਗੰਜ ਨੇੜੇ ਭਾਈਆਂ ਵਾਲਾ ਸ਼ਿਵਾਲਾ ਅੰਮ੍ਰਿਤਸਰ
54	ਅੰਮ੍ਰਿਤਪਾਲ ਸਿੰਘ ਪੁੱਤਰ ਸਤਨਾਮ ਸਿੰਘ	ਪਿੰਡ ਰਾਮਪੂਰਾ, ਡਾਕ ਖਾਨਾ ਬੱਲਕਲਾਂ, ਅੰਮ੍ਰਿਤਸਰ
55	ਨੰਦ ਲਾਲ ਪੁੱਤਰ ਚਰਨ ਭਗਤ	ਮਕਾਨ ਨੰ: 15, ਗਲੀ ਨੰ: 15-16, ਨਿਊ ਦਸ਼ਮੇਸ਼ ਨਗਰ ਜੋੜਾ ਫਾਟਕ, ਅੰਮ੍ਰਿਤਸਰ
56	ਸ਼ਿਵ ਪੂਜਨ ਪੁੱਤਰ ਹਰੀ ਕੁਮਾਰ	ਮਕਾਨ ਨੰ: 1158, ਗਲੀ ਨੰ: 8, ਜੋੜਾ ਫਾਟਕ ਅੰਮ੍ਰਿਤਸਰ
57	ਸਿਮਰਨ ਦੇਵੀ ਪਤਨੀ ਸ਼ਿਵ ਪੂਜਨ	ਮਕਾਨ ਨੰ: 1158, ਗਲੀ ਨੰ: 8, ਜੋੜਾ ਫਾਟਕ ਅੰਮ੍ਰਿਤਸਰ
58	ਕੰਵਲ ਪਤਨੀ ਦਲਜੀਤ ਸਿੰਘ	ਗਲੀ ਨੰ: 3, ਦਸ਼ਮੇਸ਼ ਨਗਰ ਜੋੜਾ ਫਾਟਕ ਅੰਮ੍ਰਿਤਸਰ
59	ਜਸ਼ਨ ਪੁੱਤਰ ਦਲਜੀਤ ਸਿੰਘ	ਗਲੀ ਨੰ: 3, ਦਸ਼ਮੇਸ਼ ਨਗਰ ਜੋੜਾ ਫਾਟਕ ਅੰਮ੍ਰਿਤਸਰ
60	ਤਾਨੀਆਂ ਪੁੱਤਰੀ ਦਲਜੀਤ	ਗਲੀ ਨੰ: 3, ਦਸ਼ਮੇਸ਼ ਨਗਰ ਜੋੜਾ ਫਾਟਕ ਅੰਮ੍ਰਿਤਸਰ
61	ਪ੍ਰੇਮ ਨਾਥ ਪੁੱਤਰ ਸਵਾਮੀਨਾਥ	ਗਲੀ ਨੰ: 2, ਦਸ਼ਮੇਸ਼ ਨਗਰ ਜੋੜਾ ਫਾਟਕ ਅੰਮ੍ਰਿਤਸਰ
62	ਰਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ	ਮਕਾਨ ਨੰ: 2683, ਗਲੀ ਨੰ: 3, ਕ੍ਰਿਸ਼ਨਾ ਨਗਰ, ਜੋੜਾ ਫਾਟਕ ਅੰਮ੍ਰਿਤਸਰ
63	ਪੰਕਜ ਕੁਮਾਰ ਪਾਸਵਾਨ ਪੁੱਤਰ ਬਿਹਾਰੀ ਪਾਸਵਾਨ	ਨਿਊ ਗੋਲਡਨ ਐਵੇਨਿਊ, ਅੰਮ੍ਰਿਤਸਰ
64	ਆਰਤੀ ਦੇਵੀ ਪਤਨੀ ਜਤਿੰਦਰ ਦਾਸ	2, ਬਿਲਾਂ ਵਾਲਾਂ ਚੌਂਕ, ਜੌੜਾ ਫਾਟਕ, ਅੰਮ੍ਰਿਤਸਰ
65	ਹਰਜੀਤ ਸਿੰਘ ਪੁੱਤਰ ਜਸਪਾਲ ਸਿੰਘ	ਮਕਾਨ ਨੰ: 7-ਜੀ, ਮੌਕਮਪੁਰਾ, ਡਾਕਖਾਨਾ ਤੂੰਗਪਾਈ, ਅੰਮ੍ਰਿਤਸਰ
66	ਅਮਨ ਕੁਮਾਰ ਪੁੱਤਰ ਜਨਕ ਰਾਮ	ਗਲੀ ਨੰ: 3, ਅਮਰਕੋਟ, ਜੋੜਾ ਫਾਟਕ ਅੰਮ੍ਰਿਤਸਰ
67	ਪਵਨ ਕੁਮਾਰ	ਮੇਨ ਬਜਾਰ, ਜੱਜ ਨਗਰ, ਅੰਮ੍ਰਿਤਸਰ
68	ਅਨੀਤਾ	ਮੇਨ ਬਜਾਰ, ਜੱਜ ਨਗਰ, ਅੰਮ੍ਰਿਤਸਰ

ਨੋਟ:- ਤਿੰਨ ਕੇਸਾਂ ਵਿੱਚ ਜਖਮੀ ਵਿਅਕਤੀਆਂ ਦੇ ਐਡਰੈਸ ਨਾ ਲੱਭਣ ਕਾਰਨ ਮੁਆਵਜਾ ਵੰਡਿਆ ਨਹੀਂ ਜਾ ਸਕਿਆ।

ਸਹਿਕਾਰੀ ਸਭਾਵਾਂ ਦੇ ਕਰਮਚਾਰੀਆਂ ਨੂੰ ਗਰੈਚੂਟੀ ਦੇਣਾ

397. **ਸਰਦਾਰ ਹਰਪਾਲ ਸਿੰਘ ਚੀਮਾ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਸਾਰੇ ਸਹਿਕਾਰੀ ਅਦਾਰੇ ਕੋਆਪਰੇਟਿਵ ਸੁਸਾਇਟੀ ਐਕਟ 1961 ਤਹਿਤ ਰਜਿਸਟਰ ਹੁੰਦੇ ਹਨ; ਜਿਸ ਦੀ ਗਵਰਨਿੰਗ ਅਥਾਰਿਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਮਿਤੀ 01.01.2006 ਤੋਂ 30.04.2006 ਤੱਕ ਦੇ ਸਮੇਂ ਦੌਰਾਨ ਰਿਟਾਇਰ ਹੋਏ ਸਹਿਕਾਰੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਵਧੀ ਹੋਈ ਗਰੈਚੂਟੀ ਨਹੀਂ ਦਿੱਤੀ ਗਈ ਪਰ ਮਾਰਕਫੈੱਡ ਦੇ ਮੁਲਾਜ਼ਮਾਂ ਨੂੰ ਦਿੱਤੀ ਗਈ ਹੈ ਜਦੋਂ ਕਿ ਮਾਰਕਫੈੱਡ ਵੀ ਇਹ ਸਹਿਕਾਰੀ ਅਦਾਰਾ ਹੈ;

(ੲ) ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ: (ੳ) ਜੀ ਹਾਂ। ਰਾਜ ਵਿੱਚ ਸਹਿਕਾਰਤਾ ਵਿਭਾਗ ਨਾਲ ਸਬੰਧਤ ਸਾਰੇ ਸਹਿਕਾਰੀ ਅਦਾਰੇ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ 1961 ਤਹਿਤ ਰਜਿਸਟਰਡ ਹੁੰਦੇ ਹਨ। ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਗਵਰਨਿੰਗ ਅਥਾਰਿਟੀ ਨਹੀਂ ਹੈ ਪਰੰਤੂ ਇਸ ਐਕਟ ਅਧੀਨ ਇਨ੍ਹਾਂ ਅਦਾਰਿਆਂ ਦੀ ਨਿਗਰਾਨੀ ਅਤੇ ਨਿਯੰਤਰਣ ਲਈ ਅਧਿਕਾਰਾਂ ਦੀ ਵਰਤੋਂ ਕਰਦੇ ਹਨ।

(ਅ) ਜੀ ਨਹੀਂ। ਮਿਤੀ 01.01.2006 ਤੋਂ 30.04.2006 ਤੱਕ ਦੇ ਸਮੇਂ ਦੌਰਾਨ ਰਿਟਾਇਰ ਹੋਏ ਕਿਸੇ ਵੀ ਸਹਿਕਾਰੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਵਧੀ ਹੋਈ ਗਰੈਚੂਟੀ ਨਹੀਂ ਦਿੱਤੀ ਗਈ ਹੈ।

(ੲ) ਲਾਗੂ ਨਹੀਂ ਹੈ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 398**

(ਇਸ ਪ੍ਰਸ਼ਨ ਦੀ ਐਕਸਟੇਸ਼ਨ ਮੰਗੀ ਗਈ ਹੈ।)

ਚਾਇਨਾ ਡੋਰ ਵੇਚਣ ਵਾਲਿਆਂ ਅਤੇ ਇਸ ਦੀ ਵਰਤੋਂ ਕਰਨ ਵਾਲਿਆਂ ਖਿਲਾਫ ਕਾਰਵਾਈ

399. **ਸਰਦਾਰ ਸਿਮਰਜੀਤ ਸਿੰਘ ਬੈਂਸ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਚਾਇਨਾ ਡੋਰ ਵੇਚਣ ਵਾਲਿਆਂ ਅਤੇ ਇਸ ਦੀ ਵਰਤੋਂ ਕਰਨ ਵਾਲਿਆਂ ਦੇ ਖਿਲਾਫ ਕੋਈ ਗੈਰ-ਜ਼ਮਾਨਤੀ ਧਾਰਾ ਜਾ ਅਜਿਹਾ ਕੋਈ ਹੋਰ ਸਖਤ ਕਾਨੂੰਨ ਲਿਆਵੇਗੀ ਤਾਂ ਜੋ ਇਨਸਾਨਾਂ, ਪੰਛੀਆਂ ਅਤੇ ਜਾਨਵਰਾਂ ਆਦਿ ਨੂੰ ਇਸ ਦੇ ਘਾਤਕ ਪ੍ਰਭਾਵ ਤੋਂ ਬਚਾਇਆ ਜਾ ਸਕੇ?

ਕੈਪਟਨ ਅਮਰਿੰਦਰ ਸਿੰਘ: ਮਾਨਯੋਗ ਹਾਈਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 487 ਆਫ 2015-ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਅਤੇ ਹੋਰਨਾਂ ਵਿੱਚ ਮਿਤੀ 20.01.2015 ਨੂੰ ਪੰਜਾਬ ਸਰਕਾਰ ਨੂੰ ਚਾਇਨਾ ਡੋਰ ਦੀ ਵਿਕਰੀ ਰੋਕਣ ਲਈ ਹਦਾਇਤਾਂ ਕੀਤੀਆਂ ਗਈਆਂ ਹਨ। ਇਸ ਸਬੰਧੀ ਜ਼ਿਲ੍ਹਾ ਮੈਜਿਸਟਰੇਟਾਂ ਵੱਲੋਂ ਸੀ.ਆਰ.ਪੀ.ਸੀ. ਦੀ ਧਾਰਾ 144 ਅਧੀਨ ਚਾਇਨਾ ਡੋਰ ਦੀ ਖਰੀਦ ਅਤੇ ਵੇਚ ਤੇ ਪਾਬੰਦੀ ਲਗਾਈ ਗਈ ਹੈ ਅਤੇ ਜੋ ਇਸ ਦੀ ਉਲੰਘਣਾ ਕਰਦਾ ਹੈ, ਉਸ ਵਿਰੁੱਧ ਆਈ.ਪੀ.ਸੀ. ਦੀ ਧਾਰਾ 188 ਅਧੀਨ ਐਫ.ਆਈ.ਆਰ. ਦਰਜ ਕੀਤੀ ਜਾਂਦੀ ਹੈ। ਇਸ ਸਬੰਧੀ ਬਠਿੰਡਾ ਜ਼ਿਲ੍ਹੇ ਦੀ ਪੁਲਿਸ ਵੱਲੋਂ Environment Protection Act ਤਹਿਤ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ।

ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨਾਂ ਦੇ ਲਾਭਪਾਤਰੀ

402. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਰਾਜ ਵਿੱਚ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨਾਂ ਦੇ ਲਾਭਪਾਤਰੀਆਂ ਦੀ ਮਾਰਚ, 2017 ਤੱਕ ਕੁੱਲ ਗਿਣਤੀ ਕਿੰਨੀ ਸੀ ਤੇ ਹੁਣ ਮਿਤੀ 31 ਦਸੰਬਰ, 2019 ਦੀ ਸਥਿਤੀ ਅਨੁਸਾਰ ਅਜਿਹੇ ਲਾਭਪਾਤਰੀਆਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਹੈ;

** For unstarred question no. 398 and reply thereto,

(ਅ) ਕੀ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤਾਂ ਨੂੰ ਦਿੱਤੀ ਜਾਂਦੀ ਪੈਨਸ਼ਨ ਦੀ ਪ੍ਰਤੀ ਮਹੀਨਾ ਰਾਸ਼ੀ ਨੂੰ ਵਧਾ ਕੇ 1500/-ਰੁਪਏ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਕਰ ਦਿੱਤੀ ਜਾਵੇਗੀ?

ਸ਼੍ਰੀਮਤੀ ਅਰੁਨਾ ਚੌਧਰੀ: ਸ਼੍ਰੀਮਾਨ ਜੀ, (ੳ) ਰਾਜ ਵਿੱਚ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨਾਂ ਦੇ ਲਾਭਪਾਤਰੀਆਂ ਦੀ ਮਾਰਚ, 2017 ਤੱਕ 19,08,074 ਗਿਣਤੀ ਸੀ ਅਤੇ 31 ਦਸੰਬਰ, 2019 ਦੀ ਜ਼ਿਲ੍ਹਾਵਾਰ ਲਾਭਪਾਤਰੀਆਂ ਦੀ ਗਿਣਤੀ ਸਬੰਧੀ ਸੂਚਨਾ ਅਨੁਲੱਗ-ੳ ਤੇ ਰੱਖੀ ਜਾਂਦੀ ਹੈ।

(ਅ) ਹਾਂ ਜੀ, ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਅਨੁਲੱਗ-ੳ

31 ਦਸੰਬਰ, 2019 ਦੀ ਜ਼ਿਲ੍ਹਾਵਾਰ ਲਾਭਪਾਤਰੀਆਂ ਦੀ ਗਿਣਤੀ

ਲੜੀ ਨੰ.	ਜ਼ਿਲ੍ਹਾ	ਬੁਢਾਪਾ ਪੈਨਸ਼ਨ	ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ	ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ	ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ	ਕੁੱਲ
1	ਅੰਮ੍ਰਿਤਸਰ	107302	30694	7226	11569	**156791**
2	ਬਰਨਾਲਾ	43803	11216	3416	6436	**64871**
3	ਬਠਿੰਡਾ	85802	22115	7886	10323	**126126**
4	ਫਤਿਹਗੜ੍ਹ ਸਾਹਿਬ	36755	10681	3523	4232	**55191**
5	ਫਰੀਦਕੋਟ	47571	10662	4042	5161	**67436**
6	ਫਿਰੋਜ਼ਪੁਰ	76043	14887	6310	7970	**105210**
7	ਫਾਜ਼ਿਲਕਾ	65476	17305	6493	9228	**98502**
8	ਗੁਰਦਾਸਪੁਰ	130481	28113	11459	12361	**182414**
9	ਪਠਾਨਕੋਟ	35955	10019	4688	5134	**55796**
10	ਹੁਸ਼ਿਆਰਪੁਰ	77357	30045	11971	13520	**132893**
11	ਜਲੰਧਰ	95291	34845	10817	9125	**150078**
12	ਕਪੂਰਥਲਾ	39442	12493	4561	4489	**60985**
13	ਲੁਧਿਆਣਾ	136560	45938	12006	14714	**209218**
14	ਸ੍ਰੀ ਮੁਕਤਸਰ ਸਾਹਿਬ	62989	15295	5607	5879	**89770**
15	ਮੋਗਾ	65270	15649	4541	7946	**93406**
16	ਮਾਨਸਾ	62768	14362	6010	8578	**91718**

17	ਸ਼ਹੀਦ ਭਗਤ ਸਿੰਘ ਨਗਰ	39149	13616	4226	5596	**62587**
18	ਪਟਿਆਲਾ	123443	31958	9563	14615	**179579**
19	ਰੂਪਨਗਰ	40002	12569	5993	5752	**64316**
20	ਐਸ.ਏ.ਐਸ. ਨਗਰ	29596	10095	4657	4333	**48681**
21	ਸੰਗਰੂਰ	117436	30074	9624	16874	**174008**
22	ਤਰਨ ਤਾਰਨ	88467	20152	7149	9447	**125215**
	ਕੁੱਲ	1606958	442783	151768	193282	**2394791**

ਰਾਜ ਦੇ ਡਿਗਰੀ ਕਾਲਜ ਅਤੇ ਉਨ੍ਹਾਂ ਵਿੱਚ ਅਸਾਮੀਆਂ ਦੀ ਗਿਣਤੀ

403. **ਮਾਸਟਰ ਬਲਦੇਵ ਸਿੰਘ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਪੰਜਾਬ ਰਾਜ ਅਧੀਨ ਕਿੰਨੇ ਸਰਕਾਰੀ ਡਿਗਰੀ ਕਾਲਜ ਆਉਂਦੇ ਹਨ;

(ਅ) ਇਨ੍ਹਾਂ ਕਾਲਜਾਂ ਵਿੱਚ ਕਾਲਜ-ਵਾਰ ਗੈਰ ਅਧਿਆਪਨ ਅਮਲੇ ਦੀ ਕਿਹੜੀ-ਕਿਹੜੀ ਅਸਾਮੀ ਮਨਜ਼ੂਰਸ਼ੁਦਾ ਹੈ; ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ।

(ੲ) ਉਪਰੋਕਤ ਵਰਣਿਤ ਅਸਾਮੀਆਂ ਲਈ ਅਸਾਮੀ ਵਾਰ ਭਰਤੀ ਕਦੋਂ ਹੋਈ ਸੀ ਅਤੇ ਕੀ ਇਨ੍ਹਾਂ ਅਸਾਮੀਆਂ ਦੀ ਭਰਤੀ ਉੱਤੇ ਸਰਕਾਰ ਦੁਆਰਾ ਕੋਈ ਰੋਕ ਲਗਾਈ ਗਈ ਹੈ; ਜੇਕਰ ਅਜਿਹਾ ਨਹੀਂ ਹੈ ਤਾਂ ਸਰਕਾਰ ਦੁਆਰਾ ਭਰਤੀ ਨਾ ਕੀਤੇ ਜਾਣ ਦੇ ਕੀ ਕਾਰਨ ਹਨ;

(ਸ) ਅਧਿਆਪਨ ਅਮਲੇ ਦੀਆਂ ਅਸਾਮੀਆਂ ਦੀ ਵਿਸ਼ੇ ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ (ਜਨਰਲ, ਐਸ.ਸੀ., ਬੀ.ਸੀ. ਆਦਿ) ਲਈ ਕਿੰਨੀਆਂ-ਕਿੰਨੀਆਂ ਅਸਾਮੀਆਂ ਰਾਖਵੀਆਂ ਹਨ, ਇਨ੍ਹਾਂ ਵਿੱਚ ਕੈਟੇਗਿਰੀ ਵਾਈਜ਼ ਕਿੰਨੀਆਂ ਖਾਲੀ ਹਨ ਅਤੇ ਕਿੰਨੀਆਂ ਭਰੀਆਂ ਹਨ?

ਸ਼੍ਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ: (ੳ) ਪੰਜਾਬ ਰਾਜ ਦੇ ਅਧੀਨ ਕੁੱਲ 51 ਡਿਗਰੀ ਕਾਲਜ ਆਉਂਦੇ ਹਨ।

(ਅ) ਇਨ੍ਹਾਂ ਕਾਲਜਾਂ ਵਿੱਚ ਗੈਰ ਅਧਿਆਪਨ ਅਮਲੇ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਸਬੰਧੀ ਸੂਚਨਾ ਨਾਲ (ਅਨੁਲੱਗ-ੳ) ਨੱਥੀ ਕੀਤੀ ਜਾਂਦੀ ਹੈ।

(ੲ) ਗੈਰ ਅਧਿਆਪਨ ਅਮਲੇ ਦੀ ਭਰਤੀ ਆਖਰੀ ਵਾਰ ਸਾਲ 2001 ਵਿੱਚ ਹੋਈ ਸੀ। ਇਸ ਸਮੇਂ ਸਰਕਾਰ ਵੱਲੋਂ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਰੋਕ ਨਹੀਂ ਹੈ। ਖਾਲੀ ਅਸਾਮੀਆਂ ਭਰਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਮੰਗ ਪੱਤਰ ਭੇਜਿਆ ਹੋਇਆ ਹੈ।

(ਸ) ਅਧਿਆਪਨ ਅਮਲੇ ਦੀਆਂ ਅਸਾਮੀਆਂ ਦੀ ਵਿਸ਼ੇਵਾਰ ਕੁੱਲ ਗਿਣਤੀ ਅਤੇ (ਜਨਰਲ ਐਸ.ਸੀ., ਬੀ.ਸੀ. ਆਦਿ) ਲਈ ਕਿੰਨੀਆਂ ਕਿੰਨੀਆਂ ਅਸਾਮੀਆਂ ਰਾਖਵੀਆਂ ਹਨ, ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇਵਾਰ ਜਨਰਲ ਐਸ.ਸੀ., ਬੀ.ਸੀ., ਅਸਾਮੀਆਂ ਦੀ ਗਿਣਤੀ ਉਪਲਬਧ ਨਹੀਂ ਹੈ। ਇਹ ਵੀ ਦੱਸਿਆ ਜਾਦਾ ਹੈ ਕਿ ਰਾਖਵਾਂਕਰਨ ਵਿਸ਼ੇਵਾਰ ਨਹੀਂ ਕੀਤਾ ਜਾਂਦਾ ਬਲਕਿ ਕੁੱਲ ਅਧਿਆਪਨ ਅਸਾਮੀਆਂ ਤੇ ਆਧਾਰਿਤ ਹੁੰਦਾ ਹੈ। ਇਸ ਲਈ ਸੂਚਨਾ ਵੀ ਉਸੇ ਅਨੁਸਾਰ ਹੀ ਦਿੱਤੀ ਜਾ ਰਹੀ ਹੈ, ਜੋ ਕਿ ਅਨੁਲੱਗ-ਅ ਤੇ ਨੱਥੀ ਕੀਤੀ ਜਾਂਦੀ ਹੈ।

ਅਨੁਲਗ–'ੳ'

Details of Library/Laboratory Staff in Government Colleges

(Establishment Branch)

Sr. No.	**Government College**	**Librarians**			**Library Restorers**			**Table Instructor**			**Hostel Supd.**			**Nurse/Pharmacist**		
1	**2**	**3**			**4**			**5**			**6**			**7**		
	Name of College	**Total No. of Posts**	**Total No. of Posts**	**Total No. of Posts**	**Sanction**	**Vacant**	**Filled**	**Sanction**	**Vacant**	**Filled**	**Sanction**	**Vacant**	**Filled**	**Sanction**	**Vacant**	**Filled**
		1	**2**	**3**	**1**	**2**	**3**	**1**	**2**	**3**	**1**	**2**	**3**	**1**	**2**	**3**
1	ਸਰੂਪ ਰਾਣੀ ਸਰਕਾਰੀ ਕਾਲਜ, ਅੰਮ੍ਰਿਤਸਰ	02	02	02	1	0	1	4	3	1	1	1	0	1	1	0
2	ਸਰਕਾਰੀ ਕਾਲਜ, ਅਜਨਾਲਾ	01	01	01	1	0	1	0	0	0	0	0	0	0	0	0
3	ਸਰਕਾਰੀ ਰਜਿੰਦਰ ਕਾਲਜ, ਬਠਿੰਡਾ	02	02	02	1	1	0	2	2	0	1	1	0	0	0	0
4	ਬਾਬਾ ਸ੍ਰੀ ਚੰਦ ਜੀ ਕਾਲਜ ਸਰਦਾਰਗੜ੍ਹ	00	00	00	0	0	0	0	0	0	0	0	0	0	0	0
5	ਸਰਕਾਰੀ ਬਰਜਿੰਦਰਾ ਕਾਲਜ, ਫਰੀਦਕੋਟ	02	02	02	1	1	0	1	0	1	1	1	0	0	0	0
6	ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ	01	01	01	1	0	1	0	0	0	0	0	0	0	0	0
7	ਸਰਕਾਰੀ ਕਾਲਜ ਕੋਟਕਪੂਰਾ	01	01	01	0	0	0	1	0	1	0	0	0	0	0	0
8	ਸਰਕਾਰੀ ਕਾਲਜ, ਮੰਡੀ ਗੋਬਿੰਦਗੜ੍ਹ	01	01	01	1	1	0	2	2	0	0	0	0	0	0	0
9	ਸਰਕਾਰੀ ਕਾਲਜ, ਫਾਜ਼ਿਲਕਾ	01	01	01	0	0	0	0	0	0	0	0	0	0	0	0

Sr. No.	Government College	Librarians			Library Restorers			Table Instructor			Hostel Supd.			Nurse/Pharmacist		
1	2	3			4			5			6			7		
	Name of College	Total No. of Posts	Total No. of Posts	Total No. of Posts	Sanction	Vacant	Filled	Sanction	Vacant	Filled	Sanction	Vacant	Filled	Sanction	Vacant	Filled
		1	2	3	1	2	3	1	2	3	1	2	3	1	2	3
10	ਸਰਕਾਰੀ ਕਾਲਜ, ਜ਼ੀਰਾ	01	01	01	1	0	1	0	0	0	0	0	0	0	0	0
11	ਸਰਕਾਰੀ ਕਾਲਜ, ਗੁਰਪਾਸਪੁਰ	02	02	02	2	1	1	2	1	1	0	0	0	0	0	0
12	ਸਰਕਾਰੀ ਕਾਲਜ, ਕਾਲਾ ਅਫਗਾਨਾ	01	01	01	1	1	0	0	0	0	0	0	0	0	0	0
13	ਸਰਕਾਰੀ ਕਾਲਜ, ਹੁਸ਼ਿਆਰਪੁਰ	02	02	02	1	1	0	1	0	1	1	1	0	0	0	0
14	ਸਰਕਾਰੀ ਕਾਲਜ, ਤਲਵਾੜਾ	01	01	01	1	0	1	0	0	0	0	0	0	0	0	0
15	ਸਰਕਾਰੀ ਕਾਲਜ, ਟਾਂਡਾ ਉੜਮੁੜ	02	02	02	1	1	0	1	1	0	0	0	0	0	0	0
16	ਸਰਕਾਰੀ ਕਾਲਜ, ਜੰਡਿਆਲਾ	01	01	01	0	0	0	0	0	0	0	0	0	0	0	0
17	ਸਰਕਾਰੀ ਆਰਟਸ ਅਤੇ ਸਪੋਟਰਸ ਕਾਲਜ, ਜਲੰਧਰ	01	01	01	1	0	1	0	0	0	1	1	0	0	0	0
18	ਸਰਕਾਰੀ ਕਾਲਜ ਆਫ ਐਜੂਕੇਸ਼ਨ, ਜਲੰਧਰ	02	02	02	0	0	0	0	0	0	0	0	0	0	0	0
19	ਸਰਕਾਰੀ ਕਾਲਜ, ਭੁਲੱਥ	01	01	01	1	1	0	0	0	0	0	0	0	0	0	0
20	ਸਰਕਾਰੀ ਕਾਲਜ, ਨਵਾਬ ਜੱਸਾ ਸਿੰਘ ਆਹਲੂਵਾਲੀਆ ਗਰਲਜ਼ ਕਾਲਜ, ਕਪੂਰਥਲਾ	02	02	02	1	1	0	0	0	0	0	0	0	0	0	0
21	ਸਰਕਾਰੀ ਗਰਲਜ਼ ਕਾਲਜ	02	02	02	0	0	0	0	0	0	1	1	0	1	1	0

Sr. No.	Government College	Librarians			Library Restorers			Table Instructor			Hostel Supd.			Nurse/Pharmacist		
1	2	3			4			5			6			7		
	Name of College	Total No. of Posts	Total No. of Posts	Total No. of Posts	Sanction	Vacant	Filled	Sanction	Vacant	Filled	Sanction	Vacant	Filled	Sanction	Vacant	Filled
		1	2	3	1	2	3	1	2	3	1	2	3	1	2	3
	ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਜਗਰਾਂਉ															
22	ਸਰਕਾਰੀ ਕਾਲਜ, ਕਰਮਸਰ	01	01	01	1	1	0	0	0	0	0	0	0	0	0	0
23	ਸਰਕਾਰੀ ਕਾਲਜ ਆਫ ਬੁਆਇਜ਼, ਲੁਧਿਆਣਾ	04	04	04	0	0	0	0	0	0	0	0	0	0	0	0
24	ਸਰਕਾਰੀ ਕਾਲਜ ਗਰਲਜ਼, ਲੁਧਿਆਣਾ	03	03	03	1	1	0	5	1	4	0	0	0	0	0	0
25	ਸਰਕਾਰੀ ਕਾਲਜ, ਸਿੱਧਸਰ	01	01	01	1	1	0	0	0	0	0	0	0	0	0	0
26	ਸਰਕਾਰੀ ਕਾਲਜ, ਮਾਨਸਾ	01	01	01	0	0	0	0	0	0	0	0	0	0	0	0
27	ਸਰਕਾਰੀ ਕਾਲਜ, ਢਡੀਕੇ	01	01	01	1	0	1	0	0	0	0	0	0	0	0	0
28	ਸਰਕਾਰੀ ਕਾਲਜ, ਗੁਰੂ ਤੇਗ ਬਹਾਦਰਗੜ੍ਹ	01	01	01	1	1	0	0	0	0	0	0	0	0	0	0
29	ਸਰਕਾਰੀ ਕਾਲਜ, ਡੇਰਾਬਸੀ	01	01	01	0	0	0	0	0	0	0	0	0	0	0	0
30	ਸਰਕਾਰੀ ਕਾਲਜ, ਮੋਹਾਲੀ	01	01	01	1	1	0	2	1	1	0	0	0	1	0	1
31	ਸਰਕਾਰੀ ਕਾਲਜ, ਸ਼੍ਰੀ ਮੁਕਤਸਰ ਸਾਹਿਬ	02	02	02	1	1	0	0	0	0	0	0	0	0	0	0
32	ਸਰਕਾਰੀ ਕਾਲਜ, ਪੋਜੇਵਾਲ	01	01	01	1	1	0	0	0	0	0	0	0	0	0	0
33	ਸਰਕਾਰੀ ਰਿਪੁਦਮਨ	02	02	02	1	0	1	1	0	1	0	0	0	0	0	0

Sr. No.	Government College	Librarians			Library Restorers			Table Instructor			Hostel Supd.			Nurse/Pharmacist		
1	2	3			4			5			6			7		
	Name of College	Total No. of Posts	Total No. of Posts	Total No. of Posts	Sanction	Vacant	Filled	Sanction	Vacant	Filled	Sanction	Vacant	Filled	Sanction	Vacant	Filled
		1	2	3	1	2	3	1	2	3	1	2	3	1	2	3
	ਕਾਲਜ, ਨਾਭਾ															
34	ਸਰਕਾਰੀ ਕਾਲਜ, ਨਿਆਲਪਾਤੜਾਂ	01	01	01												
35	ਸਰਕਾਰੀ ਕਾਲਜ ਫਾਰ ਵਿਮੈਨ, ਪਟਿਆਲਾ	02	02	02	2	1	1	4	2	2	0	0	0	1	0	1
36	ਸਰਕਾਰੀ ਬਿਕਰਮ ਕਾਲਜ ਆਫ ਕਾਮਰਸ, ਪਟਿਆਲਾ	01	01	01	1	1	0	0	0	0	0	0	0	0	0	0
37	ਸਰਕਾਰੀ ਕਾਲਜ ਆਫ ਐਜੂਕੇਸ਼ਨ, ਪਟਿਆਲਾ	02	02	02	1	1	0	1	1	0	1	1	0	0	0	0
38	ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ	03	03	03	2	1	1	0	0	0	0	0	0	0	0	0
39	ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪਟਿਆਲਾ	01	01	01	1	1	0	0	0	0	1	1	0	2	1	1
40	ਸਰਕਾਰੀ ਕਾਲਜ ਨਯਾਂ ਨੰਗਲ	01	01	01	2	1	1	0	0	0	0	0	0	0	0	0
41	ਸਰਕਾਰੀ ਕਾਲਜ ਰੋਪੜ	02	02	02	1	0	1	0	0	0	1	1	0	0	0	0
42	ਸਰਕਾਰੀ ਕਾਲਜ ਮਲੇਰਕੋਟਲਾ	02	02	02	1	0	1	1	0	1	0	0	0	0	0	0
43	ਸਰਕਾਰੀ ਕਾਲਜ ਆਫ ਐਜੂਕੇਸ਼ਨ, ਮਲੇਰਕੋਟਲਾ	02	02	02	0	0	0	0	0	0	0	0	0	0	0	0
44	ਸਰਕਾਰੀ ਕਾਲਜ, ਸੰਗਰੂਰ	01	01	01	1	0	1	1	0	1	1	1	0	0	0	0

Sr. No.	Government College	Librarians			Library Restorers			Table Instructor			Hostel Supd.			Nurse/Pharmacist		
1	**2**	**3**			**4**			**5**			**6**			**7**		
	Name of College	**Total No. of Posts**	**Total No. of Posts**	**Total No. of Posts**	**Sanction**	**Vacant**	**Filled**	**Sanction**	**Vacant**	**Filled**	**Sanction**	**Vacant**	**Filled**	**Sanction**	**Vacant**	**Filled**
		1	**2**	**3**	**1**	**2**	**3**	**1**	**2**	**3**	**1**	**2**	**3**	**1**	**2**	**3**
45	ਸਰਕਾਰੀ ਕਾਲਜ, ਸੁਨਾਮ	01	01	01	1	0	1	0	0	0	0	0	0	0	0	0
46	ਸਰਕਾਰੀ ਕਾਲਜ, ਤਰਨਤਾਰਨ	01	01	01	1	1	1	0	0	0	0	0	0	0	0	0
47	ਸਰਕਾਰੀ ਕਾਲਜ, ਅਮਰਗੜ੍ਹ	1	0	1	1	0	1	0	0	0	0	0	0	0	0	0
48	ਸਰਕਾਰੀ ਕਾਲਜ, ਅਮਰਗੜ੍ਹ				0	0	0	0	0	0	0	0	0	0	0	0
49	ਸਰਕਾਰੀ ਕਾਲਜ, ਮੁੰਨੇ	1	1	1	1	1										
50	ਸਰਕਾਰੀ ਕਾਲਜ ਸ਼ਹੀਦ ਭਗਤ ਸਿੰਘ ਨਗਰ	0	0	0												
51	ਸਰਕਾਰੀ ਕਾਲਜ ਲੁਧਿਆਣਾ (ਈਸਟ)	0	0	0												
	Total				**40**	**23**	**17**	**30**	**15**	**15**	**6**	**6**	**0**	**6**	**3**	**3**

ਅਨੁਲੱਗ–ਅ

ਲੜੀ ਨੰ:	ਕੈਟੈਗਰੀ	ਕੈਟੈਗਰੀ ਵਾਇਜ ਮੰਨਜੂਰ ਸੂਦਾ ਪੋਸਟਾਂ ਦੀ ਗਿਣਤੀ	ਭਰੀਆਂ ਪੋਸਟਾਂ ਦੀ ਗਿਣਤੀ	ਖਾਲੀ ਪੋਸਟਾਂ ਦੀ ਗਿਣਤੀ	ਵਿਸ਼ੇਸ਼ ਕਥਨ
1	ਜਨਰਲ	938	219	719	
2	ਐਸ. ਸੀ.	187	45	142	
3	ਐਸ. ਸੀ. (ਐਮ. ਬੀ.)	187	39	148	
4	ਐਸ. ਸੀ. (ESM)	75	17	58	
5	ਐਸ. ਸੀ. (ਸਪੋਰਟਸ)	37	8	29	
6	ਓ. ਬੀ. ਸੀ.	131	29	102	
7	ਓ. ਬੀ. ਸੀ. (ਸਾਬਕਾ ਫੌਜੀ)	56	12	44	
8	ਸਾਬਕਾ ਫੌਜੀ ਸਾਬਕਾ ਫੌਜੀ (ਆਸ਼ਰਿਤ)	131	27	104	
9	ਅਜਾਦੀ ਘੁਲਾਟੀਏ	19	4	15	
10	ਅੰਗਹੀਣ	75	16	59	
11	ਸਪੋਰਟਸ	37	8	29	
	ਕੁੱਲ ਜੋੜ	**1873**	**424**	**1449**	

ਅਨੁਲਗ–'ਅ'(ਪੰਨਾ–2)

Subject	**Sanctioned Posts**	**Vacant Posts**
Agriculture	6	3
Agronomy	1	1
Bio-Chemistry	5	5
Bio-Science	2	1
Biology	5	2
Botony	65	49
Chemistry	106	85
Commerce	111	69
Computer Science	55	50
Dance	8	5
Defence Studies	3	3
Diet & Nutrition	1	0
Economics	101	92
Education	3	3
Environment Science	3	3
English	225	152
Fine Arts	28	25
Folk Art & Culture	2	2
Food & Quality Cooking	1	1
General Science	2	1
Geography	80	61
Guidance & Councelling	1	0
Hindi	73	52
History	99	78
History of Arts	1	1
Home Science	31	20
Horticulture	1	1
Teaching of Life Science	1	1
Linguistics	2	2
Mathematics	84	71
Industrial Micro Biology	1	1
Music Instrument	29	16
Music Vocal	26	20
Philosophy	22	18
Physical Education	100	67
Physics	86	63
Plant Breeding	1	0
Political Science	109	89
Psychology	30	20
Public Administration	15	13
Punjabi	248	219
Sanskrit	17	10
Sociology	17	15
Soil Science	1	1
Statistics	1	1
Teaching of Physical Science	1	0
Urdu Total	4	3
Zoology	57	52
Total	1873	1449

ਸਰਕਾਰੀ ਕਾਲਜਾਂ ਵਿੱਚ ਅਧਿਆਪਨ ਅਮਲੇ ਦੀਆਂ ਅਸਾਮੀਆਂ

404. **ਸਰਦਾਰ ਬਲਦੇਵ ਸਿੰਘ ਕਲਿਆਣ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਸਾਲ 2000 ਤੋਂ ਸਰਕਾਰੀ ਕਾਲਜਾਂ ਵਿੱਚ ਅਧਿਆਪਨ ਅਮਲੇ ਦੀ ਕਿੰਨੀ ਭਰਤੀ ਹੋਈ ਅਤੇ ਕਿੰਨੀਆਂ ਅਸਾਮੀਆਂ ਖਾਲੀ ਹਨ;

(ਅ) ਕੀ ਖਾਲੀ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:- (ੳ) ਸਾਲ 2000 ਤੋਂ ਸਰਕਾਰੀ ਕਾਲਜਾਂ ਵਿੱਚ ਅਧਿਆਪਨ ਅਮਲੇ ਦੀਆਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਕੁੱਲ 89 ਅਸਾਮੀਆਂ ਭਰੀਆਂ ਗਈਆਂ ਸਨ। ਇਸ ਸਮੇਂ ਅਧਿਆਪਨ ਅਮਲੇ ਦੀਆਂ 1449 ਅਸਾਮੀਆਂ ਖਾਲੀ ਹਨ।

(ਅ) ਹਾਂ ਜੀ, ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਦੇ ਅਧਿਆਪਨ ਅਮਲੇ ਦੀਆਂ ਖਾਲੀ ਪਈਆਂ 1449 ਅਸਾਮੀਆਂ ਨੂੰ ਭਰਨ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜਿਸ ਰਾਹੀਂ ਖਾਲੀ ਪਈਆਂ 1449 ਅਸਾਮੀਆਂ ਨੂੰ ਭਰਨ ਸਬੰਧੀ ਪ੍ਰਵਾਨਗੀ ਵਿੱਤ ਵਿਭਾਗ ਅਤੇ ਪ੍ਰਸੋਨਲ ਵਿਭਾਗ ਤੋਂ ਮੰਗੀ ਗਈ ਹੈ ਅਤੇ ਨਾਲ ਹੀ ਇਨ੍ਹਾਂ ਅਸਾਮੀਆਂ ਨੂੰ ਭਰਨ ਸਬੰਧੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨਾਲ ਵੀ ਪੱਤਰ ਵਿਹਾਰ ਕੀਤਾ ਜਾ ਰਿਹਾ ਹੈ।

ਡੀ.ਪੀ.ਆਈ. ਕਾਲਜਾਂ ਅਧੀਨ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜ

405. **ਮਾਸਟਰ ਬਲਦੇਵ ਸਿੰਘ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਪੰਜਾਬ ਰਾਜ ਵਿੱਚ ਡੀ.ਪੀ.ਆਈ. ਕਾਲਜਾਂ ਅਧੀਨ ਕਿੰਨੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜ ਆਉਂਦੇ ਹਨ ਅਤੇ ਇਨ੍ਹਾਂ ਕਾਲਜਾਂ ਵਿੱਚ ਕਾਲਜ ਵਾਰ ਗ੍ਰਾਂਟ-ਇਨ-ਏਡ ਅਧੀਨ ਕਿਸ-ਕਿਸ ਵਿਸ਼ੇ ਦੀਆਂ ਕਿੰਨੀਆਂ-ਕਿੰਨੀਆਂ ਅਧਿਆਪਨ ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਵਿੱਚ ਖਾਲੀ ਅਸਾਮੀਆਂ ਨੂੰ ਕਰਨ ਦੀ ਸਰਕਾਰ ਦੀ ਕੀ ਤਜਵੀਜ਼ ਹੈ?

(ਅ) ਗ੍ਰਾਂਟ-ਇਨ-ਏਡ ਕਾਲਜਾਂ ਵਿੱਚ ਕਾਲਜ ਵਾਰ ਗੈਰ ਅਧਿਆਪਨ ਕਿਹੜੀ-ਕਿਹੜੀ ਅਸਾਮੀ ਮਨਜ਼ੂਰਸ਼ੁਦਾ ਹੈ ਅਤੇ ਉਸ ਦੀ ਗਿਣਤੀ ਕਿੰਨੀ ਹੈ;

(ੲ) ਇਨ੍ਹਾਂ ਵਿੱਚੋਂ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਖਾਲੀ ਅਸਾਮੀਆਂ ਨੂੰ ਭਰਨ ਦੀ ਸਰਕਾਰ ਦੀ ਕੀ ਤਜਵੀਜ਼ ਹੈ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ: (ੳ) ਸ਼੍ਰੀਮਾਨ ਜੀ, ਪੰਜਾਬ ਰਾਜ ਵਿੱਚ ਡੀ.ਪੀ.ਆਈ. ਕਾਲਜਾਂ ਅਧੀਨ 136 ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜ ਆਉਂਦੇ ਹਨ। ਕਾਲਜ ਵਾਰ ਗ੍ਰਾਂਟ-ਇਨ-ਏਡ ਅਧੀਨ ਕਿਸ-ਕਿਸ ਵਿਸ਼ੇ ਦੀਆਂ ਕਿੰਨੀਆਂ-ਕਿੰਨੀਆਂ ਅਧਿਆਪਨ ਅਸਾਮੀਆਂ ਮਨਜ਼ੂਰਸ਼ੁਦਾ ਹਨ, ਸਬੰਧੀ ਸੂਚਨਾ ਅਨੁਲੱਗ (ੳ)** ਤੇ ਹੈ ਜੀ, ਅਧਿਆਪਨ ਵਿੱਚ ਕੁੱਲ 3566 ਅਸਾਮੀਆਂ ਮਨਜ਼ੂਰਸ਼ੁਦਾ ਹਨ। ਸਾਲ 2014 ਵਿੱਚ ਸਰਕਾਰ ਵੱਲੋਂ ਖਾਲੀ ਪਈਆਂ 1925 ਪੋਸਟਾਂ ਨੂੰ ਭਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਸੀ। ਜਿਨ੍ਹਾਂ ਵਿੱਚੋਂ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵੱਲੋਂ ਹੁਣ ਤੱਕ ਤਕਰੀਬਨ 80 ਪ੍ਰਤੀਸ਼ਤ ਪੋਸਟਾਂ ਭਰ ਲਈਆਂ ਗਈਆਂ ਹਨ।

(ਅ) ਗ੍ਰਾਂਟ-ਇਨ-ਏਡ ਕਾਲਜਾਂ ਵਿੱਚਕਾਲਜ ਵਾਰ ਗੈਰ ਅਧਿਆਪਨ ਅਸਾਮੀਆਂ ਦੀ ਸੂਚਨਾ ਅਨੁਲੱਗ (ਅ)** ਤੇ ਹੈ ਜੀ।

(ੲ) ਕਾਲਜਾਂ ਵਿੱਚ ਜਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ 3 ਸਾਲਾਂ ਵਿੱਚ ਭਰਿਆ ਜਾ ਰਿਹਾ ਹੈ, ਇਸ ਸਬੰਧੀ ਸਾਲ 2016 ਅਤੇ 2018 ਵਿੱਚ ਦਫਤਰ ਡੀ.ਪੀ.ਆਈ. ਕਾਲਜਾਂ ਵੱਲੋਂ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚੋਂ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵੱਲੋਂ ਹੁਣ ਤੱਕ ਤਕਰੀਬਨ 75 ਪ੍ਰਤੀਸ਼ਤ ਪੋਸਟਾਂ ਭਰ ਲਈਆਂ ਗਈਆਂ ਹਨ।

** Placed in Revisor's Branch

ਰਾਜ ਦੇ ਸਰਕਾਰੀ ਬਹੁਤਕਨੀਕੀ ਕਾਲਜ

406. **ਮਾਸਟਰ ਬਲਦੇਵ ਸਿੰਘ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਪੰਜਾਬ ਰਾਜ ਅਧੀਨ ਕਿੰਨੇ ਸਰਕਾਰੀ ਬਹੁਤਕਨੀਕੀ ਕਾਲਜ ਆਉਂਦੇ ਹਨ ਅਤੇ ਇਹ ਕਿੱਥੇ-ਕਿੱਥੇ ਸਥਿਤ ਹਨ;

(ਅ) ਕਾਲਜ ਵਾਰ ਕਿਹੜੀਆਂ-ਕਿਹੜੀਆਂ ਟਰੇਡਾਂ ਚੱਲ ਰਹੀਆਂ ਹਨ ਅਤੇ ਇਨ੍ਹਾਂ ਵਿੱਚ ਵਿਦਿਆਰਥੀਆਂ ਦੀ ਇੰਨਟੇਕ ਕਿੰਨੀ-ਕਿੰਨੀ ਹੈ;

(ੲ) ਜੁਲਾਈ 2018 ਤੋਂ ਦਸੰਬਰ, 2018 ਤੱਕ ਅਤੇ ਜਨਵਰੀ, 2019 ਤੋਂ ਜੂਨ, 2019 ਤੱਕ ਕਾਲਜ ਵਾਰ ਹਰ ਅਧਿਆਪਕ ਨੇ ਕਿਹੜੇ-ਕਿਹੜੇ ਵਿਸ਼ੇ ਪੜ੍ਹਾਏ;

(ਸ) ਅਧਿਆਪਕਾਂ ਦੀ ਵਿਦਿਅਕ ਯੋਗਤਾ ਕੀ ਹੈ ਅਤੇ ਉਨ੍ਹਾਂ ਦਾ ਟੀਚਿੰਗ ਲੋੜ ਪ੍ਰਤੀ ਹਫਤਾ ਕਿੰਨਾ ਰਿਹਾ?

ਸਰਦਾਰ ਚਰਨਜੀਤ ਸਿੰਘ ਚੰਨੀ:

(ੳ) ਪੰਜਾਬ ਰਾਜ ਵਿੱਚ 26 ਸਰਕਾਰੀ ਬਹੁਤਕਨੀਕੀ ਕਾਲਜ/ਸਪੈਸ਼ਲ ਟਰੇਡ ਸੰਸਥਾਵਾਂ ਹਨ। ਇਨ੍ਹਾਂ ਸੰਸਥਾਵਾਂ ਦੀ ਸੂਚੀ ਅਨੁਲੱਗ-ੳ** ਤੇ ਹੈ ਜੀ।

(ਅ) ਕਾਲਜਵਾਰ ਚਲਦੀਆਂ ਟਰੇਡਾਂ ਅਤੇ ਇੰਨਟੇਕ ਦੀ ਸੂਚਨਾ ਅਨੁਲੱਗ-ਅ** ਤੇ ਹੈ ਜੀ।

(ੲ) ਇਸ ਸਬੰਧੀ ਰਾਜ ਦੇ ਸਾਰੇ ਸਰਕਾਰੀ ਬਹੁਤਕਨੀਕੀ ਕਾਲਜ/ਸਪੈਸ਼ਲ ਟਰੇਡ ਸੰਸਥਾਵਾਂ ਦੇ ਪ੍ਰਿੰਸੀਪਲਾਂ ਤੋਂ ਸੂਚਨਾ ਪ੍ਰਾਪਤ ਕੀਤੀ ਗਈ ਹੈ, ਜੋ ਕਿ ਅਨੁਲੱਗ-ੲ** ਤੇ ਹੈ ਜੀ।

(ਸ) ਅਧਿਆਪਕਾਂ ਦੀ ਘੱਟੋ-ਘੱਟ ਵਿਦਿਅਕ ਯੋਗਤਾ ਬੀ.ਟੈਕ ਹੈ। ਟੀਚਿੰਗ ਲੋਡ ਪ੍ਰਤੀ ਹਫਤਾ ਸਰਵ ਭਾਰਤੀ ਤਕਨੀਕੀ ਸਿੱਖਿਆ ਕੌਂਸਲ ਦੇ ਨਿਯਮਾਂ ਮੁਤਾਬਿਕ ਮਿੱਥਿਆ ਜਾਂਦਾ ਹੈ, ਜੋ ਕਿ ਅਨੁਲੱਗ-ਸ** ਤੇ ਹੈ ਜੀ।

** Placed in Revisor's Branch

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 407**

(ਇਸ ਪ੍ਰਸ਼ਨ ਦੀ ਐਕਸਟੇਸ਼ਨ ਮੰਗੀ ਗਈ ਹੈ।)

ਮਾਨਯੋਗ ਸਪੀਕਰ: ਹੁਣ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀਜ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

MATTERS RAISED DURING ZERO HOUR AND STATEMENTS BY THE MINISTER THEREON

ਮਾਨਯੋਗ ਸਪੀਕਰ: ਸਭ ਤੋਂ ਪਹਿਲਾਂ ਮੈਂ ਇੱਕ ਪ੍ਰਾਰਥਨਾ ਸਾਰੇ ਹਾਊਸ ਨੂੰ ਕਰਨੀ ਹੈ।ਸਾਰੇ ਹਾਊਸ ਨੂੰ ਇੱਕ ਪ੍ਰਾਰਥਨਾ ਕਰਨੀ ਹੈ, ਉਹ ਇਹ ਹੈ ਕਿ ਸਾਰੀਆਂ ਹੀ ਪਾਰਟੀਆਂ ਦੇ ਥੋੜ੍ਹੇ-ਥੋੜ੍ਹੇ ਬੁਲਾਰੇ ਹਰ ਗੱਲ ਵਿੱਚ ਦਖਲ ਦਿੰਦੇ ਹਨ, ਜਿਸ ਨਾਲ ਤਕਰੀਬਨ ਸਾਰੀਆਂ ਹੀ ਪਾਰਟੀਆਂ ਦੇ ਕੁਝ ਬੁਲਾਰੇ ਬੋਲਣ ਤੋਂ ਰਹਿ ਜਾਂਦੇ ਹਨ। ਇਸ ਗੱਲ ਵਿੱਚ ਕੋਆਪਰੇਟ ਕਰੋ ਕਿ ਜਿਹੜੇ ਮੈਂਬਰ ਘੱਟ ਬੋਲਦੇ ਹਨ, ਜਿਹੜੇ ਮੈਂਬਰ ਆਪਣੀ ਗੱਲ ਰੱਖਣ ਲਈ ਬਹੁਤਾ ਹੱਥ ਨਹੀਂ ਚੁੱਕਦੇ ਹਨ ਜਾਂ ਜਿਹੜੇ ਬਹੁਤਾ ਰੌਲਾ ਨਹੀਂ ਪਾਉਂਦੇ ਹਨ, ਉਨ੍ਹਾਂ ਨੂੰ ਪਲੀਜ਼ ਮੌਕਾ ਦਿਆ ਕਰੋ। ਇਹ ਤੁਸੀਂ ਆਪਣੀਆਂ-ਆਪਣੀਆਂ ਪਾਰਟੀਆਂ ਦੀ ਮੈਨੇਜਮੈਂਟ ਕਰੋ, ਇਹਸਹੀ ਨਹੀਂ ਕਿ ਸਾਰੀਆਂ ਪਾਰਟੀਆਂ ਵਿੱਚੋਂ ਦੋ-ਤਿੰਨ ਮੈਂਬਰ ਹਰ ਇਸ਼ੂ ਤੇ ਖੜ੍ਹੇ ਹੋ ਕੇ ਗੱਲ ਕਰ ਲੈਣ ਔਰ ਬਾਕੀਆਂ ਨੂੰ ਟਾਈਮ ਹੀ ਨਾ ਦੇਣ। ਪਲੀਜ਼ ਇਹ ਮੇਰੀ ਪ੍ਰਾਰਥਨਾ ਹੈ, ਮੇਰੀ ਇਸ ਪ੍ਰਾਰਥਨਾ ਤੇ ਗੌਰ ਕਰਿਓ।

ਹੁਣ ਜ਼ੀਰੋ ਆਵਰ ਸ਼ੁਰੂ ਹੁੰਦਾ ਹੈ। ਹਾਂ ਜੀ, ਮਜੀਠੀਆ ਜੀ।

ਸਰਦਾਰ ਬਿਕਰਮ ਸਿੰਘ ਮਜੀਠੀਆ: ਸਪੀਕਰ ਸਾਹਿਬ, ਇਸ ਹਾਊਸ ਵਿੱਚ ਮੈਂ ਬਹੁਤ ਹੀ ਜ਼ਰੂਰੀ ਮੁੱਦਾ ਲਿਆਉਣਾ ਚਾਹੁੰਦਾ ਹਾਂ ਜਿਹੜਾ ਅੱਜ ਅਖਬਾਰਾਂ ਦੀ ਹੈੱਡਲਾਈਨ ਵੀ ਬਣਿਆ ਹੈ ਔਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 200 ਕਰੋੜ ਰੁਪਏ ਤੋਂ ਵੱਧ ਦਾ ਮੈਡੀਸਨ ਘੁਟਾਲਾ ਹੋਇਆ ਹੈ ਔਰ ਉਸ ਮੈਡੀਸਨ ਘੁਟਾਲੇ ਦੇ ਸੈਂਟਰ ਖਿਡਾਰੀ **Buprenorphine ਮੈਡੀਸਨ ਉੱਤੇ ਈ.ਡੀ. ਦੀ ਇਨਕੁਆਰੀ ਮਾਰਕ ਹੋ ਗਈ ਹੈ ਮਗਰ ਪੰਜਾਬ ਸਰਕਾਰ ਨੇ ਅੱਜ ਤੱਕ ਉਹ ਪੰਜ ਕਰੋੜ ਮੀਸਿੰਗ ਟੈਬਲੈਟਸ ਦੇ ਉੱਤੇ ਨਾ ਕੋਈ

** For unstarred question no. 407 and reply thereto please see

** Expunged/Not recorded as ordered by the Hon'ble Speaker

ਇਨਕੁਆਰੀ ਮਾਰਕ ਕੀਤੀ ਹੈ ਅਤੇ ਨਾ ਕੋਈ ਕਾਰਵਾਈ ਕੀਤੀ ਹੈ। ਡੀ-ਐਡਕਿਸ਼ਨ ਸੈਂਟਰ ਤੋਂ ਪੰਜ ਕਰੋੜ ਟੈਬਲੈਟ ਮੀਸਿੰਗ ਹੋ ਜਾਣਾ ਔਰ ਅੱਜ ਵੀ ਮਨਿਸਟਰ ਸਾਹਿਬ ਉਥੇ ਬੈਠੇ ਹਨ ਅਤੇ 200 ਕਰੋੜ ਰੁਪਏ ਦੀ ਹੇਰਾਫੇਰੀ ਹੋ ਜਾਣੀ। ਇਸ ਸਬੰਧੀ ਇਨਫੋਰਸਮੈਂਟ ਡਾਇਰੈਕਟਰ ਦੀ ਇਨੁਕਆਰੀ ਮਾਰਕ ਹੋ ਗਈ ਹੈ।ਸਪੀਕਰ ਸਾਹਿਬ, yesterday ਡਾ. ਸੁਖਵਿੰਦਰ ਸੁਖੀ ਜੀ ਨੇ ਗੱਲ ਕਰਦੇ ਹੋਏ ਸਵਾਲ ਉਠਾਇਆ ਸੀ ਪਰੰਤੂ ਉਸ ਦਾ ਜਵਾਬ ਨਹੀਂ ਆਇਆ **ਅਦਰਵਾਈਜ਼ ਇੰਨਾ ਵੱਡਾ ਫਰਾਡ, ਇੰਨਾ ਵੱਡਾ ਘਪਲਾ ਹੋ ਨਹੀਂ ਸਕਦਾ ਸੀ। We demand an immediate inquiry and **200 ਕਰੋੜ ਦੀ ਠੱਗੀ....(ਵਿਘਨ)

ਮਾਨਯੋਗ ਸਪੀਕਰ: ਚੱਲੋ, ਤੁਹਾਡੀ ਗੱਲ ਆ ਗਈ ਹੈ। (ਵਿਘਨ) ਤੁਹਾਡੀ ਗੱਲ ਆ ਗਈ ਹੈ।(ਵਿਘਨ) ਸਰਦਾਰ ਬਲਬੀਰ ਸਿੰਘ ਸਿੱਧੂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਕੇ **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ): ਸਪੀਕਰ ਸਾਹਿਬ, ਜਿਹੜਾ ਬੰਦਾ ਸਭ ਤੋਂ ਉੱਚੀ ਆਵਾਜ਼ ਬੋਲ ਰਿਹਾ ਹੈ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ)। ਇਸ ਨੇ ਚਿੱਟੇ ਦਾ ਵਪਾਰ ਪੰਜਾਬ ਵਿੱਚ ਕੀਤਾ। (ਵਿਘਨ) ਸੁਣੋ ਮੇਰੀ ਗੱਲ। ਇਹ ਵਪਾਰੀ ਹੈ, ਮੈਂ ਜਵਾਬ ਦਿੰਦਾ ਹਾਂ ਜੀ ਔਰ ਜੇ ਅੱਜ...(ਵਿਘਨ)

ਮਾਨਯੋਗ ਸਪੀਕਰ: ਇਸ ਇਸ਼ੂ ਤੇ ਜਵਾਬ ਦਿਓ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ) ਸੀਟਾਂ ਤੇ ਬੈਠ ਕੇ ਗੱਲ ਕਰੋ। (ਵਿਘਨ) ਸੀਟਾਂ ਤੇ ਬੈਠ ਕੇ ਗੱਲ ਕਰੋ।(ਵਿਘਨ) ਸੀਟਾਂ ਤੇ ਬੈਠ ਕੇ ਗੱਲ ਕਰੋ।ਤੁਸੀਂ ਸੀਟਾਂ ਤੇ ਬੈਠ ਕੇ ਗੱਲ ਕਰੋ।(ਵਿਘਨ)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ: ਸਪੀਕਰ ਸਾਹਿਬ, ...(ਵਿਘਨ) ਉਨ੍ਹਾਂ ਐਡੀਕਟਰਜ਼ ਦਾ ਇਲਾਜ ਕਰਨ ਵਾਸਤੇ ਅਸੀਂ ਡੀ-ਐਡਕਿਸ਼ਨ ਸੈਂਟਰ ਖੋਲ੍ਹੇ ਔਰ ਉਹ ਸਾਰੇ ਪ੍ਰਾਈਵੇਟ ਡੀ-ਐਡਕਿਸ਼ਨ ਸੈਂਟਰ ਹਨ, ਉਹ ਖੁਦ ਪਰਚੇਜ਼ ਕਰਦੇ ਹਨ (ਵਿਘਨ)..

ਮਾਨਯੋਗ ਸਪੀਕਰ: **ਨਾਅਰੇ ਰਿਕਾਰਡ ਨਾ ਕੀਤੇ ਜਾਣ।ਸੀਟਾਂ ਤੇ ਬੈਠੋ, ਸੀਟਾਂ ਤੇ ਬੈਠੋ (ਵਿਘਨ)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ: ਅਸੀਂ ਉਨ੍ਹਾਂ ਦੀ ਮੋਨੀਟਰਿੰਗ ਕੀਤੀ ਹੈ ਅਤੇ ਕੱਲ੍ਹ ਮੈਂ ਸਾਹਮਣੇ ਲੈ ਕੇ ਆਇਆ ਹਾਂ ਕਿ ਮੀਸਿੰਗ ਹੋ ਰਹੀ ਹੈ ਪਰ ਬਹੁਤ ਸਾਰੇ ਲੋਕਾਂ ਨੇ ਜਿਹੜੇ ਆਪਣੇ ਸੈਂਟਰ ਖੋਲ੍ਹੇ ਹੋਏ ਸਨ, ਜਿਹੜੇ ਆਨਲਾਈਨ ਨਹੀਂ ਸਨ, ਉਹ ਅਸੀਂ ਸਾਰੇ ਆਨਲਾਈਨ ਕਰਵਾਏ ਹਨ।(ਵਿਘਨ) ਇਨ੍ਹਾਂ ਦੀਆਂ **ਅਸੀਂ ਲੋਕਾਂ ਸਾਹਮਣੇ ਲੈ ਕੇ ਆਏ ਹਾਂ। ਸਾਢੇ ਤਿੰਨ ਲੱਖ ਨੌਜਵਾਨ, ਜਿਹੜੇ ਕਿ ਅੱਜ ਆਪਣੀ ਜ਼ਿੰਦਗੀ ਜੀਅ ਰਹੇ ਹਨ, ਇਨ੍ਹਾਂ ਦੀ ਬਦੌਲਤ ਉਨ੍ਹਾਂ ਦੀ ਜ਼ਿੰਦਗੀ ਬਰਬਾਦ ਹੋਈ ਸੀ। ਮੈਂ ਕਹਿੰਦਾ ਹਾਂ ਕਿ ਓਪਨ ਇਨਕੁਆਰੀ ਈ.ਡੀ. ਦੀ ਹੋਵੇ ਜਾਂ ਜਿਸ ਮਰਜੀ ਦੀ ਹੋਵੇ, ਉਸ ਵਿੱਚ ਪੰਜਾਬ ਸਰਕਾਰ ਜਾਂ ਕਿਸੇ ਮੰਤਰੀ ਦਾ ਕੋਈ ਰੋਲ ਨਹੀਂ ਹੈ।ਇਹ ਸਾਰਾ ਡਰਾਮਾ ਕਰਦੇ ਹਨ। (ਵਿਘਨ) ਔਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ 67 ਸੈਂਟਰ ਜਾਂ 23erring De-addiction ਸੈਂਟਰਜ਼ ਪਾਏ ਗਏ ਹਨ, ਉਨ੍ਹਾਂ ਸਾਰਿਆਂ ਨੂੰ ਨੋਟਿਸ ਜਾਰੀ ਹੋ ਚੁੱਕੇ ਹਨ ਔਰ ਬਕਾਇਦਾ ਇਨਕੁਆਰੀ ਵੀ ਚੱਲ ਰਹੀ ਹੈ (ਵਿਘਨ) ਅੱਜ ਇਹ ਕਹਿੰਦੇ ਹਨ ਕਿ.... (ਵਿਘਨ)

ਮਾਨਯੋਗ ਸਪੀਕਰ: ਸੀਟਾਂ ਤੇ ਬੈਠੋ। ਜ਼ੀਰੋ ਆਵਰ ਹੈ।ਸੀਟਾਂ ਤੇ ਬੈਠੋ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਨੂੰ ਸੰਬੋਧਨ) ਜ਼ੀਰੋ ਆਵਰ ਚੱਲਣ ਦਿਓ।(ਵਿਘਨ) ਜਿਹੜੀ ਗੱਲ ਕਰਨੀ ਹੈ, ਉਹ ਸੀਟਾਂ ਤੇ ਜਾ ਕੇ ਕਰ ਸਕਦੇ ਹੋ, ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ ਤਾਂ ਉਸ ਦੌਰਾਨ ਗੱਲ ਕਰ ਲੈਣਾ।(ਵਿਘਨ)

ਸ਼੍ਰੀ ਅਮਨ ਅਰੋੜਾ: ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਹੈ ਜੀ।

ਮਾਨਯੋਗ ਸਪੀਕਰ: ਹਾਂ ਜੀ, ਅਮਨ ਜੀ।

ਸ਼੍ਰੀ ਅਮਨ ਅਰੋੜਾ:ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ।(ਵਿਘਨ,ਸ਼ੋਰ)

ਮਾਨਯੋਗ ਸਪੀਕਰ: ਹਾਂ ਜੀ, ਸਿੱਧੂ ਸਾਹਿਬ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ): ਸਪੀਕਰ ਸਾਹਿਬ ED ਕੋਲ ਜਿਹੜਾ ਚਿੱਟੇ ਦਾ ਕੇਸ ਪੈਂਡਿੰਗ ਪਿਆ ਹੈ, ਉਸ ਨੂੰ ਰੀ-ਓਪਨ ਕਰਵਾਓ। ਇਹ ਵੀ ਅੱਜ ਹਾਊਸ ਵਿੱਚ ਮਤਾ ਲੈ ਕੇ ਆਓ ਤਾਂ ਕਿ ਚੋਰ ਸਾਹਮਣੇ ਆ ਸਕੇ (ਵਿਘਨ, ਸ਼ੋਰ) ਦੂਜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ 200 ਕਰੋੜ ਰੁਪਏ ਦੀ ਮੈਡੀਸਿਨ ਦੀ ਇਨਕੁਆਰੀ ਵੀ ਮੈਂ ਰਿਕਾਰਡ ਤੇ ਲੈ ਕੇ ਆਇਆ ਹਾਂ। ਇਹ ਨਹੀਂ ਲੈ ਕੇ ਆਏ, ਸਾਡੀ ਸਰਕਾਰ ਲੈ ਕੇ ਆਈ ਹੈ। (ਵਿਘਨ, ਸ਼ੋਰ)

** Expunged as ordered by the Hon'ble Speaker

ਮਾਨਯੋਗ ਸਪੀਕਰ: (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਮੇਰੀ ਰਿਕੁਐਸਟ ਸੁਣੋ ਜੀ, ਮੇਰੀ ਰਿਕੁਐਸਟ ਸੁਣੋ। ਜ਼ੀਰੋ ਆਵਰ ਵਿੱਚ ਵਜੀਰ ਸਾਹਿਬ ਨੂੰ compelਨਹੀਂ ਕੀਤਾ ਜਾ ਸਕਦਾ ਕਿ ਤੁਸੀਂ ਜਵਾਬ ਦੇਵੋ। You have raised the issue, you have raised the issue. Ultimately it is up to the Government to respond ਗਵਰਨਰ ਐਡਰੈਸ ਤੇ ਸੀ.ਐਮ. ਸਾਹਿਬ ਜਵਾਬ ਦੇ ਦੇਣਗੇ। ਅੱਜ ਸੀ.ਐਮ. ਸਾਹਿਬ ਨੇ ਬੋਲਣਾ ਹੈ।You have raised the issue, you have raised the issue. Ultimately it is up to the Government to respond. It is for the Government to respond. ਸੀ.ਐਮ. ਸਾਹਿਬ ਗਵਰਨਰ ਅਡਰੈਸ ਤੇ ਜਵਾਬ ਦੇ ਦੇਣਗੇ। ਅੱਜਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:ਇਹ ਸੀਟਾਂ ਤੇ ਬੈਠ ਕੇ ਗੱਲ ਕਰਨ। ਇਹ ਦੱਸੋ ਕਿ ਇਨਕੁਆਰੀ ਕਿਸ ਨੇ ਕੀਤੀ ਹੈ? ਸਪੀਕਰ ਸਾਹਿਬ, ਇਹ ਇਨਕੁਆਰੀ ਵੀ ਮੈਂ ਕੀਤੀ ਹੈ। ਇਹ ਸਭ ਕੁਝ ਮੈਂ ਸਾਹਮਣੇ ਲੈ ਕੇ ਆਇਆ ਹਾਂ। (ਥੰਪਿੰਗ) ਜਿਹੜੀ 35 ਰੁਪਏ ਦੀ ਗੋਲੀ ਸੀ, ਉਹ 7 ਰੁਪਏ ਦੀ ਮੈਂ ਕੀਤੀ ਹੈ। (ਵਿਘਨ, ਸ਼ੋਰ)

ਮਾਨਯੋਗ ਸਪੀਕਰ:ਸੀਟਾਂ ਤੇ ਬੈਠੋ ਜੀ। ਸਰਦਾਰਹਰਪਾਲ ਚੀਮਾ ਜੀ ਕੁਝ ਕਹਿਣਾ ਚਾਹੁੰਦੇ ਹਨ।

WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਵਿਰੁੱਧ ਕਾਰਵਾਈ ਦੀ ਮੰਗ ਨਾ ਮੰਨੇ ਜਾਣ ਦੇ ਰੋਸ ਵਜੋਂ ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

MATTERS RAISED DURING ZERO HOUR AND STATEMENTS BY THE MINISTER THEREON (RESUMPTION)

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਪੰਜਾਬ ਦੀ ਆਨਰੇਬਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ SIT ਬਣਾਈ ਸੀ,Special Investigation Teamਬਣਾਈ ਸੀ ਜਿਸ ਦੇ ਮੁਖੀ S.S Chattopadhyayਸੀ। ਜਿਹੜੀ ਕਵਰ ਸੀਲ ਬਣਾਈ ਗਈ ਸੀ, ਉਹ ਪੰਜਾਬ ਦੇ ਨਸ਼ਿਆਂ ਨੂੰ ਲੈ ਕੇ ਬਣਾਈ ਗਈ ਸੀ।ਜਿਹੜੀ ਪੰਜਾਬ ਦੇ ਨਸ਼ਿਆਂ ਤੇ ਰਿਪੋਰਟ ਸੀ, ਉਹ ਆਨਰੇਬਲ ਪੰਜਾਬ ਅਤੇ ਹਰਿਆਣਾ ਹਾਈ

** Not recorded as ordered by the Chair

ਕੋਰਟ ਦੇ ਵਿੱਚ ਪੈਂਡਿੰਗ ਪਈ ਹੈ। ਸਪੀਕਰ ਸਾਹਿਬ, ਪੰਜਾਬ ਸਰਕਾਰ ਸਪੈਸ਼ਲ ਲੀਵ ਪਟੀਸ਼ਨ ਪਾ ਕੇ ਜਾਂ ਉਸ ਨੂੰ prepondedਲਈ ਅਰਜ਼ੀ ਨਹੀਂ ਦਿੰਦੀ। ਜਿਨ੍ਹਾਂ ਦੇ ਵਿੱਚ ਮੈਂ ਸਮਝਦਾ ਹਾਂ ਕਿ ਇਹ ਜਿਹੜੀਆਂ ਵੱਡੀਆਂ ਮੱਛੀਆਂ ਬੋਲਦੀਆਂ ਹਨ, ਜਦੋਂ ਤੱਕ ਵੱਡੇ-ਵੱਡੇ drug lordਬੋਲਦੇ ਹਨ, ਉਨ੍ਹਾਂ ਦੇ ਨਾਮ ਵੀ ਹਨ ਕਿਉਂਕਿ ਬਹੁਤ ਵਾਰੀ ਇਹ ਆ ਚੁੱਕਿਆ ਹੈ ਕਿ ਜਿਹੜੀ ਹਾਈ ਕੋਰਟ ਵਿੱਚ ਰਿਪੋਰਟ ਪੈਂਡਿੰਗ ਪਈ ਹੈ, ਉਸ ਵਿੱਚ ਵੱਡੇ ਵੱਡੇ ਲੋਕਾਂ ਦੇ ਨਾਮ ਬੋਲਦੇ ਹਨ। ਇਸ ਦੇ ਲਈ ਪੰਜਾਬ ਸਰਕਾਰ ਕਿਉਂ ਸੰਜੀਦਾ ਨਹੀਂ ਹੈ? ਪੰਜਾਬ ਸਰਕਾਰ ਕਿਉਂ ਆਪਣੇ ਐਡਵੋਕੇਟ ਜਰਨਲ ਨੂੰ ਨਹੀਂ ਕਹਿੰਦੀ ਕਿ ਹਾਈਕੋਰਟ ਦੇ ਵਿੱਚ ਪਟੀਸ਼ਨ ਫਾਈਲ ਕੀਤੀ ਜਾਵੇ? ਉਸ ਰਿਪੋਰਟ ਨੂੰ preponed ਕਰਵਾ ਕੇ ਉਸ ਉੱਤੇ ਬਹਿਸ ਕਰਵਾ ਦੇਵੇ। (ਵਿਘਨ) ਸਪੀਕਰ ਸਾਹਿਬ ਮੈਨੂੰ ਬੋਲ ਲੈਣ ਦਿਓ।

ਮਾਨਯੋਗ ਸਪੀਕਰ: ਇਹ ਜ਼ੀਰੋ ਆਵਰ ਹੈ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ ਤਾਂ ਹੀ ਤਾਂ ਲੋਕ ਫੜੇ ਨਹੀਂ ਜਾ ਰਹੇ। ਇਹ ਦੋਸ਼ੀ ਤਾਂ ਹੀ ਬੋਲਦੇ ਹਨ। ਕਿਉਂਕਿ ਉਹ ਜਿਹੜੀ ਰਿਪੋਰਟ ਹੈ, ਉਹ ਪੰਜਾਬ ਦੇ ਨਸ਼ਿਆਂ ਤੇ ਬਹੁਤ ਅਹਿਮ ਰਿਪੋਰਟ ਹੈ। ਸਰ, ਮੈਂ ਚਾਹੁੰਦਾ ਹਾਂ ਕਿ ਸਰਕਾਰ ਉਸ ਰਿਪੋਰਟ ਨੂੰ ਹਾਈ ਕੋਰਟ ਦੇ ਵਿੱਚ ਪੇਸ਼ ਕਰਵਾ ਕੇ ਉਸ ਤੇ ਬਹਿਸ ਕਰਵਾਵੇ।

ਮਾਨਯੋਗ ਸਪੀਕਰ: ਬੈਠੋ ਜੀ, ਬੈਠੋ। ਹਾਂ ਜੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ। (ਵਿਘਨ) ਇਹ ਪਹਿਲੀ ਵਾਰੀ ਖੜ੍ਹੇ ਹੋਏ ਹਨ। ਇਨ੍ਹਾਂ ਨੂੰ ਬੋਲ ਲੈਣ ਦਿਓ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ: ਸਪੀਕਰ ਸਾਹਿਬ, ਮੈਂ ਸਿਰਫ ਇੱਕ ਮਿੰਟ ਲੈਣਾ ਹੈ।

ਮਾਨਯੋਗ ਸਪੀਕਰ: ਹਾਂ ਜੀ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:ਇਨ੍ਹਾਂ ਨੂੰ ਉਸ ਬਾਰੇ ਪੁੱਛੋ ਜਿਹੜੀ ਇਨਕੁਆਰੀ ਮੈਂ ਕਰਵਾਈ ਹੈ। ਸਾਰਾ ਰਿਕਾਰਡ ਵੀ ਮੈਂ ਤਿਆਰ ਕੀਤਾ। ਮੈਂ ਤਕਰੀਬਨ ਸਾਰੇ ਪੰਜਾਬ ਦਾ ਰਾਊਂਡ ਵੀ ਲਗਾਇਆ ਹੈ। ਜਿਹੜੀ 35 ਰੁਪਏ ਦੀ ਗੋਲੀ ਸੀ, ਉਹ ਤਕਰੀਬਨ ਸੱਤ ਰੁਪਏ ਰੇਟ ਨੂੰ ਮੈਂ ਕਰਵਾਈ। ਅੱਜ ਸਾਢੇ ਤਿੰਨ ਲੱਖ ਨੌਜਵਾਨ ਆਪਣੀ ਜ਼ਿੰਦਗੀ ਦੁਬਾਰਾ ਸ਼ੁਰੂ ਕਰਨ ਜਾ ਰਹੇ ਹਨ। ਬਹੁਤ ਸਾਰੀ ਜ਼ਿੰਦਗੀਆਂ ਇਨ੍ਹਾਂ ਨੇ ਬਰਬਾਦ ਕਰ ਦਿੱਤੀਆਂ।

ਮਾਨਯੋਗ ਸਪੀਕਰ: ਅਗਲਾ ਇਸ਼ੂ ਚੱਲ ਪਿਆ ਹੈ। ਸਿੱਧੂ ਸਾਹਿਬ, ਤੁਸੀਂ ਬੈਠ ਜਾਓ।ਅਗਲਾ ਇਸ਼ੂ ਚੱਲ ਪਿਆ ਹੈ। ਹਾਂ ਜੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ, ਬੋਲੋ।

ਸਰਦਾਰ ਮਨਜੀਤ ਸਿੰਘ: ਬਹੁਤ-ਬਹੁਤ ਧੰਨਵਾਦ ਜੀ। (ਵਿਘਨ)

ਮਾਨਯੋਗ ਸਪੀਕਰ: ਪ੍ਰੋਫੈਸਰ ਬਲਜਿੰਦਰ ਕੌਰ ਜੀ, ਬੈਠੋ। ਨਵੇਂ ਮੈਂਬਰਾਂ ਨੂੰ ਬੋਲਣ ਦਿਆ ਕਰੋ।(ਵਿਘਨ)

ਸਰਦਾਰ ਮਨਜੀਤ ਸਿੰਘ: ਸਪੀਕਰ ਸਾਹਿਬ, ਜ਼ਿਲ੍ਹਾ ਸੰਗਰੂਰ ਦੇ ਡੀ.ਸੀ. ਦਫਤਰ ਅੱਗੇ 8 ਸਤੰਬਰ ਤੋਂ ਲਗਾਤਾਰ ਬੇਰੁਜ਼ਗਾਰ ਬੀ.ਐਡ, ਈ.ਟੀ.ਟੀ. ਪਾਸ ਅਧਿਆਪਕਾਂ ਦਾ ਧਰਨਾ ਚਲਦਾ ਆ ਰਿਹਾ ਹੈ। ਉਨ੍ਹਾਂ ਦਾ ਕੁੱਟ-ਕੁਟਾਪਾ ਹੋ ਰਿਹਾ ਹੈ। ਉਨ੍ਹਾਂ ਦਾ ਬਹੁਤ ਹੀ ਬੁਰਾ ਹਾਲ ਹੈ। ਉਨ੍ਹਾਂ ਦੀ ਨੌਕਰੀ ਲਈ ਉਮਰ ਹੱਦ ਲੰਘ ਰਹੀ ਹੈ। ਉਨ੍ਹਾਂ ਨੂੰ ਕਦੋਂ ਨੌਕਰੀਆਂ ਮਿਲਣਗੀਆਂ?ਕੀ ਉਨ੍ਹਾਂ ਦਾ ਮਸਲਾ ਹੱਲ ਹੋਵੇਗਾ ਜਾਂ ਉਹ ਇਸੇ ਤਰ੍ਹਾਂ ਹੀ ਬੈਠੇ ਰਹਿਣਗੇ?

ਸ਼੍ਰੀ ਦਲਵੀਰ ਸਿੰਘ ਗੋਲਡੀ: ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਇੱਕ ਬਹੁਤ ਹੀ ਅਹਿਮ ਮੁੱਦੇ ਦੇ ਉੱਤੇ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ-ਕੱਲ੍ਹ ਅਵਾਰਾ ਪਸ਼ੂਆਂ ਨਾਲ ਬਹੁਤ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਜਿਹੜੇ ਅਮਰੀਕਨ ਨਸਲ ਦੇ ਪਸ਼ੂ ਹਨ, ਉਨ੍ਹਾਂ ਦੇ ਵਿਰੁੱਧ ਸਦਨ ਨੂੰ ਮਤਾ ਲਿਆਉਣਾ ਚਾਹੀਦਾ ਹੈ। ਇੱਕ ਦਿਨ ਅਮਨ ਅਰੋੜਾ ਜੀ ਦਾ slaughter house ਬਾਰੇ ਬਿਆਨ ਆਇਆ ਸੀ ਤੇ ਉਨ੍ਹਾਂ ਦੀ ਕਾਫੀ ਵਿਰੋਧਤਾ ਹੋਈ। ਬੀਜੇਪੀ ਵਾਲਿਆਂ ਨੇ ਜਦੋਂ ਵੀ ਕਦੇ ਮੁੱਦਾ ਚੁੱਕਿਆ ਹੈ ਤਾਂ ਉਹ ਅਵਾਰਾ ਕੁੱਤਿਆਂ ਬਾਰੇ ਹੀ ਮੁੱਦਾ ਚੁੱਕਦੇ ਹਨ। ਆਪਾਂ ਅਵਾਰਾ ਪਸ਼ੂਆਂ ਦਾ ਮੁੱਦਾ ਕਿਉਂ ਨਹੀਂ ਚੁੱਕਦੇ? ਹਰ ਰੋਜ਼ ਹੀ ਨੌਜਵਾਨ ਮਰ ਰਹੇ ਹਨ ਤੇ ਇਹ ਜਿਹੜੀ ਅਮਰੀਕਨ ਨਸਲ ਹੈ, ਇਸ ਦੇ ਉੱਤੇ ਸਾਨੂੰ ਸਾਂਝੇ ਤੌਰ ਤੇ ਮਤਾ ਲਿਆਉਣਾ ਚਾਹੀਦਾ ਹੈ। ਇੱਕ ਮੇਰਾ ਦੋਸਤ ਸੀ ਜੋ ਕਿ ਬਹੁਤ ਹੀ ਛੋਟੀ ਉਮਰ ਦੇ ਵਿੱਚ ਇਸ ਦੁਨੀਆ ਨੂੰ ਛੱਡ ਗਿਆ। ਇਸ ਮਸਲੇ ਤੇ ਸਾਰੀਆਂ ਪਾਰਟੀਆਂ ਨੂੰ ਇੱਕਜੁਟ ਹੋ ਕੇ ਕੋਈ ਨਾ ਕੋਈ ਬਿਲ ਲਿਆਉਣਾ ਚਾਹੀਦਾ ਹੈ ਤਾਂ ਕਿ ਆਪਾਂ ਇਸ ਦਾ ਕੋਈ ਹੱਲ ਕਰ ਸਕੀਏ ਅਤੇ ਨੌਜਵਾਨ ਇਨ੍ਹਾਂ ਦਰਦਨਾਕ ਹਾਦਸਿਆਂ ਤੋਂ ਬਚ ਸਕਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਪ੍ਰੋਫੈਸਰ ਬਲਜਿੰਦਰ ਕੌਰ ਬੋਲਣ ਲਈ ਸਮਾਂ ਮੰਗ ਰਹੇ ਸੀ।)

ਮਾਨਯੋਗ ਸਪੀਕਰ:ਸਰਦਾਰ ਪਿਰਮਲ ਸਿੰਘ ਜੀ। ਪਲੀਜ਼, ਬਲਜਿੰਦਰ ਜੀ ਬੈਠੋ, ਜਿਹੜੇ ਮੈਂਬਰ ਕਦੀ ਨਹੀਂ ਬੋਲਦੇ, ਉਨ੍ਹਾਂ ਨੂੰ ਬੋਲ ਲੈਣ ਦਿਆ ਕਰੋ।

ਸਰਦਾਰ ਪਿਰਮਲ ਸਿੰਘ ਧੌਲਾ:ਧੰਨਵਾਦ, ਸਪੀਕਰ ਸਾਹਿਬ। ਮੈਂ ਸਦਨ ਦਾ ਧਿਆਨ ਬਹੁਤ ਹੀ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਆਪਾਂ ਦੇਖ ਰਹੇ ਹਾਂ ਕਿ ਦਿੱਲੀ ਬਹੁਤ ਹੀ ਜ਼ਿਆਦਾ ਜਲ ਰਹੀ ਹੈ। ਪਿਛਲੇ ਦੋ-ਤਿੰਨ ਦਿਨਾਂ ਤੋਂ ਉੱਥੇ ਅਗਜ਼ਨੀ ਦੀਆਂ ਘਟਨਾਵਾਂ ਹੋ ਰਹੀਆਂ ਹਨ ਅਤੇ ਬਹੁਤ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ। ਇਹ ਅੱਗ ਕਿਤੇ ਸਾਡੇ ਪੰਜਾਬ ਵੱਲ ਨਾ ਹੋ ਜਾਵੇ, ਇਸ ਲਈ ਸਾਨੂੰ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਅੱਜ ਅਖਬਾਰ ਦੇ ਵਿੱਚ ਖਬਰ ਲੱਗੀ ਹੈ ਕਿ ਬਰਨਾਲੇ ਦੇ ਵਿੱਚ ਇੱਕ ਸਰਵ

ਹਿਤਕਾਰੀ ਸਕੂਲ ਹੈ, ਉਸ ਸਕੂਲ ਦੇ ਵਿੱਚ ਸੀ.ਏ.ਏ. ਦੇ ਪੱਖ ਵਿੱਚ ਬੱਚਿਆਂ ਤੋਂ ਸਾਈਨ ਕਰਵਾਏ ਗਏ ਹਨ। ਇਸ ਸਬੰਧ ਵਿੱਚ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਅਗਜ਼ਨੀ ਦੀ ਲਪੇਟ ਵਿੱਚ ਕਿਤੇ ਸਾਡਾ ਪੰਜਾਬ ਨਾ ਆ ਜਾਵੇ ਇਸ ਲਈ ਜਿਹੜੇ ਅਜਿਹੇ ਸਕੂਲ ਹਨ ਜਾਂ ਅਜਿਹੀਆਂ ਸੰਸਥਾਵਾਂ ਹਨ, ਜਿਹੜੀਆਂ ਇਸ ਤਰ੍ਹਾਂ ਦੇ ਕੰਮ ਕਰ ਰਹੀਆਂ ਹਨ, ਉਨ੍ਹਾਂ ਨੂੰ ਨਕੇਲ ਪਾਈ ਜਾਵੇ ਤਾਂ ਜੋ ਪੰਜਾਬ ਨੂੰ ਇਸ ਤਰ੍ਹਾਂ ਦੀ ਅਗਜ਼ਨੀ ਤੋਂ ਬਚਾਇਆ ਜਾ ਸਕੇ।

ਸ਼੍ਰੀ ਅੰਗਦ ਸਿੰਘ: ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਸਮਾਂ ਦਿੱਤਾ। ਮੈਂ ਬੜੇ ਹੀ ਅਹਿਮ ਮੁੱਦੇ ਤੇ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੈਂ ਪਹਿਲਾਂ ਵੀ ਸਦਨ ਵਿੱਚ ਇਹ ਗੱਲ ਕੀਤੀ ਸੀ ਕਿ ਸਾਡੇ ਨਵਾਂਸ਼ਹਿਰ ਦੇ ਵਿੱਚ ਰੈਵੇਨਿਊ ਡਿਪਾਰਟਮੈਂਟ ਦਾ ਇੱਕ ਇਸ਼ੂ ਬੜੀ ਦੇਰ ਤੋਂ ਚਲਦਾ ਆ ਰਿਹਾ ਹੈ।ਉੱਥੇ ਪਟਵਾਰੀ ਦੀਆਂ 180 ਸੈਂਕਸ਼ਨ ਪੋਸਟਾਂ ਹਨ। ਮੌਜੂਦਾ ਸਮੇਂ ਵਿੱਚ 44 ਪਟਵਾਰੀ ਆਪਣੇ ਸਰਕਲ ਵਿੱਚ ਕੰਮ ਕਰ ਰਹੇ ਹਨ। ਜਦੋਂ ਸਾਲ 2017 ਦੇ ਵਿੱਚ ਪਟਵਾਰੀਆਂ ਦੀ ਭਰਤੀ ਕੀਤੀ ਗਈ ਸੀ ਤਾਂ ਉਸ ਸਮੇਂ ਜ਼ਿਲ੍ਹਾ ਨਵਾਂ ਸ਼ਹਿਰ ਨੂੰ 72 ਪਟਵਾਰੀ ਅਲਾਟ ਕੀਤੇ ਗਏ ਸੀ। ਜਿਸ ਵਿੱਚੋਂ 65 ਪਟਵਾਰੀਆਂ ਨੇ ਜੁਆਇਨ ਕੀਤਾ। ਅੱਜ ਇਹ ਹਾਲਤ ਹਨ ਕਿ ਜਿਹੜੇ 65 ਪਟਵਾਰੀਆਂ ਨੇ ਇਸ ਜ਼ਿਲ੍ਹੇ ਵਿੱਚ ਜੁਆਇਨ ਕੀਤਾ ਸੀ, ਉਨ੍ਹਾਂ ਵਿੱਚੋਂ 52 ਪਟਵਾਰੀ ਆਪਣਾ ਟਰਾਂਸਫਰ ਕਰਵਾ ਕੇ ਬਾਕੀ ਜ਼ਿਲ੍ਹਿਆਂ ਵਿੱਚ ਜਾ ਚੁੱਕੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਟਰਾਂਸਫਰ ਕਰਨੀ ਹੈ ਤਾਂ ਕਰੋ ਪਰ ਇਸ ਦੇ ਵਾਸਤੇ ਕੋਈ ਰੈਸ਼ਨੇਲਾਈਜੇਸ਼ਨ ਹੋਵੇ, ਕੋਈ ਮਿਊਚਲ ਟਰਾਂਸਫਰ ਹੋਵੇ। ਸੋ, ਮੇਰੀ ਬੇਨਤੀ ਹੈ ਕਿ ਸਾਡੇ ਜ਼ਿਲ੍ਹੇ ਵਿੱਚ ਬਹੁਤ ਬੁਰਾ ਹਾਲ ਹੈ। ਲੋਕਾਂ ਦਾ ਕੰਮ ਨਹੀਂ ਚੱਲ ਰਿਹਾ। ਇਸ ਲਈ ਇਸ ਪਾਸੇ ਧਿਆਨ ਦਿੱਤਾ ਜਾਵੇ।

ਸਰਦਾਰ ਸਿਮਰਜੀਤ ਸਿੰਘ ਬੈਂਸ:ਸਪੀਕਰ ਸਾਹਿਬ, ਸ਼ੁਕਰੀਆ। ਮੈਂ ਤੁਹਾਡੇ ਜ਼ਰੀਏ ਸਿਹਤ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਕੇਂਦਰ ਸਰਕਾਰ ਦੀ 5 ਲੱਖ ਰੁਪਏ ਦੀ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਸੀ, ਆਪਾਂ ਉਸ ਦਾ ਨਾਂਅ ਬਦਲ ਕੇ ਸਰਬੱਤ ਸਿਹਤ ਬੀਮਾ ਯੋਜਨਾ ਰੱਖ ਦਿੱਤਾ। ਸਰ, ਇਸ ਵਿੱਚ ਜਿਹੜੀ ਪ੍ਰਾਬਲਮ ਆ ਰਹੀ ਹੈ ਕਿ ਜਦੋਂ ਪੀ.ਜੀ.ਆਈ., ਹੋਮੀ ਭਾਬਾ ਟਾਟਾ ਕੈਂਸਰ ਹਸਪਤਾਲ, ਜੀ.ਐਮ.ਸੀ.ਐਚ., ਚੰਡੀਗੜ੍ਹ ਵਰਗੇ ਹਸਪਤਾਲਾਂ ਵਿੱਚ ਜਦੋਂ ਮਰੀਜ਼ ਜਾਂਦੇ ਹਨ ਤਾਂ ਉਹ ਕਹਿੰਦੇ ਹਨ ਕਿ ਅਸੀਂ ਬੀਮਾ ਯੋਜਨਾ ਅਧੀਨ ਤੁਹਾਡਾ ਇਲਾਜ ਨਹੀਂ ਕਰਨਾ। ਦੂਜਾ, ਜਿਹੜੇ ਪ੍ਰਾਈਵੇਟ ਹਸਪਤਾਲ ਇਸ ਸਕੀਮ ਨਾਲ ਇੰਪੈਨਲਡ ਹਨ, ਜਦੋਂ ਕਿਸੇ ਸਰਕਾਰੀ ਹਸਪਤਾਲ ਤੋਂ ਕੋਈ ਸੀ.ਐਮ.ਓ. ਜਾਂ ਐਸ.ਐਮ.ਓ ਮਰੀਜ਼ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਰੈਫਰ ਕਰ ਦਿੰਦੇ ਹਨ ਤਾਂ ਮਰੀਜ਼ ਉਨ੍ਹਾਂ ਦੀ ਸਲਿੱਪ ਪ੍ਰਾਈਵੇਟ ਹਸਪਤਾਲ ਵਿੱਚ ਲੈ ਕੇ ਜਾਂਦਾ ਹੈ ਤਾਂ ਕਈ ਪ੍ਰਾਈਵੇਟ ਹਸਪਤਾਲਾਂ ਵਾਲੇ ਕਹਿ ਦਿੰਦੇ ਹਨ ਕਿ ਅਸੀਂ ਇਸ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ (ਫਰੀ) ਇਲਾਜ ਨਹੀਂ ਕਰਨਾ। ਜਿਹੜੇ ਚੰਦ ਕੁ ਪ੍ਰਾਈਵੇਟ ਹਸਪਤਾਲਾਂ ਵਾਲੇ ਇਲਾਜ ਕਰਦੇ ਹਨ, ਉਹ ਮਰੀਜ਼ ਨੂੰ ਦਾਖਲ ਤਾਂ ਕਰ ਲੈਂਦੇ ਹਨ ਪਰ

ਦਵਾਈਆਂ ਦੀ ਸਲਿੱਪ ਮਰੀਜ਼ ਦੇ ਹੱਥ ਵਿੱਚ ਫੜਾ ਦਿੰਦੇ ਹਨ ਕਿ ਬਾਹਰੋਂਫਲਾਣੀ ਦੁਕਾਨ ਤੋਂ ਜਾ ਕੇ ਦਵਾਈ ਲੈ ਕੇ ਆ। ਗਰੀਬ ਦੇ ਇਲਾਜ ਵਾਸਤੇ ਕੇਂਦਰ ਸਰਕਾਰ ਦੀ ਆਯੂਸ਼ਮਾਨ ਸਕੀਮ ਨੂੰ 'ਸਰਬੱਤ ਸਿਹਤ ਬੀਮਾ ਯੋਜਨਾ' ਬਣਾਇਆ ਹੈ, ਇਹ ਬਹੁਤ ਚੰਗੀ ਸਹੂਲਤ ਹੈ। ਮੇਰੀ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਥੋੜ੍ਹੀ ਜਿਹੀ ਉਸ ਤੇ ਨਿਗਰਾਨੀ ਕਰ ਲੈਣ, ਇਸ ਨਾਲ ਬਹੁਤ ਲੋਕਾਂ ਦਾ ਫਾਇਦਾ ਹੋਵੇਗਾ।

Mr. Speaker : Thank you.ਡਾ.ਹਰਜੋਤ ਕਮਲ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਰ, ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਇਸ ਤੇ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ।

ਮਾਨਯੋਗ ਸਪੀਕਰ : ਜ਼ੀਰੋ ਆਵਰ ਵਿੱਚ ਜਵਾਬ ਜ਼ਰੂਰੀ ਨਹੀਂ ਹੁੰਦਾ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ: ਸਾਡਾ ਹੋਮੀ ਭਾਬਾ ਕੈਂਸਰ ਹਸਪਤਾਲ ਸਬੰਧੀ ਟਾਟਾ ਮੈਮੋਰੀਅਲ ਸੈਂਟਰ ਨਾਲ ਐਮ.ਓ.ਯੂ. ਹੁਣੇ recently ਹੋਇਆ ਹੈ। ਉਹ ਆਉਣ ਵਾਲੇ 10-15 ਦਿਨਾਂ ਤੱਕ ਇਸ ਤੇ ਕੰਮ ਸ਼ੁਰੂ ਕਰ ਦੇਣਗੇ।

Mr. Speaker : Thank you.ਹਾਂ ਜੀ, ਡਾ. ਹਰਜੋਤ ਕਮਲ ਜੀ।

ਸ਼੍ਰੀ ਹਰਜੋਤ ਕਮਲ ਸਿੰਘ: ਸਪੀਕਰ ਸਾਹਿਬ, ਤੁਹਾਡਾ ਸਭ ਤੋਂ ਪਹਿਲਾਂ ਬਹੁਤ ਧੰਨਵਾਦ ਹੈ ਜੀ। ਮੈਂ ਤੁਹਾਡੀ ਮਾਰਫਤ ਸਾਰੀਆਂ ਪਾਰਟੀਆਂ ਨੂੰ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਅਤੇ ਤੁਹਾਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ। ਮੈਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਨੇ ਅਗਲੀ ਵਾਰੀ ਇੱਕ-ਇੱਕ ਬੰਦਾ ਹੀ ਜਿਤਾਉਣਾ ਹੈ ਜਾਂ ਬਾਕੀਆਂ ਨੂੰ ਵੀ ਨਾਲ ਲੈ ਕੇ ਚੱਲਣਾ ਹੈ? ਮੈਨੂੰ ਨਾਂ ਨਹੀਂ ਲੈਣਾ ਚਾਹੀਦਾ ਪਰ ਮੈਂ ਕੀ ਕਰਾਂ? ਇੱਧਰੋਂ (ਆਮ ਆਦਮੀ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਅਮਨ ਅਰੋੜਾ ਜੀ ਅਤੇ ਇੱਧਰੋਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਟੀਨੂ ਜੀ ਹੀ ਸਾਰਾ ਟਾਈਮ ਖਰਾਬ ਕਰ ਦਿੰਦੇ ਹਨ। ਸਵੇਰ ਦਾ ਮਾਹੌਲ ਇੰਨਾ ਸੋਹਣਾ ਚੱਲ ਰਿਹਾ ਸੀ। ਇਕ ਬੰਦਾ ਆਇਆ ਅਤੇ ਸਾਰਿਆਂ ਨੂੰ ਉਂਗਲ ਲਗਾ ਕੇ ਨਾਅਰੇ ਲਗਾ ਕੇ ਬਾਹਰ ਲੈ ਗਿਆ। ਸਰ, ਇਸ ਤਰ੍ਹਾਂ ਦੇ ਬੰਦਿਆਂ ਨੇ ਆ ਕੇ ਜੇ ਬਾਹਰ ਹੀ ਜਾਣਾ ਹੁੰਦਾ ਹੈ ਤਾਂ ਪਹਿਲਾਂ ਹੀ ਖਾਰਜ ਕਰ ਦਿਆ ਕਰੋ। ਸਾਰਾ ਦਿਨ ਸਦਨ ਖਾਰਜ ਕਰਕੇ ਸ਼ਾਮ ਨੂੰ ਆਪਾਂ ਸੋਚਦੇ ਹਾਂ ਕਿ ਆਪਾਂ ਕੀ ਕੀਤਾ ਹੈ? (ਟਰੇਜ਼ਰੀ ਬੈਂਚਿਜ਼ ਵਲੋਂ ਮੇਜ਼ ਥਪਥਪਾਏ ਗਏ) ਪੰਜਾਬ ਦੇ ਲੋਕ ਸਾਡੇ ਮੂੰਹਾਂ ਵੱਲ ਦੇਖਦੇ ਹਨ। ਅਸੀਂ ਜਿੰਨੇ ਨਵੇਂ ਬੰਦੇ ਆਏ ਹਾਂ, ਸਾਨੂੰ ਇਹ ਇਵੇਂ ਸਮਝਦੇ ਹਨ ਜਿਵੇਂ ਸਾਨੂੰ ਬੋਲਣਾ ਨਹੀਂ ਆਉਂਦਾ। ਅਸੀਂ ਆਪਣੇ ਹਲਕੇ ਦੇ ਦੋ-ਦੋ ਲੱਖ ਬੰਦਿਆਂ ਦੀ ਨੁਮਾਇੰਦਗੀ ਕਰਕੇ ਜਿੱਤ ਕੇ ਆਏ ਹਾਂ ਅਤੇ ਅਸੀਂ ਉਥੇ ਭਾਸ਼ਣ-ਤਕਰੀਰਾਂ

ਕਰਨੀਆਂ ਜਾਣਦੇ ਹਾਂ। ਸਰ, ਸਾਨੂੰ ਵੀ ਸਾਡੇ ਹਲਕਿਆਂ ਦੇ ਮੁੱਦਿਆਂ ਨੂੰ ਬਿਆਨ ਕਰਨ ਦਾ ਮੌਕਾ ਦਿਆ ਕਰੋ। ਤੁਹਾਡਾ ਧੰਨਵਾਦ, ਤੁਸੀਂ ਅੱਜ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਅਮਨ ਜੀ ਫੇਰ ਉਂਗਲ ਖੜ੍ਹੀ ਕਰਕੇ ਬੈਠੇ ਹਨ।(ਹਾਸਾ) ਅਮਨ ਜੀ, ਤੁਹਾਡੇ ਬੰਦਿਆਂ ਨੇ ਵੀ ਚੋਣ ਲੜਨੀ ਹੈ, ਇਨ੍ਹਾਂ ਨੇ ਵੀ ਜਿੱਤਣਾ ਹੈ...(ਵਿਘਨ...ਸ਼ੋਰ...ਹਾਸਾ) ਤੁਹਾਡੇ ਬੰਦਿਆਂ ਨੇ ਵੀ ਜਿੱਤਣਾ ਹੈ, ਇਨ੍ਹਾਂ ਨੂੰ ਵੀ ਮੌਕਾ ਦਿਆ ਕਰੋ। ਸਰ, ਮੈਂ ਤੁਹਾਡੀ ਮਾਰਫਤ ਸਭ ਤੋਂ ਪਹਿਲਾਂ ਮੈਂ ਦੋ ਬੰਦਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਸਾਡੀ ਸਰਕਾਰ ਬਣਨ ਵੇਲੇ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਲੋਕਾਂ ਨਾਲ ਇੱਕ ਬਹੁਤ ਵੱਡਾ ਅਹਿਦ ਲਿਆ ਸੀ, ਉਨ੍ਹਾਂ ਨੇ ਸਿਹਤ ਤੇ ਸਿੱਖਿਆ ਸਹੂਲਤਾਂ ਨੂੰ ਵਧੀਆ ਬਣਾਉਣ ਵਾਸਤੇ ਕੁਮਿਟਮੈਂਟ ਕੀਤੀ ਸੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਨਹੀਂ ਜੀ।

ਸ਼੍ਰੀ ਹਰਜੋਤ ਕਮਲ ਸਿੰਘ : ਅੱਜ ਸਾਡੇ ਪੰਜਾਬ ਵਿੱਚ ਸਿਹਤ ਸਹੂਲਤਾਂ ਅੱਗੇ ਤੋਂ ਬਹੁਤ ਬਿਹਤਰ ਹੋ ਰਹੀਆਂ ਹਨ।(ਥੰਪਿੰਗ) ਮੈਂ ਮੰਤਰੀ ਜੀ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਅਤੇ ਸਾਡੇ ਸਾਬਕਾ ਸਿਹਤ ਮੰਤਰੀ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ ਅਤੇ ਹੁਣ ਵਾਲੇ ਸਿਹਤ ਮੰਤਰੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਸਰ, ਮੇਰਾ ਹਲਕਾ ਮੋਗਾ ਭਾਵੇਂ ਪੰਜਾਬ ਦੀ ਧੁੰਨੀ ਵਿੱਚ ਵੱਸਿਆ ਹੋਇਆ ਹੈ ਪਰ ਬੜਾ ਪੱਛੜਿਆ ਜਿਹਾ ਏਰੀਆ ਸੀ। ਸਾਰੀਆਂ ਪੁਲੀਟੀਕਲ ਜਮਾਤਾਂ ਉਥੋਂ ਹੀ ਰੈਲੀਆਂ ਕਰਕੇ ਆਪਣੀ ਗੱਲ ਸ਼ੁਰੂ ਕਰਦੀਆਂ ਹਨ ਪਰ ਜਦੋਂ ਕੁਝ ਦੇਣ ਦੀ ਵਾਰੀ ਆਉਂਦੀ ਹੈ ਤਾਂ ਕੁਝ ਨਹੀਂ ਹੁੰਦਾ। ਉਥੇ ਬਹੁਤ ਪੁਰਾਣੀ ਕੰਪਨੀ ਨੈਸਲੇ ਚੱਲੀ ਆ ਰਹੀ ਹੈ, ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਮੈਨੂੰ ਹੋਰ ਇੰਡਸਟਰੀ ਦਿਓ। ਸਰ, ਉਥੇ ਇਕ ਨਵਾਂ ਆਯੂਸ਼ ਦਾ ਹਸਪਤਾਲ 50 ਬੈੱਡਾਂ ਵਾਲਾ ਮੰਤਰੀ ਜੀ ਸ਼ੁਰੂ ਕਰਕੇ ਆਏ ਹਨ, ਮੈਂ ਇਨ੍ਹਾਂ ਦਾ ਧੰਨਵਾਦਾ ਕਰਦਾ ਹਾਂ। ਇਹ 9 ਕਰੋੜ ਦੀ ਲਾਗਤ ਨਾਲ ਬਣਨਾ ਹੈ।

ਮਾਨਯੋਗ ਸਪੀਕਰ : ਬੈਠ ਜਾਓ ਜੀ।

ਸ਼੍ਰੀ ਹਰਜੋਤ ਕਮਲ ਸਿੰਘ: ਮੈਂ ਸ਼੍ਰੀ ਬ੍ਰਹਮ ਮਹਿੰਦਰਾ ਜੀ ਦਾ ਦੂਜੀ ਵਾਰੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਉਹ ਹਸਪਤਾਲ ਮੈਨੂੰ ਦਿੱਤਾ ਸੀ। ਉਥੇ ਵਾਸਤੇ ਇਨ੍ਹਾਂ ਨੇ ਜ਼ਮੀਨ ਵੀ free of cost ਦਿੱਤੀ ਹੈ।

ਮਾਨਯੋਗ ਸਪੀਕਰ: ਬੈਠ ਜਾਓ ਜੀ। ਸਰਦਾਰਫਤਹਿਜੰਗ ਬਾਜਵਾ ਜੀ।

ਸ਼੍ਰੀ ਹਰਜੋਤ ਕਮਲ ਸਿੰਘ: ਸਰ, ਮੈਂ ਪਹਿਲੀ ਵਾਰੀ ਬੋਲਣ ਲੱਗਿਆ ਹਾਂ। ਇਕ ਮਿੰਟ ਹੋਰ ਬੋਲ ਲੈਣ ਦਿਓ।

ਮਾਨਯੋਗ ਸਪੀਕਰ: ਬੋਲੋ ਜੀ, ਬੋਲੋ।

ਸ਼੍ਰੀ ਹਰਜੋਤ ਕਮਲ ਸਿੰਘ: ਦੂਜਾ ਧੰਨਵਾਦ ਕਰਨਾ ਚਾਹੁੰਦਾ ਹਾਂ, ਇੱਥੇ ਸਾਡੇ ਸਤਿਕਾਰਯੋਗ ਸਿੱਖਿਆ ਮੰਤਰੀ ਜੀ ਬੈਠੇ ਸਨ, ਹੁਣ ਪਤਾ ਨਹੀਂ ਉੱਠ ਕੇ ਕਿੱਥੇ ਚਲੇ ਗਏ ਹਨ।(ਹਾਸਾ) ਉਨ੍ਹਾਂ ਨੇ ਪੰਜਾਬ ਦੇ ਸਕੂਲਾਂ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਦਿੱਤੀ ਹੈ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ, ਸਿੱਖਿਆ ਮੰਤਰੀ ਸਾਹਿਬ ਦਾ ਅਤੇ ਖਾਸ ਤੌਰ ਤੇ ਸਿੱਖਿਆ ਸਕੱਤਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਨੂੰ ਵੀ ਰੋਜ ਫੋਟੋਆਂ ਆਉਂਦੀਆਂ ਹਨ ਕਿ ਸਮਾਰਟ ਸਕੂਲ ਬਣਾਏ ਜਾ ਰਹੇ ਹਨ। ਮੇਰੇ ਮੋਗਾ ਹਲਕੇ ਵਿੱਚ 357 ਸਕੂਲ ਹਨ ਅਤੇ ਉਨ੍ਹਾਂ ਵਿਚੋਂ 80% ਸਕੂਲਾਂ ਵਿੱਚ ਸਮਾਰਟ ਕਲਾਸਰੂਮ ਬਣ ਗਏ ਹਨ, ਉਸ ਬਾਰੇ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ।

(ਇਸ ਸਮੇਂ ਵੀ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ: ਤੁਸੀਂ ਤਾਂ ਬੋਲਦੇ ਹੀ ਰਹਿੰਦੇ ਹੋ। ਨਵਿਆਂ ਨੂੰ ਬੋਲਣ ਦਿਓ...ਨਵੇਂ ਮੈਂਬਰਾਂ ਨੂੰ ਬੋਲਣ ਦਿਓ।

ਸ਼੍ਰੀ ਹਰਜੋਤ ਕਮਲ ਸਿੰਘ: ਸਰਕਾਰ ਨੇ ਇਕੱਲਾ ਮੇਰੇ ਮੋਗਾ ਹਲਕੇ ਨੂੰ 8.49 ਕਰੋੜ ਰੁਪਿਆ ਦਿੱਤਾ ਹੈ। ਇਹ ਬਹੁਤ ਵੱਡੀ ਰਾਹਤ ਹੈ। ਲਾਸਟ ਵਿੱਚ ਮੈਂ ਸਿੱਖਿਆ ਮੰਤਰੀ ਜੀ ਨੂੰ ਇਕ ਸੁਝਾਅ ਦੇਣਾ ਚਾਹੁੰਦਾ ਹਾਂ।

Mr. Speaker : Thank you, thank you.

ਸ਼੍ਰੀ ਅਮਨ ਅਰੋੜਾ: ਸਪੀਕਰ ਸਾਹਿਬ....

ਸ਼੍ਰੀ ਹਰਜੋਤ ਕਮਲ ਸਿੰਘ: ਅਮਨ ਜੀ, ਮੈਨੂੰ ਬੋਲ ਲੈਣ ਦਿਓ। ਬਹਿ ਜਾ ਮੇਰਾ ਭਰਾ। ਸਰ, ਅਸੀਂ ਬਹੁਤ ਕੁਝ ਕਰ ਰਹੇ ਹਾਂ। ਜਿਹੜੀ ਗੋਲਡੀ ਜੀ ਨੇ ਅਵਾਰਾ ਪਸ਼ੂਆਂ ਸਬੰਧੀ ਚਿੰਤਾ ਵਿਅਕਤ ਕੀਤੀ ਹੈ, ਰੋਜ ਹਾਦਸੇ ਹੋ ਰਹੇ ਹਨ। ਸੜਕਾਂ ਤੇ ਆਵਾਜਾਈ ਵਧਣ ਕਾਰਨ ਰੋਜ਼ ਹਾਦਸੇ ਹੋ ਰਹੇ ਹਨ ਪਰ ਹਾਲੇ ਤੱਕ ਬੱਚਿਆਂ ਵਾਸਤੇ ਨਵੇਂ ਲਾਇਸੰਸ ਬਣਾਉਣ ਤੋਂ ਪਹਿਲਾਂ ਟ੍ਰੇਨਿੰਗ ਦਾ ਕੋਈ ਖਾਸ ਪ੍ਰਬੰਧ ਨਹੀਂ ਹੈ। (ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਵੱਲੋਂ ਵਿਘਨ)

ਮਾਨਯੋਗ ਸਪੀਕਰ: ਅਮਨ ਜੀ, ਪਹਿਲੀ ਵਾਰ ਬੋਲਣ ਵਾਲੇ ਨੂੰ ਨਹੀਂ ਰੋਕਣਾ ਚਾਹੀਦਾ।

ਸ਼੍ਰੀ ਹਰਜੋਤ ਕਮਲ ਸਿੰਘ : ਸਰ, ਮੈਂ ਤੁਹਾਡੇ ਮਾਧਿਅਮ ਰਾਹੀਂ ਸਿੱਖਿਆ ਮੰਤਰੀ ਜੀ ਅਤੇ ਸਿੱਖਿਆ ਸਕੱਤਰ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਸਕੂਲਾਂ ਵਿੱਚ 10ਵੀਂ ਕਲਾਸ ਤੋਂ ਪਹਿਲਾਂ ਦੀਆਂ ਕਲਾਸਾਂ ਵਿੱਚ ਟ੍ਰੈਫਿਕ ਰੂਲਜ਼ ਐਂਡ ਰੈਗੂਲੇਸ਼ਨ ਸਬੰਧੀ ਕੋਈ ਇੱਕ ਚੈਪਟਰ ਪਾ ਦਿੱਤਾ ਜਾਵੇ, ਤਾਂ ਜਿਹੜੇ ਹਾਦਸੇ ਹੁੰਦੇ ਹਨ, ਇਹ ਨਹੀਂ ਵਾਪਰਨਗੇ। ਲੋਕਾਂ ਨੂੰ ਉਥੋਂ ਹੀ ਸਿੱਖਿਆ ਮਿਲ ਜਾਵੇਗੀ (ਥੰਪਿੰਗ)। ਸਰ, ਜੇ ਅੱਜ ਕੋਈ ਗੱਡੀ ਪਾਸ ਕਰਨ ਵਾਸਤੇ ਹਾਰਨ ਮਾਰਦਾ ਹੈ ਤਾਂ ਇਸ਼ਾਰਾ ਖੱਬਾ ਨਹੀਂ ਲਾਉਂਦੇ, ਉਹ ਸੱਜੇ ਪਾਸੇ ਵਾਲਾ ਲਗਾ ਦਿੰਦੇ ਹਨ। ਉਸ ਤੋਂ ਇਹ ਨਹੀਂ ਪਤਾ ਲੱਗਦਾ ਕਿ ਗੱਡੀ ਵਾਲੇ ਨੇ ਸੱਜੇ ਮੁੜਨ ਨੂੰ ਕਿਹਾ ਹੈ ਜਾਂ ਅੱਗੇ ਲੰਘਣ

ਵਾਸਤੇ ਕਿਹਾ ਹੈ। ਸਰ, ਇੱਕ ਤਾਂ ਮੈਂ ਟ੍ਰੈਫਿਕ ਰੂਲਜ਼ ਐਂਡ ਰੈਗੂਲੇਸ਼ਨਜ਼ ਸਬੰਧੀ ਬੇਨਤੀ ਕਰਦਾ ਹਾਂ। ਦੂਜਾ, ਸਾਡੀ ਫਿਜੀਕਲ ਐਕਟੀਵਿਟੀ ਬਿਲਕੁਲ ਖਤਮ ਹੋ ਗਈ ਹੈ (ਵਿਘਨ) ਫਿਜ਼ੀਕਲ ਐਕਟੀਵਿਟੀ ਬਾਰੇ ਜਾਗਰੂਕਤਾ ਲਿਆਂਦੀ ਜਾਵੇ ਅਤੇ ਅੱਗੇ ਜਿਹੜੀਆਂ ਬਾਲ ਸਭਾਵਾਂ ਲੱਗਦੀਆਂ ਹੁੰਦੀਆਂ ਸਨ, ਉਹ ਦੁਬਾਰਾ ਲਗਾਉਣੀਆਂ ਸ਼ੁਰੂ ਕੀਤੀਆਂ ਜਾਣ। ਬਹੁਤ-ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ: ਤੁਹਾਡੀ ਗੱਲ ਆ ਗਈ ਹੈ। ਇਹ ਜ਼ੀਰੋ ਆਵਰ ਹੈ ਜੀ। ਸਰਦਾਰ ਫਤਹਿਜੰਗ ਸਿੰਘ ਬਾਜਵਾ ਜੀ।

ਸਰਦਾਰ ਫਤਹਿਜੰਗ ਸਿੰਘ ਬਾਜਵਾ: ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਇੱਕ ਬਹੁਤ ਅਹਿਮ ਮਸਲੇ ਉਤੇ ਬੋਲਣਾ ਚਾਹ ਰਿਹਾ ਹਾਂ। ਸਾਡੇ ਇਲਾਕੇ ਵਿਚ ਇੱਕ ਪ੍ਰਾਈਵੇਟ ਸ਼ੂਗਰ ਮਿੱਲ ਕੀੜੀ ਅਫਗਾਨਾ ਵਿਚ ਹੈ। ਕਿਸਾਨਾਂ ਦੇ ਨਾਲ ਜੁੜੀ ਹੋਈ ਇਹ ਬਹੁਤ ਵੱਡੀ ਪ੍ਰਾਬਲਮ ਹੈ ਕਿ ਦੋ ਸਾਲ ਤੋਂ ਲਗਾਤਾਰ ਕਿਸਾਨਾਂ ਦਾ 90 ਕਰੋੜ ਰੁਪਿਆ ਉਸ ਪ੍ਰਾਈਵੇਟ ਮਿੱਲ ਨੇ ਦੇਣਾ ਹੈ। ਉਸ ਵਾਸਤੇ ਰੋਜ਼ ਧਰਨੇ ਲਗਦੇ ਹਨ। ਮੈਂ ਇਸ ਸਬੰਧ ਵਿਚ ਚੀਫ਼ ਮਨਿਸਟਰ ਸਾਹਿਬ ਨੂੰ ਵੀ ਰਿਕੁਐਸਟ ਕੀਤੀ ਸੀ ਅਤੇ ਕੋਆਪਰੇਟਿਵ ਮਨਿਸਟਰ ਸਾਹਿਬ ਨੂੰ ਵੀ ਰਿਕੁਐਸਟ ਕਰ ਰਿਹਾ ਹਾਂ ਕਿ ਕਿਸਾਨਾਂ ਦੇ ਬੱਚਿਆਂ ਦਾ ਵਿਆਹ ਹੋਣਾ ਹੁੰਦਾ ਹੈ ਜਾਂ ਜੇ ਬਿਮਾਰ ਹੋ ਜਾਂਦੇ ਹਨ, ਮੇਰੇ ਹਲਕੇ ਦੇ ਇੱਕ ਬਿਮਾਰ ਕਿਸਾਨ ਦਾ ਮੈਨੂੰ ਫੋਨ ਆਇਆ, ਉਸ ਨੇ ਕਿਹਾ ਕਿ ਮੇਰੇ ਹਾਰਟ ਵਿਚ ਸਟੰਟ ਪੈਣਾ ਹੈ, ਮੇਰੇ ਕੋਲ ਪੈਸੇ ਨਹੀਂ ਹਨ, ਕਿਰਪਾ ਕਰਕੇ ਮੈਨੂੰ ਪੈਸੇ ਦਿਵਾਏ ਜਾਣ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਰੋੜਾਂ ਰੁਪਏ ਦੀ ਸ਼ੂਗਰ ਉਸ ਮਿੱਲ ਦੇ ਅੰਦਰ ਪਈ ਹੈ, ਮੈਂ ਸਰਕਾਰ ਕੋਲੋਂ ਇਹ ਮੰਗ ਕਰਦਾ ਹਾਂ ਕਿ ਗਰੀਬ ਕਿਸਾਨ ਜਿਨ੍ਹਾਂ ਦੇ ਦੋ-ਦੋ ਸਾਲਾਂ ਦੇ ਪੈਸੇ ਉਸ ਸ਼ੂਗਰ ਮਿੱਲ ਦੇ ਮਾਲਕ ਨੇ ਐਕਸਾਈਜ਼ ਡਿਪਾਰਟਮੈਂਟ ਵਿਚ ਟਰਾਂਸਫਰ ਕਰ ਦਿੱਤੇ ਹਨ, ਕਿਰਪਾ ਕਰਕੇ ਉਹ ਪੈਸੇ ਜੋ ਹਨ, ਉਹ ਗਰੀਬ ਕਿਸਾਨਾਂ ਨੂੰ ਦਿਵਾਏ ਜਾਣ ਤਾਂ ਕਿ ਜਿਹੜੇ ਕਿਸਾਨ ਹਨ, ਉਹ ਆਪਣੇ ਬੱਚਿਆਂ ਦਾ ਵਿਆਹ ਕਰ ਸਕਣ, ਪੜ੍ਹਾਈ ਕਰਵਾ ਸਕਣ ਅਤੇ ਆਪਣਾ ਇਲਾਜ ਕਰਵਾ ਸਕਣ। ਬਹੁਤ ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ: ਸ਼੍ਰੀ ਅਮਨ ਅਰੋੜਾ ਜੀ।

ਸ਼੍ਰੀ ਅਮਨ ਅਰੋੜਾ: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਮੈਂ ਸਭ ਤੋਂ ਪਹਿਲਾਂ ਤਾਂ ਮੇਰੇ ਵੀਰ ਡਾ. ਹਰਜੋਤ ਕੰਵਲ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇੰਨੀ ਵਧੀਆ ਸਲਾਹ ਦਿੱਤੀ ਹੈ। ਮੈਂ ਵੀ ਇੱਕ ਸਲਾਹ ਨਾਲ ਦੇਣੀ ਚਾਹਾਂਗਾ, ਲੋਕਾਂ ਨੇ ਸਾਨੂੰ ਆਪਣੀ ਅਵਾਜ਼ ਬਣਾ ਕੇ ਇੱਥੇ ਭੇਜਿਆ ਹੋਵੇ ਤਾਂ ਇੱਥੇ ਆ ਕੇ ਸਾਲਾਂਬੱਧੀ ਨਾ ਬੋਲੀਏ ਤਾਂ ** ਹੈ। ਸੋ, ਮੈਂ ਤਾਂ ਇੱਥੇਲੋਕਾਂ ਦੇ ਮਸਲੇ ਚੁੱਕਾਗਾਂ। ਹੁਣ ਮੇਰੀ ਬੇਨਤੀ ਇਹ ਹੈ ਕਿ ਜਿਹੜੀ ਮੇਰੇ ਵੀਰ ਗੋਲਡੀ ਜੀ ਨੇ ਗੱਲ ਕੀਤੀ ਹੈ...(ਵਿਘਨ)

**Expunged as ordered by the Chair.

ਮਾਨਯੋਗ ਸਪੀਕਰ: ਇਹ ** ਐਕਸਪੰਜ ਕਰ ਦਿਉ। ਤੁਸੀਂ ਇਹ ਪਰਸਨਲ ਗੱਲਾਂ ਨਾ ਕਰੋ । ਤੁਸੀਂ ਬਹੁਤ ਦੂਰ ਚਲੇ ਗਏ ਹੋ।

ਸ਼੍ਰੀ ਅਮਨ ਅਰੋੜਾ: ਮੈਨੂੰ ਮੇਰੇ ਮਸਲੇ ਤੇ ਆ ਜਾਣ ਦਿਉ ਜੀ।

ਮਾਨਯੋਗ ਸਪੀਕਰ: ਨਹੀਂ ਜੀ। ਪਹਿਲਾਂ ਤੁਸੀਂ ਗੱਲ ਸੁਣੋ। ਤੁਸੀਂ ਕੀ ਕਿਹਾ ਹੈ? ਤੁਸੀਂ ਸਿਆਣੇ ਬੰਦੇ ਹੋ। ਤੁਸੀਂ ਆਪਣੇ ਇੱਕ ਕੁਲੀਗ ਨੂੰ **ਕਹਿ ਦਿੱਤਾ ਹੈ। ਇਹ ਨਹੀਂ ਚੱਲੇਗਾ। This is unacceptable, I am not going to accept it.

(ਸ਼ੇਮ ਸ਼ੇਮ ਦੀਆਂ ਅਵਾਜ਼ਾਂ)

Shri Aman Arora: Sir,let me raise the issue.ਸਰ, ਮੇਰੀ ਬੇਨਤੀ ਇੰਨੀ ਹੈ... (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਕਮਾਲੂ ਜੀ, ਤੁਸੀਂ ਬੋਲੋ। (ਵਿਘਨ)(ਸ਼ੋਰ) ਹਾਂ ਜੀ, ਚੀਮਾ ਜੀ, ਤੁਸੀਂ ਕੀ ਕਹਿਣਾ ਹੈ?

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਜੋ ਅਮਨ ਜੀ ਨੇ ਇਸ਼ੂ ਰੇਜ਼ ਕਰਨਾ ਹੈ, ਇਹ ਬੜਾ ਇੰਪਾਰਟੈਂਟ ਇਸ਼ੂ ਹੈ। ਪਲੀਜ਼, ਇਨ੍ਹਾਂ ਨੂੰ ਦੋ ਮਿੰਟ ਲਈ ਟਾਈਮ ਦੇ ਦਿਉ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਵੈੱਲ ਆਫ ਦਿ ਹਾਊਸ ਵਿੱਚ ਆ ਰਹੇ ਸੀ।)

ਮਾਨਯੋਗ ਸਪੀਕਰ: ਅਮਨ ਜੀ, ਇਸ ਤਰ੍ਹਾਂ ਨਹੀਂ ਚੱਲੇਗਾ। ਇੱਦਾਂ ਨਹੀਂ ਚੱਲੇਗਾ। ਮੈਂ ਇਸ ਤਰ੍ਹਾਂ ਨਹੀਂ ਚੱਲਣ ਦੇਵਾਂਗਾ। ਮੈਂ ਬਿਲਕੁਲ ਨਹੀਂ ਇਵੇਂ ਚੱਲਣ ਦੇਵਾਂਗਾ, ਹਾਊਸ ਵਿੱਚ ਬਿਲਕੁਲ ਆਰਡਰ ਰਹੇਗਾ। ਮੈਂ ਇਹ ਨਹੀਂ ਚੱਲਣ ਦੇਵਾਂਗਾ।(ਥੰਪਿੰਗ)

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਅਮਨ ਜੀ ਨੇ ਜਿਹੜਾ ਮਾਮਲਾ ਸਮਅੱਪ ਕਰਨਾ ਹੈ, ਇਹ ਬਿਲ ਨਾਲ ਸਬੰਧਿਤ ਮਾਮਲਾ ਹੈ, ਟੈਕਨੀਕਲ ਮਾਮਲਾ ਹੈ। ਆਪਾਂ ਇਸ ਨੂੰ ਇੱਕ ਮਿੰਟ ਲਈ ਸੁਣ ਲਈਏ। ਸਪੀਕਰ ਸਾਹਿਬ, ਅਸੀਂ ਤੁਹਾਡੇ ਨਾਲ ਟੈਕਨੀਕਲ ਗੱਲ ਕਰਨਾ ਚਾਹੁੰਦੇ ਹਾਂ। ਕੋਈ ਹੋਰ ਗੱਲ ਨਹੀਂ ਹੈ, ਇਹ ਪੰਜਾਬ ਦੇ ਭਲੇ ਦੀ ਗੱਲ ਹੈ।

ਮਾਨਯੋਗ ਸਪੀਕਰ: ਮੈਂ ਟਾਈਮ ਦੇ ਦਿੰਦਾ ਹਾਂ। ਮੈਂ ਇਨ੍ਹਾਂ ਨੂੰ ਬੁਲਾ ਦਿੰਦਾ ਹਾਂ ਪਰ ਮੈਂ ਅੱਜ ਹਾਊਸ ਨੂੰ ਪ੍ਰਾਰਥਨਾ ਕੀਤੀ ਹੈ ਕਿ ਜਿਨ੍ਹਾਂ ਮੈਂਬਰਜ਼ ਨੂੰ ਕਦੇ ਬੋਲਣ ਲਈ ਟਾਈਮ ਨਹੀਂ ਮਿਲਦਾ, ਉਨ੍ਹਾਂ ਨੂੰ ਮੌਕਾ ਦੇਈਏ। ਮੈਂ ਸਭ ਨੂੰ ਪ੍ਰਾਰਥਨਾ ਕੀਤੀ ਹੈ, ਮੈਂ ਇੱਧਰ ਵੀ ਪ੍ਰਾਰਥਨਾ ਕੀਤੀ ਹੈ। ਸਾਰਿਆਂ ਨੂੰ ਸਮਾਂ ਮਿਲੇ।

ਸਰਦਾਰ ਹਰਪਾਲ ਸਿੰਘ ਚੀਮਾ: ਤੁਹਾਡੀ ਗੱਲ ਬਿਲਕੁਲ ਸਹੀ ਹੈ ਜੀ। ਅਸੀਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਪਰ ਜਿਹੜਾ ਅਹਿਮ ਮਸਲਾ ਹੈ, ਉਸ ਬਾਰੇ ਕਹਿ ਲੈਣ ਦਿਉ।

ਮਾਨਯੋਗ ਸਪੀਕਰ: ਹਾਂ ਜੀ, ਦੱਸੋ।

ਸ਼੍ਰੀ ਅਮਨਅਰੋੜਾ: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। I respect the Chair and the House from the core of my heart. ਸਰ, ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਮੈਂ ਪਹਿਲਾਂ ਕਿਸੇ ਨੂੰ ਪਰਸਨਲੀ ਨਾ ਤਾਂ ਅੱਜ ਤੱਕ ਕਦੇ ਕਿਹਾ ਹੈ ਅਤੇ ਨਾ ਹੀ ਕਹਿਣਾ ਹੈ ਪਰ ਐਵੇਂ ਬਿਨਾਂ ਗੱਲ ਤੋਂ....

ਮਾਨਯੋਗ ਸਪੀਕਰ: ਤੁਸੀਂ ਇਸ਼ੂ ਤੇ ਆਉ।

ਸ਼੍ਰੀ ਅਮਨ ਅਰੋੜਾ: ਸਰ, ਮੇਰੀ ਬੇਨਤੀ ਇੰਨੀ ਹੈ ਕਿ ਬਜਟ ਸੈਸ਼ਨ ਚੱਲ ਰਿਹਾ ਹੈ ਅਤੇ ਅਸੀਂ ਲੰਬੇ ਸਮੇਂ ਤੋਂ ਸੁਣਦੇ ਆ ਰਹੇ ਹਾਂ ਕਿ ਖਜ਼ਾਨਾ ਖਾਲੀ ਹੈ।ਸਰਕਾਰ ਨੇ ਮੈਨੀਫੈਸਟੋ ਦੇ ਵਿਚ ਪਰਾਮਿਸ ਕੀਤਾ ਸੀ ਕਿ ਲਿੱਕਰ ਕਾਰਪੋਰੇਸ਼ਨ ਬਣਾਵਾਂਗੇ। ਅੱਜ ਸ਼ਰਾਬ ਦਾ ਮਾਫੀਆ ਮੌਜੂਦਾ ਅਤੇ ਪਿਛਲੀ ਸਰਕਾਰ ਦੀ ਪੁਸ਼ਤਪਨਾਹੀ ਦੇ ਕਾਰਨ ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਹੈ। 5 ਹਜ਼ਾਰ ਕਰੋੜ ਦੇ ਮਾਲੀਏ ਦਾ ਘਾਟਾ ਇਕੱਲਾ ਐਕਸਾਈਜ਼ ਮਹਿਕਮੇ ਵਿਚ ਪੈ ਰਿਹਾ ਹੈ। ਸਰ, ਮੈਂ ਲਿੱਕਰ ਕਾਰਪੋਰੇਸ਼ਨ ਬਣਾਉਣ ਵਾਸਤੇ ਤੁਹਾਨੂੰ ਪ੍ਰਾਈਵੇਟ ਮੈਂਬਰ ਬਿੱਲ ਦੇ ਕੇ ਗਿਆ ਸੀ। ਤੁਹਾਡੇ ਸੈਕਟਰੀਏਟ ਨੇ ਮੈਨੂੰ ਕੱਲ ਇਹ ਜਵਾਬ ਦਿੱਤਾ ਕਿ ਸੈਕਸ਼ਨ 115 ਤਹਿਤ ਤੁਹਾਡਾ ਬਿਲ ਰਿਜੈਕਟ ਕੀਤਾ ਜਾਂਦਾ ਹੈ। ਸਰ, ਸੈਕਸ਼ਨ 115 ਤਾਂ ਇਹ ਕਹਿੰਦਾ ਹੈ ਕਿ 15 ਦਿਨ ਪਹਿਲਾਂ ਬਿਲ ਦੇਣਾ ਚਾਹੀਦਾ ਹੈ। ਸਰ, ਅੱਜ 15 ਦਿਨ ਪੂਰੇ ਹੋ ਗਏ ਤੇ ਕੱਲ੍ਹ ਨੂੰ 16ਵਾਂ ਦਿਨ ਹੈ, ਜਿਸ ਦਿਨ ਮੇਰਾ ਬਿਲ ਲੱਗਣਾ ਹੈ। ਸਰ, ਮੇਰੀ ਤੁਹਾਨੂੰ ਇਹ ਬੇਨਤੀ ਹੈ ਕਿ ਜੇਕਰ ਮੇਰਾ ਬਿਲ ਸੈਕਸ਼ਨ 115 ਤਹਿਤ ਤੁਸੀਂ ਰਿਜੈਕਟ ਕਰ ਰਹੇ ਹੋ ਤਾਂ ਜਿਹੜੇ ਸਰਕਾਰ ਨੇ ਮਾਨਯੋਗ ਸੰਸਦੀ ਮਾਮਲੇ ਮੰਤਰੀ ਰਾਹੀਂ ਬਿਲ ਲਿਆਉਣੇ ਹਨ, ਉਹ ਤਾਂ ਅਜੇ ਤੱਕ ਨਹੀਂ ਆਏ, ਇਸ ਦਾ ਮਤਲਬ ਹੈ ਕਿ ਤੁਸੀਂ ਉਹ ਵੀ ਡਿਸ-ਅਲਾਓ ਕਰੋਂਗੇ। ਸਰ, ਮੇਰੇ ਕੋਲ ਆਰ.ਟੀ.ਆਈ. ਦੇ ਬਹੁਤ ਡਾਕੂਮੈਂਟ ਪਏ ਹਨ, ਜਿਨ੍ਹਾਂ ਵਿਚ ਸਪਸ਼ਟ ਜ਼ਾਹਰ ਹੁੰਦਾ ਹੈ ਕਿ ਪੰਜਾਬ ਦੇ ਵਿਚ 10 ਹਜ਼ਾਰ ਕਰੋੜ ਰੁਪਏ ਦੀ ਸ਼ਰਾਬ ਦੀ ਸਮੱਗਲਿੰਗ ਹੋ ਰਹੀ ਹੈ ਅਤੇ 5 ਹਜ਼ਾਰ ਕਰੋੜ ਦੇ ਮਾਲੀਏ ਦਾ ਨੁਕਸਾਨ ਹੋ ਰਿਹਾ ਹੈ। ਸਰ, ਮੈਂ ਇਕ ਬਹੁਤ ਇੰਪਾਰਟੈਂਟ ਇਸ਼ੂ ਰੇਜ਼ ਕਰਨਾ ਚਾਹੁੰਦਾ ਹਾਂ। ਤੁਸੀਂ ਮੇਰਾ ਬਿਲ ਕਿਸ ਬੇਸਿਜ਼ ਤੇ ਰਿਜੈਕਟ ਕੀਤਾ ਹੈ?(ਵਿਘਨ...ਸ਼ੋਰ)

Mr. Speaker: Let me examine it, let me examine it.

ਸ਼੍ਰੀ ਅਮਨ ਅਰੋੜਾ: ਸਰ, ਐਗਜ਼ਾਮਿਨ ਨਹੀਂ, ਜਾਂ ਤਾਂ ਅਲਾਓ ਕਰੋ। (ਵਿਘਨ...ਸ਼ੋਰ)

ਮਾਨਯੋਗ ਸਪੀਕਰ: ਨਹੀਂ, ਇਸ ਤਰ੍ਹਾਂ ਨਹੀਂ ਅਲਾਓ ਹੁੰਦਾ, Let me examine it.

ਸ਼੍ਰੀ ਅਮਨ ਅਰੋੜਾ: ਸਰ, 5 ਹਜ਼ਾਰ ਕਰੋੜ ਦਾ ਨੁਕਸਾਨ ਹੋ ਰਿਹਾ ਹੈ।

Mr. Speaker: Let me examine it.

ਸ਼੍ਰੀ ਅਮਨ ਅਰੋੜਾ: ਸਰ, ਵਿੱਤ ਮੰਤਰੀ ਜੀ ਦੋ-ਦੋ ਪੈਸਿਆਂ ਨਾਲ ਜੂਝ ਰਹੇ ਹਨ ਤੇ ਇਥੇ ਪੰਜ ਹਜ਼ਾਰ ਕਰੋੜ ਰੁਪਏ ਦਾ ਘਾਟਾ ਹੈ।

ਮਾਨਯੋਗ ਸਪੀਕਰ: ਮੈਂ ਕਹਿ ਰਿਹਾ ਹਾਂ ਕਿ Let me again examine it. (ਵਿਘਨ...ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਮੇਤ ਸਰਦਾਰ ਹਰਪਾਲ ਸਿੰਘ ਚੀਮਾ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਨੂੰ ਸ਼੍ਰੀ ਅਮਨ ਅਰੋੜਾ ਵੱਲੋਂ ਦਿੱਤਾ ਗਿਆ ਪ੍ਰਾਈਵੇਟ ਮੈਂਬਰ ਬਿਲ ਅਲਾਓ ਕਰਨ ਲਈ ਬੇਨਤੀ ਕਰ ਰਹੇ ਸੀ।)

ਮਾਨਯੋਗ ਸਪੀਕਰ: ਚੀਮਾ ਜੀ, ਮੈਂ ਇਹ ਗੱਲ ਕਹੀ ਹੈ ਕਿLet me again examine it.

ਸ਼੍ਰੀ ਅਮਨ ਅਰੋੜਾ: ਸਰ, ਅਲਾਓ ਕਰ ਦਿਉ।ਐਗਜ਼ਾਮਿਨ ਕੀ ਕਰਨਾ ਹੈ। (ਵਿਘਨ...ਸ਼ੋਰ)

ਮਾਨਯੋਗ ਸਪੀਕਰ: ਫਿਰ ਰਿਜੈਕਟ ਹੋ ਗਿਆ। ਜੇਕਰ ਤੁਸੀਂ ਐਗਜ਼ਾਮਿਨ ਵੀ ਨਹੀਂ ਕਰਨ ਦੇਣਾ ਤਾਂ ਫਿਰ ਰਿਜੈਕਟ ਹੋ ਗਿਆ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਕਾਲ ਅਟੈਂਸ਼ਨ ਨੋਟਿਸ। ਹਾਂ ਜੀ, ਚੰਦੂਮਾਜਰਾ ਜੀ।

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਅਮਰਜੀਤ ਸਿੰਘ ਸੰਦੋਆ, ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਬਾਕੀ ਮੈਂਬਰ ਸ਼੍ਰੀ ਅਮਨ ਅਰੋੜਾ ਵੱਲੋਂ ਦਿੱਤੇ ਗਏ ਪ੍ਰਾਈਵੇਟ ਮੈਂਬਰ ਬਿੱਲ ਨੂੰ ਡਿਸਅਲਾਓ ਕਰਨ ਦੇ ਰੋਸ ਵੱਜੋਂ ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ।)

ਮਾਨਯੋਗ ਸਪੀਕਰ: ਨਾਅਰੇ ਰਿਕਾਰਡ ਨਾ ਕੀਤੇ ਜਾਣ।

** Not recorded as ordered by the Chair.

CALLING ATTENTION NOTICE UNDER RULE 66

(ਕ੍ਰਮ ਨੰ. 33)

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਇਸ ਸਾਲ ਸਰਦੀ ਵੱਧ ਪੈਣ ਕਾਰਨ ਰਾਜ ਵਿਚ ਖਾਸ ਕਰਕੇ ਜ਼ਿਲ੍ਹਾ ਪਟਿਆਲਾ ਦੇ ਬਲਾਕ ਸਨੌਰ ਦੇ ਪਿੰਡ ਅਸਾਰਪੁਰ, ਜੋਗੀਪੁਰ, ਕਰਤਾਰਪੁਰ, ਨੁਰਖੇੜੀ, ਬੁੱਢਣਪੁਰ ਅਤੇ ਬਸਰ ਸਮੇਤ ਦਰਜਨ ਪਿੰਡਾਂ ਵਿਚ 100 ਏਕੜ ਤੋਂ ਵੱਧ ਟਮਾਟਰ ਦੀ ਫਸਲ ਤਬਾਹ ਹੋ ਗਈ ਹੈ ਜਿਸ ਕਾਰਨ ਕਿਸਾਨਾਂ ਦਾ ਬਹੁਤ ਮਾਲੀ ਨੁਕਸਾਨ ਹੋ ਗਿਆ ਹੈ। ਪਰ ਸਰਕਾਰ ਕਿਸਾਨਾਂ ਦੀ ਮਦਦ ਕਰਨ ਦੇ ਵਿਚ ਬੁਰੀ ਤਰ੍ਹਾਂ ਫੇਲ ਹੋਈ ਹੈ।ਅਜੇ ਤੱਕ ਇਨ੍ਹਾਂ ਕਿਸਾਨਾਂ ਦੀ ਖਰਾਬ ਹੋਈ ਫਸਲ ਦੀ ਗਿਰਦਾਵਰੀ ਵੀ ਨਹੀਂ ਕੀਤੀ ਅਤੇ ਪ੍ਰਸ਼ਾਸਨ ਕੋਈ ਵੀ ਮੁਆਵਜ਼ਾ ਦੇਣ ਲਈ ਤਿਆਰ ਨਹੀਂ ਹੋਇਆ।

ਮੈਂ ਮੰਗ ਕਰਦਾ ਹਾਂ ਕਿ ਰਾਜ ਸਰਕਾਰ ਇਸ ਅਤਿ ਗੰਭੀਰ ਮਾਮਲੇ ਤੇ ਫੌਰੀ ਧਿਆਨ ਦੇਵੇ ਤੇ ਕਿਸਾਨਾਂ ਦੀ ਟਮਾਟਰ ਦੀ ਫਸਲ ਦੇ ਹੋਏ ਨੁਕਸਾਨ ਦੀ ਢੁਕਵੀਂ ਕੀਮਤ ਤੁਰੰਤ ਪ੍ਰਭਾਵਿਤ ਕਿਸਾਨਾਂ ਨੂੰ ਦੇਵੇ ਤਾਂ ਜੋ ਕਿਸਾਨਾਂ ਨੂੰ, ਜੋ ਪਹਿਲਾਂ ਹੀ ਕਰਜਿਆਂ ਥੱਲੇ ਦਬਿਆ ਹੋਇਆ ਹੈ, ਨੂੰ ਹੋਰ ਭਾਰੀ ਵਿੱਤੀ ਨੁਕਸਾਨ ਤੋਂ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ): ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਸਰਕਾਰ ਦੇ ਧਿਆਨ ਵਿਚ ਹੈ। ਇਸ ਸਾਲ ਰਾਜ ਵਿਚ ਸਰਦੀ ਵੱਧ ਪੈਣ ਕਾਰਨ ਖਾਸ ਕਰਕੇ ਜ਼ਿਲ੍ਹਾ ਪਟਿਆਲਾ ਦੇ ਹਲਕਾ ਸਨੌਰ ਦੇ ਪਿੰਡਾਂ ਵਿਚ ਟਮਾਟਰ ਦੀ ਫਸਲ ਦੇ ਖਰਾਬੇ ਕਾਰਨ ਡਿਪਟੀ ਕਮਿਸ਼ਨਰ, ਪਟਿਆਲਾ ਵੱਲੋਂ ਗਿਰਦਾਵਰੀ ਦੇ ਹੁਕਮ ਦੇ ਦਿੱਤੇ ਗਏ ਹਨ ਔਰ ਇਹ ਗਿਰਦਾਵਰੀ ਮੁਕੰਮਲ ਹੋਣ ਉਪਰੰਤ ਪ੍ਰਭਾਵਿਤ ਕਿਸਾਨਾਂ ਨੂੰ ਰਾਹਤ ਜਾਰੀ ਕਰ ਦਿੱਤੀ ਜਾਵੇਗੀ।

WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਉਨ੍ਹਾਂ ਵੱਲੋਂ ਦਿੱਤੇ ਗਏ ਪ੍ਰਾਈਵੇਟ ਮੈਂਬਰਜ਼ ਬਿਲ ਨੂੰ ਨਾ-ਮਨਜ਼ੂਰ ਕਰਨ ਕਰਕੇ ਰੋਸ ਵਜੋਂ **ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

CALLING ATTENTION NOTICE UNDER RULE 66 (RESUMPTION)

ਮਾਨਯੋਗ ਸਪੀਕਰ: ਹਾਂ ਜੀ, ਚੰਦੂਮਾਜਰਾ ਜੀ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ: ਸਪੀਕਰ ਸਾਹਿਬ, ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਨੌਰ ਦਾ ਕਿਸਾਨ ਬਹੁਤ ਮਿਹਨਤੀ ਹੈ ਤੇ ਸਬਜੀਆਂ ਖਾਸ ਕਰਕੇ ਮਟਰਾਂ ਤੇ ਟਮਾਟਰਾਂ ਦੀ ਬਹੁਤ ਚੰਗੀ ਖੇਤੀ ਕਰਦਾ ਹੈ। ਇਨ੍ਹਾਂ ਇਲਾਕਿਆਂ ਵਿਚ ਟਮਾਟਰ ਦੀ ਖੇਤੀ ਕਰਨ ਲਈ ਕਰੀਬ ਸਵਾ ਲੱਖ ਰੁਪਿਆ ਇਕ ਏਕੜ ਤੇ ਖਰਚ ਆਉਂਦਾ ਹੈ। ਵੈਸੇ ਆਪਾਂ ਡਾਈਵਰਸੀਫਿਕੇਸ਼ਨ ਦੀਆਂ ਗੱਲਾਂ ਕਰਦੇ ਹਾਂ।ਮੇਰਾ ਸਨੌਰ ਦਾ ਹਲਕਾ ਡਾਈਵਰਸੀਫਿਕੇਸ਼ਨ ਦੀ ਸਭ ਤੋਂ ਉੱਤਮ ਉਦਾਹਰਣ ਹੈ।ਸਵਾ ਲੱਖ ਦੇ ਕਰੀਬ ਕਿਸਾਨ ਖਰਚਾ ਕਰ ਚੁੱਕਿਆ ਸੀ ਤੇ ਫਸਲ ਮੰਡੀਆਂ ਵਿਚ ਜਾਣ ਲਈ ਤਿਆਰ ਸੀ, ਜਿਸ ਵੇਲੇ ਇਹ ਨੁਕਸਾਨ ਹੋਇਆ ਹੈ। ਮੈਂ ਉਥੇ ਜਾ ਕੇ ਦੇਖਿਆ ਹੈ, ਉਨ੍ਹਾਂ ਦਾ ਬਹੁਤ ਬੁਰਾ ਹਾਲ ਸੀ, ਕਿਸਾਨ ਬਹੁਤ ਡਿਪਰੈਸ਼ਨ ਵਿਚ ਸੀ ਤੇ ਵਾਰ-ਵਾਰ ਦਰਖਾਸਤਾਂ ਦੇਣ ਦੇ ਬਾਵਜੂਦ ਐਗਰੀਕਲਚਰ ਡਿਪਾਰਟਮੈਂਟ ਤੇ ਹਾਰਟੀਕਲਚਰ ਡਿਪਾਰਟਮੈਂਟ ਦਾ ਕੋਈ ਵੀ ਅਧਿਕਾਰੀ ਉਥੇ ਜਾਣ ਦੀ ਖੇਚਲ ਨਹੀਂ ਕਰ ਸਕਿਆ।ਮੁੱਖ ਮੰਤਰੀ ਸਾਹਿਬ ਦੀ ਰਿਹਾਇਸ਼ ਤੋਂ ਕੁੱਝ ਕਿਲੋਮੀਟਰ ਦੂਰੀ ਤੇ ਹੀ ਇਹ ਪਿੰਡ ਸਥਿੱਤ ਹਨ। ਖੇਤੀਬਾੜੀ ਵਿਭਾਗ ਵੀ ਮੁੱਖ ਮੰਤਰੀ ਸਾਹਿਬ ਕੋਲ ਹੈ।ਇਸ ਮਹਿਕਮੇ ਦਾ ਇੱਕ ਵੀ ਅਧਿਕਾਰੀ ਉਥੇ ਨਹੀਂ ਪਹੁੰਚਿਆ। ਐਡਾ ਵੱਡਾ ਖਰਾਬਾ ਹੋਇਆ ਹੋਵੇ, ਐਡਾ ਵੱਡਾ ਨੁਕਸਾਨ ਹੋਇਆ ਹੋਵੇ। ਇੰਨਾ ਵੱਡਾ ਖਰਾਬਾ ਹੋਇਆ ਹੋਵੇ, ਇੰਨਾ ਵੱਡਾ ਨੁਕਸਾਨ ਹੋਇਆ ਹੋਵੇ, ਇੱਕ ਵੀ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ। ਮੈਂ ਜਦੋਂ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਮੈਨੂੰ ਜਵਾਬ ਦਿੱਤਾ ਸੀ ਕਿ ਅਸੀਂ ਕੋਸ਼ਿਸ਼ ਕਰਾਂਗੇ, Horticulture ਦੀਆਂ ਕੋਈ ਵਿਸ਼ੇਸ਼ ਗਿਰਦਾਵਰੀਆਂ ਨਹੀਂ ਹੁੰਦੀਆਂ। ਚਲੋ ਮੇਰੀ ਉਸ ਦਰਖਾਸ ਤੋਂ ਬਾਅਦ ਉਨ੍ਹਾਂ ਨੇ ਆਰਡਰ ਕੀਤੇ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਮੰਤਰੀ ਜੀ ਤੋਂ ਇਹ ਆਸ਼ਵਾਸਨ ਚਾਹੁੰਦਾ ਹਾਂ ਕਿ ਜਿਹੜੇ ਅਧਿਕਾਰੀ ਉਥੇ ਗਏ ਨਹੀਂ, ਉਨ੍ਹਾਂ ਤੇ ਤੁਰੰਤ ਐਕਸ਼ਨ ਲੈਣਾ ਚਾਹੀਦਾ ਹੈ। ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕਰੋ ਕਿ ਕਿਨ੍ਹਾਂ ਦੀ ਡਿਊਟੀ ਸੀ ਅਤੇ ਉਹ ਕਿਉਂ ਨਹੀਂ ਗਏ, ਉਨ੍ਹਾਂ ਤੇ ਐਕਸ਼ਨ ਹੋਣਾ ਚਾਹੀਦਾ ਹੈ। ਦੂਜੀ ਗੱਲ, ਕੀ ਮੰਤਰੀ ਜੀ ਐਸ਼ਿਓਰੈਂਸ ਦਿਵਾ ਦੇਣਗੇ, ਕਿਉਂਕਿ ਝੋਨੇ ਦਾ

** Not recorded as ordered by the Chair.

ਮੁਆਵਜ਼ਾ ਹਾਲੇ ਤੱਕ ਨਹੀਂ ਮਿਲਿਆ ਹੈ। ਕਣਕ ਦੀ ਵਾਢੀ ਆਉਣ ਵਾਲੀ ਹੈ। ਝੋਨੇ ਦਾ ਮੁਆਵਜ਼ਾ ਹਾਲੇ ਤੱਕ ਨਹੀਂ ਮਿਲਿਆ ਜਿਹੜਾ ਕਿ ਹੜ੍ਹਾਂ ਦੀ ਮਾਰ ਥੱਲੇ ਆਇਆ ਸੀ। ਟਮਾਟਰਾਂ 'ਤੇ ਕਿਸਾਨ ਪ੍ਰਤੀ ਏਕੜ ਜਿਹੜਾ ਤਕਰੀਬਨ 1 ਲੱਖ 30 ਹਜ਼ਾਰ ਰੁਪਏ ਦਾ ਖਰਚਾ ਕਰ ਚੁੱਕੇ ਹਨ ਤੇ 70-80 ਹਜ਼ਾਰ ਰੁਪਏ ਦੇ ਕਰੀਬ ਦੀਆਂ ਸਪਰੇਆਂ ਉਸ ਤੇ ਹੁੰਦੀਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮੁਆਵਜ਼ਾ ਕਦੋਂ ਤੱਕ ਕਿਸਾਨਾਂ ਨੂੰ ਦੇ ਦਿੱਤਾ ਜਾਵੇਗਾ?

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ: ਸਪੀਕਰ ਸਾਹਿਬ, ਇਸ ਚਿੰਤਾ ਦਾ ਹੋਣਾ ਸੁਭਾਵਿਕ ਵੀ ਹੈ ਕਿ ਕਿਸਾਨਾਂ ਦਾ ਬੜਾ ਵੱਡਾ ਨੁਕਸਾਨ ਜਦੋਂ ਫਸਲ ਖਰਾਬ ਹੁੰਦੀ ਹੈ, ਉਦੋਂ ਹੁੰਦਾ ਹੈ। ਇਹ ਇਲਾਕਾ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਹੈ। ਮੈਂ ਵੀ ਇਹ ਗੱਲ ਕਰਾਂਗਾ। ਨੁਕਸਾਨ ਦੀ ਜਿੰਨੀ ਵੱਧ ਤੋਂ ਵੱਧ ਭਰਪਾਈ ਹੋ ਸਕੇ, ਉਹ ਕਰਵਾਵਾਂਗੇ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ: ਸਪੀਕਰ ਸਾਹਿਬ, ਝੋਨੇ ਤੇ ਤਕਰੀਬਨ 1 ਲੱਖ 30 ਹਜ਼ਾਰ ਰੁਪਏ ਇੱਕ ਏਕੜ ਦਾ ਖਰਚ ਆਉਂਦਾ ਹੈ। ਕਦੋਂ ਤੱਕ ਇਹ ਮੁਆਵਜ਼ਾ ਦਿੱਤਾ ਜਾਵੇਗਾ?

ਮਾਨਯੋਗ ਸਪੀਕਰ: ਉਨ੍ਹਾਂ ਨੇ ਕਹਿ ਦਿੱਤਾ ਹੈ। ਹੋ ਗਿਆ ਜੀ। ਹੁਣ ਨੈਕਸਟ ਆਈਟਮ ਜੀ। ਰਿਪੋਰਟਾਂ ਪੇਸ਼ ਕਰਨਾ। ਹੁਣ ਸਰਦਾਰ ਫਤਿਹਜੰਗ ਸਿੰਘ ਬਾਜਵਾ, ਲੋਕ ਲੇਖਾ ਕਮੇਟੀ ਦੇ ਮੈਂਬਰ, ਕਮੇਟੀ ਦੀਆਂ ਰਿਪੋਰਟਾਂ ਪੇਸ਼ ਕਰਨਗੇ। ਹਾਂ ਜੀ, ਬਾਜਵਾ ਜੀ।

PRESENTATION OF REPORTS OF THE COMMITTEES

ਮਾਨਯੋਗ ਸਪੀਕਰ: ਸਰਦਾਰ ਫਤਿਹਜੰਗ ਸਿੰਘ ਬਾਜਵਾ, ਮੈਂਬਰ, ਲੋਕ ਲੇਖਾ ਕਮੇਟੀ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨ।

ਮੈਂਬਰ, ਲੋਕ ਲੇਖਾ ਕਮੇਟੀ (ਸਰਦਾਰ ਫਤਿਹਜੰਗ ਸਿੰਘ ਬਾਜਵਾ): ਸ਼੍ਰੀਮਾਨ ਜੀ, ਮੈਂ ਨਿਮਨ ਲਿਖਤ ਰਿਪੋਰਟਾਂ ਪੇਸ਼ ਕਰਦਾ ਹਾਂ:-

(i) ਸਾਲਾਂ 2012-13, 2013-14, 2014-15, 2015-16 ਅਤੇ 2016-17 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 206ਵੀਂ ਰਿਪੋਰਟ ਅਤੇ ਸਾਲਾਂ 2012-13, 2013-14, 2014-15, 2015-16 ਅਤੇ 2016-17 ਲਈ ਜਲ ਸਰੋਤ ਵਿਭਾਗ ਨਾਲ ਸਬੰਧਿਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ);

(ii) ਸਾਲਾਂ 2013-14, 2014-15, 2015-16, 2016-17, ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 207ਵੀਂ ਰਿਪੋਰਟ ਅਤੇ ਸਾਲਾਂ 2013-14, 2014-15, 2015-16 ਅਤੇ 2016-17 ਲਈ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨਾਲ ਸਬੰਧਿਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ); ਅਤੇ

(iii) ਸਾਲਾਂ 2012-13, 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 208 ਵੀਂ ਰਿਪੋਰਟ ਅਤੇ ਸਾਲਾਂ 2012-13, 2013-14 ਲਈ ਲੋਕ ਕਾਰਜ (ਭਵਨ ਅਤੇ ਮਾਰਗ) ਵਿਭਾਗ ਨਾਲ ਸਬੰਧਿਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ)।

ਮਾਨਯੋਗ ਸਪੀਕਰ:ਹੁਣ ਸਰਦਾਰ ਪਰਮਿੰਦਰ ਸਿੰਘ ਪਿੰਕੀ, ਚੇਅਰਮੈਨ, ਸਰਕਾਰੀ ਆਸ਼ਵਾਸ਼ਨਾਂ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨਗੇ।

2. **ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਪਰਮਿੰਦਰ ਸਿੰਘ ਪਿੰਕੀ)**: ਮਾਨਯੋਗ ਸਪੀਕਰ ਸਾਹਿਬ, ਮੈਂ ਸਦਨ ਵਿੱਚ ਮੰਤਰੀਆਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਗਏ ਆਸ਼ਵਾਸਨਾਂ ਤੇ ਵਚਨਾਂ ਦੀ ਪੜਤਾਲ ਕਰਨ ਲਈ, ਸਾਲ 2019-2020 ਲਈ ਗਠਿਤ ਕੀਤੀ ਗਈ ਸਰਕਾਰੀ ਆਸ਼ਵਾਸ਼ਨਾਂ ਸਬੰਧੀ ਕਮੇਟੀ ਦੇ ਸਭਾਪਤੀ ਵਜੋਂ ਇਸ ਦੀ 49ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

RESUMPTION OF DISCUSSION ON GOVERNOR'S ADDRESS AND VOTE ON THE MOTION OF THANKS

ਮਾਨਯੋਗ ਸਪੀਕਰ: ਰਾਜਪਾਲ ਜੀ ਦੇ ਭਾਸ਼ਣ ਤੇ ਤਿੰਨ ਸੋਧਨਾਵਾਂ ਕਰਨ ਲਈ ਸ਼੍ਰੀ ਐਨ.ਕੇ.ਸ਼ਰਮਾ, ਐਮ.ਐਲ.ਏ ਵੱਲੋਂ ਦੋ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ,ਐਮ.ਐਲ.ਏਸਾਹਿਬਾਨ ਵੱਲੋਂ ਇੱਕ ਨੋਟਿਸ ਪ੍ਰਾਪਤ ਹੋਏ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਨੂੰ ਪੜ੍ਹਿਆ ਅਤੇ ਪ੍ਰਸਤਾਵ ਕੀਤਾ ਗਿਆ ਸਮਝਿਆ ਜਾਵੇ?

(ਆਵਾਜਾਂ : ਹਾਂ ਜੀ, ਹਾਂ ਜੀ।)

ਸੋਧਨਾ ਨੋਟਿਸ ਨੰ: 1 ਅਤੇ 2

ਮਾਨਯੋਗ ਸਪੀਕਰ: ਸ਼੍ਰੀ ਐਨ.ਕੇ.ਸ਼ਰਮਾ, ਐਮ.ਐਲ.ਏ.ਨੇ ਪ੍ਰਸਤਾਵ ਕੀਤਾ ਹੈ ਕਿਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ -

1. "ਪਰ ਖੇਦ ਪ੍ਰਗਟ ਕਰਦਾ ਹੈ ਇਸ ਵਿਚ ਸਰਕਾਰੀ ਕਰਮਚਾਰੀਆਂ ਨੂੰ ਡੀ.ਏ. ਦੀਆਂ ਕਿਸ਼ਤਾਂ ਅਤੇ ਪਹਿਲਾਂ ਤੋਂ ਡਿਊ ਡੀ.ਏ. ਦੇ ਬਕਾਏ ਦੀ ਅਦਾਇਗੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। "
2. " ਪਰ ਖੇਦ ਪ੍ਰਗਟ ਕਰਦਾ ਹੈ ਕਿ ਇਸ ਵਿਚ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਤੇ ਹੋਰ ਸਹੂਲਤਾਂ ਵਿਚ ਵਾਧੇ ਲਈ ਬਿਠਾਏ ਗਏ ਛੇਵੇਂ ਪੇ-ਕਮਿਸ਼ਨ ਵੱਲੋਂ ਰਿਪੋਰਟ ਦੇਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। "

ਸੋਧਨਾ ਨੋਟਿਸ ਨੰ: 3

ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ. ਨੇ ਪ੍ਰਸਤਾਵ ਕੀਤਾ ਹੈ ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ –

> "ਪਰ ਖੇਦ ਪ੍ਰਗਟ ਕਰਦਾ ਹੈ ਕਿਇਸ ਵਿਚ ਕਾਂਗਰਸ ਪਾਰਟੀ ਵੱਲੋਂ, 2017 ਦੀਆਂ ਚੋਣਾਂ ਵੇਲੇ ਆਮ ਲੋਕਾਂ ਨਾਲ ਕੀਤੇ ਵੱਡੇ ਵੱਡੇ ਵਾਅਦੇ ਹੁਣ ਤੱਕ ਪੂਰੇ ਨਾ ਕਰ ਸਕਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। "

ਮਾਨਯੋਗ ਸਪੀਕਰ: ਸਰਦਾਰ ਮਨਪ੍ਰੀਤ ਸਿੰਘ ਇਆਲੀ ਮਿਤੀ 25.2.2020 ਨੂੰ ਰਾਜਪਾਲ ਜੀ ਦੇ ਧੰਨਵਾਦ ਪ੍ਰਸਤਾਵ ਤੇ ਬੋਲ ਰਹੇ ਸਨ ਤਾਂ ਉਸ ਸਮੇਂ ਸਦਨ ਦੀ ਕਾਰਵਾਈ ਖਤਮ ਹੋ ਗਈ ਸੀ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨ।

ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ): ਸਪੀਕਰ ਸਾਹਿਬ, ਮੈਂ Law and Order ਤੇ ਕੱਲ੍ਹ ਗੱਲ ਕਰ ਰਿਹਾ ਸੀ ਕਿ ਸਰਕਾਰ ਦੇ ਵਿਰੁੱਧ ਬਾਈ-ਇਲੈਕਸ਼ਨ ਲੜ ਕੇ ਮੈਂ ਇੱਥੇ ਪਹੁੰਚਿਆ ਹਾਂ। ਬੜੀਆਂ ਧੱਕੇਸ਼ਾਹੀਆਂ ਉਥੇ ਹੋਈਆਂ। ਆਪਾਂ ਗੱਲ ਕਰਦੇ ਹਾਂ, ਗਵਰਨਰ ਸਾਹਿਬ ਨੇ ਕਿਹਾ ਹੈ ਕਿ ਗੈਂਗਸਟਰਾਂ ਤੇ ਕੰਟ੍ਰੋਲ ਕੀਤਾ ਜਾ ਰਿਹਾ ਹੈ। ਇਸ ਚੋਣ ਦੇ ਵਿੱਚ ਜਿੰਨੇ ਪੰਜਾਬ ਦੇ ਗੈਂਗਸਟਰ ਸੀ, ਜਿੰਨੇ ਪੰਜਾਬ ਦੇ **ਅਨਸਰ ਸੀ।

ਮਾਨਯੋਗ ਸਪੀਕਰ: ਇਹ **ਅੱਖਰ ਕੱਟ ਦਿਓ।

ਸਰਦਾਰ ਮਨਪ੍ਰੀਤ ਸਿੰਘ ਇਆਲੀ: ਸਪੀਕਰ ਸਾਹਿਬ, ਉਹ ਸਾਰੇ ਉਥੇ ਇੱਕਠੇ ਕੀਤੇ ਹੋਏ ਸੀ। ਜਦੋਂ ਸਰਕਾਰ ਦੇ **ਹੀ ਜੇਕਰ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨਗੇ ਤਾਂ ਮੇਰਾ ਖਿਆਲ ਹੈ ਕਿ ਪੰਜਾਬ ਦੇ ਵਿੱਚ law and order ਨੂੰ maintain ਨਹੀਂ ਕੀਤਾ ਜਾ ਸਕਦਾ ।ਸੋ , ਉਸ ਸਮੇਂ ਬੜੀਆਂ ਧੱਕੇਸ਼ਾਹੀਆਂ ਹੋਈਆਂ, ਝੂਠੇ ਪਰਚੇ ਦਰਜ ਹੋਏ। ਸਾਡੇ 77 ਵਰਕਰ ਥਾਣਿਆਂ ਦੇ ਵਿੱਚ ਬੰਦ ਕੀਤੇ ਗਏ। ਪੂਰੇ ਪੰਜਾਬ ਦੇ ਵਿੱਚੋਂ

**Expunged as ordered by the Chair

**Expunged as ordered by the Hon'ble Speaker

ਜਿੰਨਾ ਸੀ.ਆਈ.ਏ. ਸਟਾਫ ਸੀ, ਉਨ੍ਹਾਂ ਦੀਆਂ ਟੀਮਾਂ ਹਲਕੇ ਵਿੱਚ ਬੁਲਾਈਆਂ ਗਈਆਂ। ਜਿਹੜਾ ਵੀ ਵਰਕਰ ਕੈਂਪੇਨ ਕਰਨ ਜਾਂਦਾ ਸੀ, ਉਸ ਨੂੰ ਚੁੱਕ ਕੇ ਕਿਸੇ ਨੂੰਰੋਪੜ ਥਾਣੇ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ, ਕਿਸੇ ਨੂੰ ਫਰੀਦਕੋਟ ਥਾਣੇ ਵਿੱਚ ਅਤੇ ਕਿਸੇ ਨੂੰ ਗੁਰਦਾਸਪੁਰ ਥਾਣੇ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਸੋ, ਇਹੋ ਜਿਹੇ ਹਾਲਾਤ ਰਹੇ। ਫਿਰ ਵੀ ਵੋਟਾਂ ਵਾਲੇ ਦਿਨ ਗਿਆਸਪੁਰ ਪਿੰਡ ਦੇ ਵਿੱਚ ਬੂਥ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇੱਕ ਸਪੋਕਸਮੈਨ ਦੇ ਗੋਲੀਆਂ ਮਾਰੀਆਂ ਗਈਆਂ। ਕਾਂਗਰਸ ਦਾ ਇੱਕ ਜ਼ਿੰਮੇਵਾਰ ਲੀਡਰ ਜਸਵਿੰਦਰ ਸਿੰਘ ਭੋਲਾ ਇਸ ਦੀ ਅਗਵਾਈ ਕਰ ਰਿਹਾ ਸੀ, ਜਿਸ ਦੀ ਵੀਡਿਉ ਬਣੀ ਹੋਈ ਹੈ ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਇੱਕ ਰਾਤ ਪਹਿਲਾਂ ਜੇਕਰ ਸੈਂਟਰ ਇਲੈਕਸ਼ਨ ਕਮਿਸ਼ਨ ਵੱਲੋਂ ਉੱਥੇ ਡੀ.ਆਈ.ਜੀ. ਖੱਟੜਾ ਸਾਹਿਬ ਦੀ ਡਿਊਟੀ ਨਾ ਲਗਾਈ ਜਾਂਦੀ ਤਾਂ ਮੇਰਾ ਖਿਆਲ ਚੋਣ ਨਹੀਂ ਹੋ ਸਕਦੀ ਸੀ। ਉਨ੍ਹਾਂ ਨੇ ਲਾਅ ਐਂਡ ਆਰਡਰ ਨੂੰ ਮੇਨਟੇਨ ਕੀਤਾ ਅਤੇ ਉਸ ਦਾ ਖਾਮਿਆਜ਼ਾ ਵੀ ਉਨ੍ਹਾਂ ਨੂੰ ਭੁਗਤਣਾ ਪਿਆ ਕਿ ਉਨ੍ਹਾਂ ਦੀ ਟਰਾਂਸਫਰ ਕਰ ਦਿੱਤੀ ਗਈ। ਜੇਕਰ ਅਜਿਹੇ ਕਾਬਲ ਅਫ਼ਸਰਾਂ ਨੂੰ ਅਸੀਂ ਬਦਲ ਦਿਆਂਗੇ ਤਾਂ ਲਾਅ ਐਂਡ ਆਰਡਰ ਕਦੇ ਵੀ ਪੰਜਾਬ ਵਿੱਚ ਮੇਨਟੇਨ ਨਹੀਂ ਹੋ ਸਕਦਾ। ਸਿਰਫਪੱਖਪਾਤ ਹੋ ਰਿਹਾ ਹੈ। ਸਿਰਫ ਧੱਕੇਸ਼ਾਹੀਆਂ ਹੋ ਰਹੀਆਂ ਹਨ। ਅੱਜ 4-5 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਜਿਹੜੇ ਉਸ ਇਲੈਕਸ਼ਨ ਦੌਰਾਨ ਝੂਠੇ ਪਰਚੇ ਦਰਜ ਕੀਤੇ ਗਏ ਸਨ, ਇੱਕ ਵੀ ਪਰਚੇ ਦੀ ਇਨਕੁਆਰੀ ਕਰਕੇ ਕੈਂਸਲ ਨਹੀਂ ਕੀਤਾ ਗਿਆ। ਕਿਉਂਕਿ ਮੁੱਖ ਮੰਤਰੀ ਸਾਹਿਬ ਦੇ ਓ.ਐਸ.ਡੀ. ਸਾਹਿਬ ਮੇਰੇ ਖਿਲਾਫ ਚੋਣ ਲੜੇ ਸਨ, ਅੱਜ ਵੀ ਜ਼ਿਆਦਤੀਆਂ ਜਾਰੀ ਹਨ, ਅੱਜ ਵੀ ਧੱਕੇਸ਼ਾਹੀਆਂ ਜਾਰੀ ਹਨ। ਅੱਜ ਵੀ ਝੂਠੇ ਪਰਚੇ ਦਰਜ ਹੋ ਰਹੇ ਹਨ। ਜਿੰਨੀਆਂ ਵੀ ਪੰਚਾਇਤਾਂ ਅਕਾਲੀ ਦਲ ਨਾਲ ਸਬੰਧਿਤ ਹਨ, ਮੰਤਰੀ ਜੀ ਬੈਠੇ ਨਹੀਂ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੀਆਂ ਪੰਚਾਇਤਾਂ ਨੂੰ ਸਸਪੈਂਡ ਕੀਤਾ ਜਾ ਰਿਹਾ ਹੈ, ਰੋਜ਼ ਦੀ ਰੋਜ਼ ਕੀਤਾ ਜਾ ਰਿਹਾ ਹੈ। ਇਕੱਲੇ-ਇਕੱਲੇ ਸਰਪੰਚ ਨੂੰ ਸਸਪੈਂਡ ਕੀਤਾ ਜਾ ਰਿਹਾ ਹੈ। ਤੁਸੀਂ ਹੈਰਾਨ ਰਹਿ ਜਾਵੋਗੇ। ਵੈਸੇ ਇਹ ਡਿਵੈਲਪਮੈਂਟ ਦੀ ਗੱਲ ਕਰਦੇ ਹਨ। ਇੱਕ ਪੰਚਾਇਤ ਸ਼ੇਕਰ ਪਿੰਡ ਦੀ ਹੈ, ਉਸ ਨੇ ਦਰਖਾਸਤ ਦਿੱਤੀ ਕਿ ਸਾਡੀ ਪੰਚਾਇਤੀ ਜ਼ਮੀਨ ਤੇ ਕੁਝ ਕਾਂਗਰਸੀ ਕਬਜ਼ਾ ਕਰ ਰਹੇ ਹਨ। ਉਹ ਪੰਚਾਇਤ ਇਸ ਕਰਕੇ ਸਸਪੈਂਡ ਕਰ ਦਿੱਤੀ ਕਿ ਉਨ੍ਹਾਂ ਨੇ ਦਰਖਾਸਤ ਦਿੱਤੀ ਹੈ। ਉਨ੍ਹਾਂ ਤੋਂ ਲਿਖਵਾ ਲਿਆ ਕਿ ਝੂਠੀ ਦਰਖਾਸਤ ਹੈ। ਪੰਚਾਇਤ ਸਸਪੈਂਡ ਕਰ ਦਿੱਤੀ। ਸਾਰੇ ਪੰਚ ਵੀ ਸਸਪੈਂਡ ਕਰ ਦਿੱਤੇ। ਈਸੇਵਾਲ ਪਿੰਡ ਦੀ ਪੰਚਾਇਤ ਬਾਰੇ ਕਹਿੰਦੇ ਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਨੇ ਪੰਚਾਇਤ ਦੀ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਹੈ। ਉਹ ਡੇਢ ਸੌ ਏਕੜ ਦੇ ਮਾਲਕ ਹਨ, ਉਹ ਸਰਪੰਚ ਆਪਣੇ ਦਾਦੇ ਪੜਦਾਦੇ ਤੋਂ ਲੈ ਕੇ ਛੇਵੀਂ ਵਾਰ ਸਰਪੰਚ ਬਣਿਆ ਹੈ। ਉਨ੍ਹਾਂ ਨੇ ਘੱਟੋ-ਘੱਟ ਇੱਕ ਏਕੜ ਜਗ੍ਹਾ, ਵੱਖ-ਵੱਖ ਸਾਂਝੀਆਂ ਜਗ੍ਹਾਵਾਂ, ਸੜਕਾਂ ਚੌੜੀਆਂ ਕਰਨੀਆਂ, ਰਸਤੇ ਚੌੜੇ ਕਰਨੇ, ਸ਼ਮਸ਼ਾਨ ਘਾਟ ਆਦਿ ਲਈ ਜਗ੍ਹਾ ਛੱਡੀ ਹੈ। ਇਹ ਕਹਿੰਦੇ ਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਨੇ ਪੰਚਾਇਤੀ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਹੈ। ਮਿੰਨੀ ਛਪਾਰ ਪਿੰਡ ਦੀ ਇੱਕ ਨਵੀਂ ਇਨਕੁਆਰੀ ਚੱਲ ਰਹੀ ਹੈ, ਜੋ ਕਿ ਸਾਡੇ

ਹਲਕੇ ਦਾ ਹੈ। ਅਹਿਮਦਗੜ੍ਹ ਨਾਲ ਇੱਕ ਕਲੋਨੀ ਸੀ। ਉਨ੍ਹਾਂ ਲੋਕਾਂ ਕੋਲ ਕੋਈ ਵੀ ਪਾਣੀ ਦੀ ਨਿਕਾਸੀ ਦਾ ਸਾਧਨ ਨਹੀਂ ਸੀ। ਅਸੀਂ ਅਹਿਮਦਗੜ੍ਹ ਮੰਡੀ ਤੋਂ ਪਰਮਿਸ਼ਨ ਲਈ ਕਿ ਸਾਨੂੰ ਪਾਣੀ ਜੋੜ ਲੈਣ ਦਿਉ। ਉਸ ਵਾਸਤੇ ਪਿਛਲੀ ਸਰਕਾਰ ਮੌਕੇ 1 ਕਰੋੜ ਰੁਪਏ ਦੀ ਗਰਾਂਟ ਦਿੱਤੀ ਗਈ ਪਰ ਹੁਣ ਤਿੰਨ ਸਾਲਾਂ ਵਿੱਚ ਇੱਕ ਰੁਪਿਆ ਵੀ ਨਹੀਂ ਦਿੱਤਾ ਗਿਆ। ਲੇਕਿਨ ਉੱਥੇ ਹੁਣ ਦੂਜੀ ਵਾਰੀ ਇਨਕੁਆਰੀ ਚੱਲ ਰਹੀ ਹੈ, ਪਹਿਲਾਂ ਸਰਪੰਚ ਦੀਆਂ ਇਨਕੁਆਰੀਆਂ ਚੱਲਦੀਆਂ ਰਹੀਆਂ, ਹੁਣ ਕਹਿੰਦੇ ਹਨ ਕਿ ਨਵਾਂ ਸ਼ਹਿਰ ਏ.ਡੀ.ਸੀ. ਨੂੰ ਇਹ ਇਨਕੁਆਰੀ ਮਾਰਕ ਹੋਈ ਹੈ। ਮੇਰੀ ਅਫ਼ਸਰਾਂ ਨਾਲ ਗੱਲ ਹੋਈ ਹੈ, ਇਹ ਕਹਿੰਦੇ ਕਿ ਇਸ ਸਰਪੰਚ ਨੂੰ ਸਸਮੈਂਡ ਕਰੋ, ਕੰਮ ਨਹੀਂ ਹੋਣ ਦੇਣਾ। ਅੱਜ ਉਸ ਪਿੰਡ ਦੀ ਗਲੀ ਵਿੱਚੋਂ ਕੋਈ ਕਾਂਗਰਸ ਦਾ ਵਰਕਰ ਨਿਕਲ ਨਹੀਂ ਸਕਦਾ, ਇਨ੍ਹਾਂ ਦਾ ਇੰਨਾ ਵਿਰੋਧ ਹੋ ਰਿਹਾ ਹੈ। ਸੋ, ਇਸ ਢੰਗ ਨਾਲ ਧੱਕੇਸ਼ਾਹੀਆਂ ਹੋ ਰਹੀਆਂ ਹਨ।

ਜੇਕਰ ਮੈਂ ਡਿਵੈਲਪਮੈਂਟ ਦੀ ਗੱਲ ਕਰਾਂ, ਪਿੰਡਾਂ ਦੀ ਡਿਵੈਲਪਮੈਂਟ ਦੀ ਗੱਲ ਕਰਾਂ। ਹਲਕਾ ਦਾਖਾ, ਉੱਥੇ ਜਿਹੜੀ ਡਿਵੈਲਮੈਂਟ ਹੋਈ ਹੈ, ਸਪੋਰਟਸ ਪਾਰਕ ਬਣੇ ਹਨ, ਗਲੀਆਂ ਨਾਲੀਆਂ ਬਣੀਆਂ ਹਨ, ਉੱਥੇ ਸਾਰੇ ਡਿਵੈਲਪਮੈਂਟ ਦੇ ਕੰਮ ਹੋਏ ਹਨ। ਸਪੋਰਟਸ ਪਾਰਕਾਂ ਦਾ ਵੱਖਰਾ ਪ੍ਰਾਜੈਕਟ ਹੈ। ਤੁਸੀਂ ਜਾ ਕੇ ਦੇਖਿਉ। ਸਾਰੇ ਐਮ.ਐਲ.ਏ. ਸਾਹਿਬਾਨ ਬਾਈ ਇਲੈਕਸ਼ਨ ਵਿੱਚ ਜਾ ਕੇ ਦੇਖ ਕੇ ਆਏ ਹਨ। ਮੇਰੇ ਤੋਂ ਕਈਆਂ ਨੇ ਜਾਣਕਾਰੀਆਂ ਵੀ ਲਈਆਂ ਹਨ। ਕਈਆਂ ਨੇ ਇੱਕ ਦੋ ਪਿੰਡਾਂ ਵਿੱਚ ਸਾਡੀ ਤਰਜ਼ ਤੇ ਸਪੋਰਟਸ ਪਾਰਕ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਅੱਜ ਸਮੇਂ ਦੀ ਲੋੜ ਹੈ। ਅੱਜ ਚਾਹੇ ਬਿਮਾਰੀਆਂ ਤੋਂ ਬਚਣਾ ਹੈ। ਅੱਜ ਚਾਹੇ ਨਸ਼ਿਆਂ ਦੀ ਗੱਲ ਤੇ ਅਸੀਂ ਇੱਕ ਦੂਜੇ ਤੇ ਇਲਜ਼ਾਮ ਲਗਾਉਂਦੇ ਆ ਰਹੇ ਹਨ। ਲੇਕਿਨ ਇਸ ਦਾ ਇੱਕੋ-ਇੱਕ ਹੱਲ ਖੇਡ ਪਾਰਕ ਪ੍ਰਾਜੈਕਟ ਹੈ। ਸਾਡੇ ਹਲਕੇ ਦੇ 70 ਪਿੰਡਾਂ ਵਿੱਚ ਖੇਡ ਪਾਰਕ ਬਣੇ ਹਨ। ਇੱਕ ਸਾਲ ਦਾ ਬੱਚਾ ਹੋਵੇ ਜਾਂ 90 ਸਾਲ ਦਾ ਬਜ਼ੁਰਗ ਹੋਵੇ ਜਾਂ ਮਾਤਾਵਾਂ, ਉਨ੍ਹਾਂ ਦੇ ਸੈਰ ਕਰਨ ਲਈ ਫੁੱਟਪਾਥ ਬਣੇ ਹਨ। ਸਪਰਿੰਕਲ ਸਿਸਟਮ ਲੱਗਾ ਹੈ। 40 ਪਿੰਡਾਂ ਵਿੱਚ ਫੁੱਟਬਾਲ ਗਰਾਊਂਡ ਬਣੇ ਹਨ, 17 ਪਿੰਡਾਂ ਵਿੱਚ ਕ੍ਰਿਕਟ ਗਰਾਊਂਡ ਬਣੇ ਹਨ। 10 ਪਿੰਡਾਂ ਵਿੱਚ ਹਾਕੀ ਦੇ ਗਰਾਊਂਡ ਬਣੇ ਹਨ। ਉਸ ਵਿੱਚ ਨਾਲ ਬਾਸਕਟ ਬਾਲ ਦੇ ਕੋਰਟ, ਵਾਲੀਬਾਲ ਅਤੇ ਬੈਡਮਿੰਟਨ ਦੇ ਕੋਰਟ ਬਣੇ ਹਨ। ਬੱਚਿਆਂ ਲਈ ਝੂਲੇ ਲੱਗੇ ਹਨ, ਹਰ ਪਿੰਡ ਵਿੱਚ ਓਪਨ ਜਿੰਮ ਲੱਗੇ ਹਨ। ਇਹੀ ਵਜ੍ਹਾ ਹੈ ਕਿ ਜੇ ਅਸੀਂ ਇਹ ਡਿਵੈਲਪਮੈਂਟ ਕੀਤੀ ਸੀ ਤਾਂ ਅੱਜ ਸਰਕਾਰ ਦੀਆਂ ਧੱਕੇਸ਼ਾਹੀਆਂ ਦੇ ਬਾਵਜੂਦ, ਸਰਕਾਰ ਦੀਆਂ ਜ਼ਿਆਦਤੀਆਂ ਦੇ ਬਾਵਜੂਦ, ਕਿਉਂਕਿ ਸਾਰਾ ਪ੍ਰਸ਼ਾਸਨ, ਸਾਰੀ ਪੁਲਿਸ, ਇਨ੍ਹਾਂ ਦੇ ਕਾਫੀ ਐਮ.ਐਲ.ਏ. ਸਾਹਿਬਾਨ, ਤਕਰੀਬਨ ਸਾਰੇ ਮੰਤਰੀ ਸਾਹਿਬਾਨ, ਉਸ ਇਲੈਕਸ਼ਨ ਵਿੱਚ ਜ਼ਿਆਦਤੀਆਂ ਕਰ ਰਹੇ ਸਨ ਪਰ ਫਿਰ ਵੀ ਲੋਕਾਂ ਨੇ ਜੇਕਰ ਇੱਥੇ ਤੱਕ ਭੇਜਿਆ ਹੈ ਤਾਂ ਸਿਰਫ ਡਿਵੈਲਪਮੈਂਟ ਕਰਕੇ ਭੇਜਿਆ ਹੈ। ਇਨ੍ਹਾਂ ਦੇ ਤਿੰਨ ਸਾਲਾਂ ਵਿੱਚ ਜੇਕਰ ਥੋੜ੍ਹੀ ਜਿਹੀ ਡਿਵੈਲਪਮੈਂਟ ਦਾ ਕੰਮ ਕਿਸੇ ਪਿੰਡ ਵਿੱਚ ਹੋਇਆ ਹੋਵੇ ਤਾਂ ਦੱਸਿਆ ਜਾਵੇ, ਜਿਹੜੇ ਵੀ ਕੰਮ ਹੋਏ ਹਨ, ਉਹ ਸੈਂਟਰ ਦੀਆਂ

ਸਕੀਮਾਂ ਤਹਿਤ ਹੋਏ ਹਨ। ਉਸ ਤੋਂ ਵੱਡੀ ਗੱਲ ਹੈ ਕਿ ਜਿਹੜੇ ਖੇਡ ਪਾਰਕ ਬਣੇ ਸਨ, ਉਨ੍ਹਾਂ ਦੀ ਸਵਾ ਕਰੋੜ ਰੁਪਿਆ ਦੇਣਦਾਰੀ ਰਹਿੰਦੀ ਹੈ। ਲੇਕਿਨ ਜਿਸ ਦਿਨ ਸਰਕਾਰ ਬਦਲ ਗਈ, ਕੋਈ ਵੀ ਚੈੱਕ ਨਹੀਂ ਕੱਟਿਆ ਗਿਆ। 14ਵੇਂ ਵਿੱਤ ਕਮਿਸ਼ਨ ਤੋਂ ਜਿਹੜੀ ਸਾਡੀ ਸੈਂਟਰ ਸਰਕਾਰ ਤੋਂ ਗਰਾਂਟ ਆਉਂਦੀ ਹੈ, ਉਸ ਨੂੰ ਕਲੱਬ ਕੀਤਾ ਗਿਆ ਸੀ। ਜਿਹੜੀ ਗਰਾਂਟ ਸਾਲ 2017 ਵਿੱਚ ਆਈ, ਉਦੋਂ ਚੋਣ ਜ਼ਾਬਤਾ ਲੱਗ ਗਿਆ ਸੀ। ਢਾਈ ਸਾਲ ਉਹ ਗਰਾਂਟ ਰਿਲੀਜ਼ ਨਹੀਂ ਕੀਤੀ ਗਈ, ਜਦੋਂ ਤੱਕ ਨਵੀਆਂ ਪੰਚਾਇਤਾਂ ਨਹੀਂ ਬਣੀਆਂ। ਅੱਜ ਪਿੰਡਾਂ ਵਿੱਚ ਜਿਹੜੇ ਕੰਮ ਹੋ ਚੁੱਕੇ ਹਨ, ਦੇਣਦਾਰੀ ਵਜੋਂ ਸਵਾ ਕਰੋੜ ਰੁਪਿਆ ਰਹਿੰਦਾ ਹੈ। ਇਸ ਵਾਸਤੇ ਵੱਖਰਾ ਸਵਾਲ ਵੀ ਲਗਾਇਆ ਸੀ ਮੰਤਰੀ ਜੀ ਨੂੰ ਕਿ ਇੰਨੇ ਵਧੀਆ ਪ੍ਰਾਜੈਕਟ ਬਣੇ ਹਨ, ਜੋ ਕਿ ਇੱਕ ਮਾਡਲ ਹਨ, ਖੇਡ ਮੰਤਰੀ ਜੀ ਇੱਥੇ ਬੈਠੇ ਹਨ, ਇਹ ਵੀ ਜਾ ਕੇ ਦੇਖਣ ਕਿ ਕਿਸ ਤਰ੍ਹਾਂ ਅਸੀਂ ਪੰਜਾਬ ਨੂੰ ਆਉਣ ਵਾਲੇ ਸਮੇਂ ਵਿੱਚ ਤਰੱਕੀ ਵਾਲੇ ਪਾਸੇ ਲੈ ਕੇ ਜਾ ਸਕਦੇ ਹਾਂ। ਆਪਾਂ ਚੰਗੇ ਖਿਡਾਰੀ ਪੈਦਾ ਕਰ ਸਕਦੇ ਹਾਂ। ਸੋ, ਉਸ ਦੀ ਜਿਹੜੀ ਸਵਾ ਕਰੋੜ ਦੀ ਦੇਣਦਾਰੀ ਖੜ੍ਹੀ ਹੈ, ਉਸ ਤੇ ਕਿਸੇ ਨੇ ਧਿਆਨ ਨਹੀਂ ਦਿੱਤਾ, ਅਸੀਂ ਇਸ ਲਈ ਹੁਣ ਹਾਈ ਕੋਰਟ ਜਾ ਰਹੇ ਹਾਂ ਕਿ ਇੰਨਾ ਵਧੀਆ ਕੰਮ ਹੋਇਆ ਹੈ, ਉੱਥੇ ਵਿਤਕਰਾ ਨਹੀਂ ਹੋਣਾ ਚਾਹੀਦਾ। ਲੇਕਿਨ ਹਰ ਪੱਖ ਤੋਂ ਵਿਤਕਰਾ ਹੋ ਰਿਹਾ ਹੈ, ਮੈਂ ਕੱਲ੍ਹ ਵੀ ਗੱਲ ਕੀਤੀ ਸੀ।

ਮਾਨਯੋਗ ਸਪੀਕਰ:ਧੰਨਵਾਦ ਜੀ।

ਸਰਦਾਰ ਮਨਪ੍ਰੀਤ ਸਿੰਘ ਇਆਲੀ: ਮੇਰੀ ਗੱਲ ਰਹਿੰਦੀ ਹੈ ਜੀ। ਮੈਂ ਮੁੱਲਾਂਪੁਰ ਸ਼ਹਿਰ ਦੀ ਗੱਲ ਕਰਨੀ ਹੈ ਜੀ।

ਮਾਨਯੋਗ ਸਪੀਕਰ: ਕਨਕਲੂਡ ਕਰ ਦਿਓ।

Sardar Manpreet Singh Ayali: Sure, Sir. ਮੁੱਲਾਂਪੁਰ ਸ਼ਹਿਰ ਤੋਂ ਹਮੇਸ਼ਾ ਕਾਂਗਰਸ ਜਿੱਤਦੀ ਆਈ ਹੈ।

ਮਾਨਯੋਗ ਸਪੀਕਰ: ਤੁਹਾਡੀ ਪਾਰਟੀ ਦੇ ਕੁੱਲ 16 ਮਿੰਟ ਹਨ, ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ।

ਸਰਦਾਰ ਮਨਪ੍ਰੀਤ ਸਿੰਘ ਇਆਲੀ:ਸਪੀਕਰ ਸਾਹਿਬ, ਦੋ ਮਿੰਟ ਜੀ। ਮੁੱਲਾਂਪੁਰ ਸ਼ਹਿਰ ਵਿੱਚ ਜਦੋਂ ਤੋਂ ਵੋਟਾਂ ਪੈਣ ਲੱਗੀਆਂ ਹਨ, ਹਮੇਸ਼ਾ ਕਾਂਗਰਸ ਪਾਰਟੀ ਜਿੱਤਦੀ ਆਈ ਹੈ, ਪਹਿਲੀ ਵਾਰ ਬਾਇ ਇਲੈਕਸ਼ਨ ਵਿੱਚ ਉੱਥੋਂ ਅਕਾਲੀ ਦਲ ਉਮੀਦਵਾਰ ਜਿੱਤਿਆ ਹੈ। ਉਸ ਦਾ ਬਹੁਤ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਤਿੰਨ ਸਾਲਾਂ ਵਿੱਚ ਉੱਥੇ ਕੋਈ ਵੀ ਡਿਵੈਲਪਮੈਂਟ ਦਾ ਕੰਮ ਨਹੀਂ ਹੋਇਆ। ਉੱਥੇ ਇੱਕੋ ਹੀ ਕੰਮ ਹੋਇਆ ਹੈ। ਅੱਜ ਮੰਤਰੀ ਜੀ ** ਨਹੀਂ ਹਨ। ** ਨਾਲ ਐਮ.ਪੀ. ਸਾਹਿਬ **ਹੋਈ।

**Expunged as ordered by the Chair.

ਮਾਨਯੋਗ ਸਪੀਕਰ: **ਐਕਸਪੰਜ ਕਰ ਦਿਓ।

ਸਰਦਾਰ ਮਨਪ੍ਰੀਤ ਸਿੰਘ ਇਆਲੀ: ਉਸ ਦਾ ਅਸੀਂ ਖਮਿਆਜ਼ਾ ਭੁਗਤਿਆ। ਇਕੱਲੇ ਮੁੱਲਾਂਪੁਰ ਸ਼ਹਿਰ ਵਿੱਚ 9 ਪ੍ਰੋਜੈਕਟ ਜਿਸ ਵਿੱਚ 30 ਏਕੜ ਵਿੱਚ ਦਾਣਾ ਮੰਡੀ ਬਣੀ, ਅੰਬੇਦਕਰ ਭਵਨ ਬਣਿਆ, ਮਾਰਕੀਟ ਕਮੇਟੀ ਦਾ ਦਫਤਰ ਬਣਿਆ, ਤਹਿਸੀਲ ਕੰਪਲੈਕਸ ਬਣਿਆ, ਪੁਲੀਸ ਸਟੇਸ਼ਨ ਦੀ ਨਵੀਂ ਬਿਲਡਿੰਗ ਬਣੀ, ਹਸਪਤਾਲ ਬਣਿਆ, ਵੈਟਰਨਰੀ ਹਸਪਤਾਲ ਬਣਿਆ, ਸੀਵਰੇਜ਼ ਟਰੀਟਮੈਂਟ ਪਲਾਂਟ ਅਤੇ ਸਪੋਰਟਸ ਪਾਰਕ ਬਣਿਆ।

ਮਾਨਯੋਗ ਸਪੀਕਰ: ਚਲੋ ਬੈਠੋ।

ਸਰਦਾਰ ਮਨਪ੍ਰੀਤ ਸਿੰਘ ਇਆਲੀ: ਉੱਥੇ 9 ਪ੍ਰੋਜੈਕਟਸ ਲਗੇ ਤੇ ਇਸੇ ਕਰਕੇ ਹੀ ਮੈਂ ਉਸ ਗੱਲ ਤੇ ਆਉਂਦਾ ਹਾਂ ਕਿ ਜੋ ਗਵਰਨਰ ਸਾਹਿਬ ਨੇ ਐਡਰੈਸ ਕੀਤਾ ਹੈ **, ਉਸ ਵਿੱਚ ਕੋਈ ਸੱਚਾਈ ਨਹੀਂ ਹੈ, ਕੋਈ ਰਿਐਲਿਟੀ ਨਹੀਂ ਹੈ, ਪ੍ਰੈਕਟੀਕਲ ਤੌਰ ਤੇ ਕੋਈ ਕੰਮ ਨਹੀਂ ਹੋਇਆ ਹੈ। ਤੁਹਾਡਾ ਧੰਨਵਾਦ ਜੀ ਜੋ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ।

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ) (ਐਸ.ਸੀ.): ਧੰਨਵਾਦ, ਸਪੀਕਰ ਸਾਹਿਬ, ਜੋ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਦੇ ਪੁਆਇੰਟ ਨੰਬਰ 27 ਬਾਰੇ ਗੱਲ ਕਰਨੀ ਚਾਹੁੰਦੀ ਹਾਂ ਜਿਸ ਵਿੱਚ ਬੇਰੁਜ਼ਗਾਰਾਂ ਨੂੰ ਨੌਕਰੀ ਦੇਣ ਦੀ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਾਰੇ ਹਾਊਸ ਨੂੰ ਦੱਸਣਾ ਚਾਹੰਦੀ ਹਾਂ ਕਿ ਇੱਕ ਅਖਬਾਰ ਵਿੱਚ ਪ੍ਰਕਾਸ਼ਿਤ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਦੇ ਮੁਤਾਬਿਕ ਸਾਲ 2018 ਤੇ 2019 ਵਿੱਚ ਕਰਜ਼ੇ ਕਰਕੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ 202 ਹੈ ਪਰ ਬੇਰੁਜ਼ਗਾਰੀ ਕਰਕੇ ਖੁਦਕੁਸ਼ੀ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ 207 ਹੈ ਜਿਨ੍ਹਾਂ ਵਿੱਚੋਂ 184 ਮਰਦ ਤੇ 23 ਔਰਤਾਂ ਹਨ। ਇਸ ਦਾ ਮਤਲਬ ਕਿ ਬੇਰੁਜ਼ਗਾਰੀ ਕਰਕੇ ਖੁਦਕੁਸ਼ੀ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਤਾਂ ਉਸ ਤੋਂ ਵੀ ਜ਼ਿਆਦਾ ਹੈ ਤੇ ਅਸੀਂ ਗੱਲ ਕਰ ਰਹੇ ਹਾਂ ਘਰ-ਘਰ ਨੌਕਰੀ ਦੀ, ਅਸੀਂ ਗੱਲ ਕਰ ਰਹੇ ਹਾਂ ਕਿ ਅਸੀਂ 11 ਲੱਖ ਨੌਕਰੀਆਂ ਦੇ ਦਿੱਤੀਆਂ ਹਨ। ਅਸੀਂ ਪੰਜਾਬ ਭਰ ਵਿੱਚ 11 ਲੱਖ ਨੌਕਰੀਆਂ ਦਿੱਤੇ ਜਾਣ ਦੇ ਬੋਰਡ ਲਗਾ ਰਹੇ ਹਾਂ। ਜੇ ਅਸੀਂ 11 ਲੱਖ ਨੌਕਰੀਆਂ ਦੇ ਦਿੱਤੀਆਂ ਹਨ ਤਾਂ ਸਾਡੇ ਪੰਜਾਬ ਵਿੱਚ ਨੌਜਵਾਨਾਂ ਦਾ ਇੰਨਾ ਬੁਰਾ ਹਾਲ ਕਿਉਂ ਹੋਇਆ? ਕਿੰਨੀ ਸ਼ਰਮ ਦੀ ਗੱਲ ਹੈ ਤੇ ਕਿੰਨੀ ਦੁਖਦਾਈ ਭਰੀ ਗੱਲ ਹੈ ਕਿ ਨੌਜਵਾਨਾਂ ਨੂੰ ਹੁਣ ਨੌਕਰੀਆਂ ਨਹੀਂ ਮਿਲ ਰਹੀਆਂ ਤੇ ਉਸ ਪਿੱਛੇ ਉਹ ਖੁਦਕੁਸ਼ੀਆਂ ਕਰ ਰਹੇ ਹਨ। ਇਸ ਵਿੱਚ ਫਿਰ ਪਲੇਸਮੈਂਟ ਕੈਂਪਾਂ ਦੀ ਗੱਲ ਕੀਤੀ ਗਈ ਹੈ। ਪੁਆਇੰਟ ਨੰ: 27 ਵਿੱਚ ਰੁਜ਼ਗਾਰ ਮੇਲਿਆਂ ਦੀ ਗੱਲ ਕੀਤੀ ਗਈ ਹੈ। ਮੈਂ ਖੁਦ ਵੀ ਸਟੂਡੈਂਟ ਰਹੀ ਹਾਂ ਤੇ ਮੈਂ ਹੁਣ ਵੀ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਹਾਂ। ਸਾਡੇ ਤੋਂ ਵੱਧ ਕਿਸ ਨੂੰ ਪਤਾ

ਹੋਵੇਗਾ ਕਿ ਇਹ ਰੁਜ਼ਗਾਰ ਮੇਲੇ ਕੀ ਹੁੰਦੇ ਹਨ? ਸਰਕਾਰ ਕਹਿ ਰਹੀ ਹੈ ਕਿ ਅਸੀਂ ਰੁਜ਼ਗਾਰ ਮੇਲੇ ਲਗਾਉਂਦੇ ਹਾਂ। ਸਰ, ਇਹ ਤਾਂ ਜਦੋਂ ਤੁਹਾਡੀ ਸਰਕਾਰ ਨਹੀਂ ਆਈ ਸੀ, ਉਸ ਤੋਂ ਪਹਿਲਾਂ ਵੀ ਲਗਦੇ ਹੀ ਸੀ। ਇਹ ਤਾਂ ਪ੍ਰਾਈਵੇਟ ਕੰਪਨੀਆਂ ਲਗਾਉਂਦੀਆਂ ਹਨ ਔਰ ਇਨ੍ਹਾਂ ਨੂੰ ਕਿੰਨੀਆਂ ਕੁ ਨੌਕਰੀਆਂ ਮਿਲਦੀਆਂ ਹਨ, ਇਹ ਪ੍ਰਾਈਵੇਟ ਕੰਪਨੀਆਂ ਹੁੰਦੀਆਂ ਹਨ, ਅੱਠ ਹਜ਼ਾਰ ਰੁਪਏ ਦੀ ਤਨਖਾਹ ਹੁੰਦੀ ਹੈ ਤੇ ਇਹ ਇੱਕ ਸਾਲ ਰੱਖਣ ਜਾਂ ਦੋ ਸਾਲ ਰੱਖਣ, ਬਾਅਦ ਵਿੱਚ ਉਹ ਕੰਪਨੀਆਂ ਵੀ ਕੱਢ ਦਿੰਦੀਆਂ ਹਨ। ਇਹ ਕੰਪਨੀਆਂ ਯੂ.ਪੀ., ਬਿਹਾਰ ਸਾਈਡ ਦੀਆਂ ਹੁੰਦੀਆਂ ਹਨ। ਇਹ ਸਾਰਾ ਸੱਚ ਤਾਂ ਸਾਨੂੰ ਪਤਾ ਹੀ ਹੈ। ਸਰਕਾਰ ਨੇ ਤਾਂ ਸਿਰਫ ਆਪਣੀ ਸਟੈਂਪ ਲਗਾ ਦਿੱਤੀ ਕਿ ਅਸੀਂ ਰੁਜ਼ਗਾਰ ਮੇਲੇ ਲਗਾਉਂਦੇ ਹਾਂ। ਹੁਣ ਵੀ ਲੱਗ ਰਹੇ ਹਨ ਅਤੇ ਪਹਿਲੇ ਵੀ ਲੱਗ ਰਹੇ ਸੀ। ** ਜੋ ਇਸ ਤਰ੍ਹਾਂ ਅਸੀਂ ਕਹਿ ਰਹੇ ਹਾਂ ਕਿ ਅਸੀਂ ਰੁਜ਼ਗਾਰ ਮੇਲੇ ਲਗਾ ਰਹੇ ਹਾਂ, ਅਸੀਂ 11 ਲੱਖ ਨੌਕਰੀਆਂ ਦੇ ਦਿੱਤੀਆਂ। ਦੂਸਰੀ ਗੱਲ, ਮੈਂ ਇਸੇ ਪੁਆਇੰਟ ਨੰ: ਵਿੱਚ ਕਰਨੀ ਚਾਹਾਂਗੀ ਕਿ ਮਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕੀਤੀ ਗਈ ਹੈ। ਸਰ, ਪੰਜਾਬ ਵਿੱਚ ਮਨਰੇਗਾ ਸਕੀਮ ਅਧੀਨ ਪੇਂਡੂ ਖੇਤਰ ਦੇ ਹਰ ਮਰਦ ਤੇ ਔਰਤ ਨੂੰ ਰੁਜ਼ਗਾਰ ਦੇਣ ਦੀ ਗੱਲ ਕੀਤੀ ਗਈ ਹੈ ਤੇ ਇਹ ਰੁਜ਼ਗਾਰ 150 ਦਿਨ ਦਾ ਦੇਣਾ ਹੁੰਦਾ ਹੈ ਪਰ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਵਿੱਚ ਬਹੁਤ ਹੀ ਘੱਟ ਲੋਕ ਹਨ ਜਿਨ੍ਹਾਂ ਨੂੰ ਮਨਰੇਗਾ ਸਕੀਮ ਅਧੀਨ 100 ਦਿਨ ਵੀ ਰੁਜ਼ਗਾਰ ਮਿਲਦਾ ਹੋਵੇਗਾ। ਪੰਜਾਬ ਵਿੱਚ ਮਨਰੇਗਾ ਮਜ਼ਦੂਰ ਨੂੰ 241 ਰੁਪਏ ਦਿਹਾੜੀ ਮਿਲਦੀ ਹੈ। ਇਹ ਦਿਹਾੜੀ ਪੰਜਾਬ ਸਰਕਾਰ ਨਿਸ਼ਚਿਤ ਕਰਕੇ ਕੇਂਦਰ ਸਰਕਾਰ ਨੂੰ ਭੇਜਦੀ ਹੈ ਤੇ ਉਨ੍ਹਾਂ ਵੱਲੋਂ ਦਿਹਾੜੀ ਰੇਟ ਦਿੱਤੇ ਜਾਂਦੇ ਹਨ। ਹਰਿਆਣਾ ਵਿੱਚ ਇਹ ਦਿਹਾੜੀ ਰੇਟ 284 ਰੁਪਏ ਹੈ ਅਤੇ ਸਾਡੇ ਪੰਜਾਬ ਵਿੱਚ ਇਹ 241 ਰੁਪਏ ਹੈ।

ਮਾਨਯੋਗ ਸਪੀਕਰ: ਚਲੋ, ਕਨਕਲੂਡ ਕਰੋ।

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਸਰ, ਅਜੇ ਤਾਂ ਮੈਂ ਬੋਲਣਾ ਹੈ।

ਮਾਨਯੋਗ ਸਪੀਕਰ: ਬੀਬਾ ਜੀ, ਜਿਹੜੇ ਤੁਹਾਡੇ ਲੀਡਰ ਹਨ, ਉਨ੍ਹਾਂ ਨੇ ਪੰਜ-ਪੰਜ ਮਿੰਟ ਦਿੱਤੇ ਹਨ।

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਸਰ, ਮੈਨੂੰ ਬੋਲ ਤਾਂ ਲੈਣ ਦਿਓ।

ਮਾਨਯੋਗ ਸਪੀਕਰ: ਨਹੀਂ, ਫਿਰ ਤਾਂ ਤੁਹਾਡੇ ਬਾਕੀ ਸਾਥੀ ਰਹਿ ਜਾਣਗੇ।

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਮੈਂ ਦੋ ਮਿੰਟ ਵਿੱਚ ਕੰਪਲੀਟ ਕਰ ਦਿੰਦੀ ਹਾਂ।

ਮਾਨਯੋਗ ਸਪੀਕਰ: ਹਾਂ ਜੀ, ਕੰਪਲੀਟ ਕਰ ਦਿਓ।

**Expunged as ordered by the Hon'ble Speaker.

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਇਸ ਦਾ ਮਤਲਬ ਕਿ ਪੰਜਾਬ ਸਰਕਾਰ ਤਾਂ ਹਰਿਆਣਾ ਸਰਕਾਰ ਤੋਂ ਵੀ ਪਿੱਛੜ ਗਈ ਕਿਉਂਕਿ ਸਾਡੇ ਪੰਜਾਬ ਵਿੱਚ 241 ਰੁਪਏ ਦਿਹਾੜੀ ਰੇਟ ਹੈ ਤੇ ਹਰਿਆਣਾ ਦਾ ਦਿਹਾੜੀ ਰੇਟ 284 ਰੁਪਏ ਹੈ। ਸਰ, ਇਹ ਮੈਂ ਨਹੀਂ ਕਹਿ ਰਹੀ ਹਾਂ, ਇਹ ਅਖਬਾਰਾਂ ਦੀ ਕਟਿੰਗ ਵੀ ਕਹਿ ਰਹੀ ਹੈ। ਬਹੁਤ ਅਖਬਾਰਾਂ ਵਿੱਚ ਵੀ ਛਪਿਆ ਹੈ- 'ਮਨਰੇਗਾ ਵਿੱਚ ਫੇਲ ਅਮਰਿੰਦਰ ਸਰਕਾਰ', 'ਇੱਕ ਵਿਅਕਤੀ ਨੂੰ ਵੀ ਨਹੀਂ ਮਿਲਿਆ 150 ਦਿਨ ਦਾ ਰੁਜ਼ਗਾਰ'। ਇਸ ਵਿੱਚ ਦਿਹਾੜੀ ਦਾ ਵੀ ਲਿਖਿਆ ਹੋਇਆ ਹੈ ਕਿ ਦਿਹਾੜੀ ਮਾਮਲੇ ਵਿੱਚ ਹਰਿਆਣਾ ਤੋਂ ਪਛੜਿਆ ਪੰਜਾਬ। ਇਹ ਸਾਡੇ ਲਈ ਸ਼ਰਮ ਦੀ ਗੱਲ ਹੈ। ਸਰ, ਪੰਜਾਬ ਦੇ ਵਿੱਚ ਟੋਟਲ 28 ਲੱਖ ਮਗਨਰੇਗਾ ਮਜ਼ਦੂਰ ਹਨ, ਜਿਹੜੇ ਕਿ ਰਜਿਸਟਰਡ ਹਨ। ਇਨ੍ਹਾਂ ਵਿਚੋਂ 14 ਲੱਖ ਵਰਕਰਾਂ ਨੂੰ ਰੁਜ਼ਗਾਰ ਮਿਲਿਆ ਹੈ ਅਤੇ ਇਨ੍ਹਾਂ ਵਿਚੋਂ ਵੀ 10 ਹਜ਼ਾਰ ਅਜਿਹੇ ਹਨ, ਜਿਨ੍ਹਾਂ ਨੂੰ ਸਿਰਫ 100 ਦਿਨ ਦਾ ਰੁਜ਼ਗਾਰ ਮਿਲਿਆ ਹੈ। ਮਤਲਬ ਕਿ 13 ਲੱਖ 90 ਹਜ਼ਾਰ ਤੋਂ ਜ਼ਿਆਦਾ ਵਰਕਰਾਂ ਨੂੰ 100 ਦਿਨ ਤੋਂ ਵੀ ਘੱਟ ਦਾ ਰੁਜ਼ਗਾਰ ਮਿਲਿਆ ਹੈ। ਪੰਜਾਬ ਵਿਚ ਇੱਕ ਵੀ ਵਿਅਕਤੀ ਅਜਿਹਾ ਨਹੀਂ ਹੈ, ਜਿਸ ਨੂੰ 150 ਦਿਨ ਦਾ ਰੁਜ਼ਗਾਰ ਮਿਲਿਆ ਹੋਵੇ। ਸਿਰਫ 10,000 ਲੋਕ ਹੀ ਹਨ, ਜਿਨ੍ਹਾਂ ਨੂੰ 100 ਦਿਨ ਦਾ ਰੁਜ਼ਗਾਰ ਮਿਲਿਆ ਹੈ। ਸਰ, ਮੈਂ ਸਾਡੇ ਐਕਸ-ਸੀ.ਐਮ. ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਗੱਲ ਕਰਨਾ ਚਾਹੁੰਦੀ ਹਾਂ ਕਿ ਉਨ੍ਹਾਂ ਦੇ ਆਪਣੇ ਜ਼ਿਲ੍ਹਿਆਂ ਵਿੱਚ 3 ਸਾਲਾਂ ਵਿੱਚ ਸਿਰਫ 460 ਲੋਕਾਂ ਨੂੰ 100 ਦਿਨ ਦਾ ਰੁਜ਼ਗਾਰ ਮਿਲਿਆ ਹੈ। ਹੁਣ ਮੌਜੂਦਾ ਮੁੱਖ ਮੰਤਰੀ ਸਾਹਿਬ ਦੇ ਆਪਣੇ ਜ਼ਿਲ੍ਹੇ ਵਿੱਚ 667 ਲੋਕਾਂ ਨੂੰ 100 ਦਿਨ ਦਾ ਰੁਜ਼ਗਾਰ ਮਿਲਿਆ ਹੈ। ਜੇ ਮੁੱਖ ਮੰਤਰੀ ਸਾਹਿਬ ਦੇ ਜ਼ਿਲ੍ਹਿਆਂ ਦਾ ਇਹ ਹਾਲ ਹੈ ਤਾਂ ਸਾਡੇ ਹਲਕਿਆਂ ਦਾ ਕੀ ਹਾਲ ਹੁੰਦਾ ਹੋਵੇਗਾ, ਤੁਸੀਂ ਆਪ ਹੀ ਸੋਚੋ?ਫਿਰ ਵੀ ਅਸੀਂ ਗੱਲ ਕਰ ਰਹੇ ਹਾਂ ਕਿ ਮਗਨਰੇਗਾ ਸਕੀਮ ਅਧੀਨ ਰੁਜ਼ਗਾਰ ਦੇ ਰਹੇ ਹਾਂ।

Mr. Speaker: Thank you.

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਸਰ, ਮੈਂ ਕਨਕਲੂਡ ਕਰ ਰਹੀ ਹਾਂ, ਕਨਕਲੂਡ ਹੀ ਕਰ ਰਹੀ ਹਾਂ ਜੀ। ਸਰ, ਪਹਿਲਾਂ ਜਦੋਂ ਕਾਂਗਰਸ ਸਰਕਾਰ ਵਿਰੋਧੀ ਧਿਰ ਵਿੱਚ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਨੂੰ ਰੋਣਾ-ਰੋਂਦੇਦੇ ਸੀ। ਸੁਨੀਲ ਜਾਖੜ ਜੀ ਵੀ ਚਿੰਤਾ ਪ੍ਰਗਟ ਕਰਦੇ ਸੀ ਕਿ ਮਗਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਹੁਣ ਅਸੀਂ ਕੀ ਕਹੀਏ? ਹੁਣ ਤਾਂ ਤੁਸੀਂ ਸੱਤਾ ਦੇ ਵਿੱਚ ਹੋ। ਇਹ ਰੋਣਾ ਹੁਣ ਕਿਉਂ ਪੈ ਰਿਹਾ ਹੈ? ਹੁਣ ਤਾਂ ਉਨ੍ਹਾਂ ਨੂੰ ਰੁਜ਼ਗਾਰ ਦੇ ਦਿਉ।

ਦੂਸਰੀ ਗੱਲ, ਮੈਂ ਬੇਰੁਜ਼ਗਾਰਾਂ ਦੀ ਕਰਨੀ ਚਾਹਾਂਗੀ। ਬੇਰੁਜ਼ਗਾਰੀ ਬਹੁਤ ਵਧੀ ਹੋਈ ਹੈ। ਤੁਸੀਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਨੂੰ ਉਨ੍ਹਾਂ ਟਾਈਮਾਂ ਵਿੱਚ ਕਹਿੰਦੇ ਸੀ ਕਿ ਜਦੋਂ ਕੋਈ ਪੋਸਟ ਨਿਕਲਦੀ ਹੈ ਤਾਂ ਅਪਲਾਈ ਫੀਸ ਨਹੀਂ ਲਵਾਂਗੇ। ਹੁਣ ਕਾਂਗਰਸ ਸਰਕਾਰ ਉਨ੍ਹਾਂ ਬੇਰੁਜ਼ਗਾਰਾਂ ਤੋਂ ਅਪਲਾਈ ਫੀਸ ਕਿਉਂ ਲੈ ਰਹੀ ਹੈ? ਕੀ ਹੁਣਸਰਕਾਰ ਅਪਲਾਈ ਫੀਸ ਨਹੀਂ ਲੈ ਰਹੀ? ਮੈਂ ਇਹੀ ਕਹਿਣਾ ਚਾਹਾਂਗੀ

ਕਿ ਜਿਹੜੀ ਸਰਕਾਰ ਉਦੋਂ ਰੋਣੇ-ਰੋਂਦੀ ਹੁੰਦੀ ਸੀ, ਹੁਣ ਉਹ ਰੋਣਾ ਬੰਦ ਕਰੇ, ਤੁਹਾਡੀ ਸਰਕਾਰ ਆ ਚੁੱਕੀ ਹੈ। ਜਿਹੜੀਆਂ ਤੁਸੀਂ ਉਨ੍ਹਾਂ ਨੂੰ ਗੱਲਾਂ ਕਹਿੰਦੇ ਸੀ।

ਮਾਨਯੋਗ ਸਪੀਕਰ: ਰੂਬੀ ਜੀ, ਧੰਨਵਾਦ।

ਸ਼੍ਰੀਮਤੀ ਰੁਪਿੰਦਰ ਕੌਰ ਰੂਬੀ: ਸਰ, ਲਾਸਟ ਲਾਈਨ ਹੈ। ਮੈਂ ਬੇਨਤੀ ਕਰਦੀ ਹਾਂ ਕਿ ਘੱਟੋ-ਘੱਟ ਸਰਕਾਰ ਹਰ ਘਰ ਨਾ ਸਹੀ ਤਾਂ 10 ਘਰਾਂ ਵਿੱਚ ਤਾਂ ਨੌਕਰੀ ਦੇ ਦੇਵੇ ਤੇ ਸਮਾਰਟ ਫੋਨ ਦੇ ਦੇਵੇ। ਹਰ ਘਰ ਤਾਂ ਨੌਕਰੀ ਦੇ ਨਹੀਂ ਸਕੀ। ਧੰਨਵਾਦ ਜੀ।

ਮਾਨਯੋਗ ਸਪੀਕਰ: ਹਾਂ ਜੀ, ਸਰਦਾਰ ਸੁਖਜੀਤ ਸਿੰਘ ਜੀ, ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਸੀ?

ਸਰਦਾਰ ਸੁਖਜੀਤ ਸਿੰਘ: ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ। ਢਿੱਲੋਂ ਸਾਹਿਬ ਨੇ ਕਿਸਾਨਾਂ ਦੀ ਖੁਦਕੁਸ਼ੀ ਬਾਰੇ ਗੱਲ ਕੀਤੀ ਸੀ। ਉਹ ਖੁਦਕੁਸ਼ੀਆਂ ਅੱਜ ਵੀ ਹੋ ਰਹੀਆਂ ਹਨ ਪਰ ਪਹਿਲਾਂ ਵੀ ਬਹੁਤ ਹੋ ਰਹੀਆਂ ਸਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਖੁਦਕੁਸ਼ੀਆਂ ਹੋਣ ਕਿਵੇਂ ਲੱਗੀਆਂ? ਦਵਾਈਆਂ ਵਾਲਿਆਂ ਤੋਂ ਮਨਿਸਟਰਾਂ ਨੇ ਪੈਸੇ ਲੈ ਲਏ, 70-70 ਲੱਖ ਰੁਪਿਆ ਬੀਜ ਵੇਚਣ ਵਾਲਿਆਂ ਤੋਂ ਲੈ ਲਿਆ। ਉਹ ਦਵਾਈਆਂ ਮਾੜੀਆਂ ਸਨ। ਬੀਜ ਵੀ ਮਾੜੇ ਸਨ ਜਿਸ ਕਾਰਨ ਕਿਸਾਨ ਖੁਦਕੁਸ਼ੀ ਕਰਨ ਉਦੋਂ ਲੱਗੇ ਹਨ।

ਮਾਨਯੋਗ ਸਪੀਕਰ: ਚਲੋ, ਬੈਠੋ ਕੋਈ ਨਹੀਂ।

ਸਰਦਾਰ ਸੁਖਜੀਤ ਸਿੰਘ: ਦੂਜੀ ਗੱਲ, ਇਆਲੀ ਸਾਹਿਬ ਨੇ ਕੀਤੀ ਹੈ ਕਿ ਇਲੈਕਸ਼ਨਾਂ ਦੇ ਵਿੱਚ ਬੜੀ ਧੱਕੇਸ਼ਾਹੀ ਹੋਈ। ਧੱਕੇਸ਼ਾਹੀਆਂ ਦਾ ਤਾਂ ਪਤਾ ਨਹੀਂ, ਅਸੀਂ ਤਾਂ ਵੇਖੀਆਂ ਨਹੀਂ। ਪਰ ਮੈਨੂੰ ਇੰਨਾ ਚੇਤਾ ਹੈ ਕਿ ਸਾਲ 2011 ਦੇ ਵਿੱਚ ਮੈਂ ਇੱਕ ਇੰਡੀਪੈਂਡੈਂਟ ਇਲੈਕਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਲੜਿਆ ਸੀ। ਉਸ ਦੇ ਵਿਚ ਅਕਾਲੀ ਦਲ ਵਾਲੇ ਡੱਬੇ ਚੁੱਕ ਕੇ ਲੈ ਗਏ ਸੀ (ਵਿਘਨ) ਡੱਬੇ ਚੁੱਕ ਕੇ ਲੈ ਗਏ, ਡੱਬਿਆਂ ਦੇ ਮਗਰ ਬੰਦੇ ਪਹੁੰਚ ਗਏ। ਮੇਰਾ 10 ਹਜ਼ਾਰ ਬੰਦਾ ਉੱਥੇ ਰਾਤ ਨੂੰ ਬੈਠਾ ਤੇ ਇਲੈਕਸ਼ਨ ਅਨਾਊਂਸ ਹੋਏ-ਹੋਏ ਸੀ।

ਮਾਨਯੋਗ ਸਪੀਕਰ: ਚਲੋ, ਬੈਠੋ ਕੋਈ ਨਹੀਂ।ਬੈਠੋ, ਬੈਠੋ।

ਸਰਦਾਰ ਸੁਖਜੀਤ ਸਿੰਘ: ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਇਹ ਕੀ-ਕੀ ਦੱਸ ਸਕਦੇ ਹਨ?

ਮਾਨਯੋਗ ਸਪੀਕਰ:ਹਾਂ ਜੀ, ਸਰਦਾਰ ਬਲਦੇਵ ਸਿੰਘ ਕਲਿਆਣ ਜੀ।

ਸਰਦਾਰ ਬਲਦੇਵ ਸਿੰਘ ਕਲਿਆਣ (ਜੈਤੋ, ਐਸ.ਸੀ.): ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਬਾਰੇ ਟਾਈਮ ਦਿੱਤਾ ਹੈ। ਮੈਂ ਰਾਜਪਾਲ ਦੇ ਭਾਸ਼ਣ ਦੇ ਵਿਰੋਧ ਵਜੋਂ ਖੜ੍ਹਾ ਹੋਇਆ ਹਾਂ। ਜਿਹੜੇ ਇਸ ਵਿੱਚ ਸਰਕਾਰ ਦੇ ਸੋਹਲੇ ਗਾਏ ਗਏ ਹਨ, ਉਹ ਜ਼ਮੀਨੀ ਹਕੀਕਤ ਨਹੀਂ ਹਨ। ਸਭ ਤੋਂ ਪਹਿਲਾਂ ਮੈਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਗੱਲ ਕਰਨੀ ਚਾਹੁੰਦਾ ਹਾਂ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ 2 ਸਾਲ, 11 ਮਹੀਨੇ, 18 ਦਿਨ ਲਗਾ ਕੇ ਸੰਵਿਧਾਨ ਲਿਖਿਆ ਹੈ। ਅਸੀਂ ਪਿਛਲੇ ਸਾਲ ਸੰਵਿਧਾਨ ਦਿਵਸ ਵੀ ਮਨਾ ਕੇ ਆਏ ਹਾਂ। ਮੈਨੂੰ ਹੈਰਾਨੀ ਹੁੰਦੀ ਹੈ ਕਿ ਜਿਸ ਨੇ ਸਾਨੂੰ ਇੱਥੇ ਪਹੁੰਚਾਇਆ ਹੈ, 117 ਵਿਧਾਇਕਾਂ ਵਿਚੋਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 100 ਮੈਂਬਰ ਬਾਬਾ ਸਾਹਿਬ ਦੀ ਬਦੌਲਤ ਆਏ ਹਨ। ਬਾਬਾ ਸਾਹਿਬ ਦੀ ਬਦੌਲਤ ਇੱਥੇ ਅੰਦਰ ਬੈਠੇ ਹਨ। ਜੇਕਰ ਸਾਡੇ ਕੋਲ ਵੋਟ ਦਾ ਅਧਿਕਾਰ ਨਾ ਹੁੰਦਾ ਤਾਂ ਸਾਨੂੰ ਇੱਥੇ ਬੈਠਣ ਦਾ ਮੌਕਾ ਨਹੀਂ ਮਿਲਣਾ ਸੀ ਪਰ ਮੈਂ ਬੜੇ ਦੁਖ ਨਾਲ ਕਹਿ ਰਿਹਾ ਹਾਂ ਕਿ ਸੰਵਿਧਾਨ ਦੇ ਨਿਰਮਾਤਾ ਦੀ ਸਰਕਾਰ ਅੱਜ ਇੱਥੇ ਵਿਧਾਨ ਸਭਾ ਵਿੱਚ ਫੋਟੋ ਵੀ ਲਾਉਣ ਨੂੰ ਤਿਆਰ ਨਹੀਂ। ਸੰਵਿਧਾਨ ਦਿਵਸ ਵਾਲੇ ਦਿਨ ਬਹੁਤ ਸਾਰੇ ਕਾਂਗਰਸੀ ਵੀਰਾਂ ਨੇ ਵੀ ਬੋਲਿਆ ਸੀ। ਇਸ ਦਾ ਮਤਲਬ ਅਸੀਂ ਉਨ੍ਹਾਂ ਨੂੰ ਸਨਮਾਨ ਨਹੀਂ ਦੇ ਰਹੇ। ਉਨ੍ਹਾਂ ਦੇ ਕੀਤੇ ਹੋਏ ਕੰਮਾਂ ਤੇ ਅਸੀਂ ਗੌਰ ਨਹੀਂ ਕਰ ਰਹੇ। ਜੇ ਬਾਬਾ ਸਾਹਿਬ ਦੀ ਫੋਟੋ ਲੱਗੀ ਹੋਵੇਗੀ ਤਾਂ ਫੋਟੋ ਨੂੰ ਦੇਖ ਕੇ ਯਾਦ ਰਹੇਗਾ ਕਿ ਬਾਬਾ ਸਾਹਿਬ ਨੇ ਸਾਨੂੰ ਸੰਵਿਧਾਨ ਦੇ ਵਿੱਚ ਇਹ ਕੁਝ ਲੈ ਕੇ ਦਿੱਤਾ।

ਸਪੀਕਰ ਸਾਹਿਬ, ਜਦੋਂ ਵਿਧਾਨ ਸਭਾ ਵਿੱਚ ਫੋਟੋ ਲੱਗੀ ਹੋਵੇਗੀ ਤਾਂ ਸਾਨੂੰ ਇਹ ਯਾਦ ਰਹੇਗਾ ਕਿ ਬਾਬਾ ਸਾਹਿਬ ਨੇ ਸਾਨੂੰ ਸੰਵਿਧਾਨ ਵਿੱਚ ਆਹ ਕੁਝ ਦਿੱਤਾ ਹੈ ਅਤੇ ਸਾਡਾ ਸਮਾਜ ਦੇ ਪ੍ਰਤੀ, ਪੰਜਾਬ ਦੇ ਪ੍ਰਤੀ, ਕਿਸਾਨਾਂ ਪ੍ਰਤੀ ਕੀ ਫਰਜ਼ ਬਣਦਾ ਹੈ। ਦੁਖ ਉਦੋਂ ਹੁੰਦਾ ਹੈ, ਜਦੋਂ ਰੇਤ ਮਾਫੀਏ ਦੀ ਗੱਲ ਕਰਦੇ ਹਨ। ਜਦੋਂ ਕਾਂਗਰਸੀ ਵੀਰ ਕਹਿੰਦੇ ਸੀ ਕਿ ਤੁਸੀਂ ਰੇਤ ਮਾਫੀਆ ਕਰਦੇ ਸੀ। ਇਸ ਪਵਿੱਤਰ ਵਿਧਾਨ ਸਭਾ ਵਿੱਚਜਿਹੜੇ ਲੋਕਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ, ਉਨ੍ਹਾਂ ਲੋਕਾਂ ਨੇ ਆਪਣੀਆਂ ਦੁਖ ਤਕਲੀਫਾਂ ਨੂੰ ਹੱਲ ਕਰਨ ਲਈ ਭੇਜਿਆ ਹੈ, ਚਾਹੇ ਉਹ ਅਕਾਲੀ ਪਾਰਟੀ ਦੇ ਹਨ, ਚਾਹੇ ਭਾਰਤੀ ਜਨਤਾ ਪਾਰਟੀ ਦੇ ਹਨ ਅਤੇ ਚਾਹੇ ਉਹ ਆਮ ਆਦਮੀ ਪਾਰਟੀ ਦੇ ਹਨ। ਉਨ੍ਹਾਂ ਲੋਕਾਂ ਦੀਆਂ ਦੁਖ ਤਕਲੀਫਾਂ ਦੂਰ ਕਰਨ ਵਾਸਤੇ ਅਸੀਂ ਇੱਥੇ ਆਏ ਹਾਂ ਪਰ ਸਾਡਾ ਸਮਾਂ ਬਰਬਾਦ ਕਿਉਂ ਕੀਤਾ ਜਾ ਰਿਹਾ ਹੈ, ਇਸ ਤੇ ਸਾਨੂੰ ਸਾਰਿਆਂ ਨੂੰ ਗੌਰ ਕਰਨਾ ਬਣਦਾ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਦੇ ਵਿੱਚ ਮੁਲਾਜ਼ਮਾਂ ਦੀ ਮੰਗ ਬਾਰੇ ਗੱਲ ਕਰਾਂਗਾ, ਜਿਨ੍ਹਾਂ ਦੀ ਮੰਗ ਪੇਅ ਕਮਿਸ਼ਨ ਦੀ ਰਿਪੋਰਟ ਬਾਰੇ ਹੈ, ਪੇਅ ਕਮਿਸ਼ਨ ਬਿਠਾਇਆ ਹੋਇਆ ਹੈ ਪਰੰਤੂ ਇਹ ਉਠਾਉਣਾ ਕਦੋਂ ਹੈ? ਪੇਅ ਕਮਿਸ਼ਨ ਦੇਣਾ ਕਦੋਂ ਹੈ। ਪੇਅ ਕਮਿਸ਼ਨ ਪੀ.ਸੀ.ਐਸ. ਅਤੇ ਆਈ.ਏ.ਐਸ. ਆਫੀਸਰਜ਼ ਨੂੰ ਤਾਂ ਦਿੱਤਾ ਹੋਇਆ ਹੈ, ਸਰਕਾਰ ਨੂੰ ਉਨ੍ਹਾਂ ਆਫੀਸਰਜ਼ ਤੋਂ ਡਰ ਲੱਗਦਾ ਹੈ ਕਿ ਜੇ ਇਨ੍ਹਾਂ ਨੂੰ ਪੇਅ ਕਮਿਸ਼ਨ ਦੀ ਰਿਪੋਰਟ ਨਾ ਦਿੱਤੀ ਤਾਂ ਸਾਡੀ ਇਨ੍ਹਾਂ ਨੇ ਸਰਕਾਰ ਨਹੀਂ ਚੱਲਣ ਦੇਣੀ ਲੇਕਿਨ ਜਿਹੜੇ ਥੱਲੇ ਮੁਲਾਜ਼ਮ ਬੈਠੇ

ਹਨ, ਉਨ੍ਹਾਂ ਦਾ ਕੀ ਕਸੂਰ ਹੈ? ਇਸ ਬਾਰੇ ਰਾਜਪਾਲ ਜੀ ਦੇ ਭਾਸ਼ਣ ਵਿੱਚ ਦੱਸਣਾ ਚਾਹੀਦਾ ਸੀ। ਹਸਪਤਾਲਾਂ ਦੇ ਵਿੱਚ ਡਾਕਟਰ ਨਹੀਂ ਹਨ। ਸਿੱਖਿਆ ਮੰਤਰੀ ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਦਾ ਧਿਆਨ ਦਿਵਾਉਣਾ ਚਾਹਾਂਗਾ ਕਿ ਟੈੱਟ ਪਾਸ ਪਹਿਲਾਂ ਹੀ ਬਥੇਰੇ ਬੈਠੇ ਹਨ, ਜਿਹੜੇ ਪੜ੍ਹੇ-ਲਿਖੇ ਲੋਕ ਹਨ, ਉਹ ਟੈੱਟ (ਟੀਚਰ ਇਲੀਜੀਬਿਲਟੀ ਟੈਸਟ) ਪਾਸ ਪਹਿਲਾਂ ਹੀ ਤੁਰੇ-ਫਿਰਦੇ ਹਨ। ਆਹ ਹੁਣ 15-20 ਦਿਨ ਪਹਿਲਾਂ ਲੋਕਾਂ ਨੇ ਟੈੱਟ ਪਾਸ ਹੋਰ ਕਰ ਲਿਆ ਹੈ, ਕੀ ਜਿਹੜੇ ਪਹਿਲਾਂ ਇਹ ਟੈਸਟ ਪਾਸ ਕਰੀ ਬੈਠੇ ਹਨ, ਕੀ ਉਨ੍ਹਾਂ ਨੂੰ ਰੱਖ ਲਿਆ? ਜਿਹੜੇ ਪਹਿਲਾਂ ਵਾਲੇ ਹਨ, ਉਨ੍ਹਾਂ ਉੱਤੇ ਤਾਂ ਤੁਸੀਂ ਡਾਂਗਾਂ ਵਰ੍ਹਾ ਰਹੇ ਹੋ। ਨੌਜਵਾਨ ਰੁਜ਼ਗਾਰ ਦੀ ਗੱਲ ਕਰਦੇ ਹਨ, ਬਹੁਤ ਸਾਰੇ ਟੈੱਟ ਪਾਸ ਤਾਂ 42-42 ਸਾਲ ਉਮਰ ਦੇ ਹੋ ਗਏ ਹਨ, ਉਨ੍ਹਾਂ ਉੱਤੇ ਤੁਸੀਂ ਡਾਂਗਾਂ ਵਰ੍ਹਾਉਂਦੇ ਹੋ ਤਾਂ ਇਸ ਵਿੱਚ ਬਹੁਤ ਵੱਡੀ ਤੌਹੀਨ ਹੈ।

ਰੇਤ ਮਾਫੀਏ ਦੀ ਗੱਲ ਕਰਦੇ ਹਾਂ। ਪੈਸਾ ਸਾਨੂੰ ਕਿੱਥੋਂ ਆਵੇਗਾ?ਅਸੀਂ ਉਨ੍ਹਾਂ ਲੋਕਾਂ ਨੂੰ ਠੇਕਾ ਦਿੱਤਾ ਹੋਇਆ ਹੈ, ਜਿਹੜੇ ਪੰਜਾਬ ਨੂੰ ਉਜਾੜਨ ਵਾਲੇ ਪਾਸੇ ਲੈ ਚੱਲੇ ਹਨ। ਰੇਤ ਦੀਆਂ ਖੱਡਾਂ ਦਾ ਕੰਮ, ਸ਼ਰਾਬ ਦਾ ਕੰਮ ਸਰਕਾਰ ਆਪਣੇ ਅੰਡਰ ਕਿਉਂ ਨਹੀਂ ਲੈਂਦੀ?ਟਰਾਂਸਪੋਰਟ ਵਿੱਚੋਂ ਪੈਸਾ ਆਉਣਾ ਸੀ, ਅਸੀਂ ਇਹ ਕੰਮ ਵੀ ਉਨ੍ਹਾਂ ਲੋਕਾਂ ਨੂੰ ਦਿੱਤਾ ਹੋਇਆ ਹੈ, ਜਿਹੜੇ ਪੰਜਾਬ ਨੂੰ ਖਤਮ ਕਰਨ ਵੱਲ ਚੱਲੇ ਹੋਏ ਹਨ। ਸਰਕਾਰ ਕਿਸ ਕੰਮ ਵਾਸਤੇ ਹੈ? ਸਰਕਾਰ ਦਾ ਮਤਲਬ ਹੈ, ਜੇ ਅਸੀਂ ਇੱਥੇ ਬੈਠੇ ਹਾਂ, ਜੇਕਰ ਅਸੀਂ ਤਨਖਾਹਾਂ ਲੈ ਰਹੇ ਹਾਂ, ਸਾਨੂੰ ਆਪਣੇ ਲੋਕਾਂ ਦੀ ਗੱਲ ਕਰਨੀ ਬਣਦੀ ਹੈ। ਹੁਣ ਕਰਜ਼ੇ ਦੀ ਗੱਲ ਕਰਦਾ ਹਾਂ। ਮੈਂ ਨਹੀਂ ਕਹਿੰਦਾ ਕਿ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਦਿੱਤਾ, ਪਿੰਡਾਂ ਵਿੱਚ ਜਾ ਕੇ ਦੇਖ ਲਓ, ਉਨ੍ਹਾਂ ਨੂੰ ਪੁੱਛ ਲਓ। ਕੀ ਦਲਿਤ ਪਰਿਵਾਰ ਉਨ੍ਹਾਂ ਪਿੰਡਾਂ ਵਿੱਚ ਨਹੀਂ ਰਹਿੰਦੇ? ਕਿਸੇ ਦਾ ਕਰਜ਼ਾ 40 ਹਜ਼ਾਰ ਹੋਣਾ, ਕਿਸੇ ਦਾ ਕਰਜ਼ਾ 50 ਹਜ਼ਾਰ ਹੋਣਾ, ਕਿਸੇ ਦਾ ਸ਼ਾਇਦ ਲੱਖ ਹੋਵੇ।ਉਹ ਵੀ ਪਿੰਡਾਂ ਦੇ ਵਸਨੀਕ ਹਨ।

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ): ਸਪੀਕਰ ਸਾਹਿਬ, ਸ਼ਾਇਦ ਮੈਂਬਰ ਸਾਹਿਬ ਭੁੱਲ ਗਏ ਹਨ ਕਿ ਐਸ.ਸੀ. ਅਤੇ ਬੀ.ਸੀ. ਵਰਗ ਦੇ ਅਸੀਂ 50-50 ਹਜ਼ਾਰ ਤੱਕ ਦੇ ਕਰਜ਼ੇ ਮੁਆਫ ਕਰ ਦਿੱਤੇ ਹਨ ਅਤੇ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਚਲੇ ਗਏ ਹਨ। ਮੈਂ ਕੱਲ੍ਹ ਤੁਹਾਨੂੰ ਰਕਮ ਵੀ ਦੱਸ ਦੇਵਾਂਗਾ ਕਿ ਕਿੰਨੀ-ਕਿੰਨੀ ਗਈ ਹੈ। ਐਸ.ਸੀ. ਕਾਰਪੋਰੇਸ਼ਨ ਅਤੇ ਬੀ.ਸੀ. ਕਾਰਪੋਰੇਸ਼ਨ ਦੇ 50-50 ਹਜ਼ਾਰ ਤੱਕ ਦੇ ਕਰਜ਼ੇ ਮੁਆਫ ਕੀਤੇ ਹਨ।

ਸਰਦਾਰ ਬਲਦੇਵ ਸਿੰਘ ਕਲਿਆਣ: ਮੰਤਰੀ ਸਾਹਿਬ, ਮੈਂ ਸਵਾਲ ਨਹੀਂ ਪੁੱਛਿਆ ਜੀ। ਮੈਂ ਡਿਟੇਲ ਲਿਆ ਦੇਵਾਂਗਾ। ਮੇਰਾ ਟਾਈਮ ਨਾ ਖਰਾਬ ਕਰੋ ਜੀ।

ਹੁਣ ਅਵਾਰਾ ਪਸ਼ੂਆਂ ਦੀ ਗੱਲ ਕਰਦਾ ਹਾਂ। ਅਵਾਰਾ ਪਸ਼ੂਆਂ ਦੇ ਪ੍ਰਬੰਧ ਲਈ ਪੰਜਾਬ ਸਰਕਾਰ ਨੇ ਤਿੰਨ ਸਾਲਾਂ ਦੇ ਵਿੱਚ ਕੀ ਕੀਤਾ ਹੈ? ਕਿੰਨੇ ਹਜ਼ਾਰਾਂ ਲੋਕ ਮਰ ਚੁੱਕੇ ਹਨ। ਕੀ ਤੁਸੀਂ ਸੜਕਾਂ ਤੇ ਨਹੀਂ ਜਾਂਦੇ?

ਕੀ ਤੁਹਾਨੂੰ ਅਵਾਰਾ ਪਸ਼ੂ ਸੜਕਾਂ ਤੇ ਨਹੀਂ ਮਿਲਦੇ ਜਾਂ ਤੁਸੀਂ ਉਨ੍ਹਾਂ ਦਾ ਅੱਜ ਤੱਕ ਕੀ ਕੀਤਾ? ਕੀ ਇਸ ਸਮੱਸਿਆ ਬਾਰੇ ਰਾਜਪਾਲ ਦੇ ਭਾਸ਼ਣ ਵਿੱਚ ਜ਼ਿਕਰ ਨਹੀਂ ਹੋਣਾ ਚਾਹੀਦਾ ਸੀ? ਉਸ ਵਿੱਚ ਬਹੁਤ ਸਾਰੇ ਗੁਣ-ਗਾਣ ਕੀਤੇ ਜਾਂਦੇ ਹਨ।

ਇਸ ਤੋਂ ਇਲਾਵਾ ਮੈਂ ਜੇਲ੍ਹਾਂ ਬਾਰੇ ਗੱਲ ਕਰਾਂ। ਮੈਂ ਜੇਲ੍ਹ ਮੰਤਰੀ ਜੀ ਤੋਂ ਇੱਕ ਸਵਾਲ ਪੁੱਛਿਆ ਸੀ। ਮੈਂ ਇਨ੍ਹਾਂ ਤੋਂ ਇਹ ਸਵਾਲ ਪੁੱਛਿਆ ਕਿ ਜਿਹੜੇ ਜੇਲ੍ਹਾਂ ਵਿੱਚ ਕੈਦੀ ਹਨ, ਉਨ੍ਹਾਂ ਉੱਤੇ ਇੱਕ ਦਿਨ ਦੇ ਵਿੱਚ ਕੀ ਖਰਚਾ ਕੀਤਾ ਜਾਂਦਾ ਹੈ। ਮੈਨੂੰ ਇਸ ਸਵਾਲ ਦਾ ਜਵਾਬ ਕੱਲ੍ਹ ਹੀ ਮਿਲਿਆ ਪਰੰਤੂ ਬੋਲਣ ਦਾ ਟਾਈਮ ਨਹੀਂ ਸੀ ਮਿਲਿਆ। ਜਵਾਬ ਵਿੱਚ ਕਿਹਾ ਗਿਆ ਹੈ ਕਿ 289 ਰੁਪਏ ਅਤੇ 49 ਪੈਸੇ ਦਾ ਖਰਚਾ ਖਾਣ ਤੇ ਆਉਂਦਾ ਹੈ। ਕੀ ਉਨ੍ਹਾਂ ਨੂੰ ਸੋਨੇ ਦਾ ਵਰਕ ਕਰਵਾ ਕੇ ਖਾਣਾ ਦਿੱਤਾ ਜਾਂਦਾ ਹੈ? ਅਸੀਂ ਐਮ.ਐਲ.ਏ. ਹੋਸਟਲ ਵਿੱਚ ਰੋਟੀ ਖਾਂਦੇ ਹਾਂ ਤਾਂ ਸਾਰੀ ਦਿਹਾੜੀ ਦੇ ਵਿੱਚ 150/- ਰੁਪਏ ਜਾਂ ਪੌਣੇ ਦੋ ਸੌ ਰੁਪਏ ਲੱਗਦਾ ਹੈ ਪਰੰਤੂ ਜਿਹੜੇ ਕੈਦੀ ਹਨ, ਉਨ੍ਹਾਂ ਤੇ 289 ਰੁਪਏ ਖਰਚਾ ਪੈ ਰਿਹਾ ਹੈ, ਕੀ ਉਨ੍ਹਾਂ ਨੂੰ ਚਾਂਦੀ ਦਾ ਵਰਕ ਲਗਾ ਕੇ ਦਿੱਤਾ ਜਾਂਦਾ ਹੈ? ਜਿੱਥੇ ਗੜਬੜ ਹੈ, ਉਥੇ ਕਿਉਂ ਨਹੀਂ ਫੜਿਆ ਜਾਂਦਾ? ਉਥੇ ਮੋਬਾਈਲ ਦਿੱਤੇ ਜਾਂਦੇ ਹਨ।

ਮਾਨਯੋਗ ਸਪੀਕਰ: ਚਲੋ, ਕਨਕਲੂਡ ਕਰੋ, ਕਨਕਲੂਡ ਕਰੋ ਜੀ।

ਸਰਦਾਰ ਬਲਦੇਵ ਸਿੰਘ ਕਲਿਆਣ: ਸਰ, ਇੱਕ ਮਿੰਟ ਜੀ।

ਮਾਨਯੋਗ ਸਪੀਕਰ: ਅੱਜ ਟਾਈਮ ਥੋੜ੍ਹਾ ਹੈ। ਅੱਜ ਟਾਈਮ ਥੋੜ੍ਹਾ ਹੈ ਅਤੇ ਤੁਹਾਡੀਆਂ ਸਾਰੀਆਂ ਪਾਰਟੀਆਂ ਦੀਆਂ ਬੋਲਣ ਸਬੰਧੀ ਲਿਸਟਾਂ ਲੰਬੀਆਂ ਹਨ।

ਸਰਦਾਰ ਬਲਦੇਵ ਸਿੰਘ ਕਲਿਆਣ:ਸਰ, ਮੈਂ ਆਪਣੇ ਸਾਥੀਆਂ ਨੂੰ ਕਹਿ ਲਵਾਂਗਾ ਜੀ।

ਮਾਨਯੋਗ ਸਪੀਕਰ: ਨਹੀਂ, ਫਿਰ ਉਹ ਮੰਨਦੇ ਨਹੀਂ ਹੁੰਦੇ।

ਸਰਦਾਰ ਬਲਦੇਵ ਸਿੰਘ ਕਲਿਆਣ:ਸਰ, ਜੇਲ੍ਹਾਂ ਦੇ ਅੰਦਰ ਜਿਹੜੇ ਮੋਬਾਈਲ ਜਾ ਰਹੇ ਹਨ, ਚਿੱਟਾ ਜਾ ਰਿਹਾ ਹੈ ਅਤੇ ਹੋਰ ਜਿਹੜੇ ਸਕੈਂਡਲ ਹੋ ਰਹੇ ਹਨ, ਉਨ੍ਹਾਂ ਨੂੰ ਕੌਣ ਫੜੇਗਾ? ਉਨ੍ਹਾਂ ਨੂੰ ਕੌਣ ਅੱਗੇ ਲੈ ਕੇ ਆਵੇਗਾ? (ਵਿਘਨ) ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ। ਮੈਂ ਬਸ ਇੱਕ-ਦੋ ਮਿੰਟ ਹੀ ਲਵਾਂਗਾ।ਸਿੱਖਿਆ ਮੰਤਰੀ ਸਾਹਿਬ, ਆਦਰਸ਼ ਸਕੂਲਾਂ ਦੇ ਬਾਰੇ ਵਿੱਚ ਮੈਂ ਦੱਸਣ ਲੱਗਾ ਹਾਂ।

ਮਾਨਯੋਗ ਸਪੀਕਰ: ਤੁਹਾਡੇ ਸਾਹਮਣੇ ਹੀ ਬੈਠੇ ਹਨ।

ਸਰਦਾਰ ਬਲਦੇਵ ਸਿੰਘ ਕਲਿਆਣ: ਜਦੋਂ ਇਹ ਕਾਂਗਰਸ ਦੇ ਮੈਂਬਰ ਸਾਹਿਬਾਨ ਵਿਰੋਧੀ ਧਿਰ ਦੇ ਵਿੱਚ ਬੈਠੇ ਸਨ ਤਾਂ ਕਹਿੰਦੇ ਸੀ ਕਿ ਆਦਰਸ਼ ਸਕੂਲਾਂ ਦੇ ਮਾਮਲੇ ਵਿੱਚ CBI ਦੀ ਜਾਂਚ ਹੋਣੀ ਚਾਹੀਦੀ ਹੈ ਪਰ ਅੱਜ 3 ਸਾਲ ਹੋ ਗਏ ਦੀਵੇ ਥੱਲੇ ਹਨੇਰਾ ਹੀ ਹੈ। ਮੈਂ 2-3 ਆਦਰਸ਼ ਸਕੂਲਾਂ ਦੇ ਬਾਰੇ ਦੱਸਾਂਗਾ ਉਨ੍ਹਾਂ ਦਾ ਨਰਿੰਦਰ ਸਿੰਘ ਰੰਧਾਵਾ ਮੈਨੇਜਮੈਂਟ ਦਾ ਹੈੱਡ ਹੈ, ਇੱਕ ਆਦਰਸ਼ ਸਕੂਲ ਰਣਸੀਂਹ ਕਲਾਂ ਮੋਗਾ ਵਿਖੇ ਹੈ, ਇੱਕ ਮਿੱਡੂ ਮਾਨ ਵਿਖੇ ਹੈ ਅਤੇ ਤਿੰਨ-ਚਾਰ ਸਕੂਲ ਹੋਰ ਹਨ। ਮੱਲ੍ਹਾ ਆਦਰਸ਼ ਸਕੂਲ, ਜੈਤੋ ਮੇਰੇ ਹਲਕੇ ਜ਼ਿਲ੍ਹਾ ਫਰੀਦਕੋਟ ਵਿੱਚ ਹੈ। ਉਹ ਵੀ ਉਸ ਬੰਦੇ ਨੂੰ ਦਿੱਤਾ ਹੈ ਜਿਹੜਾ ਕਰੀਮੀਨਲ ਹੈ ਅਤੇ ਭਗੌੜਾ ਸੀ। ਇਹ ਦਿੱਤਾ ਕਿਸ ਨੇ ਹੈ? ਮੇਰੇ ਖੱਬੇ ਵਾਲੇ ਸਾਥੀਆਂ ਨੇ (SADਅਤੇ BJP ਵੱਲ ਇਸ਼ਾਰਾ ਕਰਦੇ ਹੋਏ।) (ਵਿਘਨ) ਸੁਣ ਲਓ, ਪਲੀਜ਼ ਵਿੱਚ ਨਾ ਬੋਲੋ। ਇਹ ਮੁੱਦਾ ਬਹੁਤ ਵੱਡਾ ਹੈ। ਇਸ ਬੰਦੇਸਬੰਧੀ ਸਾਡੇ ਕੋਲ RTI ਵਿੱਚ ਬਹੁਤ ਕੁਝ ਪਿਆ ਹੈ। ਸਿੱਖਿਆ ਮੰਤਰੀ ਜੀ, ਪਲੀਜ਼ ਬਾਅਦ ਵਿੱਚ ਜਵਾਬ ਦੇ ਦੇਣਾ। ਪਲੀਜ਼,ਮੈਨੂੰ ਬੋਲਣ ਦਾ ਟਾਈਮ ਦੇਵੋ। ਮੇਰੇ ਕੋਲ ਟਾਈਮ ਥੋੜ੍ਹਾ ਹੈ। ਮੈਨੂੰ ਇਸ ਤਰ੍ਹਾਂ ਡਿਸਟਰਬ ਨਾ ਕਰੋ। ਇਸ ਵਿੱਚ ਇੰਨੇ ਝੂਠੇ ਬਿਲ ਪਾਏ ਹੋਏ ਹਨ ਜਿਹੜੀਆਂ ਪੰਜਾਬ ਦੇ ਅੰਦਰ ਦੁਕਾਨਾਂ ਹਨ, ਉਨ੍ਹਾਂ ਦੇ ਬਿਲ ਪਾਏ ਹੋਏ ਹਨ। ਮੇਰੀ ਪਾਰਟੀ ਦੇ ਮੈਂਬਰ ਸਾਥੀ ਕੋਟਕਪੂਰੇ ਤੋਂ ਇੱਥੇ ਬੈਠੇ ਹਨ, ਉੱਥੋਂ ਦਾ ਵੀ ਬਿਲ ਪਾਇਆ ਹੋਇਆ ਹੈ। ਜਿਹੜਾ ਇਹ ਬਿਲ ਪਾਇਆ ਹੈ, ਇਹ ਜਗ੍ਹਾ ਉੱਥੇ ਮੌਜੂਦ ਹੀ ਨਹੀਂ ਹੈ। ਮੈਂ ਤੁਹਾਡੇ ਕੋਲ ਪੁਰਜ਼ੋਰ ਅਪੀਲ ਕਰਾਂਗਾ ਕਿ ਜਿਹੜਾ ਮਿੱਡੂ ਮਾਨ ਆਦਰਸ਼ ਸਕੂਲ ਹੈ, ਜਿਹੜੀ ਉਸ ਦੀ ਬਿਲਡਿੰਗ ਬਣੀ ਹੈ, ਉਸ ਵਿੱਚ ਬਹੁਤ ਵੱਡਾ ਘਪਲਾ ਹੋਇਆ ਹੈ। ਜਿਹੜੇ ਉੱਥੇ ਮੁਲਾਜ਼ਮ ਰੱਖੇ ਹੋਏ ਹਨ, ਉਨ੍ਹਾਂ ਦੇ ਜਾਅਲੀ ਪੈਸੇ ਪਾਏ ਹਨ। ਮੇਰੇ ਕੋਲ ਬਹੁਤ ਵੱਡਾ ਪੁਲੰਦਾ ਹੈ। ਜੇਕਰ ਸਿੱਖਿਆ ਮੰਤਰੀ ਜੀ ਕਹਿਣਗੇ ਤਾਂ ਮੈਂ ਆਪ ਉਨ੍ਹਾਂ ਦੇ ਘਰੇ ਜਾ ਕੇ ਦੇ ਕੇ ਆਵਾਂਗਾ।

Mr. Speaker: Thank you.

ਸਰਦਾਰ ਬਲਦੇਵ ਸਿੰਘ ਕਲਿਆਣ: ਮੈਂ ਅਖੀਰ ਦੇ ਵਿੱਚ ਇਹ ਕਹਾਂਗਾ ਕਿ ਜਿਹੜਾ ਰਾਜਪਾਲ ਜੀ ਦਾ ਭਾਸ਼ਣ ਹੈ ਇਹ[**]ਸੀ। ਇਸ ਵਿੱਚ ਕਾਂਗਰਸ ਸਰਕਾਰ ਦੇ ਗੁਣ ਗਾਏ ਗਏ ਹਨ। ਉਨ੍ਹਾਂ ਦਾ ਮੈਂ ਵਿਰੋਧ ਕਰਦਾ ਹਾਂ। ਜੈ ਹਿੰਦ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ): ਧੰਨਵਾਦ ਸਪੀਕਰ ਸਾਹਿਬ, ਟਾਈਮ ਸਾਡਾ ਥੋੜ੍ਹਾ ਹੈ ਲੇਕਿਨ ਜਿਵੇਂ ਸਾਡੇ ਮੈਂਬਰ ਢਿੱਲੋਂ ਸਾਹਿਬ ਨੇ ਰਿਕੁਐਸਟ ਕੀਤੀ ਸੀ ਕਿ ਸਾਰਿਆਂ ਨੂੰ ਬੋਲਣ ਲਈ ਖੁੱਲ੍ਹਾ ਟਾਈਮ ਦੇ ਦਿਓ। ਪੰਜ ਮਿੰਟ ਦੇ ਵਿੱਚ ਕੀ ਆਖਾਂਗੇ ਅਤੇ ਕੀ ਨਾ ਆਖਾਂਗੇ ਪਰ ਫਿਰ ਵੀ ਸਪੀਕਰ ਸਾਹਿਬ I will try my best.

[**]Expunged as ordered by the Hon'ble Speaker.

ਮਾਨਯੋਗ ਸਪੀਕਰ: ਤੁਸੀਂ ਬਹੁਤ ਚੰਗਾ ਬੋਲਦੇ ਹੋ। ਤੁਸੀਂ ਗਾਗਰ ਵਿੱਚ ਸਾਗਰ ਪਾ ਦਿਓ।

Sardar Gurpartap Singh Wadala: Thank you, Speaker Sahib.ਗਵਰਨਰ ਸਾਹਿਬ ਦਾ ਐਡਰੈਸ ਕੁਦਰਤੀ ਤੌਰ ਤੇ ਜਦ ਵੀ ਆਉਂਦਾ ਹੈ ਤਾਂ ਅਸੀਂ ਸਾਰੇ ਬਹਿਸ ਕਰਦੇ ਹਾਂ ਅਤੇ ਕਰੀਟੀਸਾਈਜ਼ ਵੀ ਕਰਦੇ ਹਾਂ। ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿਉਂਜੋਟਰੇਜ਼ਰੀ ਬੈਂਚਿਜ਼ ਵੱਲੋਂ ਸਪੋਰਟ ਕਰਨੀ ਹੁੰਦੀ ਹੈ ਅਤੇ ਉਨ੍ਹਾਂ ਨੇ ਆਪਣੀ ਪਿੱਠ ਥਪਥਪਾਣੀ ਹੁੰਦੀ ਹੈ ਅਤੇ ਅਸੀਂ ਆਪੋਜ਼ੀਸ਼ਨ ਵਾਲਿਆਂ ਨੇ ਥੋੜ੍ਹਾ ਬਹੁਤਾ ਕਰੀਟੀਸਾਈਜ਼ ਕਰਨਾ ਹੁੰਦਾ ਹੈ।

ਮਾਨਯੋਗ ਸਪੀਕਰ: ਨੁਕਤਾਚੀਨੀ ਕਰਦੇ ਹਨ।

Sardar Gurpartap Singh Wadala: This is the norm of our democracy.ਇਸ ਵਿੱਚ ਕੋਈ ਬਹੁਤ ਗੁੱਸਾ ਕਰਨ ਵਾਲੀ ਗੱਲ ਨਹੀਂ ਹੈ ਪਰ ਇਹ ਜ਼ਰੂਰ ਹੈ ਕਿ ਇਹ ਅਜ਼ੀਮ ਸਦਨ ਹੈ।ਜਿਹੜੀਆਂ ਚੰਗੀਆਂ ਗੱਲਾਂ ਹਨ, ਉਨ੍ਹਾਂ ਨੂੰ appreciate ਕਰਨਾ ਚਾਹੀਦਾ ਹੈ ਤਾਂ ਕਿ constructive debateਵਿੱਚ ਹਿੱਸਾ ਲੈ ਸਕੀਏ। ਸਪੀਕਰ ਸਾਹਿਬ, ਕੱਲ੍ਹ ਵੀ ਅਤੇ ਪਰਸੋਂ ਵੀਕਰਤਾਰਪੁਰ ਸਾਹਿਬ ਦਾ ਜ਼ਿਕਰ ਹੋਇਆ ਹੈ। ਚਲੋ, ਕਈ ਸਦੀਆਂ ਤੱਕ ਲੋਕ ਕਰਤਾਰਪੁਰ ਸਾਹਿਬ ਜਾਂਦੇ ਰਹਿਣਗੇ। ਇੱਕ ਬਹੁਤ ਵੱਡੀ ਹਿਸਟਰੀ ਬਣੀ ਜਦੋਂ ਇਹ ਲਾਂਘਾ ਖੁੱਲ੍ਹਿਆ। ਚਲੋ, ਇਸ ਗੱਲ ਦਾ ਸਾਨੂੰ ਬਹੁਤ ਅਫਸੋਸ ਵੀ ਹੋਇਆ ਕਿ ਡੀ.ਜੀ.ਪੀ. ਸਾਹਿਬ ਨੇ ਜਾਣੇ ਅਨਜਾਣੇ ਵਿੱਚ ਬਿਆਨ ਦੇ ਦਿੱਤਾ।ਸਪੀਕਰ ਸਾਹਿਬ,ਗੁਰਬਾਣੀ ਦੀ ਇੱਕ ਤੁਕ ਹੈ।

"ਭੁਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰੁ।।"

ਇਨਸਾਨ ਗਲਤੀਆਂ ਦਾ ਪੁਤਲਾ ਹੈ। ਸੀ.ਐਮ. ਸਾਹਿਬ ਨੇ ਵੀ ਆਖਿਆ ਅਤੇ ਅਸੀਂ ਵੀ ਮੰਨਦੇ ਹਾਂ ਕਿ ਗਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਇੱਕ ਉਹ ਪ੍ਰਮਾਤਮਾ ਅਤੇ ਗੁਰੂ ਸਾਹਿਬ ਹਨ ਜੋ ਗਲਤੀ ਨਹੀਂ ਕਰਦੇ। ਸੋ, ਡੀ.ਜੀ.ਪੀ. ਸਾਹਿਬ ਨੇ ਆਪਣੀ ਗਲਤੀ ਸਵੀਕਾਰ ਕਰਕੇ ਬਹੁਤ ਫਰਾਖਦਿਲੀ ਦਿਖਾਈ ਹੈ। ਅਸੀਂ ਇਹੀ ਚਾਹੁੰਦੇ ਹਾਂ ਕਿ ਕਰਤਾਰਪੁਰ ਸਾਹਿਬ ਦੇ ਮਸਲੇ ਤੇ ਪਾਲੇਟਿਕਸ ਨਹੀਂ ਹੋਣੀ ਚਾਹੀਦੀ because this issue is a bi-partisan. ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਇਸ਼ੂ ਨੂੰ ਹੋਰ ਵੀ ਅੱਗੇ ਲੈ ਕੇ ਆਉਂਦਾ ਚਾਹੀਦਾ ਹੈ।ਜਿਵੇਂ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ ਆਪਣਾ ਮਤਾ ਲੈ ਕੇ ਆਏ। ਉਸ ਨੂੰ ਸਭ ਨੇ ਯੂਨੈਨੀਮਸਲੀ ਅਪਰੂਵ ਕੀਤਾ। ਇਹ ਬਹੁਤ ਹੀ ਚੰਗੀ ਗੱਲ ਹੈ। ਇਸ ਵਿੱਚ ਸਾਨੂੰ ਪਾਲੇਟਿਕਸ ਨਹੀਂ ਲੈ ਕੇ ਆਉਣੀ ਚਾਹੀਦੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ that the United Nations Secretary General Mr. Antonia Guterres came to Pakistan andਅੱਜ ਤੋਂ ਕੁਝ ਹਫਤਾ ਪਹਿਲਾਂ ਉਹ ਪਾਕਿਸਤਾਨ ਆਏ ਸਨ। He went to Gurudwara Sri Kartarpur Sahib. See the UNO is the harbinger of Peace i.e. Peace International Organisation which

created friendshipamongst different nations.ਆਪਾਂ ਨੂੰ ਇਸ ਤੋਂ ਵੱਧ ਹੋਰ ਕਿਹੜੀ ਖੁਸ਼ੀ ਹੋ ਸਕਦੀ ਹੈ। UN Secretary Generalਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਮੱਥਾ ਟੇਕ ਕੇ ਆਖਿਆ ਕਿ ਇਸ ਲਾਂਘੇ ਦੇ ਖੁੱਲ੍ਹਣ ਨਾਲ ਇੱਕ ਬਹੁਤ ਵੱਡੀ ਆਸ ਦੀ ਕਿਰਨ between India and Pakistan.ਜਾਗੀ ਹੈ। ਇਹ Inter-faith harmonyਦਾ ਸਿੰਬਲ ਹੈ। ਉੱਧਰਲੇ ਪੰਜਾਬੀ ਆਪਣਾ welcomeਕਰਦੇ ਹਨ। ਉਹ ਆਪਣੇ ਦੁਸ਼ਮਣ ਨਹੀਂ ਹਨ ਅਤੇ ਅਸੀਂ ਵੀ ਉਨ੍ਹਾਂ ਦੇ ਵੈਰੀ ਨਹੀਂ ਹਾਂ। ਠੀਕ ਹੈ, ਕਸ਼ਮੀਰ ਦਾ ਮਸਲਾ ਹੈ। ਅਸੀਂ ਵੀ ਦਿਲੋਂ ਚਾਹੁੰਦੇ ਹਾਂ ਕਿ ਕਸ਼ਮੀਰ ਦਾ ਮਸਲਾ ਵੀ resolveਹੋਣਾ ਚਾਹੀਦਾ ਹੈ। ਉੱਥੇ ਜਿਹੜੀਆਂ ਆਪਣੇ ਫੌਜੀਆਂ ਦੀਆਂ ਜਾਂ ਸਿਵਲੀਅਨ ਦੀਆਂ ਜਾਨਾਂ ਜਾਂਦੀਆਂ ਹਨ, ਉਹ ਚਾਹੇ ਇੰਡੀਆ ਦੇ ਹੋਣ ਚਾਹੇ ਪਾਕਿਸਤਾਨ ਦੇ ਹੋਣ, ਇਹ ਚੀਜ਼ ਵੀ ਬੰਦ ਹੋਣੀ ਚਾਹੀਦੀ ਹੈ। ਇਤਿਹਾਸ ਦੇ ਵਿੱਚ ਬੜੀਆਂ ਐਗਜ਼ਾਂਪਲਜ਼ ਹਨ ਜਿਵੇਂ ਈਸਟ ਜਰਮਨੀ ਅਤੇ ਵੈਸਟ ਜਰਮਨੀ। ਇਸੇ ਤਰ੍ਹਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਇੱਕ ਦਿਨ ਜ਼ਰੂਰ it will become corridor of peace between India and Pakistan. (ਥੰਪਿੰਗ) ਸੋ, ਇਸ ਲਿਹਾਜ਼ ਨਾਲ ਆਪਾਂ ਨੂੰ ਇਸ ਇਸ਼ੂ ਨੂੰ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਕੱਲ੍ਹ ਨਵਤੇਜ ਸਿੰਘ ਚੀਮਾ ਜੀ ਨੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਵਿਸਥਾਰ ਵਿੱਚ ਗੱਲ ਰੱਖੀ। ਇਹ ਬਹੁਤ ਚੰਗੀ ਗੱਲ ਹੈ ਕਿ ਇਹ ਪੁਰਬ ਸਰਕਾਰ ਨੇ ਵੀ ਮਨਾਇਆ, ਇਹ ਤੁਹਾਡੀ ਜ਼ਿੰਮੇਵਾਰੀ ਸੀ ਕਿਉਂਕਿ ਤੁਸੀਂ ਪੰਜਾਬ ਦੀ ਸੇਵਾ ਕਰ ਰਹੇ ਹੋ। ਐਸ.ਜੀ.ਪੀ.ਸੀ. ਨੂੰ ਸਿੱਖਾਂ ਦੀ ਜਾਂ ਪੰਜਾਬ ਦੀ ਮਿੰਨੀ ਪਾਰਲੀਮੈਂਟ ਆਖਿਆ ਜਾਂਦਾ ਹੈ, ਉਸ ਨੇ ਵੀ ਆਪਣਾ ਰੋਲ ਅਦਾ ਕੀਤਾ। ਠੀਕ ਹੈ, ਜੇਕਰ ਇਕੱਠੇ ਹੋ ਕੇ ਪ੍ਰੋਗਰਾਮ ਕੀਤਾ ਜਾਂਦਾ ਤਾਂ ਇਸ ਦਾ ਮੈਸੇਜ ਕੁੱਝ ਹੋਰ ਜਾਣਾ ਸੀ, ਇਹ ਤਾਂ ਨਹੀਂ ਹੋ ਸਕਿਆ ਲੇਕਿਨ ਇੱਕ ਗੱਲ ਦੀ ਤਸੱਲੀ ਹੈ ਕਿ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਸਬੰਧੀ ਜਿੰਨੇ ਵੀ ਪ੍ਰੋਗਰਾਮ ਹੋਏ, ਧਾਰਮਿਕ ਦੀਵਾਨ ਹੋਏ, ਸੈਮੀਨਾਰ ਅਤੇ ਗੋਸ਼ਟੀਆਂ ਹੋਈਆਂ, ਉਨ੍ਹਾਂ ਨੂੰ ਦੁਨੀਆ ਭਰ ਦੀ ਸੰਗਤ ਨੇ ਸਰਾਹਿਆ। ਇਸ ਲਈ ਸਾਰੇ ਹੀ ਵਧਾਈ ਦੇ ਪਾਤਰ ਹਨ। ਇਸ ਵਿੱਚ ਸਰਕਾਰ ਦਾ ਵੀ ਯੋਗਦਾਨ ਹੈ।(ਥੰਪਿੰਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਵੀ ਯੋਗਦਾਨ ਹੈ। ਸਾਡੇ ਇੱਥੇ ਬੀ.ਜੇ.ਪੀ. ਦੇ ਮਾਨਯੋਗ ਮੈਂਬਰ, ਸ਼੍ਰੀ ਅਰੁਣ ਨਾਰੰਗ ਜੀ ਬੈਠੇ ਹਨ। 550 ਸਾਲਾ ਸ਼ਤਾਬਦੀ ਮਨਾਉਣ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਕੇਂਦਰ ਸਰਕਾਰ ਦਾ ਵੀ ਬਹੁਤ ਵੱਡਾ ਹੱਥ ਹੈ। ਕੇਂਦਰ ਸਰਕਾਰ ਨੇ ਪੰਜਾਬ ਗੌਰਮਿੰਟ ਨੂੰ ਵੀ ਫੰਡ ਦਿੱਤੇ। ਵਿੱਤ ਮੰਤਰੀ ਸਾਹਿਬ ਵੀ ਇੱਥੇ ਹੀ ਬੈਠੇ ਹਨ। ਇਸ ਪ੍ਰੋਗਰਾਮ ਦੇ ਵਿੱਚ ਪ੍ਰਾਈਮ ਮਨਿਸਟਰ ਸ਼੍ਰੀ ਨਰਿੰਦਰ ਮੋਦੀ ਜੀ ਵੀ ਆਏ, ਰਾਸ਼ਟਰਪਤੀ ਸ਼੍ਰੀ ਰਾਮਨਾਥ ਕੋਵਿੰਦ ਜੀ ਵੀ ਆਏ। ਉਹ ਲਾਂਘੇ ਦੇ ਉਦਘਾਟਨ ਸਮਾਰੋਹ ਤੇ ਵੀ ਆਏ। ਉਹ ਗੁਰਦੁਆਰਾ ਸ਼੍ਰੀ ਬੇਰ ਸਾਹਿਬ ਵੀ ਆਏ। ਸਰਦਾਰਨੀ ਹਰਸਿਮਰਤ ਕੌਰ ਬਾਦਲ ਜੀ ਜਿਹੜੇ ਕੈਬਨਿਟ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦੇ ਹਨ, ਉਨ੍ਹਾਂ ਨੇ ਵੀ ਇਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਉਹ ਹਰ ਹਫਤੇ ਜਾ ਕੇ ਸੁਲਤਾਨਪੁਰ ਲੋਧੀ ਬੈਠਦੇ ਸਨ ਅਤੇ ਸਾਰੇ ਪ੍ਰੋਗਰਾਮਾਂ ਨੂੰ ਰੂਪ-ਰੇਖਾ ਦਿੰਦੇ ਸਨ। So, it was a

common initiative from all parties. ਸਾਨੂੰ ਸਾਰਿਆਂ ਨੂੰ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ। ਅਗਲੀ ਗੱਲ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਦੌਰਾਨ ਜਿਹੜੇ ਐਲਾਨ ਕੀਤੇ ਹਨ, ਅਸੀਂ ਸਰਕਾਰ ਨੂੰ ਗੁਜ਼ਾਰਿਸ਼ ਕਰਾਂਗੇ ਕਿ ਉਹ ਸਾਰੇ ਐਲਾਨ ਪੂਰੇ ਕਰਨੇ ਚਾਹੀਦੇ ਹਨ। ਜਿਹੜਾ ਕੋਈ ਵੀ ਐਲਾਨ ਰਹਿ ਗਿਆ ਹੈ, ਉਸ ਵੱਲ ਧਿਆਨ ਕਰਨਾ ਚਾਹੀਦਾ ਹੈ। ਐਫ.ਐਮ. ਸਾਹਿਬ ਜੀ ਵੀ ਬੈਠੇ ਹਨ, ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅਸੀਂ ਸੜਕਾਂ ਵੀ ਬਣਾ ਲਈਆਂ ਅਤੇ ਪੁਲ ਵੀ ਬਣਾ ਲਏ ਹਨ। ਇਹ ਬੜੀ ਚੰਗੀ ਗੱਲ ਹੈ ਪਰ ਜਿਹੜੀਆਂ ਵੀ ਸੜਕਾਂ ਗੁਰਦੁਆਰਾ ਬੇਰ ਸਾਹਿਬ ਨੂੰ ਜਾਂਦੀਆਂ ਹਨ, ਕਈ ਸੜਕਾਂ ਦੀ ਹਾਲਤ ਬਹੁਤ ਹੀ ਮਾੜੀ ਹੈ। ਇਨ੍ਹਾਂ ਸੜਕਾਂ ਨੂੰ ਵੀ ਜਲਦੀ ਰਿਪੇਅਰ ਕੀਤਾ ਜਾਵੇ। ਆਪਾਂ ਸਾਰਾ ਸਾਲ ਇਹ ਪ੍ਰਕਾਸ਼ ਪੁਰਬ ਮਨਾਉਣਾ ਹੈ, ਇਸ ਲਈ ਕਿਸੇ ਵੀ ਸ਼ਰਧਾਲੂ ਨੂੰ ਦਰਸ਼ਨ ਕਰਨ ਵਾਸਤੇ ਕਿਸੇ ਤਰ੍ਹਾਂ ਦੀ ਕੋਈ ਵੀ ਰੁਕਾਵਟ ਨਾ ਆਵੇ। ਮੈਂ ਸ੍ਰੀ ਆਨੰਦਪੁਰ ਸਾਹਿਬ ਬਾਰੇ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਤੁਸੀਂ ਵੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਚੁਣ ਕੇ ਆਏ ਹੋ ਪਰ ਸਾਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਦੇਖੋ, cutting across party lines ਗੜ੍ਹਸ਼ੰਕਰ, ਨੂਰਪੁਰ ਬੇਦੀ, ਨਵਾਂਸ਼ਹਿਰ ਅਤੇ ਅਨੰਦਪੁਰ ਸਾਹਿਬ ਦੀ ਸੜਕ ਹਾਲੇ ਤੱਕ ਨਹੀਂ ਬਣ ਸਕੀ। ਇਹ ਆਪਣੇ ਲਈ ਕਿੰਨੀ ਘਾਟੇ ਵਾਲੀ ਗੱਲ ਹੈ।

ਮਾਨਯੋਗ ਸਪੀਕਰ: ਇਸ ਸੜਕ ਦਾ ਕੰਮ ਸ਼ੁਰੂ ਹੋ ਗਿਆ ਹੈ, ਮੇਲੇ ਤੋਂ ਪਹਿਲਾਂ ਪਹਿਲਾਂ ਇਸ ਸੜਕ ਨੂੰ ਚਲਦੀ ਕਰਾਂਗੇ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਬਹੁਤ ਚੰਗੀ ਗੱਲ ਹੈ ਜੀ। ਤੁਸੀਂ ਇਸ ਏਰੀਏ ਵੱਲ ਧਿਆਨ ਕਰ ਰਹੇ ਹੋ। ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ। ਪਰ ਸਪੀਕਰ ਸਾਹਿਬ, from Khanna to Naina Devi, this road was declared as a National Highway. ਇਹ ਪਤਾ ਨਹੀਂ ਕਿਉਂ ਨੈਸ਼ਨਲ ਹਾਈਵੇਅ ਦੀ ਲਿਸਟ ਵਿੱਚੋਂ ਨਿਕਲ ਗਿਆ ਹੈ, ਇਸ ਬਾਰੇ ਮੰਤਰੀ ਸਾਹਿਬ ਜ਼ਿਆਦਾ ਜਾਣਦੇ ਹਨ।

ਮਾਨਯੋਗ ਸਪੀਕਰ: ਮੈਂ ਤੁਹਾਨੂੰ ਦੱਸ ਦਿੰਦਾ ਹਾਂ ਤੇ ਮੈਂ ਰਿਕੁਐਸਟ ਕਰਦਾ ਹਾਂ ਕਿ ਇਸ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਅਤੇ ਸਭ ਕੁਝ ਕੀਤਾ ਗਿਆ ਪਰੰਤੂ ਬਾਅਦ ਵਿੱਚ ਪਤਾ ਲੱਗਿਆ, ਜਦੋਂ ਕੇਂਦਰੀ ਮੰਤਰੀ ਸ਼੍ਰੀ ਨਿਤਿਨ ਗਡਕਰੀ ਜੀ ਨੂੰ ਮਿਲੇ ਤਾਂ ਉਨ੍ਹਾਂ ਦੱਸਿਆ ਕਿ ਇਹ ਥਾਂ ਨੈਸ਼ਨਲ ਹਾਈਵੇਅ ਦੇ ਵਿੱਚ ਨਹੀਂ ਹੈ। (ਵਿਘਨ..ਸ਼ੋਰ) ਵਡਾਲਾ ਸਾਹਿਬ, ਤੁਸੀਂ ਆਪਣੀ ਗੱਲcontinue ਕਰੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

ਮਾਨਯੋਗ ਸਪੀਕਰ: ਵਡਾਲਾ ਜੀ, ਤੁਸੀਂ ਪਲੀਜ਼ ਕੰਟੀਨਿਊ ਕਰੋ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਠੀਕ ਹੈ ਤੁਹਾਨੂੰ ਉਸ ਇਲਾਕੇ ਬਾਰੇ ਜ਼ਿਆਦਾ ਪਤਾ ਹੈ ਲੇਕਿਨ ਸਾਡੀ ਨਾਲਿਜ ਵਿੱਚ ਜੋ ਹੈ, ਠੀਕ ਹੈ, ਮੈਂ ਉਹ ਦੱਸ ਰਿਹਾ ਹਾਂ। ਜੇਕਰ ਪਹਿਲਾਂ ਨਹੀਂ ਸੀ ਤਾਂ ਹੁਣ ਵੀ ਟ੍ਰਾਈ ਕਰੀਏ ਕਿਉਂਕਿ ਇਹ ਬਹੁਤ major roadਹੈ ਜੋ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜਾਂਦਾ ਹੈ ਅਤੇ ਸਾਲਾਂ ਤੋਂ ਟੁੱਟਿਆ ਪਿਆ ਹੈ। ਇਸ ਦੀ ਰਿਪੇਅਰ ਹੋਣੀ ਚਾਹੀਦੀ ਹੈ ਪਰ ਜੇਕਰ ਉਸ ਦੀ widening ਹੋ ਜਾਵੇ ਤਾਂ ਸੰਗਤਾਂ ਵਾਸਤੇ ਬਹੁਤ ਵੱਡੀ ਦੇਣ ਹੋਵੇਗੀ।

ਮਾਨਯੋਗ ਸਪੀਕਰ: ਬਿਲਕੁਲ ਠੀਕ ਗੱਲ ਹੈ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ : ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਹਿਣਾ ਚਾਹੁੰਦਾ ਹਾਂ ਜਿਸ ਤੇ ਗਵਰਨਰ ਐਡਰੈਸ ਵਿੱਚ ਬੜਾ stress ਦਿੱਤਾ ਗਿਆ ਹੈ, ਉਸ ਬਾਰੇ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਡਰੱਗਜ਼ ਦੇ ਮਸਲੇ ਨੂੰ politiciseਨਹੀਂ ਕਰਨਾ ਚਾਹੀਦਾ। ਆਪਾਂ ਸਾਰੇ ਭਰਾ ਬੈਠੇ ਹਾਂ, ਪੰਜਾਬ ਨੂੰ ਆਪਾਂ ਕਿਸ ਪਾਸੇ ਲੈ ਕੇ ਜਾ ਰਹੇ ਹਾਂ। ਜਿਹੜੇ ਲੋਕ ਗੈਲਰੀਆਂ ਵਿੱਚ ਬੈਠੇ ਹਨ, ਇਹ ਪੁੱਛਦੇ ਹਨ ਕਿ ਤੁਸੀਂ ਇੱਥੇ ਬਹਿਸ ਕਰਨ ਆਉਂਦੇ ਹੋ ਪਰ ਤੁਸੀਂ ਕੀ ਕਰਦੇ ਹੋ? ਸਾਡੇ ਕੋਲ ਇਸ ਦਾ ਕੋਈ ਜਵਾਬ ਨਹੀਂ ਹੁੰਦਾ। ਪਹਿਲਾਂ ਡਰੱਗਜ਼ ਦੀ ਗੱਲ ਆਈ, ਰੇਤੇ ਦੀ ਗੱਲ ਆਈ, ਬਰਗਾੜੀ ਕਾਂਡ ਦੀ ਗੱਲ ਆਈ, ਆਪਾਂ ਕਿਸੇ ਵੀ ਮਸਲੇ ਨੂੰ ਲੈ ਕੇ ਬਹੁਤ ਜ਼ਿਆਦਾ ਸਿਆਸਤ ਕਰਦੇ ਹਾਂ ਲੇਕਿਨ ਉਹ ਪੰਜਾਬ ਦੇ ਭਲੇ ਵਾਸਤੇ ਨਹੀਂ ਹੈ। ਸਪੀਕਰ ਸਾਹਿਬ, ਮੈਂ ਟਰੇਜ਼ਰੀ ਬੈਂਚਿਜ਼ ਦੇ ਧਿਆਨ ਵਿੱਚ ਤੁਹਾਡੇ ਮਾਰਫਤ ਲਿਆਉਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਵੀ ਆਖਿਆ ਸੀ,he is very right in his own way,ਡਰੱਗਜ਼ ਦੀ supply line ਬੰਦ ਕਰ ਦਿੱਤੀ ਹੈ, ਜਿਹੜੇ ਸਮੱਗਲਰ ਹਨ, ਉਨ੍ਹਾਂ ਦੀ ਗਿੱਚੀ ਨੱਪ ਦਿੱਤੀ ਹੈ ਪਰ ਹੈਰੋਇਨ ਦੀ ਇੰਨੀ ਵੱਡੀ haulਹੋ ਰਹੀ ਹੈ, ਕਿਤੇ ਦੋ ਕੁਇੰਟਲ ਹੈਰੋਇਨ ਫੜੀ ਜਾ ਰਹੀ ਹੈ, ਕਿਤੇ ਪਾਕਿਸਤਾਨ ਤੋਂ 40 ਕੁਇੰਟਲ ਹੈਰੋਇਨ ਸਾਲਟ ਦੀ ਜਗ੍ਹਾ ਆ ਰਹੀ ਹੈ। ਸਾਡੇ ਇੰਡੀਆ ਵਿੱਚ ਡਰੱਗਜ਼ ਨੂੰ distributeਕਰਨ ਵਾਸਤੇ ਪੰਜਾਬ ਨੂੰ ਡਰੱਗਜ਼ ਦਾ ਬਹੁਤ ਵੱਡਾ conduit ਬਣਾਇਆ ਜਾ ਰਿਹਾ ਹੈ, baseਬਣਾਇਆ ਜਾ ਰਿਹਾ ਹੈ। ਸਪੀਕਰ ਸਾਹਿਬ, ਇਕੱਲੀ ਸਰਕਾਰ ਕੁਝ ਨਹੀਂ ਕਰ ਸਕਦੀ, ਅਸੀਂ ਇਕੱਲੇ ਕੁਝ ਨਹੀਂ ਕਰ ਸਕਦੇ।We should not go in blame game. ਆਪਾਂ ਨੂੰ ਇੱਥੇ ਕਿਸੇ ਤੇ ਉਂਗਲ ਉਠਾਉਣ ਦੀ ਲੋੜ ਨਹੀਂ ਹੈ। ਸਰਕਾਰ ਨੂੰ ਚਾਹੀਦਾ ਹੈ ਅਤੇ ਉਹ ਆਪਣਾ ਰੋਲ ਅਦਾ ਕਰਦੀ ਹੈ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਮਾਨਯੋਗ ਸਪੀਕਰ ਸਾਹਿਬ, ਇਹ ਮੇਰੇ ਬਹੁਤ ਹੀ ਸਤਿਕਾਰਯੋਗ ਸਾਥੀ ਹਨ ਅਤੇ ਇਹ ਆਪਣੀ ਗੱਲ ਬਹੁਤ ਵਧੀਆ ਤਰੀਕੇ ਨਾਲ ਰੱਖਦੇ ਹਨ। ਮੈਂ ਤੁਹਾਨੂੰ ਪੁੱਛਦਾ ਹਾਂ ਕਿ ਜੇਕਰ ਸਰਕਾਰ ਨਹੀਂ ਕਰ ਸਕਦੀ ਤਾਂ ਫੇਰ ਕੌਣ ਕਰ ਸਕਦਾ ਹੈ? ਸਾਡਾ ਪੰਜਾਬ ਮਰ ਰਿਹਾ ਹੈ। ਕਿਰਪਾ ਕਰਕੇ ਤੁਸੀਂ ਇਸ ਗੱਲ ਨਾਲ ਬਰੀ ਨਹੀਂ ਹੋ ਸਕਦੇ। ਤੁਸੀਂ ਇਨ੍ਹਾਂ ਨੂੰ ਬਰੀ ਕਰ ਰਹੇ ਹੋ ਅਤੇ ਨਾਲ ਆਪਣੇ ਆਪ ਨੂੰ ਵੀ ਬਰੀ ਕਰ ਰਹੇ ਹੋ। ਜਿਹੜੀ ਗੱਲ ਤੁਸੀਂ ਸ਼ੁਰੂ ਕੀਤੀ ਹੈ, ਇਹ ਕੰਮ ਸਰਕਾਰ ਦਾ ਹੈ। ਪੰਜਾਬ ਦੇ

ਲੋਕਾਂ ਨੇ ਨਵੀਂ ਸਰਕਾਰ ਇਸ ਕਰਕੇ ਤੁਹਾਨੂੰ ਖੂੰਜੇ ਲਾ ਕੇ ਚੁਣੀ ਹੈ ਤਾਂ ਕਿ ਸਰਕਾਰ ਇਹ ਕੰਮ ਕਰੇ ਜੇਕਰ ਇਹ ਨਹੀਂ ਕਰਨਗੇ ਤਾਂ ਫੇਰ ਲੋਕ ਇਨ੍ਹਾਂ ਨੂੰ ਲਾਉਣਗੇ।

ਮਾਨਯੋਗ ਸਪੀਕਰ: ਉਹ ਕਹਿੰਦੇ ਹਨ ਕਿ ਲੋਕ ਵੀ ਨਾਲ ਚਾਹੀਦੇ ਹਨ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਮਾਨਯੋਗ ਸਪੀਕਰ ਸਾਹਿਬ, ਲੋਕ ਨਾਲ ਹਨ ਤਾਂ ਹੀ ਇਨ੍ਹਾਂ ਨੂੰ ਬਿਠਾਇਆ ਹੈ। ਇਹ ਲੋਕਾਂ ਨੇ ਹੀ ਬਿਠਾਇਆ ਹੈ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸੰਧਵਾਂ ਸਾਹਿਬ ਬਹੁਤ ਗੁਣੀ ਗਿਆਨੀ ਹਨ ਅਤੇ ਮੌਕੇ ਸਿਰ ਗੱਲ ਬੜੀ ਟਿਕਾ ਕੇ ਕਹਿੰਦੇ ਹਨ। ਮੈਂ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਫਰਜ਼ ਹੈ ਪਰ ਇਕੱਲੀ ਸਰਕਾਰ ਇਸ ਵਿੱਚ ਕਾਮਯਾਬੀ ਹਾਸਲ ਨਹੀਂ ਕਰ ਸਕਦੀ। We should involve educational institutions, schools, colleges,ਧਾਰਮਿਕ ਸੰਸਥਾਵਾਂ, ਸੰਤ-ਪੁਰਖ ਅਤੇ parentsਨੂੰ involve ਕਰੀਏ, motivate youth....

ਮਾਨਯੋਗ ਸਪੀਕਰ: ਕਨਕਲੂਡ ਕਰੋ ਜੀ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਰ, ਹਾਲੇ ਤਾਂ ਸ਼ੁਰੂ ਕੀਤਾ ਹੈ। ਤੁਸੀਂ ਪਲੀਜ਼ ਇਵੇਂ ਨਾ ਕਰੋ। ਡਰੱਗਜ਼ ਨੂੰ ਖਤਮ ਕਰਨ ਵਾਸਤੇ ਬਹੁਤ long drawn out strategy ਚਾਹੀਦੀ ਹੈ। ਠੀਕ ਹੈ, ਸਰਕਾਰਾਂ ਕਰਦੀਆਂ ਹਨ। ਅਸੀਂ ਕਿਸੇ ਤੇ ਸ਼ੱਕ ਨਹੀਂ ਕਰਦੇ। ਸਾਡੇ ਤੇ ਵੀ ਸ਼ੱਕ ਨਹੀਂ ਕਰਨਾ ਚਾਹੀਦਾ। ਕੋਈ ਵੀ like mindedਪੰਜਾਬੀ ਡਰੱਗ ਵੇਚਣ ਵਿੱਚ ਸ਼ਾਮਲ ਨਹੀਂ ਹੋ ਸਕਦਾ। ਆਪਾਂ ਐਵੇਂ ਹੀ ਨਾ ਕਹੀ ਜਾਈਏ, ਫੋਟੋਆਂ ਦਿਖਾ ਦਿੱਤੀਆਂ। ਸਪੀਕਰ ਸਾਹਿਬ, ਫੋਟੋਆਂ ਤਾਂ ਸਾਰਿਆਂ ਨਾਲ ਹੋ ਜਾਂਦੀਆਂ ਹਨ। ਆਪਣੇ ਨਾਲ ਹੋ ਸਕਦੀ ਹੈ, ਕਿਸੇ ਨਾਲ ਹੋ ਸਕਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ that political person is involved in that particular trade. ਗਲਤੀ ਤਾਂ ਕੋਈ ਵੀ ਕਰ ਸਕਦਾ ਹੈ। ਮੰਤਰੀ ਜੀ ਇੱਥੇ ਬੈਠੇ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ DAPO programme, Drug Abuse Prevention Officers Programme,ਤੁਸੀਂ ਬੜੇ fan fare ਨਾਲ ਸ਼ੁਰੂ ਕੀਤਾ ਸੀ but they need to revisit allthose programmes. ਕੀ ਪਿੰਡਾਂ ਵਿੱਚ DAPO successfulਹੈ, ਕੀ BUDDY programmeਪਿੰਡਾਂ ਵਿੱਚ ਚੱਲ ਰਿਹਾ ਹੈ ਜਾਂ ਨਹੀਂ ਚੱਲ ਰਿਹਾ? ਸਪੀਕਰ ਸਾਹਿਬ, ਇਸ ਦੀ feedbackਕੀਹੈ? ਪਿੰਡਾਂ ਵਿੱਚ ਲੋਕ ਕਹਿੰਦੇ ਹਨ ਕਿ ਨਸ਼ਾ ਅੱਗੇ ਨਾਲੋਂ ਵੱਧ ਗਿਆ ਹੈ। ਮੇਰੀ ਗੱਲ ਦਾ ਗੁੱਸਾ ਨਾ ਕਰਿਓ। ਤੁਸੀਂ ਨਹੀਂ ਵਧਾਇਆ, ਅਸੀਂ ਨਹੀਂ ਵਧਾਇਆ ਪਰ ਨਸ਼ੇ ਨੂੰ ਘਟਾਉਣ ਦੀ ਲੋੜ ਹੈ।

(ਇਸ ਸਮੇਂ ਜੰਗਲਾਤ ਮੰਤਰੀ (ਸਰਦਾਰ ਸਾਧੂ ਸਿੰਘ) ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਅਗਲੀ ਗੱਲ crop diversification ਦੀ ਆਈ ਹੈ।

ਮਾਨਯੋਗ ਸਪੀਕਰ: ਇਕ ਮਿੰਟ ਗੱਲ ਸੁਣੋ। ਮੈਂ ਦੋਹਾਂ ਮੰਤਰੀਆਂ ਨੂੰ ਪ੍ਰਾਰਥਨਾ ਕਰਦਾ ਹਾਂ, ਮੇਰੀ ਗੱਲ ਸੁਣੋ। ਵਡਾਲਾ ਜੀ ਕਦੇ ਕਿਸੇ ਦੀ ਗੱਲ ਵਿੱਚ ਦਖਲ ਨਹੀਂ ਦਿੰਦੇ। ਪਲੀਜ਼, ਉਨ੍ਹਾਂ ਦੀ ਗੱਲ ਵਿੱਚ ਦਖਲ ਨਾ ਦਿਓ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਮੈਂ ਤਾਂ common ਗੱਲ ਆਖ ਰਿਹਾ ਹਾਂ।

ਮਾਨਯੋਗ ਸਪੀਕਰ : ਸਿੱਧੂ ਸਾਹਿਬ ਦਾ ਮਹਿਕਮਾ ਹੈ, ਇਹ ਬੋਲ ਲੈਣ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) : ਸਪੀਕਰ ਸਾਹਿਬ, ਵਡਾਲਾ ਸਾਹਿਬ ਬਹੁਤ ਸਤਿਕਾਰਯੋਗ ਮੈਂਬਰ ਹਨ।

ਮਾਨਯੋਗ ਸਪੀਕਰ: ਇਹ ਕਦੇ ਕਿਸੇ ਦੀ ਗੱਲ ਵਿੱਚ ਨਹੀਂ ਬੋਲਦੇ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ : ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਨੇ DAPOਜਾਂ BUDDY ਪ੍ਰੋਗਰਾਮ ਸ਼ੁਰੂ ਕੀਤੇ ਹਨ, ਅੱਜ ਤਾਂ ਹੀ 3.43 ਲੱਖ ਨੌਜਵਾਨ ਆਪਣੀ ਸਹੀ ਜ਼ਿੰਦਗੀ ਵੱਲ ਮੁੜ ਆ ਗਏ ਹਨ ਅਤੇ ਉਨ੍ਹਾਂ ਸਾਰਿਆਂ ਦਾ ਇਲਾਜ ਸਰਕਾਰ ਨੇ free of cost ਕੀਤਾ ਹੈ।

ਮਾਨਯੋਗ ਸਪੀਕਰ : ਬੈਠੋ ਜੀ। ਵਡਾਲਾ ਸਾਹਿਬ, ਬੋਲੋ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਇਨ੍ਹਾਂ ਦਾ ਆਪਣਾ ਰਾਈਟ ਹੈ ਪਰ ਮੈਂ ਤਾਂ ਇਨ੍ਹਾਂ ਨੂੰ ਇਹ ਕਿਹਾ ਹੈ ਕਿ ਡੈਪੋ ਅਤੇ ਬੱਡੀ ਪ੍ਰੋਗਰਾਮਜ਼ ਤੇ ਦੁਬਾਰਾ ਗੌਰ ਕਰੋ।

ਮਾਨਯੋਗ ਸਪੀਕਰ: ਭਾਵ ਰੀਵਿਜ਼ਿਟ ਕਰੋ।

Sardar Gurpartap Singh Wadala: I did not say anything wrong.ਇਹ ਆਪਣਾ ਸਾਰਿਆਂ ਦਾ ਸਾਂਝਾ ਮਸਲਾ ਹੈ।

Mr. Speaker: Nothing wrong.

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ,ਮੈਂ ਹੁਣ ਕਰਾਪ ਡਾਈਵਰਸੀਫਿਕੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ। ਕਰਾਪ ਡਾਈਵਰਸੀਫਿਕੇਸ਼ਨ ਬਾਰੇ ਮੈਨੂੰ ਯਾਦ ਹੈ, ਪਿਛਲੇ ਹਾਊਸ ਵਿਚ ਤੁਸੀਂ ਲੰਬਾ ਸਮਾਂ ਰਹੇ

ਹੋ, ਸਰਕਾਰ ਇਸ ਸਬੰਧੀ ਬਹੁਤ ਜ਼ਿਆਦਾ ਸਟਰੈਸ ਦਿੰਦੀਆਂ ਸਨ। ਸਪੀਕਰ ਸਾਹਿਬ, ਸੈਂਟਰਲ ਗੌਰਮਿੰਟ ਕਹਿ ਰਹੀ ਹੈ ਕਿ ਪੰਜਾਬ ਨੂੰ ਹਰ ਸਾਲ ਪੈਡੀ ਦੇ ਥੱਲਿਉਂ ਏਰੀਆ ਘਟਾਉਣ ਦੀ ਲੋੜ ਹੈ। ਲੇਕਿਨ ਉਸ ਬਾਰੇ ਆਪਣੇ ਇੱਥੇ ਕੋਈ ਪਾਲਿਸੀ ਨਹੀਂ ਬਣ ਰਹੀ। 10%-20% area every yearਜੇ ਪੈਡੀ ਤੋਂ ਘਟਾਵਾਂਗੇ, ਕਰਾਪ ਡਾਈਵਰਸੀਫਿਕੇਸ਼ਨ ਕਰਾਂਗੇ ਤਾਂ ਹੀ ਠੀਕ ਰਹੇਗਾ ਪਰ ਇਨ੍ਹਾਂ ਨੇ ਕਿਸੇ ਵੀ ਹੋਰ ਕਰਾਪ ਦਾ ਜ਼ਿਕਰ ਨਹੀਂ ਕੀਤਾ, ਚਾਹੇ ਮੱਕੀ ਹੋਵੇ, ਸ਼ੂਗਰਕੇਨ ਹੋਵੇ, ਆਇਲ ਸੀਡਜ਼ ਹੋਣ, ਫਲੋਰੀਕਲਚਰ ਹੋਵੇ, ਹਾਰਟੀਕਲਚਰ ਹੋਵੇ ਅਤੇ ਫੋਰੈਸਟਰੀ ਹੋਵੇ। ਸਪੀਕਰ ਸਾਹਿਬ, ਇੱਥੇ ਫਾਈਨਾਂਸ ਮਨਿਸਟਰ ਜੀ ਬੈਠੇ ਹਨ, ਇਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ, so that we should give a very push to crop diversificationਤਾਂ ਕਿ ਆਪਾਂ ਪੰਜਾਬ ਦਾ ਪਾਣੀ ਬਚਾ ਸਕੀਏ। ਸਪੀਕਰ ਸਾਹਿਬ, ਮੇਰੇ ਦੋ ਤਿੰਨ ਪੁਆਇੰਟਸ ਹੋਰ ਹਨ।

ਸਪੀਕਰ ਸਾਹਿਬ, ਐਮ.ਐਸ.ਪੀ. ਨੂੰ ਬੰਦ ਕਰਨ ਦੀਆਂ ਗੱਲਾਂ ਚੱਲ ਰਹੀਆਂ ਹਨ। ਇੱਧਰ ਗੌਰ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਜੇ ਐਮ.ਐਸ.ਪੀ. ਦੇ ਨਾਲ ਛੇੜਛਾੜ ਹੁੰਦੀ ਹੈ ਤਾਂ ਪੰਜਾਬ ਦੇ ਹਾਲਾਤ ਬੜੇ ਵਿਗੜ ਸਕਦੇ ਹਨ। ਸੋ, ਆਲਟਰਨੇਟਿਵ ਮੈਕੇਨਿਜ਼ਮ ਬਾਕੀ ਫਸਲਾਂ ਲਈ ਚਾਹੀਦਾ ਹੈ ਜਿਹੜਾ ਪ੍ਰਾਈਮ ਮਨਿਸਟਰ ਨੇ ਸਵਾਮੀਨਾਥਨ ਕਮਿਸ਼ਨ ਰਿਪੋਰਟ ਲਾਗੂ ਕਰਕੇ ਸਾਰੀਆਂ ਫਸਲਾਂ ਦੇ ਭਾਅ ਵਧਾਏ ਸੀ, ਉਸ ਦਾ ਮੰਡੀਕਰਨ ਕਰਨਾ ਆਪਣੀ ਸੂਬਾ ਸਰਕਾਰ ਦਾ ਫਰਜ਼ ਹੈ।

ਮਾਨਯੋਗ ਸਪੀਕਰ: ਧੰਨਵਾਦ ਜੀ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਦੋ ਮਿੰਟ ਹੋਰ ਦੇ ਦਿਉ ਜੀ। ਹੋਰ ਟਾਈਮ ਦੇ ਦਿਉ ਜੀ, ਅਜੇ ਤਾਂ ਸ਼ੁਰੂ ਹੀ ਹੋਇਆ ਹੈ ਜੀ।

ਮਾਨਯੋਗ ਸਪੀਕਰ: ਨਹੀਂ ਜੀ। ਇੱਦਾਂ ਨਾ ਕਰੋ। ਕਨਕਲੂਡ ਕਰ ਦਿਉ। ਪਲੀਜ਼, ਪਲੀਜ਼।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਦੋ ਪੁਆਇੰਟ ਲਈ ਸਮਾਂ ਦੇ ਦਿਉ।

ਹੁਣ ਮੈਂ ਅਟੱਲ ਭੂ-ਜਲ ਯੋਜਨਾ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਬੜੀ ਲੈਂਡਮਾਰਕ ਯੋਜਨਾ ਹੈ। ਸਾਡੀ ਸਾਰੀ ਸਰਕਾਰ ਇੱਥੇ ਬੈਠੀ ਹੈ। ਪਹਿਲਾਂ ਤਾਂ ਆਪਾਂ ਨੂੰ ਇੱਕ ਦੂਜੇ ਨੂੰ ਪੁੱਛਣਾ ਚਾਹੀਦਾ ਹੈ ਕਿ ਪੰਜਾਬ ਦਾ ਨਾਮ ਅਟੱਲ ਭੂ-ਜਲ ਯੋਜਨਾ ਵਿਚ ਕਿਉਂ ਨਹੀਂ ਆਇਆ? ਸਾਨੂੰ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਅਸੀਂ ਕੇਂਦਰ ਸਰਕਾਰ ਵਿਚ ਭਾਈਵਾਲ ਹਾਂ। ਲੇਕਿਨ ਆਪਣੇ ਵੱਲੋਂ ਹੀ ਕੋਈ ਕਮੀ-ਪੇਸ਼ੀ ਰਹਿ ਗਈ ਹੈ, ਨਹੀਂ ਤਾਂ ਕੇਂਦਰ ਸਰਕਾਰ ਨੇ ਹਰਿਆਣਾ ਨੂੰ, ਆਪਣੀ ਗੁਆਂਢੀ ਸਟੇਟ ਨੂੰ ਵੀ ਅਟੱਲ ਭੂ-ਜਲ ਯੋਜਨਾ ਵਿਚ ਸ਼ਾਮਲ ਕਰ ਲਿਆ ਹੈ। ਇਹ ਪੰਜ ਸਾਲ ਦੀ 6000 ਕਰੋੜ ਰੁਪਏ ਦੀ ਸਕੀਮ ਹੈ ਜੀ। ਸਪੀਕਰ ਸਾਹਿਬ,

ਮੈਂ ਤੁਹਾਡੇ ਰਾਹੀਂ ਆਨਰੇਬਲ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਸਬੰਧੀ ਗੌਰ ਕਰਕੇ ਆਪਾਂ ਨੂੰ ਪੰਜਾਬ ਸਟੇਟ ਨੂੰ ਅਟੱਲ ਭੂ-ਜਲ ਯੋਜਨਾ ਵਿਚ ਸ਼ਾਮਲ ਕਰਵਾਉਣਾ ਚਾਹੀਦਾ ਹੈ ਕਿਉਂਕਿ ਵਾਟਰ ਕੰਜਰਵੇਸ਼ਨ ਅਤੇ ਗਰਾਊਂਡ ਵਾਟਰ ਨੂੰ ਬਚਾਉਣ ਵਾਸਤੇ ਜਿਹੜੀ ਸਕੀਮ ਸੈਂਟਰ ਗੌਰਮਿੰਟ ਨੇ ਸ਼ੁਰੂ ਕੀਤੀ ਹੈ, ਉਹ ਪੰਜਾਬ ਵਾਸਤੇ ਬਹੁਤ ਜ਼ਿਆਦਾ ਲਾਹੇਵੰਦ ਹੈ।

ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਜੀ। ਠੀਕ ਹੈ ਕਿ ਤੁਸੀਂ ਗੌਰਮਿੰਟ ਮੈਡੀਕਲ ਕਾਲਜ, ਸਾਹਿਬਜਾਦਾ ਅਜੀਤ ਸਿੰਘ ਨਗਰ, ਮੁਹਾਲੀ ਵਿਖੇ, ਹੁਸ਼ਿਆਰਪੁਰ ਅਤੇ ਕਪੂਰਥਲਾ ਵਿਖੇ ਖੋਲੇ ਹਨ। ਅਸੀਂ ਇਸ ਵਾਸਤੇ ਇਨ੍ਹਾਂ ਨੂੰ ਵਧਾਈ ਦਿੰਦੇ ਹਾਂ। ਇਹ ਫਿਰੋਜਪੁਰ ਵਿਖੇ ਪੀ.ਜੀ.ਆਈ. ਦਾ ਸੈਟੇਲਾਈਟ ਸੈਂਟਰ ਖੋਲਣ ਜਾ ਰਹੇ ਹਨ ਜੋ ਕਿ ਬੜੀ ਚੰਗੀ ਗੱਲ ਹੈ। ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ ਵਿਚ ਖੁੱਲ੍ਹ ਗਿਆ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਬਠਿੰਡੇ ਵਿਚ ਖੁੱਲ੍ਹ ਗਿਆ, ਲੇਕਿਨ ਸਪੀਕਰ ਸਾਹਿਬ, ਆਪਾਂ ਇੱਕ ਏਮਜ਼ ਹੋਰ ਮੰਗ ਰਹੇ ਹਾਂ। ਮੈਂ ਤੁਹਾਡੀ ਮਾਰਫ਼ਤ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ, ਜਲੰਧਰ ਤੋਂ ਮੇਰੇ ਵੀਰ ਸ਼੍ਰੀ ਅਵਤਾਰ ਸਿੰਘ ਜੂਨੀਅਰ ਬਾਵਾ ਜੀ, ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਜੀ, ਸ਼੍ਰੀ ਬਲਦੇਵ ਸਿੰਘ ਖਹਿਰਾ ਸਾਹਿਬ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਜੀ ਇਥੇ ਬੈਠੇ ਹਨ, ਸਾਡੀ ਮੰਗ ਹੈ ਕਿ ਜਲੰਧਰ ਵਿੱਚ ਇੱਕ ਏਮਜ਼ ਸਾਨੂੰ ਜ਼ਰੂਰ ਖੋਲ੍ਹ ਕੇ ਦਿਉ। ਜਲੰਧਰ ਕੋਲ ਕੋਈ ਵੱਡਾ ਹਸਪਤਾਲ ਨਹੀਂ ਹੈ। ਪੰਜਾਬ ਵਿਚ ਮੈਡੀਕਲ ਕਾਲਜ ਸਾਰੇ ਪਾਸੇ ਖੁੱਲ੍ਹ ਗਏ ਹਨ, ਲੇਕਿਨ ਅਗਰ ਆਪਾਂ ਏਮਜ਼ ਲੈਂਦੇ ਹਾਂ, ਪੰਜਾਬ ਸਰਕਾਰ ਦੀ ਵੀ ਇਹੀ ਮੰਗ ਹੈ, ਮੈਂ ਚਾਹੁੰਦਾ ਹਾਂ ਕਿ ਉਹ ਜਲੰਧਰ ਵਿੱਚ ਖੋਲ੍ਹਣਾ ਚਾਹੀਦਾ ਹੈ।

ਸਪੀਕਰ ਸਾਹਿਬ, ਪਿਛਲੇ ਦਿਨੀਂ ਅਗਸਤ ਵਿਚ ਜੋ ਹੜ੍ਹਾਂ ਕਾਰਨ ਨੁਕਸਾਨ ਹੋਇਆ ਹੈ, ਆਪਾਂ ਸਾਰੇ ਜਾਣਦੇ ਹੀ ਹਾਂ, ਆਪਾਂ ਸਾਰੇ ਉਥੇ ਗਏ ਹਾਂ। ਇੱਕ ਗੱਲ ਇੱਥੇ ਮਾਨਯੋਗ ਮੈਂਬਰ ਸਾਹਿਬ ਨੇ 'ਖਾਲਸਾ ਏਡ' ਬਾਰੇ ਗੱਲ ਆਖੀ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਜੇ ਤੱਕ ਕਿਸਾਨਾਂ ਨੂੰ ਇਨ੍ਹਾਂ ਹੜ੍ਹਾਂ ਦਾ ਮੁਆਵਜ਼ਾ ਨਹੀਂ ਮਿਲਿਆ। ਅਗਸਤ, 2019 ਦੀ ਇਹ ਗੱਲ ਹੈ, this is end of February, 2020. ਕਿਸੇ ਕਿਸਾਨ ਨੂੰ ਅਜੇ ਤੱਕ ਮੁਆਵਜ਼ੇ ਦਾ ਪੈਸਾ ਨਹੀਂ ਮਿਲਿਆ। ਭਾਵੇਂ ਤੁਹਾਡਾ ਪੈਸਾ ਟਰੇਜ਼ਰੀ ਵਿਚ ਪਿਆ ਹੋਵੇ ਜਾਂ ਕਿਤੇ ਹੋਰ ਹੋਵੇ ਪਰ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲਿਆ।

ਮਾਨਯੋਗ ਸਪੀਕਰ: ਧੰਨਵਾਦ ਜੀ।(ਵਿਘਨ) ਸਰਦਾਰ ਕੁਲਤਾਰ ਸਿੰਘ ਜੀ, ਤੁਹਾਡੇ ਸਾਰੇ ਐਮ.ਐਲ.ਏ. ਬਾਹਰ ਚਲੇ ਗਏ ਹਨ। ਜਿਹੜੇ ਬੋਲਣ ਵਾਲੇ ਹਨ, ਉਹ ਤਾਂ ਆ ਜਾਣ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਮੇਰੀ ਬੇਨਤੀ ਹੈ ਕਿ ਕਿਸਾਨਾਂ ਨੂੰ ਇਹ ਪੈਸਾ ਮਿਲਣਾ ਚਾਹੀਦਾ ਹੈ। ਮੈਂ ਲਾਸਟ ਗੱਲ ਕਰਨੀ ਹੈ ਜੀ। ਇਥੇ ਆਪਾਂ ਨੂੰ ਆਪਣੇ ਉਨ੍ਹਾਂ ਪੰਜਾਬੀਆਂ ਦੀ ਸਿਫਤ ਵੀ ਕਰਨੀ ਚਾਹੀਦੀ

ਹੈ। ਕਈ ਲੋਕ ਕਹਿੰਦੇ ਸੀ ਕਿ ਪੰਜਾਬ ਦਾ 80% ਨੌਜਵਾਨ ਨਸ਼ੇੜੀ ਹੋ ਗਿਆ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਉਹ ਮੁੰਡੇ ਧੰਨ ਹਨ ਜਿਹੜੇ ਪਟਿਆਲੇ ਤੋਂ, ਮਾਨਸਾ ਤੋਂ, ਮੁਕਤਸਰ ਤੋਂ ਜਾਂ ਫਤਹਿਗੜ੍ਹ ਸਾਹਿਬ ਤੋਂ ਟਰਾਲੀਆਂ ਲੈ ਕੇ ਆਏ ਅਤੇ ਉਨ੍ਹਾਂ ਨੇ ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਸਪੋਰਟ ਕੀਤੀ। ਉਨ੍ਹਾਂ ਨੇ ਬੰਨ੍ਹਾਂ ਨੂੰ ਮਿੱਟੀ ਲਗਾ ਕੇ ਬੰਨ੍ਹ ਵੀ ਬਣਾਏ, ਇਹ ਕੰਮ ਇਕੱਲੀ ਸਰਕਾਰ ਨੇ ਹੀ ਨਹੀਂ ਕੀਤਾ, ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਜੀ ਦਾ ਵੀ ਬੜਾ ਵੱਡਾ ਯੋਗਦਾਨ ਇਸ ਵਿਚ ਹੈ ਜੀ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਜ਼ਰੂਰ ਇਹ ਪੈਸੇ ਦਿਵਾਉ।

ਇਸ ਗਵਰਨਰ ਐਡਰੈਸ ਵਿਚ ਜਿਹੜੀਆਂ ਚੰਗੀਆਂ ਗੱਲਾਂ ਹਨ, ਅਸੀਂ ਉਹ ਮੰਨਦੇ ਹਾਂ ਪਰ ਇਸ ਵਿਚ ਕੋਈ ਦਮ-ਖਮ ਨਹੀਂ ਹੈ। ਇਹ ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਹੈ, ਇਹ ਪੰਜਾਬੀਆਂ ਦੀਆਂ ਆਸਾਂ ਤੇ ਪੂਰਾ ਨਹੀਂ ਉਤਰਦਾ। ਬਹੁਤ-ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ: ਹਾਂ ਜੀ, ਸਰਦਾਰ ਮਨਜੀਤ ਸਿੰਘ ਜੀ।

ਸਰਦਾਰ ਮਨਜੀਤ ਸਿੰਘ (ਨਿਹਾਲ ਸਿੰਘ ਵਾਲਾ, ਐਸ.ਸੀ.): ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸੂਬੇ ਦੇ ਰਾਜਪਾਲ ਜੀ ਦੇ ਭਾਸ਼ਣ 'ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਕੱਲ੍ਹ ਦਾ ਹੀ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਮਤੇ ਤੇ ਬਹਿਸ ਸੁਣ ਰਿਹਾ ਹਾਂ। ਮੇਰੇ ਇੱਧਰ ਵਾਲੇ ਬੈਂਚਾਂ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਾਂ ਵੱਲ ਇਸ਼ਾਰਾ) ਵਾਲੇ ਵੀ ਬਹਿਸ ਕਰ ਰਹੇ ਹਨ ਤੇ ਉਧਰ ਵਾਲੇ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਵੀ ਬਹਿਸ ਕਰ ਰਹੇ ਹਨ। ਪਰ, ਸਪੀਕਰ ਸਾਹਿਬ, ਸੱਚ ਜਾਣਿਓ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਪੰਜਾਬੀ ਦੀ ਇਕ ਕਹਾਵਤ ਹੈ:-

"ਆਪੇ ਮੱਥਾ ਟੇਕਦੀ ਆਂ, ਆਪੇ ਬੁੱਢ ਸੁਹਾਗਣ ਹੋਵਾਂ"

ਜਿਵੇਂ ਪੰਜਾਬ ਦੇ ਵਿਚ ਸਰਕਾਰ ਨੂੰ ਅਫਸਰਸ਼ਾਹੀ ਚਲਾ ਰਹੀ ਹੈ ਤੇ ਰਾਜਪਾਲ ਜੀ ਦਾ ਭਾਸ਼ਣ ਵੀ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਅਫਸਰਸ਼ਾਹੀ ਨੇ ਹੀ ਤਿਆਰ ਕੀਤਾ ਹੁੰਦਾ ਹੈ। ਸਪੀਕਰ ਸਾਹਿਬ, ਇਕ ਵਧੀਆ ਸਮਾਜ ਦੇ ਵਿਚ ਇਕ ਵਧੀਆ ਨਾਗਰਿਕ ਵਾਂਗ ਰਹਿਣ ਲਈ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ। ਸਭ ਤੋਂ ਪਹਿਲੇ ਨੰਬਰ ਤੇ ਸਿਹਤ ਹੁੰਦੀ ਹੈ। ਜੇਕਰ ਸਾਡੀ ਸਿਹਤ ਚੰਗੀ ਹੋਵੇਗੀ ਤਾਂ ਹੀ ਅਸੀਂ ਕੁੱਝ ਚੰਗਾ ਸੋਚ ਸਕਦੇ ਹਾਂ ਅਤੇ ਕੁੱਝ ਚੰਗਾ ਕਰ ਸਕਦੇ ਹਾਂ।Sound mind lives in sound body. ਦੂਸਰੇ ਨੰਬਰ ਤੇ ਆਉਂਦੀ ਹੈ ਸਿੱਖਿਆ, ਜੇਕਰ ਇਨਸਾਨ ਸਿੱਖਿਅਤ ਹੋਵੇਗਾ ਤਾਂ ਹੀ ਆਪਣੇ ਪਰਿਵਾਰ ਤੇ ਸਮਾਜ ਬਾਰੇ ਕੁੱਝ ਕਰ ਸਕਦਾ ਹੈ। ਸਾਡੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:-

ਵਿਦਿਆ ਵੀਚਾਰੀ ਤਾਂ ਪਰਉਪਕਾਰੀ।।

ਤੀਸਰੇ ਨੰਬਰ ਤੇ ਸਿਕਿਉਰਿਟੀ ਆਉਂਦੀ ਹੈ। ਜੇਕਰ ਕੋਈ ਨਾਗਰਿਕ ਆਪਣੇ ਆਪ ਨੂੰ ਸਮਾਜ ਵਿਚ ਮਹਿਫੂਜ਼ ਮਹਿਸੂਸ ਕਰੇਗਾ ਤਾਂ ਹੀ ਉਹ ਸਮਾਜ ਲਈ ਕੁੱਝ ਕਰ ਸਕਦਾ ਹੈ। ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਤਿੰਨੇ ਚੀਜ਼ਾਂ ਪੰਜਾਬ ਦੇ ਵਿਚੋਂ ਖੰਭ ਲਗਾ ਕੇ ਕਿਤੇ ਉੱਡ ਗਈਆਂ ਹਨ। ਗੱਲ ਸਕੂਲਾਂ ਦੀ ਚੱਲੀ ਸੀ। ਸਾਡੇ ਮਾਨਯੋਗ ਮੈਂਬਰ ਸਾਹਿਬ ਬੜੀਆਂ ਫੋਟੋਆਂ ਦਿਖਾ ਰਹੇ ਸੀ ਕਿ ਪੰਜਾਬ ਦੇ ਵਿਚ ਸਮਾਰਟ ਸਕੂਲ ਬਣਾ ਦਿੱਤੇ ਗਏ ਹਨ। ਮੈਂ ਉਨ੍ਹਾਂ ਸਮਾਰਟ ਸਕੂਲਾਂ ਦੀ ਮੂੰਹ ਬੋਲਦੀ ਤਸਵੀਰ ਦਿਖਾਉਣੀ ਚਾਹੁੰਦਾ ਹਾਂ (ਹੱਥਾਂ ਵਿਚ ਫੋਟੋਆਂ ਲਹਿਰਾਉਂਦੇ ਹੋਏ) ਆਹ ਦੇਖੋ ਕਿਵੇਂ ਪਾਣੀ ਦੇ ਵਿਚ ਬੱਚੇ ਖੜ੍ਹੇ ਹਨ ਔਰ ਸਰਕਾਰੀ ਸਕੂਲਾਂ ਦੇ ਵਿਚ ਬੱਚੇ ਵੀ ਹਾਜ਼ਰ ਹਨ, ਟਾਟ ਵੀ ਪਏ ਹਨ ਤੇ ਸਕੂਲ ਗਾਵਾਂ ਨਾਲ ਭਰਿਆ ਹੋਇਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਗਾਵਾਂ ਨੂੰ ਉਥੇ ਅਡਮਿਸ਼ਨ ਮਿਲ ਗਈ। ਇਸ ਦਾ ਮਤਲਬ ਇਹ ਹੈ ਕਿ ਸਕੂਲ ਦੇ ਗੇਟ ਤੇ ਇਕ ਚੌਂਕੀਦਾਰ ਵੀ ਨਹੀਂ ਹੈ ਅਤੇ ਕੰਧਾਂ ਟੁੱਟੀਆਂ ਹੋਈਆਂ ਹਨ। ਹੋਰ ਬੜੀਆਂ ਘਾਟਾਂ ਹਨ। ਸਪੀਕਰ ਸਾਹਿਬ, ਆਪਾਂ ਸਾਰਿਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਦੁਨੀਆਂ ਦਾ ਸਭ ਤੋਂ ਵਿਕਸਤ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਦੀ ਪਤਨੀ ਮਿਲਾਨੀਆ ਟਰੰਪ ਪਿਛਲੇ ਦਿਨਾਂ ਵਿਚ ਇੰਡੀਆ ਆਏ ਸੀ ਤੇ ਉਹ ਦਿੱਲੀ ਦੇ ਸਕੂਲ ਦੇਖਣ ਪਹੁੰਚੇ ਤੇ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਬੱਚੇ ਮਿਲਾਨੀਆ ਟਰੰਪ ਨਾਲ ਇੰਗਲਿਸ਼ ਵਿਚ ਗੱਲਾਂ ਕਰਦੇ ਹਨ ਪਰ ਅਫਸੋਸ ਸਾਡੇ ਸਰਕਾਰੀ ਸਕੂਲਾਂ ਦੇ ਬੱਚੇ ਆਪਣੇ ਡੀ.ਜੀ.ਐਸ.ਈ. ਨਾਲ ਵੀ ਗੱਲ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਦੀ ਪੰਜਾਬੀ ਵੀ ਅੰਗਰੇਜ਼ੀ ਵਾਂਗ ਹੀ ਕਮਜ਼ੋਰ ਹੈ। ਇਹ ਗੱਲਾਂ ਬਹੁਤ ਅਫਸੋਸ ਨਾਲ ਕਹਿਣੀਆਂ ਪੈ ਰਹੀਆਂ ਹਨ। ਸਪੀਕਰ ਸਾਹਿਬ, ਜਿਹੜੇ ਮੇਰੇ ਸਾਹਮਣੇ ਵਾਲੇ ਪਾਸੇ ਸੱਜਣ ਬੈਠੇ ਹਨ, ਇਨ੍ਹਾਂ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਦੀ ਕੀ ਤਰਾਸਦੀ ਹੈ ਪਰ ਇਨ੍ਹਾਂ ਦੀ ਮਜਬੂਰੀ ਹੈ, ਇਸੇ ਲਈ ਇਹ ਕਹਿ ਰਹੇ ਹਨ ਕਿ ਪੰਜਾਬ ਵਿਚ ਸਭ ਕੁਝ ਬੜਾ ਅੱਛਾ ਹੈ, ਸਕੂਲ ਤੇ ਹਸਪਤਾਲ ਬੜੇ ਵਧੀਆ ਹਨ। ਬੇਰੁਜ਼ਗਾਰੀ ਵੀ ਕੋਈ ਨਹੀਂ। ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਇਹ ਮਜਬੂਰੀ ਦੇ ਵਿਚ ਚੁੱਪ ਰਹਿੰਦੇ ਹਨ। ਇਹ ਦੇਸ਼ ਲਈ, ਸੂਬੇ ਲਈ ਬਹੁਤ ਘਾਤਕ ਗੱਲ ਹੈ। ਪੰਜਾਬੀ ਦਾ ਇਕ ਬਹੁਤ ਪ੍ਰਸਿੱਧ ਲੋਕ ਕਵੀ ਹੋਇਆ ਹੈ ਜਿਨ੍ਹਾਂ ਨੂੰ ਦਿੱਲੀ ਦੇ ਲਾਲ ਕਿਲ੍ਹੇ ਤੇ ਬੁਲਾਇਆ ਜਾਂਦਾ ਸੀ ਤੇ ਉਹ ਕਵਿਤਾ ਪੇਸ਼ ਕਰਦੇ ਹੁੰਦੇ ਸੀ। ਦੇਸ਼ ਦਾ ਰਾਸ਼ਟਰਪਤੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਉਥੇ ਵਿਸ਼ੇਸ਼ ਮਹਿਮਾਨ ਹੁੰਦੇ ਸੀ ਤੇ ਉਹ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਕਿਸੇ ਟਾਈਮ ਇਹ ਕਹਿਣਾ ਪੈਗਿਆ, "ਲੋਕੋ ਬਾਜ ਆ ਜਾਓ!ਝੂਠੇ ਲੀਡਰਾਂ ਤੋਂ, ਇਨ੍ਹਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।ਇਨ੍ਹਾਂ ਦੇਸ਼ ਦਾ ਕੁਝ ਵੀ ਛੱਡਿਆ ਨਹੀਂ, ਇਨ੍ਹਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ"।ਮੈਨੂੰ ਲੱਗਦਾ ਹੈ ਕਿ ਅੱਜ ਦੇਸ਼ ਅਤੇ ਸੂਬੇ ਦੇ ਲੋਕ ਸਾਡੀਆਂ ਨੀਤੀਆਂ ਤੋਂ ਭੱਜ ਰਹੇ ਹਨ। ਅੱਜ ਕੱਲ੍ਹ ਮਾਪਿਆ ਦੀ ਤ੍ਰਾਸਦੀ ਇਹ ਹੈ, ਜਦੋਂ ਕਿਸੇ ਤਾ ਬੱਚਾ ਚਾਹੇ ਕੁੜੀ ਹੈ ਜਾਂ ਮੁੰਡਾ ਬਾਰ੍ਹਵੀਂ ਕਲਾਸ ਦੇ ਵਿੱਚ ਹੋ ਜਾਂਦਾ ਹੈ ਤਾਂ ਮਾਪਿਆਂ ਨੂੰ ਚਿੰਤਾਂ ਵੱਢ ਵੱਢ ਖਾਣ ਲੱਗ ਜਾਂਦੀ ਹੈ। ਰਾਤਾਂ ਦੀ ਨੀਂਦ ਉੱਡ ਜਾਂਦੀ ਹੈ ਕਿ ਅਸੀਂ 20 ਲੱਖ ਰੁਪਏ ਦਾ ਕਿੱਥੋਂ ਪ੍ਰਬੰਧ ਕਰੀਏ ਤਾਂ ਕਿ ਆਪਣੇ ਬੱਚੇ ਨੂੰ Canada or America ਭੇਜ ਸਕੀਏ। ਸਪੀਕਰ ਸਾਹਿਬ, ਤੁਸੀਂ ਯਕੀਨ ਕਰੋਮੇਰੇ

ਕੋਲ ਕੁਝ ਅੰਕੜੇ ਹਨ। ਪਿਛਲੇ ਸਾਲ 1 ਲੱਖ 24 ਹਜ਼ਾਰ ਮੁੰਡੇ ਅਤੇ ਕੁੜੀਆਂstudy visa ਤੇ ਕੈਨੇਡਾ ਗਏ ਹਨ। 25000 ਮੁੰਡੇ ਤੇ ਕੁੜੀਆਂ New Zealand, Australia ਅਤੇ ਹੋਰ ਮੁਲਕਾਂ ਵਿੱਚ ਗਏ ਹਨ। ਇੱਕ ਬੱਚਾ ਜਦੋਂ ਬਾਹਰਲੇ ਦੇਸ਼ ਜਾਂਦਾ ਹੈ ਤਾਂ ਉਸ ਤੇ ਤਕਰੀਬਨ 15 ਤੋਂ 22 ਲੱਖ ਰੁਪਿਆ ਖਰਚ ਆਉਂਦਾ ਹੈ, ਜੇਕਰ ਉੱਥੇ ਜਾ ਕੇ ਯੂਨੀਵਰਸਿਟ ਪੜ੍ਹਦਾ ਹੈ ਤਾਂ 40-40 ਲੱਖ ਵੀ ਖਰਚ ਆਉਂਦਾ ਹੈ। ਔਸਤਨ ਜਿਹੜੀ ਇਹ ਰਕਮ ਬਣਦੀ ਹੈ ਕਾਲਜ ਅਤੇ ਯੂਨੀਵਰਸਿਟੀਆਂ ਦੀ ਮਤਲਬ ਕਿਸੇ ਦੀ 15 ਲੱਖ ਰੁਪਿਆ, ਕਿਸੇ ਦੀ 18 ਲੱਖ ਰੁਪਿਆ ਆਦਿ,ਉਹ ਕੁੱਲ ਤਕਰੀਬਨ 27,000 ਕਰੋੜ ਰੁਪਿਆ ਬਣਦਾ ਹੈ। ਸਪੀਕਰ ਸਾਹਿਬ, 27000 ਕਰੋੜ ਰੁਪਿਆ ਸਾਡੇ ਸੂਬੇ ਵਿੱਚੋਂ ਖੰਭ ਲਗਾ ਕੇ ਪੈਸਾ ਉਡ ਰਿਹਾ ਹੈ। ਵਿੱਤ ਮੰਤਰੀ ਜੀ ਨੂੰ ਇਸ ਗੱਲ ਤੇ ਚਿੰਤਾ ਕਰਨ ਦੀ ਲੋੜ ਹੈ। ਜਦ ਕਿ ਬਹੁਤ ਸਾਰੇ ਸੂਬੇ ਅਜਿਹੇ ਹਨ, ਜੇਕਰ ਮੈਂ ਗੋਆ ਦੀ ਗੱਲ ਕਰਾਂ ਤਾਂ ਉਨ੍ਹਾਂ ਦਾ ਬਜਟ ਹੀ ਸਾਰਾ 17,123 ਕਰੋੜ ਰੁਪਏ ਹੈ, ਮਨੀਪੁਰ ਦਾ 13,731 ਕਰੋੜ ਰੁਪਏ ਅਤੇ ਮਿਜ਼ੋਰੰਮ ਦਾ 9,492 ਕਰੋੜ ਰੁਪਏ ਹੈ ਪਰ ਸਾਡਾ 27 ਹਜ਼ਾਰ ਕਰੋੜ ਰੁਪਿਆ ਇਕੱਲੇ ਵਿਦੇਸ਼ਾਂ ਵਿੱਚ ਜਾ ਰਿਹਾ ਹੈ। ਮੈਂ ਸਪੀਕਰ ਸਾਹਿਬ, ਇਸ ਦੇ ਨਾਲ ਹੀ ਤੁਹਾਡਾ ਧੰਨਵਾਦ ਕਰਦਾ ਹਾਂ ਜੀ।

ਮਾਨਯੋਗ ਸਪੀਕਰ: ਹਾਂ ਜੀ, ਡਾਕਟਰ ਸੁਖਵਿੰਦਰ ਕੁਮਾਰ ਜੀ।

ਡਾਕਟਰ ਸੁਖਵਿੰਦਰ ਕੁਮਾਰ (ਬੰਗਾ, ਐਸ.ਸੀ): ਧੰਨਵਾਦ ਸਪੀਕਰ ਸਹਿਬ, ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਸਦਨ ਦੇ ਵਿੱਚ ਕੱਲ੍ਹ ਰਿਜ਼ਰਵੇਸ਼ਨ 'ਤੇ ਰੈਜ਼ੋਲਿਊਸ਼ਨ ਲਿਆਂਦਾ ਗਿਆ। ਮੈਂ ਸਮਝਦਾ ਹਾਂ ਕਿ ਸਦਨ ਦੇ ਵਿੱਚ ਇਹ ਪਾਸ ਹੋਇਆ। ਇਸੇ ਤਰ੍ਹਾਂ ਦਾ ਐਕਟ ਸਾਲ 2006 ਦੇ ਵਿੱਚ ਕੈਪਟਨ ਸਾਹਿਬ ਦੀ ਸਰਕਾਰ ਦੇ ਵੇਲੇ ਬਣਿਆ ਸੀ। ਉਸ ਤੋਂ ਬਾਅਦ ਸਾਲ 2019 ਵਿੱਚ ਫਿਰ ਦੁਬਾਰਾ ਰਿਜ਼ਰਵੇਸ਼ਨ ਐਕਟ ਐਸ.ਸੀ./ਐਸ.ਟੀ ਤੇ ਬਣਿਆ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਨਾ ਸਾਲ 2006 ਦੇ ਵਿੱਚ rules and regulations ਤੈਅ ਹੋਏ। ਹੁਣ ਵੀ ਸਾਲ ਬਣੇ ਨੂੰ ਹੋ ਗਿਆ ਹੈ ਅਜੇ ਤੱਕ ਕੋਈ rules and regulations ਕੋਈ ਤੈਅ ਨਹੀਂ ਕੀਤੇ ਗਏ। ਜਦੋਂ ਕੋਈ ਨਵਾਂ ਐਕਟ ਆ ਜਾਂਦਾ ਹੈ ਤਾਂ ਪੁਰਾਣੀਆਂ ਜਿੰਨੀਆਂ ਵੀ ਊਣਤਾਈਆਂ ਹੁੰਦੀਆਂ ਹਨ, ਉਹ ਦੂਰ ਕੀਤੀਆਂ ਜਾਂਦੀਆਂ ਹਨ, ਅਜਿਹਾ reservation policy ਦੇ ਵਿੱਚ ਤੈਅ ਹੈ। ਮੈਂ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਿਤੀ 10.10.2014 ਦਾ ਇੱਕ ਲੈਟਰ ਹੈ, ਭਾਵੇਂ ਨਵੀਂ ਰਿਜ਼ਰਵੇਸ਼ਨ ਪਾਲਿਸੀ ਆ ਗਈ ਹੈ ਪਰ ਉਹ ਅਜੇ ਤੱਕ ਵੀ ਵਾਪਸ ਨਹੀਂ ਲਿਆ ਗਿਆ। ਅੱਜ ਜੇਕਰ ਅਸੀਂ ਪੰਜਾਬ ਦੇ ਅੰਦਰ ਰਿਜ਼ਰਵੇਸ਼ਨ ਦੀ ਗੱਲ ਕਰੀਏ ਤਾਂ ਜਿੱਥੇ ਸਿੰਗਲ ਪੋਸਟ ਹੁੰਦੀ ਹੈ, ਜਿਸ ਤਰ੍ਹਾਂ ਐਗਜ਼ਾਂਪਲ ਦੇ ਤੌਰ ਤੇ ਪੰਜਾਬ ਦੇ ਅੰਦਰ ਬਹੁਤ ਸਾਰੇ ਡਾਇਰੈਕਟਰ ਸਾਹਿਬਾਨ ਹਨ, ਜੇ ਅਸੀਂ ਮੰਨਦੇ ਹਾਂ ਕਿ ਡਾਇਰੈਕਟਰ ਦੀ ਪੋਸਟ ਤੇ ਪੰਜਾਬ ਦੇ ਵਿੱਚ 20 ਡਾਇਰੈਕਟਰ ਕੰਮ ਕਰਦੇ ਹਨ ਤਾਂ ਕਿਉਂ ਨਹੀਂ rotation wise ਜਿੰਨੇ ਪਰਸੈਂਟ ਵੀ ਰਿਜ਼ਰਵੇਸ਼ਨ ਦੇਣੀ ਹੈ, ਉਹ ਦਿੱਤੀ ਜਾਂਦੀ। ਐਮ.ਐਲ.ਏਜ਼. ਨੂੰ ਛੱਡ ਕੇ ਜਿੰਨੀਆਂ ਵੀ ਸਰਕਾਰੀ ਸੇਵਾਵਾਂ ਹਨ, ਇੱਥੇ District

Planning Board ਦੇ ਚੇਅਰਮੈਨ ਬਣਦੇ ਹਨ, ਇੱਥੇ ਦੂਸਰੇ ਵੱਖ-ਵੱਖ ਮਹਿਕਮਿਆਂ ਦੇ ਚੇਅਰਮੈਨ ਬਣਾਏ ਜਾਂਦੇ ਹਨ, ਉਥੇ ਵੀ ਰਿਜ਼ਰਵੇਸ਼ਨ ਦਾ ਕੋਈ ਨੁਕਤਾ ਨਹੀਂ ਹੈ। ਮੈਂ ਕਿਸ ਤਰ੍ਹਾਂ ਮੰਨ ਲਵਾਂ ਕਿ ਸਾਡੀ ਸਟੇਟ ਨੇ ਜਿਹੜਾ ਕੱਲ੍ਹ ਰੈਜ਼ੋਲਿਊਸ਼ਨ ਪਾਸ ਕੀਤਾ ਹੈ, ਸਾਡੀ ਸਟੇਟ ਉਸ ਵਿੱਚ ਕੋਈ ਸੀਰੀਅਸਲੀ ਐਫਰਟਸ ਕਰ ਰਿਹਾ ਹੈ?

ਸਪੀਕਰ ਸਾਹਿਬ, ਐਜੂਕੇਸ਼ਨ ਅਤੇ ਹੈਲਥ ਬੜੇ ਇੰਪਾਰਟੈਂਟ ਮੁੱਦੇ ਹਨ। ਅਸੀਂ ਅੱਜ ਪ੍ਰੀ-ਪ੍ਰਾਇਮਰੀ ਐਜੂਕੇਸ਼ਨ ਸ਼ੁਰੂ ਕਰਨ ਦੀ ਗੱਲ ਕੀਤੀ ਹੈ। ਉਸ ਵਿੱਚ ਇੱਕ ਲੱਖ ਬੱਚਾ ਭਰਤੀ ਵੀ ਕਰ ਲਿਆ ਹੈ ਪਰ ਉਹ ਬੱਚੇ ਜਿਨ੍ਹਾਂ ਨੇ ਕੱਲ੍ਹ ਦੇਸ਼ ਦਾ ਭਵਿੱਖ ਬਣਨਾ ਹੈ, ਉਨ੍ਹਾਂ ਲਈ ਸਟਾਫ ਦੀ ਭਰਤੀ ਨਹੀਂ ਕੀਤੀ ਗਈ। ਜਿਹੜਾ ਸਟਾਫ ਪਹਿਲਾਂ ਹੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਉਂਦਾ ਹੈ, ਉਸ ਵਿੱਚ ਹੀ ਹੋਰ ਬੱਚੇ ਐਡ ਕਰ ਦਿੱਤੇ ਹਨ ਕਿ ਉਹ ਹੀ ਪੜ੍ਹਾਉਣਗੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅੱਜ ਵੀ ਪੰਜਾਬ ਵਿੱਚ ਹਜ਼ਾਰਾਂ ਸਕੂਲ ਹਨ ਜਿੱਥੇ ਟੀਚਰਾਂ ਦੀ ਘਾਟ ਹੈ। ਇਸ ਲਈ ਸਾਨੂੰ ਸਕੂਲ ਦੀ ਚੰਗੀ ਬਿਲਡਿੰਗ ਅਤੇ ਨਾਲ ਹੀ ਨਾਲ ਹੋਰ ਟੀਚਰ ਵੀ ਦੇਣੇ ਚਾਹੀਦੇ ਹਨ। ਪਿਛਲੇ ਦਿਨੀਂ ਅਸੀਂ ਰਾਜਸਥਾਨ ਦੇ ਦੌਰੇ ਤੇ ਗਏ। ਜਿਹੜੀ ਸਾਡੀ ਐਸ.ਸੀ./ਬੀ.ਸੀ. ਦੀ ਭਲਾਈ ਸਬੰਧੀ ਕਮੇਟੀ ਹੈ, ਉਹ ਦੌਰੇ ਤੇ ਗਈ ਅਤੇ ਅਸੀਂ ਸਕੂਲ ਚੈੱਕ ਕੀਤੇ। ਉੱਥੇ ਇੱਕ ਗੱਲ ਪਾਈ ਗਈ ਕਿ ਉੱਥੇ ਦੇ ਜਿਹੜੇ ਸਰਕਾਰੀ ਸਕੂਲ ਹਨ, ਉਨ੍ਹਾਂ ਦੇ ਹਾਲਾਤ ਬਹੁਤ ਚੰਗੇ ਹਨ। ਉੱਥੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਉਨ੍ਹਾਂ ਨੇ ਐਸ.ਸੀ. ਐਸ.ਟੀ. ਬੱਚਿਆਂ ਲਈ ਹੋਸਟਲ ਬਣਾਏ ਹਨ। ਸਭ ਤੋਂ ਵੱਡੀ ਗੱਲ, ਕਿ ਜੇਕਰ ਕੋਈ ਹੁਸ਼ਿਆਰ ਬੱਚਾ ਮੈਡੀਕਲ ਜਾਂ ਇੰਜੀਨੀਅਰਿੰਗ ਦੀ ਸਟੱਡੀ ਕਰਨਾ ਚਾਹੁੰਦਾ ਹੈ ਤਾਂ ਰਾਜਸਥਾਨ ਤੇ ਚਿਤੌੜਗੜ੍ਹ ਜ਼ਿਲ੍ਹੇ ਅਤੇ ਕੋਟਾ ਵਿਖੇ ਐਤਕੀਂ ਵੀ ਤਕਰੀਬਨ 600 ਬੱਚੇ ਜਾਂਦੇ ਹਨ ਅਤੇ ਉਹ NEET ਦੀ ਤਿਆਰੀ ਕਰ ਰਹੇ ਹਾਂ ਤਾਂ ਕਿ ਉਹ ਮੈਡੀਕਲ ਕਾਲਜਾਂ ਵਿੱਚ ਜਾ ਸਕਣ। ਸਾਡੀ ਸਟੇਟ ਵਿੱਚ ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ, ਸਾਨੂੰ ਇਸ ਪਾਸੇ ਕੋਈ ਧਿਆਨ ਦੇਣਾ ਚਾਹੀਦਾ ਹੈ।

ਹੁਣ ਗੱਲ ਹੈਲਥ ਦੀ ਕਰ ਲਈਏ। ਸਰ, ਮੈਂ ਬੇਸਿਕ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ। ਬੇਸ਼ੱਕ ਜਦੋਂ ਕੋਈ ਬਿਮਾਰੀ ਡਿਵੈਲਪ ਹੋ ਜਾਂਦੀ ਹੈ ਤਾਂ ਉਸ ਵੇਲੇ ਅਸੀਂ ਜਿੰਨਾ ਮਰਜ਼ੀ ਇਲਾਜ ਕਰਨ ਦੀ ਕੋਸ਼ਿਸ਼ ਕਰ ਲਈਏ, ਪਰ ਕੋਈ ਫਾਇਦਾ ਨਹੀਂ ਹੁੰਦਾ। ਸਰਕਾਰ ਨੇ ਇੱਕ ਡਾਇਲਸਿਸ ਸ਼ੁਰੂ ਕੀਤਾ ਹੈ ਜਿਸ ਦਾ ਲੱਖਾਂ ਲੋਕਾਂ ਨੂੰ ਫਾਇਦਾ ਹੋ ਰਿਹਾ ਹੈ। ਮੇਰੇ ਜ਼ਿਲ੍ਹੇ ਵਿੱਚ ਬੰਗਾ ਅਤੇ ਨਵਾਂਸ਼ਹਿਰ ਵਿੱਚ ਡਾਇਲਸਿਸ ਹੁੰਦੇ ਹਨ। ਮੈਂ ਪਿਛਲੇ ਦਿਨੀ ਉੱਥੇ ਇੱਕ ਗੱਲ ਰੱਖੀ। ਉੱਥੇ ਚਾਰ ਮਸ਼ੀਨਾਂ ਹਨ, ਦੋ ਬੰਗਾ ਵਿੱਚ, ਦੋ ਨਵਾਂ ਸ਼ਹਿਰ ਵਿੱਚ। ਮੈਂ ਸੀ.ਐਮ.ਓ. ਨੂੰ ਬੇਨਤੀ ਕੀਤੀ ਕਿ ਜਿੱਥੇ ਪੇਸ਼ੈਂਟ ਦਾ ਡਾਇਲਸਿਸ ਕਰਦੇ ਹੋ, ਉਸ ਵਿੱਚ ਇਨਫੈਕਟਿਡ ਪੇਸ਼ੈਂਟ ਦੇ ਵੀ ਡਾਇਲਸਿਸ ਕੀਤੇ ਜਾਣੇ ਚਾਹੀਦੇ ਹਨ। ਉਹ ਕਹਿੰਦੇ ਕਿ ਸਾਡੇ ਤੇ ਵਰਕ ਲੋਡ ਵੱਧ ਜਾਵੇਗਾ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਵਰਕ ਲੋਡ ਕਿਸ ਤਰ੍ਹਾਂ ਵਧੇਗਾ। ਉਹ ਕਹਿੰਦੇ ਕਿ ਜੇਕਰ ਅਸੀਂ ਇਨਫੈਕਟਿਡ

ਪੇਸ਼ੈਂਟ ਦਾ ਡਾਇਲਿਸਿਸ ਕਰਾਂਗੇ ਤਾਂ ਇਸ ਲਈ ਸਾਡੇ ਕੋਲ ਮੈਨ ਪਾਵਰ ਨਹੀਂ ਹੈ। ਮੈਂ ਕਿਹਾ ਕਿ ਚਾਰ ਮਸ਼ੀਨਾਂ ਹਨ। ਤਿੰਨ ਮਸ਼ੀਨਾਂ ਨਾਰਮਲ ਪੇਸ਼ੈਂਟ ਲਈ ਰੱਖ ਲਉ, ਇੱਕ ਮਸ਼ੀਨ ਇਨਫੈਕਟਿਡ ਪੇਸ਼ੈਂਟ ਲਈ ਰੱਖ ਲਵੋ ਪਰ ਉਹ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਸੀ। ਮੈਂ ਇਹ ਹੈਲਥ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹਰ ਪੇਸ਼ੈਂਟ ਨੂੰ ਇਹ ਸਹੂਲਤ ਮਿਲਣੀ ਚਾਹੀਦੀ ਹੈ।

ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਸੀ, ਉਹ ਇਹ ਸੀ ਕਿ ਜਦੋਂ ਕੋਈ ਐਕਸੀਡੈਂਟ ਹੁੰਦਾ ਹੈ, ਅਸੀਂ ਐਂਬੂਲੈਂਸ ਵਿੱਚ ਪੇਸ਼ੈਂਟ ਲੈ ਕੇ ਜਾਂਦੇ ਹਾਂ ਜਾਂ ਕੋਈ ਹੋਰ ਸੀਰੀਅਸ ਪੇਸ਼ੈਂਟ ਜਿਸ ਨੂੰ ਇੱਕ ਸੈਂਟਰ ਤੋਂ ਦੂਸਰੇ ਸੈਂਟਰ ਤੇ ਸ਼ਿਫਟ ਕਰਨਾ ਹੁੰਦਾ ਹੈ, ਐਂਬੂਲੈਂਸ ਵਿੱਚ ਡਰਾਈਵਰ ਤੋਂ ਸਿਵਾਏ ਕੋਈ ਵੀ ਦੂਸਰਾ ਅਟੈਂਡੈਂਟ ਨਹੀਂ ਹੁੰਦਾ, ਜਿਹੜਾ ਕਿ ਮਰੀਜ਼ ਨੂੰ ਮੈਡੀਕਲ ਫੈਸੀਲਿਟੀ ਦੇ ਸਕੇ। ਸਰ, ਇੱਕ ਸਮਾਂ ਸੀ, ਜਦੋਂ ਐਨ.ਜੀ.ਓ., ਟੀਚਰਜ਼ ਅਤੇ ਚੰਗੇ ਐਨ.ਐਸ.ਐਸ. ਵਿਦਿਆਰਥੀਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਸੀ ਈਵਨ ਕਿ ਫਿਜ਼ੀਕਲ ਐਜੂਕੇਸ਼ਨ ਦੇ ਟੀਚਰ ਨੂੰ ਵੀ ਟਰੇਨਿੰਗ ਦਿੱਤੀ ਜਾਂਦੀ ਸੀ ਕਿ ਜੇਕਰ ਕੋਈ ਟਰੌਮਾ ਹੋ ਜਾਵੇ ਜਾਂ ਕੋਈ ਐਮਰਜੈਂਸੀ ਆ ਜਾਵੇ ਤਾਂ ਡਾਕਟਰ ਆਉਣ ਤੋਂ ਪਹਿਲਾਂ ਅਸੀਂ ਫਸਟ ਏਡ ਦੇ ਸਕੀਏ। ਸਰ, ਅੱਜ ਉਹ ਸਾਰਾ ਕੁਝ ਖਤਮ ਹੋ ਗਿਆ ਹੈ। ਮੈਂ ਇਸ ਦੀ ਇੱਕ ਉਦਾਹਰਨ ਦੇਣੀ ਚਾਹੁੰਦਾ ਹਾਂ। ਪਿਛਲੇ ਦਿਨੀਂ ਨਵਾਂ ਸ਼ਹਿਰ ਐਸ.ਐਸ.ਪੀ. ਆਫਿਸ ਦੇ ਸਾਹਮਣੇ ਐਕਸੀਡੈਂਟ ਹੋਇਆ। ਬਾਈ ਚਾਂਸ ਬੱਚੇ ਦੇ ਹੈੱਡ ਇੰਜਰੀ ਹੋਈ। ਉੱਥੋਂ ਐਸ.ਐਮ.ਓ. ਗੁਜ਼ਰ ਰਹੇ ਸਨ, ਉਨ੍ਹਾਂ ਨੇ ਦੇਖਿਆ, ਉਹ ਉੱਥੇ ਹੀ ਆਏ, ਉਨ੍ਹਾਂ ਨੇ ਫਸਟ ਏਡ ਦਿੱਤੀ ਅਤੇ ਉਹ ਬੱਚਾ ਸਵੀਅਰ ਹੈੱਡ ਇੰਜਰੀ ਤੋਂ ਬਾਅਦ ਵੀ ਬਚ ਗਿਆ।ਦੂਜੇ ਕੇਸ ਵਿੱਚ ਇੱਕ ਆਦਮੀ ਦਾ ਐਕਸੀਡੈਂਟ ਹੋਇਆ, ਉਸ ਦੀ ਬਲੀਡਿੰਗ ਇੰਨੀ ਜ਼ਿਆਦਾ ਹੋ ਗਈ ਕਿ ਹਸਤਪਾਲ ਪਹੁੰਚਣ ਤੋਂ ਪਹਿਲਾਂ ਹੀ ਕਿਸੇ ਮੇਜਰ ਇੰਜਰੀ ਕਾਰਨ ਨਹੀਂ, ਸਿਰਫ ਜ਼ਿਆਦਾ ਬਲੀਡਿੰਗ ਹੋਣ ਕਾਰਨ ਹੀ ਮਰ ਗਿਆ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਕੂਲਾਂ ਵਿੱਚ ਟੀਚਰਜ਼, ਵੱਡੇ ਬੱਚਿਆਂ ਅਤੇ ਐਨ.ਜੀ.ਓਜ਼. ਨੂੰ ਟਰੇਨਿੰਗ ਦੇਣੀ ਚਾਹੀਦੀ ਹੈ ਤਾਂ ਕਿ ਉਹ ਫਸਟ ਏਡ ਦੇ ਸਕਣ।

ਮਾਨਯੋਗ ਸਪੀਕਰ: ਹੁਣ ਕਨਕਲੂਡ ਕਰੋ।

ਡਾਕਟਰ ਸੁਖਵਿੰਦਰ ਕੁਮਾਰ: ਇੱਕ ਮਿੰਟ, ਬੜਾ ਇੰਪਾਰਟਮੈਂਟ ਮਸਲਾ ਹੈ ਜੀ।

ਮਾਨਯੋਗ ਸਪੀਕਰ: ਕਰ ਲਉ।

ਡਾਕਟਰ ਸੁਖਵਿੰਦਰ ਕੁਮਾਰ: ਸਰ,ਇੱਕ ਬਹੁਤ ਵੱਡੀ ਗੱਲ ਹੈ, ਜਿਹੜੀ ਕਿ ਅੱਜਕਲ੍ਹ ਅਕਸਰ ਦੇਖਣ ਨੂੰ ਮਿਲਦੀ ਹੈ ਕਿ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ, ਸੁਣਦੇ ਹਾਂ ਕਿ ਹੁਣੇ ਹੀ ਚਾਹ ਪੀਂਦਾ ਸੀ, ਅਚਾਨਕ ਮਰ ਗਿਆ। ਸਰ, ਇਸ ਲਈ ਵੀ ਜਿਹੜਾ ਅਸੀਂ ਆਰਟੀਫੀਸ਼ੀਅਲ ਡੀ.ਸੀ. ਸ਼ਾਕ (Direct Current Shock) ਦਿੰਦੇ ਹਾਂ, ਉਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਇੱਕ ਜਿਹੜੀ ਅੱਜ ਡਾਕਟਰਾਂ ਦੀ ਬਹੁਤ ਜ਼ਿਆਦਾ ਘਾਟ ਹੈ, ਮੈਂ ਇਸ ਸਬੰਧੀ ਇੱਕ ਪ੍ਰਸ਼ਨ ਵੀ ਕੀਤਾ ਸੀ। ਸਾਡੇ ਮੰਤਰੀ ਸਾਹਿਬ ਨੇ ਦੱਸਿਆ ਕਿ ਇੱਥੇ ਪੀ.ਜੀ. ਦੀਆਂ 380 ਸੀਟਾਂ ਹਨ ਔਰ ਸਾਡੇ ਕੋਲ ਪ੍ਰੋਫੈਸਰਾਂ ਦੀ, ਅਸਿਸਟੈਂਟ ਪ੍ਰੋਫੈਸਰਾਂ ਦੀ ਅਤੇ ਐਸੋਸੀਏਟ ਪ੍ਰੋਫੈਸਰਾਂ ਦੀ ਬੜੀ ਘਾਟ ਹੈ ਤੇ ਅਸੀਂ ਇਹ ਹੋਰ ਨਵੇਂ ਕਾਲਜ ਖੋਲ੍ਹ ਰਹੇ ਹਾਂ। ਜਿਹੜੇ ਪੁਰਾਣੇ ਕਾਲਜ ਹਨ, ਉਨ੍ਹਾਂ ਵਿੱਚ ਸਟਾਫ ਪੂਰਾ ਕਰਕੇ ਜਿਹੜੀਆਂ 380 ਪੀ.ਜੀ. ਦੀਆਂ ਸੀਟਾਂ ਹਨ ਉਹ ਅਸੀਂ 1400 ਤੱਕ ਵਧਾ ਸਕਦੇ ਹਾਂ। ਸਰ, ਮੇਰੀ ਇਸ ਪਾਸੇ ਇਹ ਬੇਨਤੀ ਹੈ ਕਿ ਜਿਹੜੇ ਪੁਰਾਣੇ ਕਾਲਜ ਚੱਲ ਰਹੇ ਹਨ, ਉਨ੍ਹਾਂ ਵਿੱਚ ਸਟਾਫ ਪੂਰਾ ਕਰ ਲਿਆ ਜਾਵੇ।

Mr. Speaker: Thank you,ਡਾਕਟਰ ਸਾਹਿਬ।

ਡਾਕਟਰ ਸੁਖਵਿੰਦਰ ਕੁਮਾਰ: ਸਰ, ਇੱਕ ਮਿੰਟ। ਪੋਸਟ ਮੈਟ੍ਰਿਕ ਸਕਾਲਰਸ਼ਿਪ ਨਾਲ ਜਿਹੜੇ ਬੱਚੇ ਪੜ੍ਹਦੇ ਹਨ, ਅੱਜ ਇੱਕ ਲੱਖ ਬੱਚਾ ਇਸ ਸਕੀਮ ਤੋਂ ਪੈਸੇ ਨਾ ਮਿਲਣ ਕਰਕੇ ਵਾਂਝਾ ਹੈ। ਪਿਛਲੇ ਦਿਨੀਂ ਜਿਹੜੇ ਬੱਚਿਆਂ ਨੇ ਡਿਗਰੀਆਂ ਪੂਰੀਆਂ ਕਰ ਲਈਆਂ ਹਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇੱਕ ਲੈਟਰ ਇਸ਼ੂ ਕੀਤਾ ਹੈ ਕਿ ਜਿਹੜੇ ਬੱਚੇ ਆਪਣੀਆਂ ਡਿਗਰੀਆਂ ਪਾਸ ਕਰ ਚੁੱਕੇ ਹਨ, ਉਹ ਬੱਚੇ ਜਦੋਂ ਤੱਕ ਆਪਣੇ ਕੋਲੋਂ ਫੀਸ ਨਹੀਂ ਭਰਦੇ, ਉਨ੍ਹਾਂ ਦੇ ਸਰਟੀਫਿਕੇਟ ਨਾ ਦਿੱਤੇ ਜਾਣ। ਸਰ, ਇਸ ਬਾਰੇ ਧਿਆਨ ਦਿੱਤਾ ਜਾਵੇ।

ਮਾਨਯੋਗ ਸਪੀਕਰ: ਧੰਨਵਾਦ ਜੀ। ਹੁਣ ਸਰਦਾਰ ਜੈ ਕ੍ਰਿਸ਼ਨ ਜੀ ਬੋਲਣਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਜੈ ਕ੍ਰਿਸ਼ਨ ਸਿੰਘ ਸਦਨ ਵਿੱਚ ਹਾਜ਼ਰ ਨਹੀਂ ਸਨ।)

ਮਾਨਯੋਗ ਸਪੀਕਰ:ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ।

ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.): ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਦੇ ਭਾਸ਼ਣ ਦੇ ਉੱਪਰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਜਿਹੜੀਆਂ ਸਾਡੀਆਂ ਮੁੱਢਲੀਆਂ ਸਮੱਸਿਆਵਾਂ ਲੰਮੇ ਸਮੇਂ ਤੋਂ ਉੱਥੇ ਦੀਆਂ ਉੱਥੇ ਹੀ ਖੜੀਆਂ ਹਨ, ਉਨ੍ਹਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਅਸੀਂ ਪਹਿਲਾਂ ਵੀ ਕੁਐਸਚਨ ਲਾਉਂਦੇ ਹਾਂ ਪਰ ਹੁਣ ਕੁਐਸਚਨ ਲਾਉਣ ਨੂੰ ਦਿਲ ਵੀ ਨਹੀਂ ਕਰਦਾ ਹੈ ਕਿਉਂਕਿ ਕਈ ਵਾਰੀ ਆਂਸਰ ਠੀਕ ਨਹੀਂ ਆਉਂਦੇ ਹਨ। ਸਾਡੇ ਬਰਨਾਲੇ ਵਿੱਚ ਟਰਾਈਡੈਂਟ ਫੈਕਟਰੀ ਹੈ, ਉਸ ਦਾ ਪਾਣੀ ਧਰਤੀ ਵਿੱਚ ਵੀ ਪੈ ਰਿਹਾ ਹੈ ਤੇ ਡਰੇਨ ਰਾਹੀਂ ਵੀ ਕੈਮੀਕਲ ਵਾਲਾ ਪਾਣੀ ਧਰਤੀ ਵਿੱਚ ਜਾ ਰਿਹਾ ਹੈ। ਉੱਥੋਂ ਦੇ ਕਿਸਾਨ ਵੀ ਅਨੇਕਾਂ ਵਾਰ ਧਰਨੇ ਲਾ ਚੁੱਕੇ ਹਨ। ਮੈਨੂੰ ਲਗਦਾ ਹੈ ਕਿ ਜਿਹੜੇ ਬੋਰ ਹਨ, ਉਹ ਵੀ ਲੋਹੇ ਦੇ ਪਾਈਪ ਹੀ ਹਨ ਤੇ ਉਹ ਉਸ ਨਾਲ ਗਲ ਚੁੱਕੇ ਹਨ, ਤੇ ਫੈਕਟਰੀਆਂ ਵਾਲੇ ਫਿਰ ਲੈ ਦੇ ਕੇ ਠੀਕ ਕਰ ਲੈਂਦੇ ਹਨ। ਮੇਰੀ ਬੇਨਤੀ ਹੈ ਕਿ ਜਿਹੜੀ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਹੈ, ਉਹ ਕਹਿੰਦੇ ਹਨ ਕਿ ਜਿਹੜੇ ਬਰਨਾਲੇ ਦੇ ਲੋਕ ਹਨ ਅਤੇ ਰਾਮਪੁਰਾ ਤੇ

ਬਠਿੰਡਾ ਦੇ ਲੋਕ ਜੇ ਹੋਰ 5-7 ਸਾਲ ਇੱਥੋਂ ਦਾ ਪਾਣੀ ਪੀਂਦੇ ਹਨ ਤਾਂ ਉਹ ਲੋਕ ਕੈਂਸਰ ਜਾਂ ਕਾਲੇ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਖਤਮ ਹੋ ਜਾਣਗੇ ਕਿਉਂਕਿ ਸਾਡੇ ਪਿੰਡਾਂ ਵਿੱਚ ਮੈਨੂੰ ਲਗਦਾ ਹੈ ਕਿ ਹਰ ਤਿੰਨ ਘਰ ਛੱਡ ਕੇ ਕਾਲਾ ਪੀਲੀਆ ਜਾਂ ਕੈਂਸਰ ਫੈਲਿਆ ਹੋਇਆ ਹੈ। ਸਾਡੇ ਵੀ ਸੰਗਰੂਰ ਵਿੱਚ ਬਹੁਤ ਵੱਡਾ ਕੈਂਸਰ ਹਸਪਤਾਲ ਹੈ, ਫਰੀਦਕੋਟ ਵਿੱਚ ਵੀ ਬਹੁਤ ਵੱਡਾ ਹਸਪਤਾਲ ਹੈ ਪਰ ਫਿਰ ਵੀ ਮਾਲਵੇ ਵਿੱਚੋਂ ਹਰ ਰੋਜ਼ ਬੀਕਾਨੇਰ ਵਿੱਚ ਕੈਂਸਰ ਦੇ ਮਰੀਜਾਂ ਦੀਆਂ ਦੋ ਟਰੇਨਾਂ ਭਰ ਕੇ ਜਾਂਦੀਆਂ ਹਨ।

ਮੈਂ ਦੂਸਰੀ ਬੇਨਤੀ ਇਹ ਕਰਦਾ ਹਾਂ ਕਿ ਪਹਿਲਾਂ ਪੰਚਾਇਤ ਮੰਤਰੀ ਸਾਹਿਬ ਜਦੋਂ ਆਏ ਸੀ ਤਾਂ ਉਨ੍ਹਾਂ ਨੇ ਬੜੇ ਮਾਣ ਨਾਲ ਕਿਹਾ ਸੀ ਕਿ ਪਿੰਡਾਂ ਵਿੱਚ ਜਿਹੜੀਆਂ ਗ੍ਰਾਂਟਾਂ ਗਈਆਂ ਹਨ, ਉਨ੍ਹਾਂ ਦੀ ਜਾਂਚ ਕਰਵਾਵਾਂਗੇ ਪਰ ਪਤਾ ਨਹੀਂ ਫਿਰ ਕੀ ਹੋ ਗਿਆ, ਉਹ ਚੁੱਪ ਹੀ ਹੋ ਗਏ ਹਨ। ਪਿੰਡਾਂ ਵਿੱਚ ਕਰੋੜਾਂ ਰੁਪਿਆ ਜਿਹੜਾ ਕਿ ਕਹਿੰਦੇ ਹਨ, ਲਗਾਇਆ ਹੈ, ਪਤਾ ਹੀ ਨਹੀਂ ਉਹ ਪੈਸਾ ਕਿੱਥੇ ਲਗਿਆ ਹੋਇਆ ਹੈ। ਜਿਹੜੀਆਂ ਬਿਲਡਿੰਗਾਂ ਹਾਲੇ ਤੱਕ ਬਣੀਆਂ ਹੀ ਨਹੀਂ ਹਨ, ਉਨ੍ਹਾਂ ਦੀ ਜਾਂਚ ਵੀ ਹੋ ਗਈ, ਵਿਜੀਲੈਂਸ ਜਾਂਚ ਵੀ ਹੋ ਗਈ। ਮੈਂ ਦੱਸਿਆ ਸੀ ਕਿ ਬਲੌਂਗੀ ਪਿੰਡ ਵਿੱਚ ਇੱਕ ਕਮਿਊਨਿਟੀ ਹਾਲ ਬਣਨਾ ਸੀ, ਉਹ ਅੱਜ ਤੱਕ ਨਹੀਂ ਬਣਿਆ ਹੈ। ਉਸ ਦੀ ਜਿਹੜੀ ਇੰਟੈਲੀਜੈਂਸ ਦੀ ਜਾਂਚ ਹੋਣੀ ਸੀ, ਉਹ ਵੀ ਹੋ ਗਈ, ਉਹ ਐਤਵਾਰ ਦੇ ਦਿਨ ਕਰਵਾ ਦਿੱਤੀ ਹੈ ਤੇ ਕਿਸੇ ਸਕੂਲ ਦੇ ਵੱਡੇ ਸਾਰੇ ਕਮਰੇ ਦੇ ਉੱਪਰ ਬੈਨਰ ਲਗਾ ਕੇ ਉਹ ਜਾਂਚ ਕੀਤੀ ਗਈ ਹੈਅਤੇ ਉਨ੍ਹਾਂ ਦੇ ਚੀਫ ਇੰਜੀਨੀਅਰ ਨੂੰ ਸਾਡੇ ਮੰਤਰੀ ਸਾਹਿਬ ਵੱਲੋਂ ਸੇਵਾ ਕਾਲ ਵਿੱਚ ਵਾਧਾ ਦਿੱਤਾ ਗਿਆ ਹੈ। ਇਹੋ ਜਿਹੇ ਚੋਰ ਬੰਦਿਆਂ ਨੂੰ ਫੜਨਾ ਤਾਂ ਕੀ ਸੀ, ਬਲਕਿ ਉਨ੍ਹਾਂ ਨੂੰ ਵਾਧਾ ਦਿੱਤਾ ਜਾਂਦਾ ਹੈ। ਕਿਸੇ ਵੀ ਪਿੰਡ ਦੀ ਜਾਂਚ ਕਰਕੇ ਦੇਖ ਲਓ ਜੀ। ਬਹੁਤ ਵੱਡੇ ਘੋਟਾਲੇ ਹੋਏ ਹਨ। ਮੈਨੂੰ ਬੜਾ ਦੁੱਖ ਹੋਇਆ ਜਦੋਂ ਮੈਂ ਸਵੇਰੇ ਆਪਣੇ ਘਰੋਂ ਸੈਕਟਰ 39 ਵਿੱਚੋਂ ਆ ਰਿਹਾ ਸੀ ਤਾਂ ਮੈਂ ਸਰਦਾਰ ਕੁਲਤਾਰ ਸਿੰਘ ਜੀ ਨੂੰ ਆ ਕੇ ਦੱਸਿਆ ਕਿ ਮੈਂ ਮਸਾਂ ਹੀ ਬਚਿਆ ਹਾਂ। ਮੈਂ ਅਜੇ ਦੋ ਹੀ ਕਦਮ ਪੁੱਟੇ ਸਨ ਕਿ ਜਿਹੜਾ ਸਾਡਾ ਸੈਕਟਰ-39 ਦੇ ਮਕਾਨ ਨੰ. 3045 ਬੀ ਦਾ ਲੈਂਟਰ ਸੀ, ਉਹ ਮੇਰੇ ਪਿੱਛੇ ਆ ਡਿੱਗ ਗਿਆ।ਮੈਂ ਕੁਦਰਤੀ ਹੀ ਵਾਲ-ਵਾਲ ਬਚ ਗਿਆ। ਕਿਸੇ ਗੱਲ ਦੀ ਜਾਂਚ ਹੀ ਨਹੀਂ ਹੈ ਜੀ। ਮੁਹਾਲੀ ਦਾ ਵਿਕਾਸ ਭਵਨ ਦੇਖ ਲਓ, ਉਸ ਉੱਪਰ ਜਿੰਨੀਆਂ ਵੀ ਟਾਈਲਾਂ ਲਗੀਆਂ ਹਨ, ਉਨ੍ਹਾਂ ਦੀ ਜਾਂਚ ਕਰਵਾਉਣ ਦੀ ਬਜਾਏ ਮੰਤਰੀ ਸਾਹਿਬ ਨੇ ਉਨ੍ਹਾਂ ਉੱਪਰ ਨੱਟ ਕਸਵਾ ਦਿੱਤੇ। ਉਹ ਟਾਈਲਾਂ ਡਿੱਗਣ ਲੱਗ ਗਈਆਂ ਤਾਂ ਉਨ੍ਹਾਂ ਉੱਪਰ ਲੱਖਾਂ ਰੁਪਏ ਦੇ ਨੱਟ ਹੀ ਕਸਵਾ ਦਿੱਤੇ। ਇਸ ਤਰ੍ਹਾਂ ਹੀ ਬਾਬਾ ਸਾਹਿਬ ਅੰਬੇਦਕਰ ਜੀ ਦਾ ਉੱਥੇ ਬੁੱਤ ਲਗਿਆ ਹੋਇਆ ਹੈ। ਉੱਥੇ ਬਹੁਤ ਗੰਦੀ ਜਗ੍ਹਾ ਹੈ ਜਿੱਥੇ ਉਹ ਬੁੱਤ ਲਗਾਇਆ ਗਿਆ ਹੈ, ਉਸ ਦੀ ਕੋਈ ਸਫਾਈ ਨਹੀਂ ਕੀਤੀ ਜਾਂਦੀ। ਉਸ ਦੇ ਉੱਪਰ ਫੁਹਾਰਾ ਲਗਾਉਣਾ ਸੀ, ਕਾਗਜ਼ਾਂ ਵਿੱਚ ਪਾ ਦਿੱਤਾ ਕਿ ਉੱਥੇ ਫੁਹਾਰਾ ਲਗਿਆ ਹੋਇਆ ਹੈ ਪਰ ਉੱਥੇ ਅੱਜ ਤੱਕ ਫੁਹਾਰਾ ਨਹੀਂ ਲਗਿਆ ਹੈ। ਇਸ ਲਈ ਕਿਸੇ ਵੀ ਇੱਕ ਪਿੰਡ ਦੀ ਜਾਂਚ ਕੀਤੀ ਜਾਵੇ। ਮੈਂ ਦੇਖ ਕੇ ਆਇਆ ਹਾਂ ਕਿ ਕਈ ਪਿੰਡਾਂ ਵਿੱਚ ਤਿੰਨ-ਤਿੰਨ ਕਰੋੜ ਰੁਪਏ ਮਨਰੇਗਾ

ਵਿੱਚੋਂ ਲਗਾ ਦਿੱਤੇ ਗਏ ਹਨ ਤੇ ਕਿਸੇ ਪਿੰਡ ਨੂੰ ਦਸ ਲੱਖ ਰੁਪਏ ਦੀ ਗ੍ਰਾਂਟ ਵੀ ਨਹੀਂ ਮਿਲੀ ਹੈ। ਇਸ ਕਰਕੇ ਪਾਰਦਰਸ਼ਤਾ ਲਿਆਉਣ ਦੀ ਲੋੜ ਹੈ, ਨਹੀਂ ਤਾਂ ਆਪਾਂ ਜਿੰਨੀਆਂ ਮਰਜ਼ੀ ਗੱਲਾਂ ਇੱਥੇ ਕਰੀਏ, ਪਰ ਗਰਾਊਂਡ ਰਿਐਲਟੀ ਬਹੁਤ ਮਾੜੀ ਹੈ। ਸਾਡੇ ਬਰਨਾਲੇ ਵਿੱਚ ਪੀਣ ਵਾਲੇ ਪਾਣੀ ਦੇ ਹਾਲਾਤ ਜਾਂ ਭਸੌੜ ਮਹਿਲਾਂ ਦੇ ਬੋਰਾਂ ਦੇ ਪਾਣੀ ਸਬੰਧੀ ਪਿੱਛੇ ਜਿਹੇ ਵੀਡੀਓ ਵਾਇਰਲ ਹੋਈ ਸੀ। ਉਸ ਵਿਚ ਕਾਫੀ ਜ਼ਿਆਦਾ 1800 ਤੋਂ ਵੀ ਉੱਪਰ ਟੀ.ਡੀ.ਐਸ. ਹੋ ਗਿਆ ਅਤੇ ਉਹ ਪਾਣੀ ਪੀਣ ਦੇ ਯੋਗ ਨਹੀਂ ਰਿਹਾ। ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਇਨ੍ਹਾਂ ਗੱਲਾਂ ਤੇ ਪੂਰਾ ਗੌਰ ਕੀਤਾ ਜਾਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹਾਲਾਤ ਬਹੁਤ ਮਾੜੀ ਬਣਦੇ ਜਾ ਰਹੇ ਹਨ।

ਸਪੀਕਰ ਸਾਹਿਬ, ਦੂਸਰੀ ਗੱਲ, ਪਿੱਛੇ ਜਿਹੇ ਰੇਲਵੇ ਵਿੱਚ ਇੱਕ ਸ਼੍ਰੀ ਟੀ.ਪੀ. ਸਿੰਘ ਹਨ, ਉਨ੍ਹਾਂ ਨੂੰ ਦਿੱਲੀ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਸਾਨੂੰ ਦੱਸਿਆ ਕਿ ਜਿਹੜੀ ਰਾਜਪੁਰੇ ਤੋਂ ਲੈ ਕੇ ਮੁਹਾਲੀ ਤੱਕ ਟਰੇਨ ਦੀ ਲਾਈਨ ਹੈ, ਉਸ ’ਤੇ ਸਰਕਾਰ ਨੇ ਸਿਰਫ 80 ਕਰੋੜ ਰੁਪਿਆ ਖਰਚਣਾ ਹੈ, ਉਹ ਏਰੀਆ ਐਕੁਆਇਰ ਕਰਕੇ ਦੇਣਾ ਹੈ। ਉਸ ਫਾਈਲ ਨੂੰ ਘੱਟੋ-ਘੱਟ 10 ਸਾਲ ਲੰਬਿਤ ਪਈ ਨੂੰ ਹੋ ਗਏ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਉਨ੍ਹਾਂ ਨੇ ਦੁੱਖ ਨਾਲ ਆਖਿਆ ਕਿ ਕਾਂਗਰਸ ਤੇ ਅਕਾਲੀ ਦਲ ਦੋਨੋਂ ਮਿਲੇ ਹੋਏ ਹਨ। ਕਿਉਂਕਿ ਜਿੰਨੀਆਂ ਵੀ ਔਰਬਿਟ ਦੀਆਂ ਬੱਸਾਂ ਬਠਿੰਡੇ ਤੋਂ ਆਉਂਦੀਆਂ ਹਨ, ਸਾਡੇ ਬਰਨਾਲੇ, ਬਠਿੰਡੇ, ਰਾਮਪੁਰਾਫੂਲ ਦੇ ਲੋਕ ਮੋਹਾਲੀ ਤੋਂ ਸਿਰਫ 50/- ਰੁਪਏ ਵਿੱਚ ਸਫਰ ਕਰਕੇ ਵਾਪਸ ਜਾ ਸਕਦੇ ਹਨ। ਅੱਜ ਤੱਕ ਉਹ 80 ਕਰੋੜ ਰੁਪਿਆ ਨਹੀਂ ਲਾਇਆ। ਸ਼੍ਰੀ ਟੀ.ਪੀ. ਸਿੰਘ ਨੇ ਸਾਨੂੰ ਆਪ ਦੱਸਿਆ ਹੈ, ਕਹਿੰਦਾ ਕਿ ਮੈਂ 400 ਕਰੋੜ ਰੁਪਿਆ ਲਾਉਣ ਨੂੰ ਤਿਆਰ ਬੈਠਾ ਹਾਂ ਅਤੇ ਮੈਂ 5 ਦਿਨਾਂ ਵਿੱਚ ਇਹ ਕੰਮ ਕਰਨ ਨੂੰ ਤਿਆਰ ਹਾਂ। ਸਭ ਤੋਂ ਵੱਡੀ ਸਰਕਾਰ ਦੀ ਇਹ ਨਲਾਇਕੀ ਹੈ।

ਦੂਸਰਾ, ਜਿਹੜੀ ਸਕੂਲਾਂ ਦੀ ਰਿਐਲਟੀ ਹੈ, ਠੀਕ ਹੈ ਕਿ ਆਪਾਂ ਕਾਗਜ਼ਾਂ ਦੇ ਵਿੱਚ ਕਹੀ ਜਾਂਦੇ ਹਾਂ ਕਿ ਸਮਾਰਟ ਸਕੂਲ ਬਣਾ ਦਿੱਤੇ। ਚਲੋ ਰੰਗ ਰੋਗਨ ਐਨ.ਆਰ.ਆਈ. ਕਰਵਾਈ ਜਾਂਦੇ ਹਨ, ਅਸੀਂ ਕਰੀ ਜਾਂਦੇ ਹਾਂ। ਪਰ ਉੱਥੇ ਅੱਜ ਭੱਠਾ ਮਜ਼ਦੂਰ ਵੀ ਆਪਣੇ ਬੱਚੇ ਨੂੰ ਸਕੂਲ ਵਿੱਚ ਲਾਉਣ ਨੂੰ ਤਿਆਰ ਨਹੀਂ ਹੈ। ਇਹ ਹਾਲਾਤ ਬਣੇ ਹੋਏ ਹਨ। ਜੇ ਇਸ ਤਰ੍ਹਾਂ ਹੀ ਚਮਕ-ਦਮਕ ਦੀਆਂ ਗੱਲਾਂ ਕਰਦੇ ਰਹੇ ਤਾਂ ਪੰਜਾਬ ਗਰਾਊਂਡ ਰਿਐਲਟੀ ਤੋਂ ਕੋਹਾਂ ਦੂਰ ਹੋਵੇਗਾ। ਧੰਨਵਾਦ ਜੀ।

Mr. Speaker: Thank you.ਸਰਦਾਰ ਹਰਦਿਆਲ ਸਿੰਘ ਕੰਬੋਜ।

ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ): ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਪੇਸ਼ ਕੀਤੇ ਗਏ ਧੰਨਵਾਦ ਪ੍ਰਸਤਾਵ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦੀ ਅਗਵਾਈ

ਵਿੱਚ, ਪਿਛਲੇ ਲੰਘੇ 3 ਵਰ੍ਹਿਆਂ ਵਿੱਚ ਪੰਜਾਬ ਦੀ ਜੋ ਸਾਨੂੰ ਵਿਰਸੇ ਵਿੱਚ ਮਿਲੀ ਮਾੜੀ ਮਾਲੀ ਹਾਲਤ ਦੇ ਬਾਵਜੂਦ, ਅਸੀਂ ਪੰਜਾਬ ਨੂੰ ਬਹੁਤ ਅੱਗੇ ਲੈ ਕੇ ਗਏ ਹਾਂ। ਵੱਖ-ਵੱਖ ਖੇਤਰਾਂ ਦੇ ਵਿੱਚ ਪੰਜਾਬ ਨੂੰ ਬਹੁਤ ਅੱਗੇ ਵਧਾਇਆ, ਜਿਸ ਦਾ ਨਤੀਜਾ ਇਹ ਹੈ ਕਿ ਜੋ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਵੱਲ ਨੂੰ ਵਧਾਇਆ ਹੈ, ਪਿਛਲੇ ਦਿਨੀਂ ਉਨ੍ਹਾਂ ਨੂੰ ਪੰਜਾਬ ਦੇ ਆਦਰਸ਼ ਮੁੱਖ ਮੰਤਰੀ ਦਾ ਪੁਰਸਕਾਰ ਮਿਲਿਆ ਹੈ। ਇਹ ਉਸ ਗੱਲ ਦੀ ਨਿਸ਼ਾਨੀ ਹੈ, ਉਸ ਗੱਲ ਤੇ ਮੋਹਰ ਹੈ ਜੋ ਪਿਛਲੇ ਤਿੰਨਾਂ ਸਾਲਾਂ ਦੇ ਵਿੱਚ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਕੀਤੀ, ਪੰਜਾਬ ਦੇ ਹਰ ਵਰਗ ਦੇ ਲਈ ਉਨ੍ਹਾਂ ਨੇ ਬਹੁਤ ਕੰਮ ਕੀਤੇ।

*12:38 **ਵਜੇ ਬਾਅਦ ਦੁਪਹਿਰ**)

(***ਇਸ ਸਮੇਂ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ**)

ਸਰਦਾਰ ਹਰਦਿਆਲ ਸਿੰਘ ਕੰਬੋਜ: ਵਿਸ਼ੇਸ਼ ਕਰਕੇ ਨੌਜਵਾਨ ਜਿਨ੍ਹਾਂ ਨੂੰ ਪਿਛਲੇ ਸਮੇਂ ਵਿੱਚ ਪੰਜਾਬ ਦੀ ਧਰਤੀ, ਜਿਹੜੀ ਗੁਰੂਆਂ, ਪੀਰਾਂ ਦੀ ਧਰਤੀ ਹੈ, ਉਹ ਧਰਤੀ ਜਿੱਥੇ 5 ਦਰਿਆ ਵਗਦੇ ਸੀ ਪਰ ਪਿਛਲੇ ਸਮੇਂ ਦੌਰਾਨ ਕੁਝ ਲੋਕਾਂ ਨੇ ਉਸ ਪੰਜਾਬ ਦੀ ਧਰਤੀ ਤੇ ਬਹੁਤ ਵੱਡੇ ਨਸ਼ੇ ਸੁੱਟੇ, ਪੰਜਾਬ ਦੀ ਨੌਜਵਾਨੀ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਹਲਕੇ ਦਾ ਦੁੱਖ-ਦਰਦ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਐਜੂਕੇਸ਼ਨ ਦੇਬੜੇ ਕੇਂਦਰ ਹਨ। ਸਰ, ਮੈਨੂੰ ਅੱਜ ਉਹ ਦਿਨ ਯਾਦ ਹੈ ਕਿ ਸਾਡੇ ਜਿਹੜੀ ਚਿਤਕਰਾ ਯੂਨੀਵਰਸਿਟੀ ਹੈ, ਉਸ ਦੇ ਬਾਹਰੋਂ ਤਿੰਨ ਬੱਚਿਆਂ ਨੂੰ, ਜਿਨ੍ਹਾਂ ਨੇ ਨਸ਼ਾ ਕੀਤਾ ਹੋਇਆ ਸੀ ਜਾਂ ਉਨ੍ਹਾਂ ਨੂੰ ਨਸ਼ੇ ਵਿੱਚ ਡੁਬੋਇਆ ਗਿਆ ਸੀ, ਮੈਂ ਉਨ੍ਹਾਂ ਨੂੰ ਚੁੱਕ ਕੇ ਹਸਪਤਾਲ ਦੇ ਵਿੱਚ ਲੈ ਕੇ ਗਿਆ ਅਤੇ ਮੈਂ ਉਨ੍ਹਾਂ ਤਿੰਨਾਂ ਬੱਚਿਆਂ ਦੀ ਜਾਨ ਬਚਾਈ। ਮੇਰੇ ਹਲਕੇ ਦਾ ਇੱਕ ਬਨੂੜ ਦਾ ਇਲਾਕਾ ਹੈ। ਬਨੂੜ ਦੇ ਵਿੱਚ ਇੱਕ ਮਾਂ ਜਿਸ ਦੇ ਤਿੰਨ ਧੀਆਂ ਦੇ ਉੱਪਰੋਂ ਇੱਕ ਪੁੱਤ ਜੰਮਿਆ ਸੀ, ਉਹ ਬੱਚਾ ਜਿਹੜਾ ਸਿਰਫ 19 ਵਰ੍ਹਿਆਂ ਦਾ ਸੀ, ਸਭ ਤੋਂ ਛੋਟਾ ਸੀ, ਉਹ ਨਸ਼ੇ ਦੀ ਲਪੇਟ ਵਿੱਚ ਆ ਕੇ ਮੌਤ ਦੇ ਮੂੰਹ ਵਿੱਚ ਜਾ ਪਿਆ। ਅੱਜ ਵੀ ਮੈਨੂੰ ਉਸ ਮਾਂ ਦੀਆਂ ਕਿਲਕਾਰੀਆਂ ਯਾਦ ਹਨ। ਜਿਹੜੀ ਕਹਿੰਦੀ ਸੀ ਕਿ ਰੱਬਾ, ਮੈਂ ਕੀ ਕਸੂਰ ਕਰ ਲਿਆ ਕਿ ਤੂੰ ਮੇਰੀਆਂ ਅੱਖਾਂ ਦੇ ਸਾਹਮਣੇ ਮੇਰੇ ਪੁੱਤ ਨੂੰ ਲੈ ਲਿਆ। ਅਜਿਹੇ ਹਾਲਾਤ ਵੀ ਅਸੀਂ ਆਪਣੀਆਂ ਅੱਖਾਂ ਦੇ ਨਾਲ ਵੇਖੇ ਹਨ ਪਰ ਕੈਪਟਨ ਅਮਰਿੰਦਰ ਸਿੰਘ ਜੀ ਧੰਨ ਹਨ, ਜਿਨ੍ਹਾਂ ਨੇ ਪੰਜਾਬ ਦੀ ਵਾਗਡੋਰ ਸੰਭਾਲਣ ਤੋਂ ਬਾਅਦ, ਇੱਥੇ ਨਸ਼ਿਆਂ ਨੂੰ ਬਹੁਤ ਵੱਡੀ ਨੱਥ ਪਾਈ ਅਤੇ ਜਿਹੜੇ ਨਸ਼ੇ ਦੇ ਵੱਡੇ-ਵੱਡੇ ਸੌਦਾਗਰ ਸਨ, ਉਨ੍ਹਾਂ ਨੂੰ ਫੜ ਕੇ ਜੇਲ੍ਹਾਂ ਦੇ ਵਿੱਚ ਡੱਕਿਆ। ਅੱਜ ਨੌਜਵਾਨਾਂ ਨੂੰ ਇੱਕ ਸੁਨੇਹਾ ਦਿੱਤਾ ਕਿ ਤੁਸੀਂ ਇਨ੍ਹਾਂ ਬੁਰਾਈਆਂ ਤੋਂ ਪਰ੍ਹੇ ਹਟ ਕੇ ਖੇਡਾਂ ਵੱਲ ਨੂੰ ਆਓ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਸਰ, ਪੁਆਇੰਟ ਆਫ ਆਰਡਰ ਜੀ।

ਸਰਦਾਰ ਹਰਦਿਆਲ ਸਿੰਘ ਕੰਬੋਜ: ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਸਾਨੂੰ ਗੱਲ ਕਰ ਲੈਣ ਦਿਓ। ਇਸ ਵਿੱਚ ਤੁਸੀਂ ਕੋਈ ਰੁਕਾਵਟ ਨਾ ਪਾਓ।ਇਸ ਵਿੱਚ ਰੁਕਾਵਟ ਪਾਉਣ ਦੀ ਖੇਚਲ ਨਾ ਕੀਤੀ ਜਾਵੇ ਕਿਉਂਕਿ ਪਹਿਲਾਂ ਤੁਸੀਂ ਧਿਆਨ ਨਾਲ ਮੇਰੀ ਗੱਲ ਸੁਣ ਲਵੋ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਵੱਡੇ-ਵੱਡੇ ਸੌਦਾਗਰਾਂ ਦੇ ਨਾਂ ਹੀ ਦੱਸ ਦਿਓ?

ਸਰਦਾਰ ਹਰਦਿਆਲ ਸਿੰਘ ਕੰਬੋਜ: ਇਹ ਸਾਰਿਆਂ ਨੂੰ ਪਤਾ ਹੈ, ਇਹ ਤੁਹਾਨੂੰ ਵੀ ਪਤਾ ਹੈ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਅੰਦਰ ਵਾਲਿਆਂ ਦਾ ਦੱਸ ਦਿਓ ਕਿਉਂਕਿ ਬਾਹਰ ਵਾਲਿਆਂ ਦਾ ਤਾਂ ਪਤਾ ਹੈ।

ਸਰਦਾਰ ਹਰਦਿਆਲ ਸਿੰਘ ਕੰਬੋਜ: ਕੋਈ ਗੱਲ ਨਹੀਂ, ਜਿਹੜੇ ਰਹਿ ਗਏ ਹਨ, ਉਹ ਵੀ ਹੋ ਜਾਣਗੇ।ਮੈਂ ਤੁਹਾਨੂੰ ਦੱਸਦਾ ਹਾਂ ਕਿ ਕੋਈ ਨਹੀਂ ਬਚਣਾ ਹੈ। ਇਸ ਇਨਸਾਨ (ਮੁੱਖ ਮੰਤਰੀ ਵੱਲ ਇਸ਼ਾਰਾ) ਦੀ ਕਹਿਣੀ ਅਤੇ ਕਰਨੀ ਦਾ ਸਾਨੂੰ ਪਤਾ ਹੈ। ਸਾਨੂੰ ਇਨ੍ਹਾਂ ਦੇ ਨਾਲ 23 ਸਾਲ ਹੋ ਗਏ ਹਨ। ਸਾਨੂੰ ਪਤਾ ਹੈ ਕਿ ਜੋ ਇਹ ਕਹਿੰਦੇ ਹਨ, ਉਹ ਕਰ ਦਿੰਦੇ ਹਨ। ਚੇਅਰਮੈਨ ਸਾਹਿਬ, ਇਹ ਜਿਹੜਾ ਐਵਾਰਡ ਹੈ, ਇਸ ਦੇਸ਼ ਦੇ ਬਹੁਤ ਹੀ ਵੱਡੇ ਵਿਜ਼ਿਨਰੀ ਹਨ, ਜਿਹੜੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਜੀ ਹਨ, ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੂੰ ਇਸ ਕਰਕੇ ਐਵਾਰਡ ਦਿੱਤਾ ਅਤੇ ਜਿਸ ਦਿਨ ਇਹ ਐਵਾਰਡ ਮਿਲਿਆ ਅਤੇ ਉਸ ਦਿਨ ਕੈਪਟਨ ਅਮਰਿੰਦਰ ਸਿੰਘ ਜੀ ਨੇ ਕੀ ਸੁਨੇਹਾ ਦਿੱਤਾ? ਚੇਅਰਮੈਨ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਨੇ ਨੌਜਵਾਨਾਂ ਨੂੰ ਇਹ ਸੁਨੇਹਾ ਦਿੱਤਾ ਕਿ the youth should play a constructive role in active politics as it is their duty as future leaders to transform the Country's destiny. ਚੇਅਰਮੈਨ ਸਾਹਿਬ, ਉਨ੍ਹਾਂ ਨੇ ਇਹ ਵੀ ਵਿਦਿਆਰਥੀਆਂ ਨੂੰ ਇੱਕ ਸੁਨੇਹਾ ਦਿੱਤਾ ਕਿ the students should join the politics not for glamour or power but to serve the Country.ਇਹ ਉਹ ਇਨਸਾਨ ਹੀ ਦੇ ਸਕਦਾ ਹੈ, ਜਿਸ ਦੇ ਮਨ ਵਿੱਚ ਇਹ ਪੜ੍ਹਤ ਹੋਵੇ ਕਿ ਮੈਂ ਆਪਣੇ ਬੱਚਿਆਂ ਦੇ ਭਵਿੱਖ ਲਈ ਸੋਚਣਾ ਹੈ।ਮੈਂ ਆਪਣੇ ਬੱਚਿਆਂ ਨੂੰ ਕੀ ਲਾਈਨ ਦੇਣੀ ਹੈ। ਅੱਜ ਇਹ ਸੁਨੇਹਾ ਜੋ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਦਿੱਤਾ ਹੈ ਤਾਂ ਮੈਂ ਸੋਚਦਾ ਹਾਂ ਕਿ ਸਾਡੀ ਜੋ ਨੌਜਵਾਨ ਪੀੜ੍ਹੀ ਹੈ, ਉਸ ਨੂੰ ਇਸ ਗੱਲ ਦਾ ਬਹੁਤ ਵੱਡਾ ਲਾਹਾ ਮਿਲੇਗਾ ਅਤੇ ਉਨ੍ਹਾਂ ਨੂੰ ਅਸੀਂ ਇਨਕਰੇਜ ਕਰ ਸਕਦੇ ਹਾਂ ਕਿ ਉਹ ਰਾਜਨੀਤੀ ਵਿੱਚ ਆਉਣ ਅਤੇ ਸਾਫ-ਸੁਥਰੇ ਰਹਿ ਕੇ, ਉਹ ਇਸ ਦੇਸ਼ ਦੀ ਸੇਵਾ ਕਰਨ ਕਿਉਂਕਿ ਰਾਜਨੀਤੀ ਵਿੱਚ ਰਹਿ ਕੇ ਵੀ ਅਸੀਂ ਸਮਾਜ ਦੀ ਸੇਵਾ ਕਰ ਸਕਦੇ ਹਾਂ।ਚੇਅਰਮੈਨ ਸਾਹਿਬ, ਸਾਡੀ ਇਹ ਖੁਸ਼ਕਿਸਮਤੀ ਹੈ ਕਿ ਪੰਜਾਬ ਵਿੱਚ ਕੇਵਲ ਕਾਂਗਰਸ ਨੂੰ ਨਹੀਂ ਸਗੋਂ ਸਮੁੱਚੇ ਸਮਾਜ ਨੂੰ ਇੱਕ ਚੰਗੀ ਅਗਵਾਈ ਦੇਣ ਵਾਲੇ ਸਾਡੇ ਮੁੱਖ ਮੰਤਰੀ ਸਾਹਿਬ, ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਪੰਜਾਬੀਆਂ ਨੂੰ ਮਿਲੇ ਹਨ।

ਸੋ, ਮੈਂ ਉਨ੍ਹਾਂ ਦੀ ਲੰਮੀ ਉਮਰ ਲਈ ਵੀ ਅਰਦਾਸ ਕਰਦਾ ਹਾਂ, ਉਨ੍ਹਾਂ ਦੀ ਕਾਮਯਾਬ ਸਿਹਤ ਲਈ ਵੀ ਅਸੀਂ ਅਰਦਾਸ ਕਰਦ ਹਾਂ।

ਚੇਅਰਮੈਨ ਸਾਹਿਬ, ਮੈਂ ਨਸ਼ਿਆਂ ਦੀ ਗੱਲ ਕੀਤੀ ਹੈ। ਨਸ਼ਿਆਂ ਦੇ ਬਾਰੇ ਇਸ ਧਰਤੀ ਦੇ ਉੱਤੇ ਬਹੁਤ ਕੁਝ ਬੋਲਿਆ ਜਾ ਸਕਦਾ ਹੈ।ਅਸੀਂ ਦੂਜਿਆਂ ਬਾਰੇ ਵੀ ਬਹੁਤ ਗੱਲਾਂ ਕਰ ਸਕਦੇ ਹਾਂ ਪਰ ਵਾਰ-ਵਾਰ ਜੇਕਰ ਉਨ੍ਹਾਂ ਗੱਲਾਂ ਨੂੰ ਛੇੜੀਏ ਤਾਂ ਮੈਂ ਸਮਝਦਾ ਹਾਂ ਕਿ ਇਹ ਸਦਨ ਦਾ ਸਮਾਂ ਵਿਅਰਥ ਕਰਨ ਵਾਲੀ ਗੱਲ ਹੈ ਕਿਉਂਕਿ ਅੱਜ ਪੰਜਾਬ ਵਿੱਚ ਚਾਹੇ ਕਿਸੇ ਪਿੰਡ ਦਾ ਬੱਚਾ ਹੈ ਜਾਂ ਕੋਈ ਸ਼ਹਿਰ ਦਾ ਬੱਚਾ ਹੈ, ਕਿਸੇ ਤੋਂ ਵੀ ਇਹ ਗੱਲਾਂ ਲੁਕੀਆਂ ਨਹੀਂ ਹਨ। ਅੱਜ ਸੱਤਾ ਦੇ ਵਿੱਚ ਵੀ ਇਹ ਗੱਲਾਂ ਹੁੰਦੀਆਂ ਹਨ ਕਿ ਕਿਹੜੇ ਲੋਕ ਹਨ ਜਿਹੜੇ ਕਸੂਰਵਾਰ ਹਨ। ਇਸ ਸਦਨ ਵਿੱਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸਮਾਂ ਆਉਣ ਤੇ ਉਨ੍ਹਾਂ ਲੋਕਾਂ ਨੂੰ ਬਹੁਤ ਭਾਰੀ ਸਜ਼ਾ ਮਿਲੇਗੀ। ਇਹ ਅਸੀਂ ਪੂਰੇ ਵਿਸ਼ਵਾਸ ਦੇ ਨਾਲ ਕਹਿ ਸਕਦੇ ਹਾਂ।

ਮਾਨਯੋਗ ਚੇਅਰਮੈਨ ਸਾਹਿਬ, ਪੰਜਾਬ ਦੀ ਧਰਤੀ ਇਸ ਤਰ੍ਹਾਂ ਦੀ ਧਰਤੀ ਹੈ ਜਿੱਥੇ ਦੇਸ਼ ਦੇ ਲਈ ਬਹੁਤ ਕੁਰਬਾਨੀਆਂ ਕੀਤੀਆਂ ਗਈਆਂ। ਜ਼ਲ੍ਹਿਆਂ ਵਾਲਾ ਬਾਗ, ਜਿਸ ਦੇ ਇਤਿਹਾਸ ਦੇ ਬਾਰੇ ਵਿੱਚ ਅਸੀਂ ਇਕੱਲੇ-ਇਕੱਲੇ ਜਾਣੂ ਹਾਂ ਕਿ ਸੰਨ 1919 ਦੇ ਅੰਦਰ ਜਲ੍ਹਿਆਂ ਵਾਲੇ ਬਾਗ ਦੇ ਵਿੱਚ ਕੀ ਵਾਪਰਿਆ ਅਤੇ ਇਸ ਦੇਸ਼ ਦੇ ਅੰਦਰ ਉਨ੍ਹਾਂ ਲੋਕਾਂ ਦੇ ਖ਼ੂਨ ਦਾ ਬਦਲਾ ਲੈਣ ਲਈ ਇਕੱਲੇ ਪੰਜਾਬ ਦੀ ਧਰਤੀ ਤੇ ਹੀ ਦੁਸ਼ਮਣ ਲੋਕਾਂ ਦਾ ਖਾਤਮਾ ਨਹੀਂ ਕੀਤਾ ਗਿਆ ਬਲਕਿ ਵਿਦੇਸ਼ਾਂ ਵਿੱਚ ਜਾ ਕੇ ਵੀ ਸਮੁੱਚੇ ਭਾਰਤ ਦੇ ਲੋਕਾਂ ਦਾ ਬਦਲਾ ਲਿਆ ਗਿਆ। ਪਿਛਲੇ ਕੁਝ ਦਿਨ ਪਹਿਲਾਂ ਅਸੀਂ ਸਦਨ ਵਿੱਚ ਅਨੁਮਾਨ ਕਮੇਟੀ ਵੱਲੋਂ ਪੋਰਟ ਬਲੇਅਰ ਵਿਖੇ ਗਏ। ਉੱਥੇ ਦੀ ਜਿਹੜੀCellular Jailਹੈ, ਸਾਡੇ ਜੇਲ੍ਹ ਮੰਤਰੀ ਸਾਹਿਬ ਸਦਨ ਵਿੱਚ ਇਸ ਵੇਲੇ ਬੈਠੇਨਹੀਂ ਹਨ। ਇੱਥੇ ਫਾਇਨਾਂਸ ਮਨਿਸਟਰ ਸਾਹਿਬ ਬੈਠੇ ਹਨ। ਮੈਂ ਉਨ੍ਹਾਂ ਦੇ ਧਿਆਨ ਵਿੱਚ ਇੱਕ ਗੱਲ ਜ਼ਰੂਰ ਲਿਆਉਣੀ ਚਾਹੁੰਦਾ ਹਾਂ ਕਿ ਸਾਨੂੰ ਉੱਥੇ ਜਾ ਕੇ ਬਹੁਤ ਦੁੱਖ ਹੋਇਆ। ਜਿਹੜੇ ਮੈਂਬਰ ਸਾਹਿਬਾਨ ਮੇਰੇ ਨਾਲ ਸਨ, ਅਸੀਂ ਉੱਥੇ ਵੀ ਗੱਲ ਕੀਤੀ ਸੀ ਕਿ Cellular Jailਵਿੱਚ ਸਮੁੱਚੇ ਦੇਸ਼ ਲਈ ਜੋ ਜੰਗ-ਏ-ਆਜ਼ਾਦੀ ਦੇ ਪਰਵਾਨੇ ਸੀ, ਉਨ੍ਹਾਂ ਨੂੰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਕੀਤਾ ਗਿਆ। ਉਨ੍ਹਾਂ ਨੇ ਆਪਣੀਆਂ ਜਾਨਾਂ ਵਾਰੀਆਂ। ਉਸੇ ਹੀ ਜੇਲ੍ਹ ਵਿੱਚ ਉਨ੍ਹਾਂ ਦੇ ਗਲਿਆਂ ਵਿੱਚ ਫਾਂਸੀ ਦੇ ਰੱਸੇ ਪਾ-ਪਾ ਕੇ ਲਟਕਾਇਆ ਗਿਆ ਅਤੇ ਉਹ ਬਹੁਤ ਹੀ ਪਵਿੱਤਰ ਜਗ੍ਹਾ ਹੈ। ਉਹ ਜਗ੍ਹਾ ਬਹੁਤ ਪਵਿੱਤਰ ਹੈ ਜਿੱਥੇ ਉਨ੍ਹਾਂ ਨੂੰ ਖੁੱਲ੍ਹੇਆਮ ਫਾਂਸੀ ਤੇ ਲਟਕਾਇਆ ਜਾਂਦਾ ਸੀ। ਮਾਨਯੋਗ ਐਫ.ਐਮ. ਸਾਹਿਬ ਬੈਠੇ ਹਨ, ਜੇਲ੍ਹ ਮੰਤਰੀ ਸਾਹਿਬ ਵੀ ਆ ਗਏ ਹਨ। ਮੈਂ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਰਾਹੀਂ ਪੋਰਟ ਬਲੇਅਰ ਦਾ ਜਿਹੜਾ ਪ੍ਰਬੰਧਕੀ ਢਾਂਚਾ ਹੈ, ਉਸ ਨੂੰ ਇਹ ਲਿਖਣ ਅਤੇ ਉਨ੍ਹਾਂ ਤੇ ਇਹ ਦਬਾਅ ਪਾਉਣ ਕਿਉਂਕਿ ਇਸ ਗੱਲ ਦਾ ਬਹੁਤ ਦੁੱਖ ਹੋਇਆ ਕਿ ਜਿਸ ਜਗ੍ਹਾ ਉੱਤੇ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ, ਅਸੀਂ ਆਪਣੇ ਅੱਖੀਂ ਦੇਖ ਕੇ ਆਏ ਹਾਂ ਕਿ ਉੱਥੇ ਲੋਕ ਜੁੱਤੇ ਲੈ ਕੇ ਜਾਂਦੇ ਹਨ। ਉਸ ਜਗ੍ਹਾ ਦੀ ਬੇਅਦਬੀ ਹੁੰਦੀ ਹੈ। ਜਿਹੜੇ

ਜੰਗ-ਏ-ਆਜ਼ਾਦੀ ਦੇ ਪਰਵਾਨੇ ਸੀ, ਉਨ੍ਹਾਂ ਨੂੰ ਉੱਥੇ ਫਾਂਸੀ ਤੇ ਲਟਕਾਇਆ ਜਾਂਦਾ ਰਿਹਾ, ਉਸ ਜਗ੍ਹਾ ਤੇ ਸਾਨੂੰ ਨੰਗੇ ਪੈਰੀਂ ਜਾ ਕੇ ਉਨ੍ਹਾਂ ਨੂੰ ਸਨਮਾਨ ਦੇਣਾ ਬਣਦਾ ਹੈ।ਸ਼ਹੀਦਾਂ ਨੂੰ ਸਨਮਾਨ ਦੇਣਾ ਬਣਦਾ ਹੈ। ਇਹ ਮੇਰੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਉੱਥੇ ਦੇ ਪ੍ਰਸ਼ਾਸਨ ਨੂੰ ਲਿਖਿਆ ਜਾਵੇ ਅਤੇ ਉਨ੍ਹਾਂ ਤੇ ਦਬਾਅ ਪਾਵੇ ਕਿ ਉਸ ਜਗ੍ਹਾ ਨੂੰ ਸਨਮਾਨਯੋਗ ਜਗ੍ਹਾ ਬਣਾਉਣਾ ਚਾਹੀਦਾ ਹੈ।

ਸਤਿਕਾਰਯੋਗ ਚੇਅਰਮੈਨ ਸਾਹਿਬ, ਇੱਥੇ ਵਿਕਾਸ ਦੀਆਂ ਬਹਤੁ ਗੱਲਾਂ ਕੀਤੀਆਂ ਗਈਆਂ। ਮੇਰੇ ਸਾਹਮਣੇ ਬੈਂਚਾਂ ਤੇ ਜਿਹੜੇ ਸਾਥੀ ਬੈਠੇ ਹਨ, ਵਡਾਲਾ ਸਾਹਿਬ ਨੇ ਬਹੁਤ ਸਿਆਣਪ ਭਰੀ ਗੱਲ ਇਸ ਸਦਨ ਦੇ ਵਿੱਚ ਰੱਖੀ ਹੈ ਕਿ ਇਹ ਕੁਦਰਤੀ ਹੁੰਦਾ ਹੈ ਕਿ ਵਿਰੋਧੀਆਂ ਨੇ ਅਜਿਹੀ ਗੱਲ ਕਰਨੀ ਹੁੰਦੀ ਹੈ ਕਿ ਉਨ੍ਹਾਂ ਨੇ ਸਰਕਾਰ ਦੀ ਨੁਕਤਾਚੀਨੀ ਕਰਨੀ ਹੁੰਦੀ ਹੈ। ਸਿੱਖਿਆ ਮੰਤਰੀ ਜੀ ਇੱਥੇ ਸਦਨ ਵਿੱਚ ਮੌਜੂਦ ਨਹੀਂ ਹਨ। ਉਹ ਉੱਠ ਕੇ ਸਦਨ ਵਿੱਚੋਂ ਬਾਹਰ ਚਲੇ ਗਏ ਹਨ। ਉਨ੍ਹਾਂ ਨੇ ਵੀ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਦੱਸੀ। ਉਨ੍ਹਾਂ ਨੇ ਹੁਣ ਆਪਣੀਆਂ ਪ੍ਰਾਪਤੀਆਂ ਵੀ ਦੱਸੀਆਂ। ਮੈਂ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਨਾਲ ਬਹੁਤ ਜ਼ਿਆਦਾ ਸਹਿਮਤ ਹਾਂ ਪਰ ਮੇਰੇ ਕੁਝ ਸੁਝਾਅ ਹਨ। ਜਿਹੜੇ ਅਸੀਂ ਸਾਰੇ ਇਲੈਕਟਿਡ ਮੈਂਬਰਜ਼ ਹਾਂ, ਚਾਹੇ ਸਾਹਮਣੇ ਵਾਲੀਆਂ ਸੀਟਾਂ ਤੇ ਹਨ ਚਾਹੇ ਅਸੀਂ ਹਾਂ ਜਦੋਂ ਅਸੀਂ ਵੀ ਪਿੰਡਾਂ ਵਿੱਚ ਜਾਂ ਸ਼ਹਿਰਾਂ ਵਿੱਚ ਜਾਂਦੇ ਹਾਂ ਤਾਂ ਸਾਡੇ ਸਾਹਮਣੇ ਇੱਕ ਗੱਲ ਸਿੱਖਿਆ ਦੇ ਖੇਤਰ ਵਿੱਚ ਆਉਂਦੀ ਹੈ ਕਿ ਜਿਹੜੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਦਾ ਪੱਧਰ ਸਰਕਾਰੀ ਸਕੂਲਾਂ ਨਾਲੋਂ ਬਹੁਤ ਜ਼ਿਆਦਾ ਉੱਚਾ ਹੈ। ਲੋਕ ਪ੍ਰਾਈਵੇਟ ਸਕੂਲਾਂ ਨੂੰ preferਕਰਦੇ ਹਨ ਪਰ ਮੇਰਾ ਇਹ ਸੁਝਾਅ ਹੈ ਕਿ ਇੱਕ ਕਲੱਸਟਰ 10-12-15 ਪਿੰਡਾਂ ਦਾ ਬਣਾ ਕੇ ਇੱਕ ਬਹੁਤ ਵਧੀਆ ਸਿੱਖਿਆ ਦਾ ਕੇਂਦਰ ਖੋਲ੍ਹਿਆ ਜਾਵੇ ਅਤੇ ਉਸ ਦਾ ਇੰਨਾ ਵਧੀਆ ਇਨਫਰਾਸਟਰਕਚਰ ਦਿੱਤਾ ਜਾਵੇ ਕਿ ਜਿਹੜੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਨੂੰ ਮਾਤ ਪਾਈ ਜਾਵੇ। ਦੂਜੀ, ਮੇਰੀ ਬੇਨਤੀ ਹੈ ਕਿ ਸਾਨੂੰ ਬਲਾਕ ਪੱਧਰ ਤੇ, ਜ਼ਿਲ੍ਹਾ ਪੱਧਰ ਤੇ ਅਤੇ ਸਟੇਟ ਲੈਵਲ ਤੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਕੰਪੀਟੀਸ਼ਨ ਕਰਵਾਉਣੇ ਚਾਹੀਦੇ ਹਨ। ਇਸ ਦੇ ਨਾਲ ਸਰਕਾਰੀ ਸਕੂਲਾਂ ਦੇ ਬੱਚਿਆਂ ਵਿਚੋਂ ਹੀਣ ਭਾਵਨਾ ਖਤਮ ਹੋਵੇਗੀ ਕਿਉਂਕਿ ਅੱਜ-ਕੱਲ੍ਹ ਕੰਪੀਟੀਸ਼ਨ ਦਾ ਯੁੱਗ ਹੈ ਅਤੇ ਬੱਚੇ ਵੱਧ ਤੋਂ ਵੱਧ ਇਸ ਕੰਪੀਟੀਸ਼ਨ ਵਿੱਚ ਅੱਗੇ ਨਿਕਲਣ ਦੀ ਕੋਸ਼ਿਸ਼ ਕਰਨਗੇ। ਚੇਅਰਮੈਨ ਸਾਹਿਬ, ਮੈਂ ਇਸ ਗੱਲ ਲਈ ਸਿੱਖਿਆ ਮੰਤਰੀ ਜੀ ਨੂੰ ਅਤੇ ਵਿਸ਼ੇਸ਼ ਤੌਰ ਤੇ ਸਿੱਖਿਆ ਸਕੱਤਰ ਜੀ ਨੂੰ ਵਧਾਈ ਦਿੰਦਾ ਹਾਂ ਕਿ ਪਿਛਲੇ ਸਾਲ ਦੌਰਾਨ ਉਨ੍ਹਾਂ ਨੇ ਬਹੁਤ ਵੱਡੇ ਉਪਰਾਲੇ ਕੀਤੇ ਹਨ ਔਰ ਸਾਨੂੰ ਇਹ ਗੱਲ ਦੱਸਦਿਆਂ ਖੁਸ਼ੀ ਵੀ ਹੈ ਕਿ ਪ੍ਰਾਈਵੇਟ ਸਕੂਲਾਂ ਦਾ ਨਤੀਜਾ ਪਿਛਲੇ ਸਾਲ 82% ਰਿਹਾ ਅਤੇ ਜੋ ਸਰਕਾਰੀ ਸਕੂਲਾਂ ਦਾ ਨਤੀਜਾ ਸੀ, ਉਹ 88% ਆਇਆ। ਇਹ ਸੁਧਾਰ ਕੇਵਲ ਤੇ ਕੇਵਲ ਸਿੱਖਿਆ ਵਿੱਚ ਕੀਤੇ ਸੁਧਾਰ ਕਰਕੇ ਆਇਆ ਹੈ। ਮੈਂ ਮਾਨਯੋਗ ਸਿੱਖਿਆ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਆਦੇਸ਼ ਦਿੱਤਾ ਸੀ ਕਿਉਂਕਿ ਮੈਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਬਹੁਤ ਕੁਝ ਲਿਆਂਦਾ ਸੀ। ਉਨ੍ਹਾਂ ਨੇ ਮੇਰੇ ਹਲਕੇ ਰਾਜਪੁਰੇ ਦੇ ਸਰਕਾਰੀ

ਸਕੂਲਾਂ ਦੇ ਪੱਧਰ ਅਤੇ ਵਧੀਆ ਸਿੱਖਿਆ ਦੇ ਉਪਰਾਲੇ ਕਰਨ ਲਈ 10 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ, ਇਸ ਗੱਲ ਲਈ ਵੀ ਮੈਂ ਉਨ੍ਹਾਂ ਦਾ ਕੋਟਨਿ-ਕੋਟ ਧੰਨਵਾਦ ਕਰਨਾ ਚਾਹੁੰਦਾ ਹਾਂ।

ਸੋ, ਚੇਅਰਮੈਨ ਸਾਹਿਬ, ਸਾਡੇ ਸਾਥੀ ਬਹੁਤ ਸਾਰੀਆਂ ਗੱਲਾਂ ਕਰਦੇ ਹਨ। ਇੱਥੇ ਕਰਜ਼ਾ ਮੁਆਫੀ ਦੀ ਗੱਲ ਕੀਤੀ ਹੈ। ਇਸ ਗੱਲ ਲਈ ਅੰਕੜੇ ਗਵਾਹ ਹਨ ਕਿ ਪੰਜਾਬ ਵਿੱਚ ਕਿੱਥੇ ਕੀ ਹੋਇਆ। ਇਹ ਗੱਲਾਂ ਇਕੱਲੇ-ਇਕੱਲੇ ਹਲਕੇ ਦੇ ਮੈਂਬਰਾਂ ਨੂੰ ਵੀ ਪਤਾ ਹੈ। ਮੇਰੇ ਹਲਕੇ ਦੇ ਵਿੱਚ 54 ਕਰੋੜ ਰੁਪਿਆ ਕਿਸਾਨਾਂ ਦਾ ਜ਼ਰੂਰ ਮੁਆਫ ਕੀਤਾ ਹੈ, ਹਾਲਾਂਕਿ ਮੇਰਾ ਹਲਕਾ ਸੈਮੀ ਅਰਬਨ ਏਰੀਆ ਹੈ। ਅੱਧਾ ਏਰੀਆ ਸ਼ਹਿਰੀ ਹੈ ਅਤੇ ਅੱਧਾ ਏਰੀਆ ਦਿਹਾਤੀ ਖੇਤਰ ਹੈ। ਮੇਰੇ ਹਲਕੇ ਵਿੱਚ 90 ਪਿੰਡ ਹਨ, ਇਨ੍ਹਾਂ ਪਿੰਡਾਂ ਵਿਚਲੇ ਇੱਕ-ਇੱਕ ਪਰਿਵਾਰ ਦੀ ਮੇਰੇ ਕੋਲ ਲਿਸਟ ਹੈ। ਉਦਯੋਗਿਕ ਖੇਤਰ ਵਿੱਚ 57 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਕਰਵਾਈ ਗਈ ਹੈ। ਮੈਂ ਇਸ ਗੱਲ ਲਈ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਵਿਸ਼ੇਸ਼ ਕਰਕੇ ਐਫ.ਐਮ. ਸਾਹਿਬ ਦਾ ਕੋਟਨਿ-ਕੋਟ ਧੰਨਵਾਦ ਕਰਦਾ ਹਾਂ। ਕਿਉਂਕਿ ਪਿਛਲੇ 10 ਸਾਲ ਜਿਹੜੇ ਲੰਘੇ ਹਨ, ਉਨ੍ਹਾਂ ਵਿੱਚ ਵੱਡੀਆਂ ਉਦਯੋਗਿਕ ਇਕਾਈਆਂ ਬੰਦ ਹੋਈਆਂ ਸਨ। ਇਹ ਪਤਾ ਨਹੀਂ ਕਿਹੜੇ ਕਾਰਨਾਂ ਕਰਕੇ ਹੋਇਆ। ਕੁਆਰਕ ਕੰਪਨੀ ਦਾ ਮਾਲਕ ਜਿਸ ਦਾ ਨਾਂ ਫਰੈਂਡ ਇਬਰਾਹਿਮ ਸੀ, ਉਸ ਨੇ ਆਪਣੀ ਸਪੀਚ ਵਿੱਚ ਕਿਹਾ ਕਿ ਜਦੋਂ ਮੈਂ ਪੰਜਾਬ ਵਿੱਚ ਆਉਂਦਾ ਸੀ ਤਾਂ ਮੈਨੂੰ ਰੋਣਾ ਆਉਂਦਾ ਸੀ, ਮੇਰਾ 250 ਏਕੜ ਦਾ ਪ੍ਰਾਜੈਕਟ ਰੋਕ ਕੇ ਰੱਖਿਆ ਗਿਆ। ਇਸ ਦੇ ਕੀ ਕਾਰਨ ਸੀ, ਅਸੀਂ ਇੰਡਵਿਜ਼ੂਅਲ ਤੌਰ ਤੇ ਕਿਸੇ ਤੇ ਇਲਜ਼ਾਮ ਨਹੀਂ ਲਾਉਣਾ। ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਇੱਥੇ ਮੇਰੇ ਨਾਲ ਘਨੌਰ ਹਲਕੇ ਦੇ ਮੈਂਬਰ ਸਾਹਿਬ ਵੀ ਬੈਠੇ ਹਨ, ਸਾਡੇ ਹਲਕੇ ਦੇ ਪਿੰਡ ਚਮਾਰੂ ਵਿੱਚ ਕੁਆਰਕ ਦਾ ਪ੍ਰਾਜੈਕਟ ਚੱਲਿਆ। ਅੱਜ ਤਕਰੀਬਨ ਸਵਾ ਸੌ ਏਕੜ ਦੇ ਵਿੱਚ 5000 ਕਰੋੜ ਰੁਪਿਆ ਲਗਾ ਕੇ ਪੰਜ ਉਦਯੋਗਿਕ ਇਕਾਈਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਸਰ, ਪੁਆਇੰਟ ਆਫ ਆਰਡਰ।

ਸ਼੍ਰੀ ਸਭਾਪਤੀ:ਹਾਂ ਜੀ, ਸੰਧਵਾਂ ਜੀ, ਬੋਲੋ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਸਰ, ਜਿਹੜੀਆਂ ਕੁਆਰਕ ਵਰਗੀਆਂ ਕੰਪਨੀਆਂ ਹਨ, ਇਨ੍ਹਾਂ ਦਾ ਪੰਜਾਬ ਵਿੱਚ ਆਉਣਾ ਬੜਾ ਹੀ ਜ਼ਰੂਰੀ ਹੈ। ਇਨ੍ਹਾਂ ਕੰਪਨੀਆਂ ਨੇ ਰੁਜ਼ਗਾਰ ਦੇਣਾ ਹੈ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਨੂੰ ਰੋਕਿਆ ਉਨ੍ਹਾਂ ਦੇ ਨਾਂਅ ਕਿਉਂ ਨਹੀਂ ਲਏ ਜਾਂਦੇ? ਉਨ੍ਹਾਂ ਦੇ ਨਾਂਅ ਲਓ, ਤੁਹਾਨੂੰ ਇਸੇ ਲਈ ਪੰਜਾਬ ਦੇ ਲੋਕਾਂ ਨੇ ਇੱਥੇ ਭੇਜਿਆ ਹੈ।

ਸਰਦਾਰ ਹਰਦਿਆਲ ਸਿੰਘ ਕੰਬੋਜ : ਪਿਛਲੇ ਦਸ ਸਾਲ ਇਨ੍ਹਾਂ ਦੀ (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲ ਇਸ਼ਾਰਾ) ਸਰਕਾਰ ਹੀ ਸੀ, ਤੁਹਾਡੀ ਸਰਕਾਰ ਤਾਂ ਨਹੀਂ ਸੀ? ਅਸੀਂ ਏਨੀ ਸਸਤੀ ਰਾਜਨੀਤੀ ਨਹੀਂ ਕਰਨੀ।

ਸਰਦਾਰ ਕੁਲਤਾਰ ਸਿੰਘ ਸੰਧਵਾਂ: ਉਨ੍ਹਾਂ ਬੰਦਿਆਂ ਦਾ ਨਾਂ ਲਓ ਜੀ।

ਸਰਦਾਰ ਹਰਦਿਆਲ ਸਿੰਘ ਕੰਬੋਜ: ਕੋਈ ਗੱਲ ਨਹੀਂ ਜੀ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇੰਨੀ ਸਸਤੀ ਰਾਜਨੀਤੀ ਨਹੀਂ ਕਰਦੇ। ਨਾਂ ਸਾਰਿਆਂ ਨੂੰ ਪਤਾ ਹੀ ਹੈ। ਜਿਥੋਂ ਤੱਕ ਸੜਕਾਂ ਅਤੇ ਪੁਲਾਂ ਦੀ ਗੱਲ ਹੈ, ਕੱਲ੍ਹ ਕੋਈ ਸਾਥੀ ਬੋਲਦੇ ਹੋਏ ਕਹਿ ਰਹੇ ਸਨ ਕਿ ਸਿਰਫ 1500 ਕਿਲੋਮੀਟਰ ਸੜਕਾਂ ਬਣੀਆਂ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਰਾਜਪੁਰਾ ਚੱਲੋ। ਮੈਂ ਤੁਹਾਨੂੰ ਘੁਮਾ ਕੇ ਲਿਆਉਂਦਾ ਹਾਂ। ਪਿਛਲੇ ਸਮੇਂ ਵਿੱਚ 31,000 ਕਿਲੋਮੀਟਰ ਸੜਕਾਂ ਦਾ ਨਵੀਨੀਕਰਨ ਕੀਤਾ ਗਿਆ ਹੈ।(ਥੰਪਿੰਗ) ਜਿਹੜੇ ਪੁਲ ਬਣੇ ਹਨ...

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਆਪਣੀ ਸੀਟ ਤੇ ਬੋਲਣ ਲਈ ਖੜ੍ਹੇ ਸਨ।)

ਸਰਦਾਰ ਹਰਦਿਆਲ ਸਿੰਘ ਕੰਬੋਜ: ਬੈਠ ਜਾਓ ਜੀ, ਤੁਸੀਂ ਆਪਣੀ ਗੱਲ ਕੱਲ੍ਹ ਕਰ ਲਈ ਹੈ। ਮੈਂ ਤੁਹਾਨੂੰ ਟੋਕਣ ਲੱਗਿਆ ਸੀ।

ਸ਼੍ਰੀ ਸਭਾਪਤੀ: ਬੈਠ ਜਾਓ ਜੀ, ਉਹ ਕੰਪਲੀਟ ਕਰਨ ਲੱਗੇ ਹਨ।

ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ: ਚੇਅਰਮੈਨ ਸਾਹਿਬ, ਉਨ੍ਹਾਂ ਨੇ ਮੇਰਾ ਨਾਂ ਲਿਆ ਹੈ।

ਸ਼੍ਰੀ ਸਭਾਪਤੀ: ਬੈਠ ਜਾਓ, ਪਲੀਜ਼।

ਸਰਦਾਰ ਹਰਦਿਆਲ ਸਿੰਘ ਕੰਬੋਜ: ਮੈਂ ਨਾਂ ਨਹੀਂ ਲਿਆ। ਇਸ ਦਾ ਮਤਲਬ ਉਹ ਗੱਲ ਤੁਸੀਂ ਕੀਤੀ ਸੀ। ਤੁਸੀਂ ਗਲਤ ਅੰਕੜੇ ਪੇਸ਼ ਕੀਤੇ ਹਨ।

ਸ਼੍ਰੀ ਸਭਾਪਤੀ: ਕੰਬੋਜ ਜੀ, please continue.

ਸਰਦਾਰ ਹਰਦਿਆਲ ਸਿੰਘ ਕੰਬੋਜ : ਚੇਅਰਮੈਨ ਸਾਹਿਬ, ਜਿਥੋਂ ਤੱਕ ਪੁਲਾਂ ਦੀ ਗੱਲ ਹੈ, ਅੱਜ ਮੇਰੇ ਹਲਕੇ ਦੇ ਚਾਰ ਪੁਲ ਕੰਪਲੀਟ ਹੋ ਗਏ ਹਨ। ਦੋ ਪੁਲਾਂ ਤੇ ਕੰਮ ਚੱਲ ਰਿਹਾ ਹੈ। ਰਾਜਪੁਰਾ ਹਲਕੇ ਅੰਦਰ ਲਗਭਗ 50 ਕਰੋੜ ਰੁਪਿਆ ਪੁਲਾਂ ਵਾਸਤੇ ਦਿੱਤਾ ਗਿਆ ਹੈ। ਇਕ ਹਲਕੇ ਵਿੱਚ ਛੇ ਪੁਲ ਬਣਨੇ ਹਨ। ਇਹ ਕੋਈ ਛੋਟੀ ਗੱਲ ਨਹੀਂ ਹੈ, ਇਹ ਬਹੁਤ ਵੱਡੀ ਗੱਲ ਹੈ। ਇਸ ਲਈ ਮੈਂ ਜਿੱਥੇ ਮਾਨਯੋਗ ਚੀਫ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ, ਉਥੇ ਮਾਨਯੋਗ ਲੋਕ ਨਿਰਮਾਣ ਮੰਤਰੀ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

ਇਸ ਤੋਂ ਇਲਾਵਾ ਇੱਥੇ ਸਦਨ ਵਿੱਚ ਸਾਡੇ ਸਿੰਜਾਈ ਮੰਤਰੀ ਜੀ ਬੈਠੇ ਨਹੀਂ ਹਨ ਪਰ ਮੈਂ ਐਫ.ਐਮ. ਸਾਹਿਬ ਰਾਹੀਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਐਫ.ਐਮ. ਸਾਹਿਬ ਨੂੰ ਵੀ ਧੰਨਵਾਦ ਹੈ। ਬਨੂੜ ਕੈਨਾਲ ਦਾ ਜਿਹੜਾ ਬੜਾ ਵੱਡਾ ਪ੍ਰਾਜੈਕਟ ਰੁਕਿਆ ਪਿਆ ਸੀ, ਉਸ ਨੂੰ ਪੂਰਾ ਕਰਨ ਵਾਸਤੇ ਪਿਛਲੇ ਦਿਨੀਂ 148 ਕਰੋੜ ਰੁਪਿਆ ਜਾਰੀ ਕੀਤਾ ਹੈ। ਜਿਸ ਨਾਲ ਸਾਡੇ ਹਲਕੇ ਰਾਜਪੁਰਾ ਅਤੇ ਘਨੌਰ ਦੇ 60,000 ਏਕੜ ਇਲਾਕੇ ਨੂੰ ਪਾਣੀ ਮਿਲੇਗਾ ਪਰ ਐਫ.ਐਮ. ਸਾਹਿਬ, ਮੈਂ ਤੁਹਾਨੂੰ ਇਕ ਹੋਰ ਬੇਨਤੀ ਕਰਨੀ ਹੈ। ਮੇਰੇ ਨਾਲ ਦੇ ਹਲਕੇ ਦੇ ਐਮ.ਐਲ.ਏ. ਸਾਥੀ ਸ਼੍ਰੀ ਮਦਨ ਲਾਲ ਜੀ ਬੈਠੇ ਹਨ, ਸਾਡੀ ਥਰਮਲ ਦੀ ਕੈਨਾਲ ਹੈ। ਥਰਮਲ ਨਾਲ ਸਿਰਫ 75 ਕਿਊਸਕ ਪਾਣੀ ਦਾ ਐਮ.ਓ.ਯੂ. ਸਾਈਨ ਹੋਇਆ ਸੀ ਜਦਕਿ ਕੁੱਲ 45 ਕਿਊਸਕ ਪਾਣੀ ਉਹ ਵਰਤਦੇ ਹਨ। ਉਸ ਵਿਚੋਂ ਜਿਹੜਾ 30 ਕਿਊਸਕ ਪਾਣੀ ਬਚਦਾ ਹੈ, ਉਸ ਨਾਲ ਅਸੀਂ 15,000 ਏਕੜ ਜ਼ਮੀਨ ਦੀ ਸਿੰਜਾਈ ਕਰਵਾ ਸਕਦੇ ਹਾਂ। ਮੇਰੀ ਬੇਨਤੀ ਹੈ ਕਿ ਇਸ ਵਾਸਤੇ ਅਸੀਂ ਪੂਰਾ ਪ੍ਰਾਜੈਕਟ ਤਿਆਰ ਕੀਤਾ ਹੈ। ਐਫ.ਐਮ. ਸਾਹਿਬ, ਤੁਸੀਂ ਇਕ ਦਿਨ ਛੱਡ ਕੇ ਇੱਥੇ ਬਜਟ ਪੇਸ਼ ਕਰਨਾ ਹੈ, ਮੈਨੂੰ ਪਤਾ ਹੈ ਕਿ ਤੁਸੀਂ ਇਸ ਵਾਰ ਵੀ ਬਹੁਤ ਵਧੀਆ ਬਜਟ ਪੰਜਾਬ ਦੇ ਲੋਕਾਂ ਨੂੰ ਪਹਿਲਾਂ ਦੀ ਤਰ੍ਹਾਂ ਦੇਣ ਲੱਗੇ ਹੋ ਪਰ ਕਿਰਪਾ ਕਰਕੇ ਜੋ ਸਾਡੇ ਇਲਾਕੇ ਦਾ ਪਾਣੀ ਬਹੁਤ deepਚਲਾ ਗਿਆ ਹੈ ਅਤੇ ਧਰਤੀ ਬੰਜਰ ਹੋਣ ਲੱਗੀ ਹੈ, ਇਸ ਪਾਣੀ ਵਾਸਤੇ ਸਾਨੂੰ ਜਿੰਨੇ ਫੰਡਜ਼ ਚਾਹੀਦੇ ਹਨ, ਸਾਡੀ ਦੋਹਾਂ ਐਮ.ਐਲ.ਏਜ਼ ਦੀ ਬੇਨਤੀ ਹੈ ਕਿ ਸਾਨੂੰ ਇਸ ਵਾਸਤੇ ਫੰਡਜ਼ ਰਿਲੀਜ਼ ਕੀਤੇ ਜਾਣ।

ਅਗਲੀ ਗੱਲ, ਸਤਿਕਾਰਯੋਗ ਭੈਣ ਰਜ਼ੀਆ ਸੁਲਤਾਨਾ ਜੀ ਬੈਠੇ ਹਨ, ਇਨ੍ਹਾਂ ਦੇ ਅਫਸਰ ਸਾਹਿਬਾਨ ਨੇ ਬੜੀ ਮਿਹਨਤ ਕੀਤੀ ਹੈ, ਪੀਣ ਵਾਲੇ ਪਾਣੀ ਦਾ ਬੀ.ਐਮ.ਐਲ. ਤੋਂ ਪ੍ਰਾਜੈਕਟ ਦਿੱਤਾ ਹੈ, ਵੈਸੇ ਤਾਂ ਉਹ ਲਗਭਗ ਪੌਣੇ 400 ਕਰੋੜ ਰੁਪਏ ਦਾ ਹੈ ਪਰ ਮੇਰੇ ਇਕੱਲੇ ਮੇਰੇ ਹਲਕੇ ਵਿੱਚ 2200 ਕਰੋੜ ਰੁਪਏ ਦਾ ਪੀਣ ਵਾਲੇ ਪਾਣੀ ਦਾ ਪ੍ਰਾਜੈਕਟ ਇਨ੍ਹਾਂ ਨੇ ਦਿੱਤਾ ਹੈ, ਇਸ ਵਾਸਤੇ ਮੈਂ ਇਨ੍ਹਾਂ ਦਾ ਕੋਟਾਨਿ ਕੋਟ ਧੰਨਵਾਦ ਕਰਦਾ ਹਾਂ।

ਸ਼੍ਰੀ ਸਭਾਪਤੀ:ਕੰਬੋਜ ਸਾਹਿਬ, please conclude.

ਸਰਦਾਰ ਹਰਦਿਆਲ ਸਿੰਘ ਕੰਬੋਜ: ਬਸ ਜੀ, ਚੇਅਰਮੈਨ ਸਾਹਿਬ, you please give me only 2-3 minutes. ਰੇਲਵੇ ਲਾਈਨ ਬਾਰੇ ਸਾਡੇ ਸਾਥੀ ਬੋਲ ਕੇ ਗਏ ਹਨ। ਐਫ.ਐਮ. ਸਾਹਿਬ, ਇਸ ਬਾਰੇ ਗੱਲ ਕਰਨ ਲਈ ਮੈਂ ਵੀ ਪੂਰਾ prepare ਹੋ ਕੇ ਆਇਆ ਸੀ ਕਿਉਂਕਿ ਰੇਲਵੇ ਨੇ ਇਕ pink book ਹੁਣੇ ਜਾਰੀ ਕੀਤੀ ਹੈ, ਉਸ ਵਿੱਚ ਰਾਜਪੁਰਾ ਤੋਂ ਚੰਡੀਗੜ੍ਹ ਦੀ ਲਾਈਨ ਪਾਈ ਹੈ, ਲਗਭਗ ਮਾਨਸਾ, ਸਾਰਾ ਬੁਢਲਾਡਾ ਅਤੇ ਲਹਿਰਾਗਾਗਾ, ਪਾਤੜਾਂ, ਸਮਾਣਾ, ਪੂਰਾ ਪਟਿਆਲਾ, ਰਾਜਪੁਰਾ ਤੋਂ ਬਹੁਤ ਲੋਕ ਚੰਡੀਗੜ੍ਹ ਜਾਂਦੇ ਹਨ। ਖਾਸ ਕਰਕੇ ਸਾਡਾ ਏਰੀਆ vegetable growing area ਹੈ ਅਤੇ ਇਥੋਂ ਲੋਕ ਚੰਡੀਗੜ੍ਹ-ਮੁਹਾਲੀ ਨੂੰ ਸਬਜ਼ੀ ਵਗੈਰਾ ਲੈ ਕੇ ਆਉਂਦੇ ਹਨ। ਇਸ ਵਾਸਤੇ ਜ਼ਰੂਰ ਕਿਰਪਾ ਕੀਤੀ ਜਾਵੇ ਅਤੇ ਫੰਡਜ਼ ਜਾਰੀ ਕੀਤੇ ਜਾਣ। ਮੈਂ

ਤੁਹਾਨੂੰ ਇਸ ਪਵਿੱਤਰ ਸਦਨ ਵਿੱਚ ਬੇਨਤੀ ਕਰਾਂਗਾ ਕਿ ਬਹੁਤ ਵਧੀਆ ਤਰੀਕੇ ਨਾਲ ਮਾਨਯੋਗ ਗਵਰਨਰ ਸਾਹਿਬ ਨੇ ਜੋ ਕਿਹਾ ਹੈ,ਉਸ ਦੀ ਮੋਹਰ ਸਾਡੇ ਰਾਸ਼ਟਰਪਤੀ ਸਾਹਿਬ ਨੇ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਆਦਰਸ਼ ਮੁੱਖ ਮੰਤਰੀ ਦਾ ਪੁਰਸਕਾਰ ਦੇ ਕੇ ਲਗਾਈ ਹੈ। ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਸਹੀ ਅਤੇ ਠੀਕ ਹੈ, ਮੈਂ ਉਸ ਗੱਲ ਦੇ ਹੱਕ ਵਿਚ ਬੋਲਦਾ ਹੋਇਆ ਸਦਨ ਵਿਚ ਤੁਹਾਡਾ ਕੋਟਨਿ-ਕੋਟਿ ਧੰਨਵਾਦ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

ਸਰਦਾਰ ਦਵਿੰਦਰ ਸਿੰਘ ਘੁਬਾਇਆ:ਧੰਨਵਾਦ, ਸਰ। ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਗਵਰਨਰ ਐਡਰੈਸ ਚੰਗੀ ਤਰ੍ਹਾਂ ਪੜ੍ਹਿਆ ਹੈ। ਆਪਾਂ ਸਾਰੇ ਜਾਣਦੇ ਹੀ ਹਾਂ ਕਿ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਜਦੋਂ ਦੀ ਸਾਲ 2017 ਤੋਂ ਸਰਕਾਰ ਸੰਭਾਲੀ ਹੈ, ਬੜੇ ਵੱਡੇ ਵੱਡੇ ਕੰਮ ਜਿਹੜੇ ਉਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਕਹੇ ਸੀ, ਉਹ ਕੀਤੇ ਹਨ। ਉਨ੍ਹਾਂ ਨੇ ਕਿਸਾਨੀ ਕਰਜ਼ਾ ਮੁਆਫ ਕੀਤਾ ਹੈ, ਮੈਂ ਸੀ.ਐਮ. ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਸਾਲਾ ਪ੍ਰਕਾਸ਼ ਪੁਰਬ ਬੜੇ ਵਧੀਆ ਤਰੀਕੇ ਨਾਲ ਮਨਾਇਆ ਹੈ। ਪੂਰੀ ਦੁਨੀਆਂ ਵਿਚ ਉਨ੍ਹਾਂ ਦੀ ਪ੍ਰਸੰਸਾ ਹੋਈ ਹੈ ਕਿ ਪੰਜਾਬ ਗੌਰਮਿੰਟ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ ਹੈ। ਹੋਰ ਵੀ ਬੜੇ ਵੱਡੇ ਵੱਡੇ ਕੰਮ ਹੋਏ ਹਨ, ਇਨ੍ਹਾਂ ਨੇ ਇਨਵੈਸਟਰ ਸੁਮਿਟ ਕਰਵਾਇਆ ਹੈ ਜਿਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਬੜੀ ਵੱਡੀ ਗਿਣਤੀ ਵਿਚ ਪ੍ਰਾਈਵੇਟ ਕੰਪਨੀਆਂ ਵਿੱਚ ਨੌਕਰੀਆਂ ਮਿਲੀਆਂ ਹਨ ਅਤੇ ਹੋਰ ਗੌਰਮਿੰਟ ਅਦਾਰਿਆਂ ਵਿਚ ਵੀ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ ਹਨ।

ਚੇਅਰਮੈਨ ਸਾਹਿਬ, ਜੇ ਸਿੱਖਿਆ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚ ਲਗਭਗ 5800 ਸਮਾਰਟ ਸਕੂਲ ਬਣਾਏ ਗਏ ਹਨ ਔਰ ਪਿਛਲੀ ਸਰਕਾਰ ਵੇਲੇ ਪੰਜਾਬ ਦੇ ਸਕੂਲਾਂ ਦਾ ਬੜਾ ਮਾੜਾ ਹਾਲ ਹੁੰਦਾ ਸੀ। ਕਿਉਂਕਿ ਮੈਨੂੰ ਬਾਰਡਰ ਏਰੀਆ ਫਾਜ਼ਿਲਕਾ ਦੇ ਲੋਕਾਂ ਨੇ ਇੱਥੇ ਅਸੰਬਲੀ ਦਾ ਮੈਂਬਰ ਬਣਾ ਕੇ ਭੇਜਿਆ ਹੈ। ਸਰ, ਤੁਸੀਂ ਵੀ ਬਾਰਡਰ ਏਰੀਏ ਤੋਂ ਆਉਂਦੇ ਹੋ। ਆਪਾਂ ਸਾਰਿਆਂ ਨੂੰ ਪਤਾ ਹੈ ਕਿ ਬਾਰਡਰ ਏਰੀਏ ਦੇ ਸਕੂਲਾਂ ਵਿਚ ਸਟੂਡੈਂਟਸ ਦੀ ਸਟਰੈਂਥ ਬਹੁਤ ਜ਼ਿਆਦਾ ਹੁੰਦੀ ਹੈ। ਪਹਿਲਾਂ ਸਕੂਲਾਂ ਦਾ ਬਹੁਤ ਜ਼ਿਆਦਾ ਮਾੜਾ ਹਾਲ ਸੀ। ਪਰ ਕੈਪਟਨ ਸਾਹਿਬ ਮਾਨਯੋਗ ਸੀ.ਐਮ. ਸਾਹਿਬ ਨੇ ਅਤੇ ਮਾਨਯੋਗ ਸਿੱਖਿਆ ਮੰਤਰੀ ਜੀ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਜੋ ਸਕੂਲਾਂ ਦੀ ਨੁਹਾਰ ਬਦਲ ਕੇ ਹਾਲਾਤ ਬਦਲੇ ਹਨ ਅਤੇ ਸਮਾਰਟ ਸਕੂਲ ਬਣਾਏ ਹਨ, ਲੋਕ ਇਸ ਤੋਂ ਖੁਸ਼ ਹਨ। ਸਰ, ਮੇਰੇ ਹਲਕੇ ਵਿਚ ਚਾਨਣਵਾਲਾ ਪ੍ਰਾਇਮਰੀ ਸਕੂਲ ਹੈ, ਉਹ ਪੂਰੇ ਇੰਡੀਆ ਵਿਚ ਰੂਰਲ ਸਮਾਰਟ ਸਕੂਲ ਹੈ। ਜੇ ਕਿਸੇ ਨੂੰ ਕੋਈ ਸ਼ੱਕ ਹੋਵੇ ਤਾਂ ਉਥੇ ਜਾ ਕੇ ਵੇਖ ਸਕਦਾ ਹੈ। (ਥੰਪਿੰਗ) ਇਹ ਪੂਰੇ ਇੰਡੀਆ ਵਿਚ ਨੰਬਰ ਵੰਨ ਰੂਰਲ ਸਕੂਲ ਹੈ, ਉਸ ਸਕੂਲ ਨੂੰ ਨੈਸ਼ਨਲ ਅਵਾਰਡ ਵੀ ਮਿਲਿਆ ਹੈ। ਜੇ ਕਿਸੇ ਨੂੰ ਸ਼ੱਕ ਹੈ ਤਾਂ ਮੈਂ ਕਹਿੰਦਾ ਹਾਂ ਕਿ ਸਰ, ਤੁਸੀਂ ਕੋਈ ਟੀਮ ਬਣਾ ਕੇ ਭੇਜੋ, ਉਹ ਉਸ ਚਾਨਣਵਾਲਾ ਪ੍ਰਾਇਮਰੀ ਸਕੂਲ ਜੋ ਫਾਜ਼ਿਲਕਾ ਵਿਚ ਹੈ, ਉਸ ਨੂੰ ਦੇਖ ਕੇ ਆਉਣ। ਹੋਰ

ਸਕੂਲਾਂ ਦੇ ਹਾਲਾਤ ਵੀ ਸਾਡੀ ਸਰਕਾਰ ਦੌਰਾਨ ਬਹੁਤ ਵਧੀਆ ਹੋਏ ਹਨ। ਪਿੰਡਾਂ ਵਿਚ ਸਮਾਰਟ ਸਕੂਲ ਵੀ ਬਣੇ ਹਨ।

ਜੇ ਮੈਂ ਹੈਲਥ ਦੀ ਗੱਲ ਕਰਾਂ, ਹੈਲਥ ਖੇਤਰ ਵਿਚ ਵੀ ਮਾਨਯੋਗ ਸੀ.ਐਮ. ਸਾਹਿਬ ਨੇ ਬਹੁਤ ਸੁਧਾਰ ਕੀਤਾ ਹੈ। ਮੇਰੇ ਹਲਕੇ ਵਿਚ ਇਨ੍ਹਾਂ ਨੇ 25 ਕਰੋੜ ਰੁਪਿਆ ਕੈਂਸਰ ਹਸਪਤਾਲ ਵਾਸਤੇ ਦਿੱਤਾ ਹੈ, ਮੈਂ ਉਸ ਵਾਸਤੇ ਇਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਔਰ ਮੈਂ ਵਧਾਈ ਵੀ ਦਿੰਦਾ ਹਾਂ ਕਿਉਂਕਿ ਇਹ ਬਹੁਤ ਵੱਡੀ ਲੋੜ ਸੀ.....

ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ: ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਗ੍ਹਾ ਜਗ੍ਹਾ ਤੇ 5713 ਸਮਾਰਟ ਸਕੂਲਾਂ ਸਬੰਧੀ ਬੋਰਡ ਲੱਗੇ ਹੋਏ ਹਨ ਅਤੇ ਇੱਥੇ ਵੀ ਇਨ੍ਹਾਂ ਦੇ ਸਾਰੇ ਮੈਂਬਰ ਕੱਲ੍ਹ ਦੇ ਮੱਥਾ ਰੰਗੇ ਵਾਲੇ ਸਕੂਲਾਂ ਦੀਆਂ ਫੋਟੋਆਂ, ਸਮਾਰਟ ਸਕੂਲ-ਸਮਾਰਟ ਸਕੂਲ ਕਹਿ ਕੇ ਦਿਖਾ ਰਹੇ ਹਨ। ਮੈਂਬਰ ਸਾਹਿਬ ਨੇ ਵੀ ਕਿਹਾ ਹੈ ਕਿ ਮੇਰੇ ਏਰੀਏ ਵਿਚ ਬੜੇ ਸਮਾਰਟ ਸਕੂਲ ਬਣ ਗਏ ਹਨ, ਮੇਰੀ ਸਿਰਫ ਇੱਕ ਬੇਨਤੀ ਹੈ ਕਿ ਇਹ ਅੱਜ ਸਦਨ ਨੂੰ ਸਮਾਰਟ ਸਕੂਲ ਦੀ ਪਰਿਭਾਸ਼ਾ ਦੱਸ ਦਿਉ ਕਿ ਤੁਸੀਂ ਸਮਾਰਟ ਸਕੂਲ ਕਿਸ ਨੂੰ ਕਹਿੰਦੇ ਹੋ?

ਸ਼੍ਰੀ ਸਭਾਪਤੀ:ਤੁਹਾਡਾ ਪੁਆਇੰਟ ਆ ਗਿਆ ਹੈ ਜੀ। ਬੈਠੋ ਜੀ। (ਵਿਘਨ) ਹਾਂ ਜੀ, ਘੁਬਾਇਆ ਸਾਹਿਬ ਨੂੰ ਬੋਲਣ ਦਿਉ। ਇਹ ਪਹਿਲੀ ਵਾਰ ਬੋਲਣ ਲੱਗੇ ਹਨ। (ਵਿਘਨ) ਇਨ੍ਹਾਂ ਨੂੰ ਬੋਲਣ ਦਿਉ।

ਸਰਦਾਰ ਦਵਿੰਦਰ ਸਿੰਘ ਘੁਬਾਇਆ: ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਸਮਾਰਟ ਸਕੂਲ ਦੀ ਪਰਿਭਾਸ਼ਾ ਜਾਣਨਾ ਚਾਹੁੰਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰੇ ਹਲਕੇ ਵਿਚ ਆਉਣ ਔਰ ਇਹ ਉਸ ਸਕੂਲ ਨੂੰ ਵੇਖਣ, ਇਨ੍ਹਾਂ ਨੂੰ ਉਥੇ ਹੀ ਪਤਾ ਲੱਗ ਜਾਵੇਗਾ ਕਿ ਸਮਾਰਟ ਸਕੂਲ ਕੀ ਹੁੰਦਾ ਹੈ। (ਥੰਪਿੰਗ) ਉਹ ਵੀ ਬਾਰਡਰ ਏਰੀਏ ਵਿਚ ਬਣਿਆ ਹੈ। ਸਾਡੇ ਦੋ-ਤਿੰਨ ਸਰਕਾਰੀ ਸਕੂਲ ਹਨ ਜੋ ਨੈਸ਼ਨਲ ਅਵਾਰਡ ਜਿੱਤ ਕੇ ਆਏ ਹਨ ਔਰ ਮੈਂ ਇਸ ਦੀ ਵਧਾਈ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਅਤੇ ਸੀ.ਐਮ. ਸਾਹਿਬ ਨੂੰ ਦੇਣੀ ਚਾਹੁੰਦਾ ਹਾਂ ਕਿਉਂਕਿ ਉਨ੍ਹਾਂ ਨੇ ਪੰਜਾਬ ਦੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ। ਅਜੇ ਅਗਲੇ ਆਉਣ ਵਾਲੇ ਸਮੇਂ ਵਿਚ ਵੀ ਦੇਖਣਾ ਕਿ ਪੰਜਾਬ ਦੀ ਨੁਹਾਰ ਸੀ.ਐਮ. ਸਾਹਿਬ ਨੇ ਆਉਣ ਵਾਲੇ ਸਮੇਂ ਵਿਚ ਬਦਲ ਦੇਣੀ ਹੈ।

ਚੇਅਰਮੈਨ ਸਾਹਿਬ, ਪਹਿਲਾਂ ਸਾਡੇ ਬਾਰਡਰ ਏਰੀਏ ਵਿਚ ਪੀਣ ਵਾਲੇ ਪਾਣੀ ਦਾ ਬਹੁਤ ਮਾੜਾ ਹਾਲ ਸੀ। ਉਥੇ ਵੀ ਨਵੇਂ ਵਾਟਰ ਵਰਕਸ ਲਗਾਏ ਹਨ। ਮੈਂ ਮਨਿਸਟਰ ਸਾਹਿਬ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੇ ਦੱਸਿਆ ਸੀ ਕਿ ਇਜ਼ਰਾਈਲ ਦੀ ਨਵੀਂ ਸਕੀਮ ਆਈ ਹੈ ਜਿਸ ਦੇ ਨਾਲ ਅਸੀਂ ਸਾਫ ਪੀਣ ਵਾਲਾ ਪਾਣੀ ਪਿੰਡਾਂ ਨੂੰ ਦੇਵਾਂਗੇ ਪਰ ਸਰ, ਮੈਂ ਕੁਝ ਬੇਨਤੀਆਂ ਆਪਣੇ ਹਲਕੇ ਦੀਆਂ ਕਰਨੀਆਂ ਚਾਹੁੰਦਾ ਹਾਂ ਕਿ ਮੇਰਾ ਜੋ ਹਲਕਾ ਹੈ, ਇਹ ਇੱਕ ਪਾਸੇ ਤਾਂ ਪਾਕਿਸਤਾਨ ਦੇ ਬਾਰਡਰ ਨਾਲ ਲਗਦਾ ਹੈ ਅਤੇ ਇਸ ਦੇ ਦੂਜੇ ਪਾਸੇ ਰਾਜਸਥਾਨ ਦਾ ਬਾਰਡਰ ਹੈ। ਇਕ ਪਾਸੇ ਸਤਲੁੱਜ ਦਰਿਆ ਦੀ ਮਾਰ ਕਾਰਨ ਹਰ ਸਾਲ ਉਥੇ ਫਲੱਡ

ਆਉਂਦਾ ਹੈ, ਦੂਜੇ ਪਾਸੇ ਨਹਿਰੀ ਪਾਣੀ ਦੀ ਬੜੀ ਦਿੱਕਤ ਆਉਂਦੀ ਹੈ। ਪਿਛਲੇ ਤਿੰਨ ਸਾਲਾਂ ਵਿਚ ਕਾਫੀ ਹੱਦ ਤੱਕ ਟੇਲਾਂ ਤੇ ਪਾਣੀ ਪਹੁੰਚਿਆ ਹੈ ਪਰ ਹਾਲੇ ਵੀ ਦੋ-ਤਿੰਨ ਕੈਨਾਲਾਂ ਅਜਿਹੀਆਂ ਹਨ, ਜਿਨ੍ਹਾਂ ਦੀ ਲਾਇਨਿੰਗ ਕਰਨ ਤੇ ਆਰ.ਸੀ.ਸੀ. ਬਣਾਉਣ ਦੀ ਲੋੜ ਹੈ।ਇਸ ਤੇ 25-30 ਕਰੋੜ ਰੁਪਿਆ ਖਰਚ ਆਉਣਾ ਹੈ। ਮੈਂ ਬੇਨਤੀ ਕਰਾਂਗਾ ਕਿ ਸਾਡਾ ਇਹ ਮਸਲਾ ਵੀ ਹੱਲ ਕੀਤਾ ਜਾਵੇ ਤਾਂ ਜੋ ਟੇਲਾਂ ਤੇ ਖੇਤਾਂ ਨੂੰ ਨਹਿਰੀ ਪਾਣੀ ਪੂਰਾ ਮਿਲ ਸਕੇ। ਸਾਲ 2007 ਦੀ ਪਾਲਿਸੀ ਵਿਚ ਜਿਹੜੇ ਅਜ਼ਾਦੀ ਤੋਂ ਬਾਅਦ ਜ਼ਮੀਨ ਕਾਸ਼ਤਕਾਰ ਸੀ, ਉਨ੍ਹਾਂ ਲੋਕਾਂ ਨੂੰ ਉਸ ਜ਼ਮੀਨ ਦਾ ਮਾਲਕ ਬਣਾ ਦਿੱਤਾ ਗਿਆ ਸੀ ਪਰ ਕੁੱਝ ਲੋਕਾਂ ਨੇ ਪੰਚਾਇਤੀ ਜ਼ਮੀਨਾਂ ਦੀ ਵੀ ਮਲਕੀਅਤ ਕਰਵਾ ਲਈ ਤੇ ਸੁਪਰੀਮ ਕੋਰਟ ਨੇ ਉਹ ਮਲਕੀਅਤ ਕੈਂਸਲ ਕਰ ਦਿੱਤੀ ਸੀ ਪਰ ਅਦਾਲਤ ਦੇ ਇਸ ਫੈਸਲੇ ਨਾਲ ਜਿੰਨੇ ਵੀ ਕਿਸਾਨ ਸਾਲ 2007 ਦੀ ਪਾਲਿਸੀ ਤਹਿਤ ਜ਼ਮੀਨਾਂ ਦੇ ਮਾਲਕ ਬਣਾਏ ਗਏ ਸੀ, ਉਨ੍ਹਾਂ ਦੀ ਸਾਰੀ ਗਿਰਦਾਵਰੀ ਅਤੇ ਇੰਤਕਾਲ ਤੋੜ ਦਿੱਤੇ ਗਏ। ਫਿਰ ਸਾਲ 2016 ਵਿਚ ਇਸ ਸਦਨ ਵਿਚ ਬਿਲ ਪਾਸ ਹੋਇਆ ਸੀ ਕਿ ਜਿਹੜੀ ਕੇਂਦਰ ਸਰਕਾਰ ਦੀ ਪਾਲਿਸੀ ਤਹਿਤ ਕਿਸਾਨਾਂ ਨੂੰ ਜ਼ਮੀਨ ਦੇ ਮਾਲਕ ਬਣਾਇਆ ਗਿਆ ਸੀ, ਦੁਬਾਰਾ ਫਿਰ ਉਨ੍ਹਾਂ ਨੂੰ ਹੀ ਜ਼ਮੀਨ ਦਾ ਮਾਲਕ ਬਣਾਇਆ ਜਾਵੇ। ਉਹ ਬਿਲ ਪਾਸ ਹੋ ਗਿਆ ਪਰ ਹਾਲੇ ਤੱਕ ਉਹ ਲਾਗੂ ਨਹੀਂ ਹੋ ਸਕਿਆ।ਮੈਂ ਚਾਹੁੰਦਾ ਹਾਂ ਕਿ ਉਹ ਕਾਨੂੰਨ ਲਾਗੂ ਹੋਵੇ ਤਾਂ ਜੋ ਛੋਟੇ ਕਿਸਾਨ ਖਾਸ ਕਰਕੇ ਬਾਰਡਰ ਏਰੀਏ ਦੇ ਕਿਸਾਨਾਂ ਦੀ ਇਹ ਬੜੀ ਵੱਡੀ ਸਮੱਸਿਆ ਹੱਲ ਹੋ ਸਕੇ। ਸੋ, ਮੈਂ ਚਾਹੁੰਦਾ ਹਾਂ ਕਿ ਦੁਬਾਰਾ ਉਨ੍ਹਾਂ ਲੋਕਾਂ ਨੂੰ ਮਾਲਕ ਬਣਾਇਆ ਜਾਵੇ।

ਸ਼੍ਰੀ ਸਭਾਪਤੀ: ਘੁਬਾਇਆ ਜੀ, ਪਲੀਜ਼, ਕਨਕਲੂਡ ਕਰੋ।

ਸਰਦਾਰ ਦਵਿੰਦਰ ਸਿੰਘ ਘੁਬਾਇਆ: ਸਰ, ਕੱਲ੍ਹ ਪਰਸੋਂ ਹੀ ਇੱਥੇ ਸ਼ੂਗਰ ਮਿੱਲਾਂ ਦਾ ਰੌਲਾ ਪਿਆ ਸੀ। ਮੇਰੇ ਹਲਕੇ ਵਿਚ ਵੀ ਇਕ ਸਰਕਾਰੀ ਸ਼ੂਗਰ ਮਿੱਲ ਹੈ। ਮੈਂ ਮੁੱਖ ਮੰਤਰੀ ਜੀ ਤੇ ਸਹਿਕਾਰਤਾ ਮੰਤਰੀ ਰੰਧਾਵਾ ਜੀ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਪਿਛਲਾ 28 ਕਰੋੜ ਰੁਪਿਆ, ਜਿਹੜਾ ਪੈਂਡਿੰਗ ਸੀ, ਉਹ ਸਾਰੇ ਦਾ ਸਾਰਾ ਕਿਸਾਨਾਂ ਨੂੰ ਦੇ ਦਿੱਤਾ। ਇਸ ਨਾਲ ਸਾਡੇ ਹਲਕੇ ਦੇ ਸਾਰੇ ਕਿਸਾਨ ਪੰਜਾਬ ਸਰਕਾਰ ਤੋਂ ਖੁਸ਼ ਹਨ। ਸਾਡੇ ਬਾਰਡਰ ਏਰੀਆ ਵਿਚ ਬਹੁਤ ਸਮੱਸਿਆਵਾਂ ਹਨ, ਜਦੋਂ ਜੰਗ ਦਾ ਖਤਰਾ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਉਠਾ ਦਿੱਤਾ ਜਾਂਦਾ ਹੈ ਅਤੇ ਕਈ-ਕਈ ਮਹੀਨੇ ਸਕੂਲ ਬੰਦ ਰਹਿੰਦੇ ਹਨ। ਸਾਡੇ ਵਿਦਿਆਰਥੀ ਬਹੁਤ ਮਿਹਨਤੀ ਹਨ ਪਰ ਫਿਰ ਵੀ ਉਨ੍ਹਾਂ ਨੂੰ ਕੰਪੀਟੀਸ਼ਨ ਵਿਚ ਕਿਤੇ ਨਾ ਕਿਤੇ ਮਾਰ ਪੈ ਜਾਂਦੀ ਹੈ। ਸੋ, ਮੈਂ ਚਾਹੁੰਦਾ ਹਾਂ ਕਿ ਬਾਰਡਰ ਏਰੀਆ ਦੇ ਵਿਦਿਆਰਥੀਆਂ ਨੂੰ ਕੋਈ ਅਲੱਗ ਰਿਜ਼ਰਵੇਸ਼ਨ ਦਿੱਤੀ ਜਾਵੇ ਤਾਂ ਜੋ ਉਹ ਅੱਗੇ ਵੱਧ ਸਕਣ। ਸਾਡਾ ਬਾਰਡਰ ਏਰੀਆ ਬਹੁਤ ਪੱਛੜਿਆ ਹੋਇਆ ਹੈ, ਉਥੇ ਬਹੁਤ ਵਿਕਾਸ ਕਰਨ ਦੀ ਲੋੜ ਹੈ। ਸਾਡੇ ਹਲਕੇ ਵਿਚ ਹਰ ਸਾਲ ਫਲੱਡ ਆਉਂਦਾ ਹੈ, ਸੋ, ਸਾਨੂੰ ਫਲੱਡ ਕੰਟਰੋਲ ਵਾਸਤੇ ਵੀ ਫੰਡ ਦਿੱਤੇ ਜਾਣ।

ਸ਼੍ਰੀ ਸਭਾਪਤੀ: ਘੁਬਾਇਆ ਜੀ, ਕਨਕਲੂਡ ਕਰੋ ਜੀ।

ਸਰਦਾਰ ਦਵਿੰਦਰ ਸਿੰਘ ਘੁਬਾਇਆ: ਸਰ, ਮੇਰੇ ਹਲਕੇ ਫਾਜ਼ਿਲਕਾ ਦੀਆਂ ਲਗਭੱਗ 200 ਕਿਲੋਮੀਟਰ ਸੜਕਾਂ ਰਿਪੇਅਰ ਹੋਈਆਂ ਹਨ, ਨਵੀਆਂ ਮੰਡੀਆਂ ਬਣ ਰਹੀਆਂ ਹਨ, ਸਾਡੀ ਫਾਜ਼ਿਲਕਾ ਦੀ ਲੋਕਲ ਮੰਡੀ ਤੇ ਹੀ 8-10 ਕਰੋੜ ਰੁਪਿਆ ਲੱਗ ਰਿਹਾ ਹੈ। ਹੋਰ ਵੀ ਡਿਵੈਲਪਮੈਂਟ ਦੇ ਕੰਮ ਹੋ ਰਹੇ ਹਨ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਸਾਡੇ ਹਲਕੇ ਦੇ ਸਾਰੇ ਲੋਕ ਬਹੁਤ ਖੁਸ਼ ਹਨ ਪਰ ਜਿਹੜੇ ਸਾਡੇ ਹਲਕੇ ਦੇ ਕੁੱਝ ਕੰਮ ਪੈਡਿੰਗ ਪਏ ਹਨ, ਜੇਕਰ ਉਹ ਵੀ ਹੋ ਜਾਣ ਤਾਂ ਸਾਡਾ ਇਲਾਕਾ ਹੋਰ ਸੁਧਰ ਸਕਦਾ ਹੈ।

ਸ਼੍ਰੀ ਸਭਾਪਤੀ: ਘੁਬਾਇਆ ਜੀ, ਪਲੀਜ਼, ਵਾਈਂਡ ਅੱਪ ਕਰੋ।

ਸਰਦਾਰ ਦਵਿੰਦਰ ਸਿੰਘ ਘੁਬਾਇਆ:ਚੇਅਰਮੈਨ ਸਾਹਿਬ, ਬੱਸ ਇਕ ਮਿੰਟ ਜੀ, ਸਾਡੇ ਹਲਕੇ ਵਿਚ ਡਾਕਟਰਾਂ ਦੀ ਕਮੀ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸਿੱਧੂ ਸਾਹਿਬ ਸਾਡੇ ਹਲਕੇ ਦੀ ਗ੍ਰੀਵੈਂਸ ਕਮੇਟੀ ਦੇ ਇੰਚਾਰਜ ਵੀ ਹਨ, ਇਨ੍ਹਾਂ ਨੇ ਉਪਰਾਲੇ ਕੀਤੇ ਹਨ ਤੇ ਕੁੱਝ ਡਾਕਟਰ ਭੇਜੇ ਵੀ ਹਨ ਪਰ ਹਾਲੇ ਵੀ ਥੋੜ੍ਹੀ ਬਹੁਤ ਕਮੀ ਰਹਿੰਦੀ ਹੈ। ਸੋ, ਜੇਕਰ ਉਹ ਕਮੀ ਵੀ ਪੂਰੀ ਕਰ ਦੇਣ ਤਾਂ ਮੈਂ ਇਨ੍ਹਾਂ ਦਾ ਧੰਨਵਾਦੀ ਹੋਵਾਂਗਾ। ਸਾਡੇ ਹਲਕੇ ਵਿਚ ਇਕ ਸਾਦਕੀ ਬਾਰਡਰ ਹੈ, ਉਥੇ ਹਰ ਰੋਜ਼ ਰੀਟਰੀਟ ਸੈਰੇਮਨੀ ਹੁੰਦੀ ਹੈ, ਜਿਵੇਂ ਵਾਹਗਾ ਬਾਰਡਰ ਤੇ ਹੁੰਦੀ ਹੈ ਪਰ ਉਥੇ ਸਾਰਾ ਬਾਰਡਰ ਅਨਡਿਵੈਲਪਡ ਪਿਆ ਹੈ। ਉਥੇ ਸਿਰਫ ਦੋ-ਚਾਰ ਸਟੈਪਸ ਪੌੜੀਆਂ ਦੇ ਬਣੇ ਹੋਏ ਹਨ। ਮੈਂ ਚਾਹੁੰਦਾ ਹਾਂ ਕਿ ਉਸ ਵਾਸਤੇ ਵੀ ਸਾਨੂੰ ਅਲੱਗ ਫੰਡ ਦੇ ਕੇ ਟੂਰਿਜ਼ਮ ਨੂੰ ਬੜਾਵਾ ਦਿੱਤਾ ਜਾਵੇ। ਸੋ, ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ): ਸਭਾਪਤੀ ਜੀ, ਬਹੁਤ-ਬਹੁਤ ਮਿਹਰਬਾਨੀ। ਸਭਾਪਤੀ ਜੀ, ਜਦੋਂ ਬੱਚਾ ਸਕੂਲ ਵਿਚ ਜਾਂਦਾ ਹੈ ਜਾਂ ਆਪਣੇ ਬਚਪਨ ਤੋਂ ਥੋੜ੍ਹਾ ਵੱਡਾ ਹੋਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਸਮਾਜ ਵਿਚ, ਘਰ ਵਿਚ, ਸਕੂਲ ਵਿਚ, ਮੰਦਰ ਵਿਚ, ਗੁਰਦੁਆਰਾ ਸਾਹਿਬ ਦੇ ਵਿਚ ਮੈਂ ਸਮਝਦਾ ਹਾਂ ਕਿ ਇਹ ਗੱਲ ਬੜੇ ਜ਼ੋਰ ਨਾਲ ਸਿਖਾਈ ਜਾਂਦੀ ਹੈ ਕਿ** ਬੋਲਣਾ ਪਾਪ ਹੈ ਪਰ ਜਦੋਂ ਬਾਬਾ ਸਾਹਿਬ ਅੰਬੇਦਕਰ ਜੀ ਦੀ ਕਿਰਪਾ ਸਦਕਾ ਮੈਂ ਇਸ ਵਿਧਾਨ ਸਭਾ ਮੰਦਿਰ ਦੇ ਵਿੱਚ ਪਹੁੰਚਿਆ ਹਾਂ ਤਾਂ ਜਿੰਨਾ** ਇੱਥੇ ਸੁਣਨ ਨੂੰ ਮਿਲਿਆ, ਮੈਂ ਨਹੀਂ ਸਮਝਦਾ ਕਿ ਤਮਾਮ ਜਿੰਦਗੀ ਦੇ ਵਿੱਚ ਮੈਨੂੰ ਇੰਨਾਂ ** ਸੁਨਣ ਨੂੰ ਮਿਲਿਆ ਹੋਵੇਗਾ।

ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ): ਚੇਅਰਮੈਨ ਸਾਹਿਬ.....(ਵਿਘਨ)(ਸ਼ੋਰ)

ਸਰਦਾਰ ਜੈ ਕ੍ਰਿਸ਼ਨ ਸਿੰਘ: ਨਾਗਰਾ ਸਾਹਿਬ, ਮੇਰੀ ਬੇਨਤੀ ਸੁਣ ਲਓ, ਮੇਰੀ ਬੇਨਤੀ ਸੁਣ ਲਓ। ਮੈਨੂੰ ਬੋਲਣ ਦਿਓ। ਮੈਂ ** ਗਿਣਵਾਉਣ ਲੱਗਾ ਹਾਂ। ਜੇ ਤੁਹਾਨੂੰ ਉਹ ਝੂਠ ਸੱਚ ਲੱਗਿਆ ਤਾਂ ਦੱਸ ਦੇਣਾ।

**Expunged as ordered by the Chair.

ਸ਼੍ਰੀ ਸਭਾਪਤੀ: **ਅੱਖਰ ਕੱਟ ਦਿਓ। ਹਾਂ ਜੀ, ਨਾਗਰਾ ਜੀ।

ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ): ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਜੀ। ਬੜੇ ਸਤਿਕਾਰਯੋਗ ਮੈਂਬਰ ਸਾਹਿਬ ਆਪਣੀ ਗੱਲ ਰੱਖ ਰਹੇ ਹਨ। ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਕਈ ਵਾਰ ਕੋਈ ਵਿਅਕਤੀ ਜਦੋਂ ਬੋਲਣ ਲੱਗਦਾ ਹੈ ਤਾਂ ਉਸ ਨੂੰ ਇਹ ਹੁੰਦਾ ਹੈ ਕਿ ਆਪਣੀ ਗੱਲ ਵਿੱਚ ਇੰਨਾ ਮਸਾਲਾ ਭਰ ਦਿਆਂ, ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਮੈਂ ਆਪਣੇ ਪੈਰ੍ਹਾਂ ਤੇ ਆਪ ਹੀ ਕੁਹਾੜੀ ਮਾਰ ਰਿਹਾ ਹਾਂ। ਇਹ ਸਦਨ ਦੀ ਜਿਹੜੀ ਤੌਹੀਨ ਕੀਤੀ ਹੈ, ਇਸ ਸਦਨ ਦੇ ਤੁਸੀਂ ਵੀ ਮੈਂਬਰ ਹੋ। ਇਸ ਦੇ ਵਿੱਚ ਤੁਹਾਡੇ ਮੈਂਬਰ ਵੀ ਬੋਲਦੇ ਹਨ। ਪਰ ਇਸ ਦਾ ਮਤਲਬ ਇਹ ਨਹੀਂ ....(ਵਿਘਨ)(ਸ਼ੋਰ)

ਸ਼੍ਰੀ ਸਭਾਪਤੀ: ਤੁਹਾਡੀ ਗੱਲ ਆ ਗਈ ਨਾਗਰਾ ਜੀ। Thank you, Jai Krishan Ji, ਤੁਸੀਂ ਪਲੀਜ਼ continue ਕਰੋ ਜੀ। (ਵਿਘਨ)ਰੋੜੀ ਜੀ ਨੂੰ ਬੋਲ ਲੈਣ ਦਿਓ, ਕੋਈ ਡਿਸਟਰਬ ਨਾ ਕਰੇ।ਰੋੜੀ ਜੀ, address the Chair.

ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ): ਚੇਅਰਮੈਨ ਸਾਹਿਬ, ਜਿਹੜਾ ਬੰਦਾ ** ਬੋਲਦਾ, ਉਸ ਦਾ ਨਾਂ ਲੈ ਦੇਣ ।(ਵਿਘਨ)(ਸ਼ੋਰ)

ਸਰਦਾਰ ਜੈ ਕ੍ਰਿਸ਼ਨ ਸਿੰਘ: ਸਭਾਪਤੀ ਸਾਹਿਬ, ਕੀ **ਨੂੰ ** ਕਹਿਣਾ ਤੌਹੀਨ ਹੈ ਜੀ? ਮੈਨੂੰ ਜਿੰਨਾ ਸਮਾਂ ਮਿਲਿਆ, ਮੈਨੂੰ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਜਾਵੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੇ ਬੋਲ ਰਹੇ ਸਨ ਕਿ ਆਪਣੇ ਸ਼ਬਦ ਵਾਪਸ ਲਓ)

ਸ਼੍ਰੀ ਸਭਾਪਤੀ: ਰੋੜੀ ਜੀ, ਤੁਸੀਂ ਆਪਣੀ ਸਪੀਚ ਕੰਟੀਨਿਊ ਕਰੋ ਜੀ।

ਸਰਦਾਰ ਜੈ ਕ੍ਰਿਸ਼ਨ ਸਿੰਘ: ਕੱਲ੍ਹ ਇੱਥੇ (ਸਰਦਾਰ ਕੁਲਦੀਪ ਸਿੰਘ ਵੈਦ ਵੱਲ ਇਸ਼ਾਰਾ) ਸਦਨ ਵਿੱਚ ਬੈਠੇ-ਬੈਠੇ ਆਪਣੀਆਂ ਫੋਟੋ ਖਿੱਚ ਰਹੇ ਸੀ। ਸਾਡੇ ਨਾਲ ਗੱਲਾਂ ਕਰਦੇ ਹੋ। ਕੀ ਉਹ ਸਦਨ ਦੀ ਤੌਹੀਨ ਨਹੀਂ ਸੀ?

ਸ਼੍ਰੀ ਸਭਾਪਤੀ:ਰੋੜੀ ਜੀ, ਤੁਸੀਂ ਆਪਣੀ ਸਪੀਚ ਕੰਟੀਨਿਊ ਕਰੋ ਜੀ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਰ, ਤੁਸੀਂ ਇਨ੍ਹਾਂ ਨੂੰ ਕਹੋ ਕਿ interrupt ਨਾ ਕਰਨ ਜੀ। ਚੇਅਰਮੈਨ ਸਾਹਿਬ, ਕੱਲ੍ਹ ਇਨ੍ਹਾਂ ਨੇ ਵਿਧਾਨ ਸਭਾ ਦੇ ਵਿੱਚ ਬੈਠ ਕੇ ਆਪਣੀ ਸੈਲਫੀ ਲਈ ਹੈ। ਅੱਜ ਇਹ ਮੈਨੂੰ ਸਿਖਾ ਰਹੇ ਹਨ।

**Expunged ordered by the Chair.

ਚੇਅਰਮੈਨ ਸਾਹਿਬ, ਇੱਕ ਗੱਲ ਹੈ ਕਿ ਮੈਂ ਆਪਣੀ ਗੱਲ ਸ਼ੁਰੂ ਕੀਤੀ ਤੇ ਪਤਾ ਨਹੀਂ ਇਨ੍ਹਾਂ ਸਾਰਿਆਂ ਨੂੰ ਕਿਉਂ ਲੱਗਿਆ ਕਿ ਸਾਨੂੰ ** ਬੋਲਣ ਵਾਲਾ ਕਿਹਾ ਜਾ ਰਿਹਾ ਹੈ। ਉਹੀ ਬੰਦੇ ਉਠ ਕੇ ਬੋਲੇ ਹਨ। ਇੱਕ ਬੇਨਤੀ ਹੋਰ ਹੈ ਕਿ ਭਾਰਤ ਦੇ ਵਿੱਚ ਪੰਜਾਬ ਨਾਲ ਸੈਂਟਰ ਦੀ ਸਰਕਾਰ ਪੱਖਪਾਤ ਕਰਦੀ ਰਹੀ ਹੈ। ਇਹ ਗੱਲ ਬਿਲਕੁਲ ਝੁਠਲਾਈ ਨਹੀਂ ਜਾ ਸਕਦੀ ਕਿ ਪੰਜਾਬ ਦੇ ਵਿੱਚ ਦੁਆਬੇ ਦੇ ਨਾਲ ਬਹੁਤ ਵੱਡਾ ਪੱਖਪਾਤ ਹੋਇਆ। ਜਦੋਂ ਵੀ ਪੰਜਾਬ ਦੇ ਵਿੱਚ ਭਾਵੇਂ ਸੈਕਟਰੀਆਂ ਦੀਆਂ ਨਿਯੁਕਤੀਆਂ ਹੋਣ, ਭਾਵੇਂ ਪਟਵਾਰੀਆਂ ਦੀਆਂ ਨਿਯੁਕਤੀਆਂ ਹੋਣ ਭਾਵੇਂ ਕਿਸੇ ਵੀ ਡਿਪਾਰਟਮੈਂਟ ਦੀਆਂ ਨਿਯੁਕਤੀਆਂ ਹੋਈਆਂ ਹੋਣ। ਸਰ, ਹਮੇਸ਼ਾ ਮਾਲਵੇ ਦਾ ਖਿਆਲ ਰੱਖਿਆ ਗਿਆ ਹੈ, ਦੁਆਬੇ ਨੂੰ ਬਹੁਤ ਜ਼ਿਆਦਾ ਅਣਗੌਲਿਆ ਕੀਤਾ ਗਿਆ ਹੈ। ਸਵੇਰੇ ਸ੍ਰੀ ਅੰਗਦ ਸਿੰਘ ਜੀ ਗੱਲ ਕਰ ਰਹੇ ਸਨ ਕਿ ਜਿਹੜੇ ਪਟਵਾਰੀ ਸਨ, ਉਨ੍ਹਾਂ ਦੇ ਹਲਕੇ ਵਿੱਚ ਉਹ 150 ਦੇ ਵਿੱਚੋਂ 30-40 ਰਹਿ ਗਏ ਹਨ, ਸਭ ਆਪਣੀਆਂ ਬਦਲੀਆਂ ਕਰਵਾ ਕੇ ਚਲੇ ਗਏ ਹਨ। ਜੇ ਉਹ ਦੁਆਬੇ ਦੇ ਹੁੰਦੇ ਤਾਂ ਦੁਆਬੇ ਵਿੱਚ ਹੀ ਰਹਿਣੇ ਸਨ। ਜੇਕਰ ਸੜਕਾਂ ਦੀ ਗੱਲ ਕਰੀਏ, ਪਠਾਨਕੋਟ ਤੋਂ ਚੰਡੀਗੜ੍ਹ ਪਹੁੰਚਣਾ ਹੋਵੇ, ਟੋਲ ਪਲਾਜ਼ੇ ਵਾਲੀਆਂ ਸੜਕਾਂ, ਤੁਸੀਂ ਮਾਲਵੇ ਵਾਲੀਆਂ ਦੇਖ ਲਓ ਤੇ ਦੁਆਬੇ ਵਾਲੀਆਂ ਦੇਖ ਲਓ। ਉਸ ਤੋਂ ਬਾਅਦ ਦੁਆਬੇ ਵਿੱਚ ਵੀ ਜੇ ਪੱਖਪਾਤ ਕੀਤਾ ਗਿਆ ਤਾਂ ਕੰਢੀ ਏਰੀਏ ਨਾਲ ਜ਼ਿਆਦਾ ਕੀਤਾ ਗਿਆ। ਕੰਢੀ ਏਰੀਆ ਜਿੱਥੇ ਕੋਈ ਵੀ ਰੁਜ਼ਗਾਰ ਦੇ ਜ਼ਿਆਦਾ ਸਾਧਨ ਨਹੀਂ ਹਨ।ਸਾਡੇ ਸਿਹਤ ਸਹੂਲਤਾਂ ਲਈ ਵੀ ਕੋਈ ਜ਼ਿਆਦਾ ਸਾਧਨ ਨਹੀਂ ਹਨ, ਸਾਡੇ ਖੇਤੀਬਾੜੀ ਲਈ ਕੋਈ ਜ਼ਿਆਦਾ ਪਾਣੀ ਦੇ ਸਾਧਨ ਨਹੀਂ ਹਨ। ਸਾਡੇ ਇੱਕ ਬਿਸਤ ਦੁਆਬ ਨਹਿਰ ਜਾਂਦੀ ਹੈ, ਇੱਕ ਸਾਡੇ ਕੰਢੀ ਕੈਨਾਲ ਨਹਿਰ ਜਾਂਦੀ ਹੈ। ਕੰਢੀ ਕੈਨਾਲ ਜੇਕਰ ਅਸੀਂ ਨਹਿਰ ਦੇਖ ਲਈਏਤਾਂ ਉਸ ਲਈ ਮੇਰੇ ਜਨਮ ਤੋਂ ਵੀ ਪਹਿਲਾਂ ਸਰਵੇ ਹੋਏ, ਉਹ ਬਣਨੀ ਸ਼ੁਰੂ ਹੋਈ ਹੈ ਪਰ ਅੱਜ ਤੱਕ ਸਾਨੂੰ ਗੜ੍ਹਸ਼ੰਕਰ ਨੂੰ, ਹੋਰ ਜਿੰਨਾ ਵੀ ਕੰਢੀ ਏਰੀਆ ਨਹਿਰ ਨਾਲ ਲੱਗ ਰਿਹਾ ਹੈ, ਸਾਨੂੰ ਪਸ਼ੂਆਂ ਲਈ ਪਾਣੀ ਜਾਂ ਕਿਸਾਨਾਂ ਨੂੰ ਸਿੰਚਾਈ ਲਈ ਪਾਣੀ ਅੱਜ ਤੱਕ ਨਹੀਂ ਮਿਲਿਆ। ਇਹ ਦੱਸ ਦੇਣ ਕਿ ਕੀ ਇਹ ਝੂਠ ਨਹੀਂ ਹੈ? ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਨਹਿਰ ਦੇ ਨਾਲ-ਨਾਲ..... ਸਰ, ਸਾਡੇ ਏਰੀਏ ਵਿੱਚ ਪਾਣੀ ਬਹੁਤ ਡੂੰਘੇ ਹੋ ਗਏ ਹਨ। ਸਰਕਾਰੀ ਟਿਊਬਵੈੱਲ ਖਰਾਬ ਹਨ। ਕੀ ਇਹ ਝੂਠ ਹੈ ਕਿ ਸਰਕਾਰੀ ਟਿਊਬਵੈੱਲ ਖਰਾਬ ਹਨ? ਕੀ ਇਹ ਝੂਠ ਹੈ ਕਿ ਸਾਡੇ ਇਲਾਕੇ ਨੂੰ ਪਾਣੀ ਨਹੀਂ ਮਿਲ ਰਿਹਾ? ਕੀ ਇਹ ਝੂਠ ਹੈ? ਇਹ ਸੁਣਨ ਵਾਲੀ ਗੱਲ ਹੈ। ਸਾਡੇ ਸਾਬਕਾ ਮੈਂਬਰ ਪਾਰਲੀਮੈਂਟ ਸਾਹਿਬ ਨੇ ਕੇਂਦਰੀ ਮੰਤਰੀ ਸ਼੍ਰੀ ਨਿਤਿਨ ਗਡਕਰੀ ਜੀ ਨੂੰ ਲਿਆ ਕੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਉਦਘਾਟਨ ਕਰਵਾ ਦਿੱਤਾ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਜਾਣ ਵਾਲੀ ਸੜਕ ਚਹੁੰ ਮਾਰਗੀ ਕੀਤੀ ਜਾਵੇਗੀ, ਵੱਡੀ ਕੀਤੀ ਜਾਵੇਗੀ। ਦੱਸੋ ਕੀ ਇਹ ਝੂਠ ਹੈ? ਸਰ, ਇਹ ਬਿਲਕੁਲ ਝੂਠ ਬੋਲਿਆ ਗਿਆ ਹੈ। ਸਰ, ਉਸ ਤੋਂ ਬਾਅਦ ਕਿਹਾ ਗਿਆ ਕਿ ਇਸ ਨੂੰ ਵਾਰ ਵਾਰ ਬਣਾਵਾਂਗੇ, ਇਸ ਨੂੰ ਰੀ-ਕਾਰਪੇਟ ਕਰਾਵਾਂਗੇ। ਫਿਰ ਆਰਡਰ ਹੋ ਗਏ। ਸਰ, ਮੈਂ ਅੱਜ ਤੱਕ ਇਹ ਬਣਦੀ ਜਾਂ ਸ਼ੁਰੂ ਹੁੰਦੀ ਨਹੀਂ ਦੇਖੀ।

ਸ਼੍ਰੀ ਸਭਾਪਤੀ: ਰੋੜੀ ਸਾਹਿਬ, ਪਲੀਜ਼ ਕਨਕਲੂਡ, ਤੁਹਾਡਾ ਟਾਈਮ ਹੋ ਗਿਆ ਹੈ।

ਸਰਦਾਰ ਜੈ ਕ੍ਰਿਸ਼ਨ ਸਿੰਘ: ਹਾਲੇ ਤਾਂ ਗੱਲ ਸ਼ੁਰੂ ਹੀ ਨਹੀਂ ਹੋਈ ਜੀ।

ਸ਼੍ਰੀ ਸਭਾਪਤੀ: ਜਿੰਨਾ ਪਾਰਟੀ ਨੇ ਤੁਹਾਡੇ ਲਈ ਟਾਈਮ ਮੰਗਿਆ ਸੀ......

ਸਰਦਾਰ ਜੈ ਕ੍ਰਿਸ਼ਨ ਸਿੰਘ: ਜਿੰਨਾ ਮੈਨੂੰ ਇੰਟਰੱਪਟ ਕੀਤਾ ਗਿਆ, ਉਨਾ ਕੁ ਹੋਰ ਟਾਈਮ ਤਾਂ ਦੇ ਦਿਉ।

ਸ਼੍ਰੀ ਸਭਾਪਤੀ: ਚਲੋ, ਲੈ ਲਉ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਰ, ਇੱਕ ਬੇਨਤੀ ਹੈ ਕਿ ਜੇਕਰ ਅਸੀਂ ਟਰਾਂਸਪੋਰਟ ਦੀ ਗੱਲ ਕਰੀਏ ਤਾਂ ਮੇਰੇ ਸਾਹਮਣੇ ਬੈਠੇ ਹੋਏ ਸਰਕਾਰ ਦੇ ਮੈਂਬਰ ਸਾਹਿਬਾਨ ਦੱਸ ਦੇਣ ਕਿ ਜਿਹੜੀਆਂ ਪਿਛਲੇ 10 ਸਾਲਾਂ ਵਿੱਚ ਪੰਜਾਬ ਦੀਆਂ ਸੜਕਾਂ ਤੇ ਇਲੀਗਲ ਬੱਸਾਂ ਚਲਦੀਆਂ ਸਨ, ਕੀ ਉਹ ਚੱਲਣੀਆਂ ਬੰਦ ਹੋ ਗਈਆਂ? ਦੱਸ ਦਿਉ ਜੀ? ਨਹੀਂ ਬੰਦ ਹੋਈਆਂ। ਸਰ, ਇੱਕ ਵੀ ਬੰਦ ਨਹੀਂ ਹੋਈ ਸਗੋਂ ਉਨ੍ਹਾਂ ਨਾਲ ਹੋਰ ਵੀ ਚਲਾਈਆਂ ਜਾ ਰਹੀਆਂ ਹਨ। ਗੜ੍ਹਸ਼ੰਕਰ ਅਤੇ ਨਵਾਂ ਸ਼ਹਿਰ ਵਿੱਚ ਸਰਕਾਰ ਦੀ ਕੋਈ ਟਾਂਵਾ-ਟਾਂਵਾ ਬੱਸ ਹੀ ਦਿਸਦੀ ਹੈ। ਸਰ, ਸਾਨੂੰ ਤਾਂ ਆਪਣੀ ਸਰਕਾਰੀ ਬੱਸ ਚਲਦੀ ਨਹੀਂ ਦਿਸਦੀ। ਸਰ, ਸਾਲ 2006 ਵਿੱਚ ਕੈਪਟਨ ਸਾਹਿਬ ਨੇ ਮਕੈਨਿਕਾਂ ਦੀ, ਮਿਸਤਰੀਆਂ ਦੀ, ਡਰਾਈਵਰਾਂ ਦੀ ਅਤੇ ਕੰਡਕਟਰਾਂ ਦੀ ਭਰਤੀ ਕੀਤੀ ਸੀ। ਪਰ ਸਰ, ਗੱਲ ਕੀ ਹੋਈ?674 ਬੰਦੇ ਰੱਖੇ ਸਨ। ਮਿਤੀ 02.08.2014 ਨੂੰ ਇਨ੍ਹਾਂ ਖੱਬੇ ਪਾਸੇ ਵਾਲਿਆਂ ਦੀ ਸਰਕਾਰ ਨੇ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਉਨ੍ਹਾਂ ਨੂੰ ਕੱਢ ਦਿੱਤਾ। ਕੱਢਣ ਤੋਂ ਬਾਅਦ ਉਹ ਬੰਦੇ ਹਾਈ ਕੋਰਟ ਚਲੇ ਗਏ, ਸਾਲ 2015 ਵਿੱਚ ਉਨ੍ਹਾਂ ਨੇ ਕੇਸ ਕੀਤਾ। ਇਸ ਤੋਂ ਬਾਅਦ ਮਿਤੀ 21.11.2019 ਨੂੰ ਉਨ੍ਹਾਂ ਦੇ ਹੱਕ ਵਿੱਚ ਹਾਈ ਕੋਰਟ ਨੇ ਫੈਸਲਾ ਦੇ ਦਿੱਤਾ। ਕਿਉਂਕਿ ਪੰਜਾਬ ਦੀਆਂ ਸੜਕਾਂ ਤੇ ਸਾਰੇ ਪਾਸੇ ਲਿਖਿਆ ਸੀ ਕਿ ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ...... ਮੈਂ ਸਰ, ਆਖਰੀ ਗੱਲ ਕਹਿਣ ਲੱਗਾ ਹਾਂ ਜੀ। ਕਿਉਂਕ ਲੋਕ ਕਹਿੰਦੇ ਹਨ ਕਿ ਹੁਣ ਕੈਪਟਨ ਸਾਹਿਬ ਪਹਿਲਾਂ ਵਾਲੇ ਨਹੀਂ ਰਹੇ। ਸਰ, ਇਨ੍ਹਾਂ ਨੇ ਤਾਂ ਨੌਕਰੀ ਦਿੱਤੀ ਸੀ। ਪਰ ਹੁਣ ਸਰਕਾਰ ਇਨ੍ਹਾਂ ਦੇ ਖਿਲਾਫ, ਜਿਹੜੇ ਕੇਸ ਜਿੱਤੇ ਹਨ, ਸੁਪਰੀਮ ਕੋਰਟ.........

ਸ਼੍ਰੀ ਸਭਾਪਤੀ:ਸਰਦਾਰਸਿਮਰਜੀਤ ਸਿੰਘ ਬੈਂਸ, ਇਨ੍ਹਾਂ ਤੋਂ ਬਾਅਦ ਬੋਲਣਗੇ।

ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ): ਪੁਆਇੰਟ ਆਫ ਆਰਡਰ, ਸਰ। ਇਹ ਕੈਪਟਨ ਸਾਹਿਬ ਨੂੰ ਜਾ ਕੇ ਮਿਲ ਲੈਣ, ਉਹ ਪਹਿਲਾਂ ਵਾਲੇ ਹੀ ਹਨ, ਕੋਈ ਫਰਕ ਨਹੀਂ ਹੈ।

ਸਰਦਾਰ ਜੈ ਕ੍ਰਿਸ਼ਨ ਸਿੰਘ: ਫਿਰ ਕੈਪਟਨ ਸਾਹਿਬ ਨੇ ਜਿਹੜੇ ਬੰਦੇ ਰੱਖੇ ਸਨ, ਉਨ੍ਹਾਂ ਨੂੰ ਹੁਣ ਵੀ ਰੱਖ ਲਉ। ਫਿਰ ਉਨ੍ਹਾਂ ਦੇ ਖਿਲਾਫ ਤੁਸੀਂ ਸੁਪਰੀਮ ਕੋਰਟ ਕਿਉਂ ਜਾ ਰਹੇ ਹੋ?

ਸ਼੍ਰੀ ਸਭਾਪਤੀ: ਰੋੜੀ ਜੀ, ਵਾਈਂਡ ਅੱਪ ਕਰ ਦਿਉ, ਫਿਰ ਸਿਮਰਜੀਤ ਬੈਂਸ ਜੀ ਬੋਲਣਗੇ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਰ, ਇੱਕ ਬੇਨਤੀ ਹੈ ਕਿਇੱਥੇ ਹਸਪਤਾਲਾਂ ਦੀ ਅਤੇ ਸਿਹਤ ਦੀ ਬੜੀ ਗੱਲ ਕੀਤੀ ਗਈ। ਗੜ੍ਹਸ਼ੰਕਰ ਵਿੱਚ ਇੱਕ ਹਸਪਤਾਲ ਹੈ, ਜਿਸ ਵਿੱਚ ਨਾ ਡਾਕਟਰ ਹੈ, ਨਾ ਐਂਬੂਲੈਂਸ ਹੈ। ਸਵੇਰੇ ਵੀ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ......

ਸ਼੍ਰੀ ਸਭਾਪਤੀ:ਹਾਂ ਜੀ, ਸਿਮਰਜੀਤ ਬੈਂਸ ਜੀ।

ਸਰਦਾਰ ਜੈ ਕ੍ਰਿਸ਼ਨ ਸਿੰਘ: ਸਰ, ਮੇਰੀ ਗੱਲ ਪੂਰੀ ਹੋ ਲੈਣ ਦਿਉ।

ਸ਼੍ਰੀ ਸਭਾਪਤੀ: ਨਹੀਂ, ਤੁਹਾਡਾ ਟਾਈਮ ਹੋ ਗਿਆ ਹੈ।

ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮਨਗਰ): ਸ਼ੁਕਰੀਆ ਸਰ, ਬੜੀ ਮਿਹਰਬਾਨੀ, ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬੋਲਣ ਦਾ ਸਮਾਂ ਦਿੱਤਾ। ਮੈਂ ਤੁਹਾਡਾ ਰਿਣੀ ਹਾਂ। ਸਰ, ਮੈਂ ਚੰਦ ਗੱਲਾਂ ਸਿਰਫ ਉਹ ਕਰਨੀਆਂ ਹਨ ਜਿਨ੍ਹਾਂ ਦੀ ਹਾਊਸ ਵਿੱਚ ਅਕਸਰ ਬੜੀ ਚਰਚਾ ਹੁੰਦੀ ਹੈ। ਉਹ ਗੱਲ ਵੀ ਕਰਨੀ ਹੈ ਜਿਹੜੀ ਪੰਜਾਬੀਆਂ ਦੇ ਮੱਥੇ ਤੇ ਪੂਰੇ ਵਿਸ਼ਵ ਵਿੱਚ ਕਲੰਕ ਬਣੀ ਹੋਈ ਹੈ, ਚਿੱਟੇ ਦਾ ਮਸਲਾ। ਜਿਸ ਕਰਕੇ ਰੋਜ਼ ਅਖਬਾਰਾਂ ਵਿੱਚ 3-3, 4-4, 5-5 ਨੌਜਵਾਨਾਂ ਦੀਆਂ ਫੋਟੋਆਂ ਛਪਦੀਆਂ ਹਨ, ਜਿਹੜੇ ਚਿੱਟੇ ਨਾਲ ਇਸ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ। ਸਾਡੀ ਉਹ ਮਹਾਨ ਕੌਮ, ਪੰਜਾਬੀ ਸੂਰਬੀਰ, ਜਿਨ੍ਹਾਂ ਦੀ ਬਦੌਲਤ, ਜਦੋਂ ਅਸੀਂ ਸੈਕਿੰਡ ਵਰਲਡ ਵਾਰ ਦੀ ਹਿਸਟਰੀ ਪੜ੍ਹਦੇ ਹਾਂ ਤਾਂ ਗੋਰੇ ਪੰਜਾਬ ਦੇ ਵਿੱਚੋਂ ਪੰਜਾਬੀ ਨੌਜਵਾਨ ਭਰਤੀ ਕਰਕੇ ਲੈ ਕੇ ਗਏ। ਪੰਜਾਬੀ ਨੌਜਵਾਨਾਂ ਦੇ ਬਲਬੂਤੇ ਉਨ੍ਹਾਂ ਨੇ ਸੈਕਿੰਡ ਵਰਲਡ ਵਾਰ ਜਿੱਤੀ। ਸਰ, ਬੜੀ ਆਸ ਅਤੇ ਉਮੀਦ ਦੀ ਕਿਰਨ ਪੈਦਾ ਹੋਈ ਜਦੋਂ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਸਾਲ 2017 ਵਿੱਚ ਪਵਿੱਤਰ ਗੁਟਕਾ ਸਾਹਿਬ ਹੱਥ ਵਿੱਚ ਫੜ ਕੇ ਸਹੁੰ ਚੁੱਕੀ ਕਿ ਮੈਂ ਚਾਰ ਹਫਤਿਆਂ ਵਿੱਚ ਪੰਜਾਬ ਵਿੱਚੋਂ ਨਸ਼ਾ ਖਤਮ ਕਰਾਂਗਾ। ਬੜੀ ਉਮੀਦ ਤੇ ਆਸ ਪੈਦਾ ਹੋਈ।ਸਰ, ਹੁਣ ਰੋਜ਼ ਇੱਥੇ ਜਦੋਂ ਕੋਈ ਇਸ਼ੂ ਆਉਂਦਾ ਹੈ ਤਾਂ ਇੱਕ ਸੱਜਣ ਦੇ ਉਤੇ ਜਿਹੜਾ ਹੁਣ ਗੈਰ-ਹਾਜ਼ਰ ਹੈ, ਸਤਿਕਾਰਯੋਗ ਸਾਡਾ ਮੈਂਬਰ, **। **।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਕੰਵਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸਭਾਪਤੀ: ਚੁੱਪ ਕਰ ਜਾਓ ਜੀ।

ਸਰਦਾਰ ਕੰਵਰਜੀਤ ਸਿੰਘ: **।

ਸ਼੍ਰੀ ਸਭਾਪਤੀ: ਨੋ ਪੁਆਇੰਟ ਆਫ ਆਰਡਰ ਜੀ। ਬੈਠ ਜਾਓ।

ਸਰਦਾਰ ਸਿਮਰਜੀਤ ਸਿੰਘ ਬੈਂਸ: ਮੈਂ ਆਪੇ ਦੱਸ ਦਿੰਦਾ ਹਾਂ।

**Expunged as ordered by the Chair/Hon'ble Speaker

ਸਰਦਾਰ ਕੰਵਰਜੀਤ ਸਿੰਘ: **।

ਸ਼੍ਰੀ ਸਭਾਪਤੀ: ਬੈਠ ਜਾਓ, ਬੈਠ ਜਾਓ, ਨੋ ਪੁਆਇੰਟ ਆਫ ਆਰਡਰ। ਬੈਠ ਜਾਓ।

ਸਰਦਾਰ ਸਿਮਰਜੀਤ ਸਿੰਘ ਬੈਂਸ: ਮੈਂ ਆਪੇ ਦੱਸ ਦਿੰਦਾ ਹਾਂ, ਮੇਰੀ ਤਾਂ ਸਨਿਮਰ ਬੇਨਤੀ ਹੈ ਕਿ ਇਹ ਜਿਹੜੀ ਰੋਜ਼ ਦੀ ਚਰਚਾ ਹੈ, ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਹੈ ਕਿ ਇਨ੍ਹਾਂ ਨੇ ਇੱਕ ਇਮਾਨਦਾਰ ਆਈ.ਪੀ.ਐਸ. ਅਫਸਰ ਲਿਆਂਦਾ। ਇਨ੍ਹਾਂ ਨੇ ਐਸ.ਟੀ.ਐਫ. ਬਣਾਈ ਅਤੇ ਇਨ੍ਹਾਂ ਦੇ ਅਧਿਕਾਰੀ ਦੀ ਐਸ.ਟੀ.ਐਫ. ਦੀ ਰਿਪੋਰਟ ਕਾਂਗਰਸ ਪਾਰਟੀ ਦੇ ਵਜ਼ੀਰ ਨੇ ਮੀਡੀਆ ਨੂੰ ਪੜ੍ਹ ਕੇ ਸੁਣਾਈ ਜਿਸ ਵਿੱਚ ਪ੍ਰਮੁੱਖਤਾ ਦੇ ਨਾਲ ** ਦਾ ਨਾਂ ਆਇਆ ਸੀ ਅਤੇ ਉਸ ਰਿਪੋਰਟ ਵਿੱਚ, ਉਹ ਸੱਜਣ ਜਿਹੜੇ ਜੇਲ੍ਹ ਵਿੱਚ ਨਸ਼ਾ ਤਸਕਰੀ ਕਰਕੇ ਆਏ, ਚਾਹੇ ਉਹ ** ਸਨ। ਸਰ, ** ਦੇ 35 ਲੱਖ ਰੁਪਏ ਜਿਹੜੇ ਚਿੱਟੇ ਦੀ ਕਮਾਈ ਦੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਰਦਾਰ ਕੰਵਰਜੀਤ ਸਿੰਘ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਸ਼੍ਰੀ ਸਭਾਪਤੀ: ਉਨ੍ਹਾਂ ਦਾ ਟਾਈਮ ਥੋੜ੍ਹਾ ਹੈ, ਇੱਕ ਮਿੰਟ, ਬੈਂਸ ਸਾਹਿਬ ਨੂੰ ਬੋਲ ਲੈਣ ਦਿਓ। ਮੈਂ ਤੁਹਾਨੂੰ ਬਾਅਦ ਵਿੱਚ ਟਾਈਮ ਦਿੰਦਾ ਹਾਂ। ਮੈਂ ਟਾਈਮ ਦਿੰਦਾ ਹਾਂ, ਬੈਠ ਜਾਓ। ਚੰਦੂਮਾਜਰਾ ਜੀ, ਪਲੀਜ਼ ਬੈਠ ਜਾਓ। ਇਨ੍ਹਾਂ ਨੂੰ ਕੰਟੀਨਿਊ ਕਰਨ ਦਿਓ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਜਿਹੜਾ ਇਹ ਇੰਟਰੱਪਟ ਕਰਦੇ ਹਨ, ਇਹ ਕੱਟ ਦਿਓ ਜੀ। ਸਰ, ਉਹ ਰਿਪੋਰਟ ਮੇਰੀ ਨਹੀਂ ਹੈ, ਇੱਕ ਇਮਾਨਦਾਰ ਆਈ.ਪੀ.ਐਸ. ਅਧਿਕਾਰੀ ਦੀ ਤਿਆਰ ਕੀਤੀ ਹੋਈ ਰਿਪੋਰਟ ਹੈ।

ਸ਼੍ਰੀ ਸਭਾਪਤੀ: ਸਿਮਰਜੀਤ ਸਿੰਘ ਬੈਂਸ ਜੀ, ਪਲੀਜ਼ ਚੇਅਰ ਨੂੰ ਐਡਰੈਸ ਕਰੋ ਤੇ ਗਵਰਨਰ ਐਡਰੈਸ ਤੇ concentrate ਕਰੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਮੈਂ ਤੁਹਾਨੂੰ ਐਡਰੈਸ ਕਰ ਰਿਹਾ ਹਾਂ ਜੀ। ਉਸ ਰਿਪੋਰਟ ਵਿੱਚ 35 ਲੱਖ ਰੁਪਏ ਬਾਰੇ ਕਿਹਾ ਗਿਆ ਹੈ।

ਸ਼੍ਰੀ ਸਭਾਪਤੀ:**ਨੂੰ ਐਕਸਪੰਜ ਕਰ ਦਿਓ।

**Expunged/Not recorded as ordered by the Chair

ਸਰਦਾਰ ਸਿਮਰਜੀਤ ਸਿੰਘ ਬੈਂਸ: ਠੀਕ ਹੈ ਜੀ, ਕਰ ਦਿਓ। ਜਿਹੜਾ ਕੁਝ ਹੋਰ ਵੀ ਤੁਹਾਨੂੰ ਲਗੇਗਾ, ਉਹ ਵੀ ਐਕਸਪੰਜ ਕਰ ਦਿਓ। ਸਰ, ਉਸ ਵਿੱਚੋਂ 35 ਲੱਖ ਰੁਪਏ ** ਨੂੰ ਜਾਂਦਾ ਹੈ। (ਵਿਘਨ) ਸਰ, ਇਨ੍ਹਾਂ ਨੂੰ ਚੁੱਪ ਕਰਵਾਓ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਰਦਾਰ ਕੰਵਰਜੀਤ ਸਿੰਘ, ਸ਼੍ਰੀ ਐਨ.ਕੇ. ਸ਼ਰਮਾ ਅਤੇ ਸ਼੍ਰੀ ਬਲਦੇਵ ਸਿੰਘ ਖਹਿਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੋਸਟਰ ਲਹਿਰਾ ਰਹੇ ਸਨ ਅਤੇ ਬਿਨਾਂ ਇਜਾਜ਼ਤ **ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸ਼੍ਰੀ ਸਭਾਪਤੀ: ਪਲੀਜ਼ ਇਨ੍ਹਾਂ ਨੂੰ ਬੋਲਣ ਦਿਓ, ਇਨ੍ਹਾਂ ਦਾ ਟਾਈਮ ਥੋੜ੍ਹਾ ਹੈ। ਰੋਜ਼ੀ ਬਰਕੰਦੀ ਜੀ, ਤੁਸੀਂ ਬਾਅਦ ਵਿੱਚ ਬੋਲ ਲੈਣਾ।

ਸਰਦਾਰ ਸਿਮਰਜੀਤ ਸਿੰਘ ਬੈਂਸ: ਇਹ ਬਾਅਦ ਵਿੱਚ ਬੋਲ ਲੈਣ ਜੀ।

ਸ਼੍ਰੀ ਸਭਾਪਤੀ: ਚੰਦੂਮਾਜਰਾ ਜੀ, ਇਨ੍ਹਾਂ ਨੂੰ ਪਲੀਜ਼ ਬੋਲ ਲੈਣ ਦਿਓ, ਮੈਂਬਰ ਸਾਹਿਬ ਕੋਲ ਟਾਈਮ ਥੋੜ੍ਹਾ ਹੈ। ਤੁਹਾਡੀ ਗੱਲ ਆ ਚੁੱਕੀ ਹੈ, ਬੈਠ ਜਾਓ। (ਵਿਘਨ) ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾਂਦਾ ਹੈ, ਉਹ ਐਕਸਪੰਜ ਕੀਤਾ ਜਾਵੇ। ਬੈਠ ਜਾਓ ਜੀ, ਸ਼ਰਮਾ ਜੀ, ਪਲੀਜ਼ ਇਨ੍ਹਾਂ ਨੂੰ ਬੋਲ ਲੈਣ ਦਿਓ, ਤੁਹਾਨੂੰ ਬਾਅਦ ਵਿੱਚ ਮੌਕਾ ਮਿਲ ਜਾਵੇਗਾ। ਬੈਂਸ ਸਾਹਿਬ, ਤੁਸੀਂ ਕੰਟੀਨਿਊ ਕਰੋ, ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, 35 ਲੱਖ ਰੁਪਏ ** ਨੂੰ ਜਾਂਦਾ ਹੈ। ਸਰ, ਇਹ ਰਿਪੋਰਟ ਕਹਿ ਰਹੀ ਹੈ, ਜਿਹੜਾ ਬੰਦਾ ਚਿੱਟੇ ਦੀ ਕਮਾਈ ਦਾ 35 ਲੱਖ ਰੁਪਿਆ ** ਨੂੰ ਦੇ ਰਿਹਾ ਹੈ, ਉਸ ਬੰਦੇ ਦੀ ਪ੍ਰੋਪਰਟੀ ਅਟੈਚ ਹੁੰਦੀ ਹੈ ਪਰ ** ਦਾ..... (ਵਿਘਨ, ਸ਼ੋਰ) ਸਰ, ਇਨ੍ਹਾਂ ਨੂੰ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਬਿਠਾਓ ਜੀ, ਪੂਰੀ ਗੱਲ ਤਾਂ ਸੁਣਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਪੋਸਟਰ ਲਹਿਰਾ ਰਹੇ ਸਨ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

ਸ਼੍ਰੀ ਸਭਾਪਤੀ: ਬੈਂਸ ਸਾਹਿਬ, ਗਵਰਨਰ ਐਡਰੈਸ ਤੇ ਰਹੋ, ਪਲੀਜ਼।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਪਹਿਲਾਂ ਇਨ੍ਹਾਂ ਨੂੰ ਬਿਠਾਓ ਜੀ।

**Expunged as ordered by the Hon'ble Speaker

ਸ਼੍ਰੀ ਸਭਾਪਤੀ: ਤੁਸੀਂ ਬੋਲੀ ਚਲੋ, ਮੈਂ ਬਿਠਾਉਂਦਾ ਹਾਂ। ਟੀਨੂ ਜੀ, ਪਲੀਜ਼ ਬੈਠ ਜਾਓ, ਇਨ੍ਹਾਂ ਨੂੰ ਬੋਲ ਲੈਣ ਦਿਓ। ਤੁਹਾਨੂੰ ਬੋਲਣ ਦਾ ਮੌਕਾ ਦਿਆਂਗੇ। ਪਲੀਜ਼, ਟੀਨੂ ਜੀ, ਬੈਠ ਜਾਓ। ਤੁਹਾਡੀ ਗੱਲ ਆ ਚੁੱਕੀ ਹੈ। ਉਸ ਦਿਨ ਵੀ ਆਈ ਸੀ। ਟੀਨੂ ਜੀ, don't interrupt, let him speakਥੋੜ੍ਹਾ ਟਾਈਮ ਹੈ, ਉਨ੍ਹਾਂ ਦਾ ਸਮਾਂ ਬੜਾ ਥੋੜ੍ਹਾ ਹੈ। ਪਲੀਜ਼ ਬੈਠ ਜਾਓ, ਤੁਹਾਨੂੰ ਆਲਰੇਡੀ ਮੌਕਾ ਮਿਲ ਚੁੱਕਾ ਹੈ। ਬੈਂਸ ਸਾਹਿਬ, ਕੰਟੀਨਿਊ ਕਰੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਸ਼ੁਕਰੀਆ, ਬੜੀ ਮੇਹਰਬਾਨੀ। ਸਰ, ਹੁਣ ਉਹ 35 ਲੱਖ ਰੁਪਿਆ ** ਨੂੰ ਚਿੱਟੇ ਦੀ ਕਮਾਈ ਵਿੱਚੋਂ ** ਦੇ ਰਿਹਾ ਹੈ। ਇਹ ਮੈਂ ਨਹੀਂ ਕਹਿ ਰਿਹਾ ਹਾਂ, ਇਹ ਰਿਪੋਰਟ ਕਹਿ ਰਹੀ ਹੈ। ਉਸ ** ਦੀ ਪ੍ਰੋਪਰਟੀ ਅਟੈਚ ਕਰਨ ਦੇ ਆਰਡਰ ਹੁੰਦੇ ਹਨ ਪਰ ** ਦਾ ਵਾਲ ਵੀ ਵਿੰਗਾ ਨਹੀਂ ਹੋਇਆ ਜੀ। (ਵਿਘਨ, ਸ਼ੋਰ) ਸਰ, ਗੱਲ ਤਾਂ ਕਰ ਲੈਣ ਦਿਓ ਜੀ।

ਸ਼੍ਰੀ ਸਭਾਪਤੀ: ਬੈਂਸ ਸਾਹਿਬ, ਪਲੀਜ਼, ਤੁਸੀਂ ਕੰਟਰੋਵਰਸੀ ਵਿੱਚ ਨਾ ਆਓ, ਪਲੀਜ਼ ਕੰਟੀਨਿਊ ਕਰੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਕੰਟਰੋਵਰਸੀ ਵਿੱਚ ਇਹ ਆਉਂਦੇ ਹਨ, ਮੈਂ ਨਹੀਂ ਆਉਂਦਾ ਜੀ।

ਸ਼੍ਰੀ ਸਭਾਪਤੀ:ਬਾਕੀ ਮੈਂਬਰਜ਼ ਬੈਠ ਜਾਓ। ਬੈਂਸ ਸਾਹਿਬ, ਆਪਣੀ ਗੱਲ ਰੱਖੋ ਜੀ, ਪਲੀਜ਼।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਅਫਸੋਸ ਇਸ ਗੱਲ ਦਾ ਹੈ ਕਿ....(ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਕੰਵਰਜੀਤ ਸਿੰਘ, ਸ਼੍ਰੀ ਐਨ.ਕੇ. ਸ਼ਰਮਾ ਅਤੇ ਸਰਦਾਰ ਮਨਪ੍ਰੀਤ ਸਿੰਘ ਇਆਲੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਸਰਦਾਰ ਕੰਵਰਜੀਤ ਸਿੰਘ: ਸਰ, ਪੁਆਇੰਟ ਆਫ ਆਰਡਰ।

ਸ਼੍ਰੀ ਸਭਾਪਤੀ: ਚਲੋ, ਰੋਜ਼ੀ ਬਰਕੰਦੀ ਜੀ, ਬਾਕੀਆਂ ਨੂੰ ਬਿਠਾ ਦਿਉ ਅਤੇ ਤੁਸੀਂ ਬੋਲ ਲਵੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਉਹ 35 ਲੱਖ ਰੁਪਏ ਲੈਣ ਵਾਲੇ ਸੱਜਣ ਦਾ ਵਾਲ ਵੀ ਵਿੰਗਾ ਨਹੀਂ ਹੋਇਆ।(ਵਿਘਨ..ਸ਼ੋਰ)

ਸ਼੍ਰੀ ਸਭਾਪਤੀ:ਹਾਂ ਜੀ, ਪੁਆਇੰਟ ਆਫ ਆਰਡਰ ਰੋਜ਼ੀ ਬਰਕੰਦੀ ਜੀ।

ਸਰਦਾਰ ਕੰਵਰਜੀਤ ਸਿੰਘ: ਚੇਅਰਮੈਨ ਸਾਹਿਬ, ਮੈਂ ਸਾਡੇ ਮਾਨਯੋਗ ਮੈਂਬਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਰਿਪੋਰਟ ਦੀ ਗੱਲ ਕਰ ਰਹੇ ਹਨ, ਜੇ ਉਹ ਰਿਪੋਰਟ ਕੰਫੀਡੈਂਸ਼ਿਅਲ ਸੀ ਤਾਂ ਇਨ੍ਹਾਂ ਦੇ

ਕੋਲ ਕਿੱਥੋਂ ਆਈ? ਦੂਜੀ ਗੱਲ, ਇਨ੍ਹਾਂ ਨੂੰ ਕੋਈ ਹੋਰ ਕੰਮ ਤਾਂ ਹੈ ਨਹੀਂ।ਇਹ ਪਿਛਲੇ ਤਿੰਨ ਸਾਲ ਤੋਂ ਚਿੱਟੇ ਦੀ ਗੱਲ ਹੀ ਕਰਦੇ ਹਨ। ਆਹ ਦੇਖੋ, ਸਾਹਿਲ ਸ਼ਰਮਾ ਜਿਸ ਨੇ ਹੁਣ ਸਭ ਤੋਂ ਵੱਡਾ ਡਰੱਗ ਦਾ ਰੈਕਿਟ ਅੰਮ੍ਰਿਤਸਰ ਵਿੱਚ ਕੀਤਾ, ਜੋ ਕਿੰਗ-ਪਿੰਨ ਹੈ, ਉਸ ਨੇ ਆਪਣੀ facebook ਪੋਸਟ ਤੇ ਕੀ ਲਿਖਿਆ ਹੈ?

ਆਹ ਬੈਂਸ ਸਾਹਿਬ ਨਾਲ ਖੜ੍ਹੇ ਹਨ। (ਇਸ ਸਮੇਂ ਸਰਦਾਰ ਕੰਵਰਜੀਤ ਸਿੰਘ ਕੁਝ ਫੋਟੋਆਂ ਸ਼੍ਰੀ ਸਭਾਪਤੀ ਜੀ ਨੂੰ ਦਿਖਾ ਰਹੇ ਸਨ।) ਉਸ ਨੇ ਲਿਖਿਆ ਹੈ:"with the future of Ludhiana and our big brother for life. Hon'ble M.P. of Ludhiana Sardar Simarjeet Singh Bains with Harjit AS Lucky and 8 others. "

ਇਹ ਚਿੱਟੇ ਦੀਆਂ ਗੱਲਾਂ ਕਰਦੇ ਹਨ।

ਸ਼੍ਰੀ ਸਭਾਪਤੀ:ਰੋਜ਼ੀ ਬਰਕੰਦੀ ਜੀ। (ਵਿਘਨ..ਸ਼ੋਰ)...

ਸਰਦਾਰ ਕੰਵਰਜੀਤ ਸਿੰਘ: ਇੱਕ ਮਿੰਟ ਸਰ, ਇੱਕ ਮਿੰਟ ਟਾਈਮ ਦੇ ਦਿਉ, ਇੱਕ ਮਿੰਟ ਪਲੀਜ਼। ਸਰ, ਦੇਖੋ ਇਨ੍ਹਾਂ ਨੇ ਕੌਂਸਲਰ ਖੜ੍ਹਾ ਕੀਤਾ, ਉਸ ਦੀਆਂ ਫੋਟੋਆਂ ਇਨ੍ਹਾਂ ਦੇ ਨਾਲ ਹਨ। (ਵਿਘਨ..ਸ਼ੋਰ)...

ਸ਼੍ਰੀ ਸਭਾਪਤੀ:ਰੋਜ਼ੀ ਬਰਕੰਦੀ ਜੀ, ਤੁਹਾਡੀ ਗੱਲ ਆ ਗਈ।

ਸਰਦਾਰ ਕੰਵਰਜੀਤ ਸਿੰਘ: ਇੱਕ ਮਿੰਟ ਸਰ, ਉਸ ਨੂੰ ਇਨਕਲਾਬੀ ਯੋਧਾ ਕਹਿ ਕੇ ਇਨ੍ਹਾਂ ਨੇ ਜ਼ਿੰਮੇਵਾਰੀ ਲਈ। (ਵਿਘਨ..ਸ਼ੋਰ)...

ਸ਼੍ਰੀ ਸਭਾਪਤੀ: ਬੈਂਸ ਜੀ, ਇਨ੍ਹਾਂ ਦੀ ਗੱਲ ਆ ਗਈ ਹੈ, ਤੁਸੀਂ ਕੰਟੀਨਿਊ ਕਰੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਬੜਾ ਸ਼ੁਕਰੀਆ, ਬੜੀ ਮਿਹਰਬਾਨੀ। ਸਤਿਕਾਰਯੋਗ ਦੋਸਤ ਇਹ ਕਹਿ ਰਿਹਾ ਹੈ ਕਿ ਮੈਂ ਤਿੰਨ ਸਾਲ ਤੋਂ ਲਗਾਤਾਰ ਚਿੱਟੇ ਦੀ ਗੱਲ ਕਰ ਰਿਹਾ ਹਾਂ। ਸਰ, ਮੈਂ ਉਸ ਦੀ ਸਮਾਪਤੀ ਚਾਹੁੰਦਾ ਹਾਂ। ਇੱਥੇ ਸਦਨ ਦਾ ਟਾਈਮ ਖਰਾਬ ਨਾ ਹੋਵੇ, ਉਹ ਲੋਕ....

ਸ਼੍ਰੀ ਸਭਾਪਤੀ:ਬੈਂਸ ਸਾਹਿਬ, ਪਲੀਜ਼ ਗਵਰਨਰ ਐਡਰੈਸ ਤੇ ਰਹੋ।

ਸਰਦਾਰ ਸਿਮਰਜੀਤ ਸਿੰਘ ਬੈਂਸ: ਹਾਂ ਜੀ, ਗਵਰਨਰ ਐਡਰੈਸ ਵਿੱਚ ਨਸ਼ਿਆਂ ਬਾਰੇ ਹੈ, ਮੈਂ ਉਸ ਤੇ ਹੀ ਬੋਲ ਰਿਹਾ ਹਾਂ। ਮੈਂ ਇਹ ਕਹਿੰਦਾ ਹਾਂ ਕਿ ਰੋਜ਼-ਰੋਜ਼ ਚਿੱਟੇ ਦੀ ਕਹਾਣੀ ਇਸ ਮਹਾਨ ਸਦਨ ਦਾ ਟਾਈਮ ਵੇਸਟ ਕਰਦੀ ਹੈ, ਮਤਲਬ ਜਿਹੜੇ ਅਸਲ ਦੋਸ਼ੀ ਹਨ, ਉਹ ਫੜ੍ਹੇ ਜਾਣ। ਹੁਣ ਮੈਂ ਫਿਰ ਉਹੀ ਗੱਲ ਕਰਦਾ

ਹਾਂ ਕਿ ** ਦਾ 35 ਲੱਖ ਰੁਪਏ ਦਾ ਰਿਪੋਰਟ ਵਿੱਚ ਆਇਆ। ਹੁਣ ਜਿਹੜੇ ਬੰਦੇ ਨੇ ਚਿੱਟਾ ਵੇਚ ਕੇ 35 ਲੱਖ ਰੁਪਿਆ ਦਿੱਤਾ, ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਸਰ, ਅੱਗੇ ਐਸ.ਟੀ.ਐਫ. ਤੋਂ ਬਾਅਦ ** ਦੇ ਉੱਤੇ ਈ.ਡੀ. ਨੇ ਚਾਰਜ ਕੀਤਾ। ਹੁਣ ਇੱਕ ਏਜੰਸੀ ਝੂਠੀ ਹੋ ਸਕਦੀ ਹੈ। ਦੂਜੀ ਏਜੰਸੀ ਇਨਫੋਰਸਮੈਂਟ ਡਾਇਰੈਕਟਰ ਨੇ ਚਾਰਜ ਕੀਤਾ, ਇਹ ਸਤਿਕਾਰਯੋਗ ਸੱਜਣ ਕਿਉਂਕਿ ਬੀ.ਜੇ.ਪੀ. ਦੇ ਨਾਲ ਭਾਈਵਾਲ ਹਨ। ਉੱਥੇ ਸਤਿਕਾਰਯੋਗ ** ਦੀ ਸਤਿਕਾਰਯੋਗ ਭੈਣ ਮਨਿਸਟਰ ਹਨ। (ਵਿਘਨ..ਸ਼ੋਰ) ਸਰ, ਮੇਰੀ ਬੇਨਤੀ ਹੈ ਕਿ ਉਹ ਮਸਲਾ ਵੀ ਠੰਢੇ ਬਸਤੇ ਵਿੱਚ ਹੈ, ਕੋਈ ਵੀ ਬੰਦਾ ਜਿਹੜਾ ਚਿੱਟਾ ਵੇਚਦਾ ਹੈ, ਉਹ ਫੜ੍ਹਿਆ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸਭਾਪਤੀ:ਬੈਠ ਜਾਓ, ਪਲੀਜ਼। ਤੁਹਾਨੂੰ ਅੱਗੇ ਮੌਕਾ ਮਿਲ ਗਿਆ, ਹੁਣ ਇਨ੍ਹਾਂ ਨੂੰ ਬੋਲ ਲੈਣ ਦਿਉ। ਬੈਂਸ ਸਾਹਿਬ, ਕੰਟੀਨਿਊ। ਸ਼ਰਮਾ ਜੀ, ਬੈਠ ਜਾਓ ਪਲੀਜ਼।

ਸਰਦਾਰ ਸਿਮਰਜੀਤ ਸਿੰਘ ਬੈਂਸ: ਮੈਂ ਕਹਿੰਦਾ ਹਾਂ ਕਿ ਬਿਨਾਂ ਪਾਵਰਫੁੱਲ ਲੋਕਾਂ ਦੇ ਆਸ਼ੀਰਵਾਦ ਤੋਂ ਚਿੱਟਾ ਵਿਕ ਹੀ ਨਹੀਂ ਸਕਦਾ। (ਵਿਘਨ..ਸ਼ੋਰ)

ਸ਼੍ਰੀ ਸਭਾਪਤੀ:ਬਾਕੀ ਮੈਂਬਰ ਬੈਠ ਜਾਓ, ਪਲੀਜ਼।

*1:28 **ਵਜੇ ਬਾਅਦ ਦੁਪਹਿਰ**) **(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

ਸਰਦਾਰ ਸਿਮਰਜੀਤ ਸਿੰਘ ਬੈਂਸ: ਸਪੀਕਰ ਸਾਹਿਬ,ਉਹ ਈ.ਡੀ. ਵਾਲੀ ਫਾਈਲ ਵੀ ਅੱਜ ਤੱਕ ਦੱਬੀ ਪਈ ਹੈ। ਹੁਣ ਚਟੋਪਾਧਿਆਏ ਕਮੇਟੀ ਇੱਕ ਇਮਾਨਦਾਰ ਆਈ.ਪੀ.ਐਸ. ਅਧਿਕਾਰੀ ਦੀ ਅਗਵਾਈ ਵਿੱਚ ਬਣੀ ਕਿ ਚਿੱਟਾ ਵੇਚਣ ਵਾਲੇ ਵੱਡੇ ਮਗਰਮੱਛਾਂ ਦੇ ਨਾਮ ਡਿਸਕਲੋਜ਼ ਹੋਣ, ਉਨ੍ਹਾਂ ਦਾ ਚਿਹਰਾ ਬੇਨਕਾਬ ਹੋਵੇ ਪਰ ਉਨ੍ਹਾਂ ਦੀ ਰਿਪੋਰਟ ਸੀਲ ਹੋ ਕੇ ਮਾਨਯੋਗ ਹਾਈ ਕੋਰਟ ਵਿੱਚ ਚਲੇ ਗਈ। ਸਰ, ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਸਨਿਮਰ ਬੇਨਤੀ ਹੈ ਕਿ ਕਿਰਪਾ ਕਰਕੇ......

ਮਾਨਯੋਗ ਸਪੀਕਰ: ਉਹ ਮਸਲਾ ਹਾਈ ਕੋਰਟ ਕੋਲ ਹੈ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਮੈਂ ਉਹੀ ਕਹਿ ਰਿਹਾ ਹਾਂ ਜੀ। ਉਹ ਹਾਈ ਕੋਰਟ ਵਿੱਚ ਸੀਲ ਬੰਦ ਲਿਫਾਫਾ ਚਲਾ ਗਿਆ। ਸਰਕਾਰ ਦੇ ਏ.ਜੀ. ਸਾਹਿਬ, ਸਰਕਾਰੀ ਵਕੀਲ ਸਾਹਿਬਾਨ ਜਿਨ੍ਹਾਂ ਤੇ ਕਰੋੜਾਂ ਰੁਪਏ

**Expunged as ordered by the Hon'ble Speaker

ਖਰਚ ਹੁੰਦਾ ਹੈ, ਅੱਜ ਤੱਕ ਉਸ ਰਿਪੋਰਟ ਨੂੰ ਖੋਲ੍ਹਣ ਵਾਸਤੇ ਏ.ਜੀ. ਸਾਹਿਬ ਨੇ ਚੀਫ ਜਸਟਿਸ ਸਾਹਿਬ ਨੂੰ ਜਾ ਕੇ ਇੱਕ ਵਾਰ ਵੀ ਬੇਨਤੀ ਨਹੀਂ ਕੀਤੀ। ਸਰ, ਇਹ ਮਸਲਾ ਹੱਲ ਕਿਵੇਂ ਹੋਵੇਗਾ?

ਮਾਨਯੋਗ ਸਪੀਕਰ: ਬੈਂਸ ਸਾਹਿਬ, ਇਹ ਸਬ-ਜੁਡਾਈਸ ਹੈ, ਇਹ ਮਾਮਲਾ ਹਾਈ ਕੋਰਟ ਦੇ ਜ਼ੇਰੇ-ਗੌਰ ਹੈ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਮੈਂ ਸਬ-ਜੁਡਾਈਸ ਨੂੰ ਸਿਰ ਝੁਕਾ ਕੇ ਪ੍ਰਵਾਨ ਕਰਦਾ ਹਾਂ। ਮੈਂ ਤਾਂ ਕਹਿੰਦਾ ਹਾਂ ਕਿ ਜਿਹੜੀ ਸੀਲ ਬੰਦ ਰਿਪੋਰਟ ਚਟੋਪਾਧਿਆਏ ਕਮੇਟੀ ਦੀ ਮਾਨਯੋਗ ਹਾਈਕੋਰਟ ਕੋਲ ਚਲੇ ਗਈ।ਕਮ-ਜ਼-ਕਮ ਉਸ ਰਿਪੋਰਟ ਨੂੰ ਖੁਲਵਾਉਣ ਲਈ ਤਾਂ ਏ.ਜੀ. ਸਾਹਿਬ ਜਾ ਸਕਦੇ ਹਨ ਤਾਂ ਜੋ ਜਿਹੜੇ ਚਿੱਟਾ ਵੇਚਣ ਵਾਲੇ ਹਨ, ਪਕੜੇ ਜਾਣ। ਅੱਜ ਮੈਂ ਜੇਕਰ ਇਹ ਗੱਲ ਕਰਦਾ ਹਾਂ ਕਿ ** 35 ਲੱਖ ਲੈ ਗਿਆ, ** ਨੂੰ ਈ.ਡੀ. ਨੇ ਚਾਰਜ ਕੀਤਾ ਤਾਂ ਦੋਸਤ ਬੜਾ ਗੁੱਸਾ ਕਰਦੇ ਹਨ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਮੇਰੇ ਬਾਕੀ ਸਾਥੀ, ਚਾਹੇ ਉਹ ਸਤਿਕਾਰਯੋਗ ਮਨਿਸਟਰ ਸਾਹਿਬਾਨ ਹਨ, ਚਾਹੇ ਉਹ ਸਤਿਕਾਰਯੋਗ ਐਮ.ਐਲ.ਏ. ਸਾਹਿਬਾਨ ਹਨ (ਵਿਘਨ) ਸਪੀਕਰ ਸਾਹਿਬ, ਚਾਹੇ ਉਹ ਮਨਿਸਟਰ ਸਾਹਿਬਾਨ ਹਨ, ਚਾਹੇ ਉਹ ਐਮ.ਐਲ.ਏ. ਸਾਹਿਬਾਨ ਹਨ, ਇਸ ਗੱਲ ਦੇ ਨਾਲ 101 ਪਰਸੈਂਟ ਸਹਿਮਤ ਹਨ ਕਿ ਜਿਹੜਾ ਗ੍ਰਾਮੀ ਜਾਂ ਅੱਧੀ ਗ੍ਰਾਮੀ ਵਾਲਾ ਚਿੱਟਾ ਹੈ ਜਾਂ ਨਸ਼ੇ ਦੇ ਆਦੀ ਨੂੰ ਪੁਲਿਸ ਫੜ ਕੇ ਚਾਰਜ ਕਰ ਦਿੰਦੀ ਹੈ, ਉਨ੍ਹਾਂ ਨੂੰ ਚੁੱਕ ਕੇ ਜੇਲ੍ਹ ਵਿੱਚ ਬੰਦ ਕਰ ਦਿੰਦੀ ਹੈ। ਸਰ, ਇਹ ਪ੍ਰਥਾ ਬਿਲਕੁਲ ਬੰਦ ਹੋਣੀ ਚਾਹੀਦੀ ਹੈ। ਜਿਹੜਾ ਚਿੱਟਾ ਵੇਚਣ ਵਾਲੇ ਮਗਰਮੱਛ ਲੋਕ ਹਨ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਤਿੰਨ ਸਾਲ ਲੰਘ ਗਏ ਹਨ ਅਤੇ ਮੈਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੈ ਕਿ ਜਿਹੜੇ ਇਨ੍ਹਾਂ ਦੇ ਦੋ ਸਾਲ ਬਾਕੀ ਬਚਦੇ ਹਨ, ਉਨ੍ਹਾਂ ਮਗਰਮੱਛਾਂ ਨੂੰ ਨਹੀਂ ਫੜਨਗੇ।

ਮਾਨਯੋਗ ਸਪੀਕਰ: ਚਲੋ, ਬੈਠੋ ਜੀ।ਪਲੀਜ਼, ਬੈਠੋ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ: ਕੈਪਟਨ ਸਾਹਿਬ, ਸਾਰਿਆਂ ਦੀਆਂ ਭਾਵਨਾਵਾਂ ਹਨ। ਸਰ, ਸਾਰਿਆਂ ਦੀਆਂ ਭਾਵਨਾਵਾਂ ਹਨ, ਕਿਰਪਾ ਕਰੋ ਜੀ। ਕਿਰਪਾ ਕਰੋ।

ਮਾਨਯੋਗ ਸਪੀਕਰ: ਚਲੋ, ਬੈਠੋ ਜੀ।ਪਲੀਜ਼, ਬੈਠੋ ਜੀ। Thank you.

ਸਰਦਾਰ ਸਿਮਰਜੀਤ ਸਿੰਘ ਬੈਂਸ: ਕੈਪਟਨ ਸਾਹਿਬ, ਕਿਰਪਾ ਕਰੋ ਕਿ ਜਿਹੜੇ ਲੋਕਾਂ ਨੇ ਪੰਜਾਬ ਦਾ ਸੱਤਿਆਨਾਸ ਕੀਤਾ ਹੈ, ਜਿਹੜੇ ਲੋਕਾਂ ਨੇ ਤੁਹਾਡੇ ਦੁਬਾਰਾ ਬਣਾਈ ਹੋਈ ਐਸ.ਟੀ.ਐਫ. ਦੀ ਰਿਪੋਰਟ....

ਮਾਨਯੋਗ ਸਪੀਕਰ: ਸਰਦਾਰਹਰਪ੍ਰਤਾਪ ਸਿੰਘ ਅਜਨਾਲਾ ਜੀ।

**Expunged as ordered by the Hon'ble Speaker.

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਤੁਹਾਡੇ ਦੁਬਾਰਾ ਬਣਾਈ ਐਸ.ਟੀ. ਐਫ. ਦੀ ਰਿਪੋਰਟ ਵਿੱਚ ਪ੍ਰਮੁੱਖਤਾ ਦੇ ਉੱਤੇ ਨਾਂ ਆਏ ਹਨ, ਉਨ੍ਹਾਂ ਦੇ ਉੱਤੇ ਕਰਵਾਈ ਹੋਵੇ। ਕਮ-ਜ਼-ਕਮ ਜਿਹੜੀ ਐਸ.ਟੀ.ਐਫ. ਦੀ ਰਿਪੋਰਟ ਹੈ......

ਮਾਨਯੋਗ ਸਪੀਕਰ: ਧੰਨਵਾਦ। ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ: ਸਰ, ਮੈਂ ਰਾਜਪਾਲ ਦੇ ਭਾਸ਼ਣ ਦੇ ਵਿਰੁੱਧ ਹਾਂ। ਮੈਂ ਸਿਰਫ ਕਹਿਣਾ ਚਾਹਾਂਗਾ ਕਿ ਰਾਜਪਾਲ ਦੇ ਭਾਸ਼ਣ ਵਿੱਚ ਨਸ਼ਿਆਂ ਦੇ ਉੱਤੇ ਬਹੁਤ ਵੱਡੇ ਵਾਅਦੇ ਅਤੇ ਦਾਅਵੇ ਕੀਤੇ ਹਨ, ਜੋ ਕਿ ਬਿਲਕੁਲ ਜ਼ੀਰੋ ਹਨ। ਸੋ, ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਅਤੇ ਖਾਸ ਕਰਕੇ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਚਿੱਟੇ ਦੇ ਮਗਰਮੱਛਾਂ ਨੂੰ ਸਜ਼ਾ ਦਿਵਾਉਣ ਵਾਸਤੇ, ਕਟਹਿਰੇ ਵਿੱਚ ਖੜ੍ਹਾ ਕਰਕੇ, ਸਜ਼ਾ ਦਿਵਾਈ ਜਾਵੇ।

Mr. Speaker: Thank you ji. ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ।

ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ): ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਉੱਤੇ ਬੋਲਣ ਦਾ ਮੌਕਾ ਦਿੱਤਾ।ਮੈਂ ਗਵਰਨਰ ਐਡਰੈਸ ਨੂੰ ਬਹੁਤ ਗੌਰ ਨਾਲ ਪੜ੍ਹਿਆ ਹੈ ਔਰ ਸਾਡੇ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀਆਂ ਬਹੁਤ ਉਪਲਬਧੀਆਂ ਹਨ, ਜਿਨ੍ਹਾਂ ਨੇ ਹਮੇਸ਼ਾਂ ਹੀ ਇੱਕ ਲੀਡਰਸ਼ਿਪ ਕੁਆਲਿਟੀ ਵਿਖਾਈ ਹੈ ਅਤੇ ਪੰਜਾਬ ਦੇ ਲੋਕ ਵੀ ਇਨ੍ਹਾਂ ਨੂੰ ਆਪਣਾ ਲੀਡਰ ਮੰਨਣ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ ਔਰ ਐਤਕੀਂ ਜਦੋਂ ਲੋਕਾਂ ਨੇ ਇਨ੍ਹਾਂ ਨੂੰ ਚੀਫ ਮਨਿਸਟਰ ਬਣਾਇਆ ਤਾਂ ਇਹ ਸਾਬਤ ਕਰ ਦਿੱਤਾ ਕਿ ਜੇ ਪੰਜਾਬ ਤਰੱਕੀ ਵੱਲ ਵਧੇਗਾ, ਪੰਜਾਬ ਕਿਤੇ ਅੱਗੇ ਨੂੰ ਜਾਵੇਗਾ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਲੀਡਰਸ਼ਿਪ ਥੱਲੇ ਜਾਵੇਗਾ। (ਥੰਪਿੰਗ) ਇਨ੍ਹਾਂ ਨੇ ਬਹੁਤ ਕੁਝ ਕੀਤਾ, ਜਿਸ ਦੇ ਅਸੀਂ ਧੰਨਵਾਦੀ ਹਾਂ। ਮੈਂ ਖੁਦ ਜ਼ਿੰਮੀਂਦਾਰ ਹੋਣ ਦੇ ਨਾਤੇ, ਮੈਂ ਜ਼ਿੰਮੀਦਾਰਾ ਵੀ ਜਾਣਦਾ ਹਾਂ ਅਤੇ ਇੰਡਸਟਰੀ ਵੀ ਲਗਾਈ ਹੈ। ਮੈਂ ਇੰਡਕਸ਼ਨ ਫਰਨਿਸ਼ ਵੀ ਲਗਾਈ ਅਤੇ ਇਹ ਬੈਂਸ ਸਾਹਿਬ ਨੇ ਵੀ ਲਗਾਈ ਹੈ। ਮੈਂ ਦੋ ਰਾਈਸ ਸ਼ੈਲਰ ਵੀ ਲਗਾਏ ਸਨ। ਮੈਂ ਇੰਡਸਟਰੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਹਾਂ, ਉਹ ਵੀ ਗੱਲ ਕਰਾਂਗਾ। ਐਗਰੀਕਲਚਰ ਦੀ ਜਿਹੜੀ ਗੱਲ ਹੈ ਕਿ ਕੋਈ ਸਮਾਂ ਸੀ, ਜਦੋਂ ਗੁਰੂ ਸਾਹਿਬਾਨਾਂ ਨੇ ਕਿਹਾ ਸੀ ਕਿ-

"ਉਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਗਵਾਰ"

ਸਪੀਕਰ ਸਾਹਿਬ, ਮੈਂ ਡੂੰਘਾਈ ਵਿੱਚ ਗਿਆ ਕਿ ਇਸ ਦਾ ਮਾਇਨਾ ਕੀ ਸੀ? ਇੱਕ ਨੰਬਰ ਦਾ ਜਿਹੜਾ ਕਿੱਤਾ ਸੀ, ਉਹ ਖੇਤੀ ਨੂੰ ਮੰਨਿਆ ਗਿਆ ਸੀ। ਦੂਸਰੇ ਨੰਬਰ ਤੇ ਵਪਾਰ ਨੂੰ ਅਤੇ ਫਿਰ ਨੌਕਰੀ ਅਤੇ ਭੀਖ ਮੰਗਣੀ ਉਸ ਤੋਂ ਥੱਲੇ ਆ ਜਾਂਦੀ ਹੈ। ਅੱਜ ਮੈਂ ਇੱਕ ਸਵਾਲੀਆ ਨਿਸ਼ਾਨ ਪਾਉਣ ਲੱਗਾ ਹਾਂ। ਚਾਹੇ ਉਹ ਕੋਈ ਵੀ ਪਾਰਟੀ ਹੈ। ਅਜਿਹਾ ਕੀ ਹੋ ਗਿਆ ਕਿ ਪੰਜਾਬ ਦਾ ਕਿਸਾਨ ਜਿਸ ਨੂੰ ਕਿਸੇ ਤਰੀਕੇ ਦੇ ਨਾਲ ਦੁਨੀਆਂ ਤੇ ਇਹ ਮੰਨਿਆ ਗਿਆ ਸੀ ਕਿ ਇਹ ਬਹੁਤ ਮਿਹਨਤੀ ਹੈ, ਇਹ ਸਮਰੱਥਾ ਵਾਲਾ ਹੈ, ਇਸ

ਦੀਆਂ ਬਾਂਹਾਵਾਂ ਵਿੱਚ ਬਲ ਹੈ, ਇਹ ਕਿਤੇ ਵੀ ਜਾ ਕੇ, ਜੋ ਮਰਜ਼ੀ ਕਰ ਸਕਦਾ ਹੈ ਅਤੇ ਤਰੱਕੀ ਦੀ ਲੀਹ ਤੇ ਜਾ ਸਕਦਾ ਹੈ, ਅੱਜ ਉਸੇ ਕਿਸਾਨ ਨੂੰ ਕੀ ਹੋ ਗਿਆ ਹੈ? ਪਿੰਡਾਂ ਦੇ ਵਿੱਚ ਜਾ ਵੇਖੋ।ਕੀ ਅਜਿਹਾ ਹੋ ਗਿਆ ਹੈ, ਉਹ ਲੋਕ ਜਿਹੜੇ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਦੇ ਹਨ ਲੇਕਿਨ ਉਹ ਗੱਲ ਨਹੀਂ ਬਣਦੀ, ਜਿਹੜੀ ਬਣਨੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਅੱਜ ਡਾਈਵਰਸੀਫਿਕੇਸ਼ਨ ਦੀ ਲੋੜ ਹੈ। ਡਾਈਵਰਸੀਫਿਕੇਸ਼ਨ ਇੱਕ ਬਹੁਤ ਵਧੀਆ ਚੀਜ਼ ਹੈ, ਜਿਹੜਾ ਪੈਡੀ ਅਤੇ ਕਣਕ ਹੈ, ਜੋ ਉਸ ਦੀ ਰੋਟੇਸ਼ਨ ਹੈ ਅਤੇ ਜਿਹੜੇ ਮਿਹਨਤ ਕਰ ਰਹੇ ਹਨ, ਮੈਂ ਉਸ ਬਾਰੇ ਵੀ ਜ਼ਰੂਰ ਗੱਲ ਕਰਨੀ ਹੈ। ਇਸ ਸਬੰਧੀ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਵੀ ਕਰਨੀ ਹੈ। ਮੈਂ ਬਾਰਡਰ ਦੇ ਏਰੀਏ ਨੂੰ belongਕਰਦਾ ਹਾਂ, ਅਜਨਾਲਾ ਮੇਰਾ ਹਲਕਾ ਹੈ ਅਤੇ ਅੰਮ੍ਰਿਤਸਰ ਜ਼ਿਲ੍ਹਾ ਹੈ। ਅਸੀਂ ਬਹੁਤ ਦੇਰ ਤੋਂ ਰਾਵੀ ਦਰਿਆ ਦੀ ਮਾਰ ਥੱਲੇ ਆ ਰਹੇ ਹਾਂ।ਰੰਧਾਵਾ ਸਾਹਿਬ ਬੈਠੇ ਹਨ। ਗੁਰਦਾਸਪੁਰ ਦੇ ਨਾਲ ਡੇਰਾ ਬਾਬਾ ਨਾਨਕ ਇਨ੍ਹਾਂ ਦਾ ਹਲਕਾ ਹੈ। ਅੱਗੇ ਸਰਕਾਰੀਆ ਸਾਹਿਬ ਦਾ ਹਲਕਾ ਲੱਗਦਾ ਹੈ। ਇੱਕ ਗੱਲ ਮੈਂ ਦੇਖੀ ਹੈ ਕਿ ਇਸ ਦਰਿਆ ਨੇ ਜਿੰਨਾ ਨੁਕਸਾਨ ਸਾਡੇ ਬਾਰਡਰ ਏਰੀਏ ਦਾ ਕੀਤਾ ਹੈ, ਅੱਜ ਤੱਕ ਕਿਸੇ ਨੇ ਨਹੀਂ ਕੀਤਾ। ਮੈਂ ਤੁਹਾਡੇ ਰਾਹੀਂ ਕੈਪਟਨ ਸਾਹਿਬ ਦਾ ਸਪੈਸ਼ਲੀ ਧੰਨਵਾਦ ਕਰਨ ਲੱਗਿਆਂ ਹਾਂ ਜਿਨ੍ਹਾਂ ਨੇ ਸੁਖਬਿੰਦਰ ਸਿੰਘ ਸਰਕਾਰੀਆ ਸਾਹਿਬ ਦੀ ਜ਼ਿੰਮਦਾਰੀ ਲਗਾਈ ਹੈ।ਸ਼ਾਹਪੁਰ ਕੰਢੀ ਡੈਮ ਬਣਾ ਕੇ ਉਨ੍ਹਾਂ ਨੇ ਇੱਕ ਬਹੁਤ ਵਧੀਆ ਗੱਲ ਕੀਤੀ। ਇਸ ਦੀ ਬਹੁਤ ਜ਼ਿਆਦਾ ਲੋੜ ਸੀ। ਇਨ੍ਹਾਂ ਦੀ ਹਿੰਮਤ ਸਦਕਾ, ਕੈਪਟਨ ਸਾਹਿਬ ਦੀ ਲੀਡਰਸ਼ਿਪ ਦੀ ਵਜ੍ਹਾ ਕਰਕੇ ਸੈਂਟਰ ਸਰਕਾਰ ਨੇ ਦਖਲ ਦਿੱਤਾ। ਜੰਮੂ ਤੇ ਕਸ਼ਮੀਰ ਅਤੇ ਪੰਜਾਬ ਵਿੱਚ pact ਸਾਈਨ ਹੋਇਆ, ਉਸ ਦੀ ਸ਼ੁਰੂਆਤ ਹੋਈ। ਮੈਂ ਸਮਝਦਾ ਹੈ ਕਿ ਸਾਡਾ ਜਿਹੜਾ ਮਾਝੇ ਦਾ ਇਲਾਕਾ ਹੈ, ਇਸ ਡੈਮ ਦੀ ਵਜ੍ਹਾ ਕਰਕੇ ਹਜ਼ਾਰਾਂ ਏਕੜ ਕਾਸ਼ਤ ਵੀ ਹੋਣਗੇ ਔਰ ਜਿਹੜੇ ਹੜ੍ਹਾਂ ਦੀ ਮਾਰ ਥੱਲੇ ਆਉਂਦੇ ਸੀ, ਉਸ ਤੋਂ ਵੀ ਬਚੇਗਾ। ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਇੱਕ ਬੇਨਤੀ ਜ਼ਰੂਰ ਕਰਾਂਗਾ ਕਿ ਉੱਥੇਇੱਕ ਮਕੌੜਾ ਪੱਤਣ ਹੈ, ਉੱਥੇ Ujj ਦਰਿਆ ਆ ਕੇ ਮਿਲਦਾ ਹੈ। ਉਹ ਜਦੋਂ ਵੀ ਚੜ੍ਹ ਕੇ ਆਉਂਦਾ ਹੈ ਤਾਂ ਬਹੁਤ ਹੀ ਮਾੜੀ ਚੀਜ਼ ਕਰਦਾ ਹੈ। ਪਾਣੀ ਛੁੱਟ ਕੇ ਜਿੱਧਰ ਨੂੰ ਮਰਜ਼ੀ ਨਿਕਲ ਜਾਂਦਾ ਹੈ ਅਤੇ ਸਾਡਾ ਨੁਕਸਾਨ ਹੁੰਦਾ ਹੈ। ਜੇਕਰ ਉਸ ਡੈਮ ਦੀ ਵੀ ਕਿਤੇ ਕਿਰਪਾ ਹੋ ਜਾਵੇ ਤਾਂ ਹਜ਼ਾਰਾਂ ਲੱਖ ਏਕੜof land devoid of Irrigation facilities ਉਸ ਨੂੰ ਇਸ ਦਾ ਲਾਭ ਮਿਲ ਸਕੇ। ਇਹ ਤਰਲਾ ਮੈਂ ਜ਼ਰੂਰ ਮਾਰਨਾ ਹੈ।

ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਨੀ ਹੈ। ਜਿਹੜੀ ਗੱਲ ਸਿਮਰਜੀਤ ਬੈਂਸ ਜੀ ਨੇ ਕੀਤੀ ਹੈ। ਨਸ਼ੇ ਦੀ ਗੱਲ ਮੈਂ ਵੀ ਕਰਾਂਗਾ ਕਿਉਂਕਿ ਸਭ ਤੋਂ ਜ਼ਿਆਦਾ effectedਏਰੀਆ ਸਾਡਾ ਬਾਰਡਰ ਦਾ ਏਰੀਆ ਹੁੰਦਾ ਹੈ ਜੋ ਸ਼ਹਿਰਾਂ ਤੋਂ ਇੰਨੀ ਦੂਰ ਬੈਠੇ ਹਨ। ਸਾਡੇ ਬੱਚੇ ਪੜ੍ਹ ਨਹੀਂ ਸਕਦੇ। ਸਾਡੇ ਬੱਚੇ ਸ਼ਹਿਰਾਂ ਤੱਕ ਵੀ ਨਹੀਂ ਜਾ ਸਕਦੇ। ਉਨ੍ਹਾਂ ਦੇ ਕਲਚਰ ਨੂੰ ਸਮਝ ਨਹੀਂ ਸਕਦੇ। ਉਹ ਸਵੇਰੇ ਦਾਤਰੀਆਂ ਚੁੱਕ ਕੇ ਪੱਠੇ ਵੱਢਦੇ ਹਨ। ਆਪਣੇ ਮਾਲ ਨੂੰ ਸੰਭਾਲਦੇ ਹਨ ਅਤੇ ਦੁੱਧ ਦਾ ਕੰਮ ਕਰਦੇ ਹਨ। ਰਾਤ ਨੂੰ ਥੱਕ ਟੁੱਟ ਕੇ ਸੌਂ ਜਾਂਦੇ ਹਨ। ਸਪੀਕਰ ਸਾਹਿਬ, ਮੈਂ ਉਨ੍ਹਾਂ ਘਰਾਂ ਵਿੱਚ ਜਾ ਕੇ ਵੀ ਵੇਖਿਆ ਹੈ ਜਿਨ੍ਹਾਂ ਦੇ ਘਰਾਂ ਵਿੱਚ ਨੌਜਵਾਨ

ਬੱਚਿਆਂ ਦੀ ਨਸ਼ੇ ਦੀ ਓਵਰਡੋਜ਼ ਦੇ ਕਾਰਨ ਮੌਤ ਹੋਈ ਹੈ। ਉਨ੍ਹਾਂ ਦੀ ਮੌਤ ਦੇ ਨਾਲ ਕੌਣ ਇਫੈਕਟਿਡ ਹੈ? ਕਿਸੇ ਦੀ ਮਾਂ ਰੋ ਰਹੀ ਹੈ। ਕਿਸੇ ਦੀ ਬੀਵੀ ਰੋ ਰਹੀ ਹੈ। ਕਿਸੇ ਦਾ ਡੇਢ ਸਾਲ ਦਾ ਬੱਚਾ ਰੋ ਰਿਹਾ ਹੈ। ਜੇਕਰ ਤੁਸੀਂ ਉੱਥੇ ਜਾ ਕੇ ਦੇਖੋਗੇ ਫਿਰ ਪਤਾ ਲੱਗਦਾ ਹੈ ਕਿ ਉਹ ਪਰਿਵਾਰ ਕਿੰਨੇ ਕੁ ਦੁਖੀ ਹਨ ਜਿਨ੍ਹਾਂ ਦੇ ਨਾਲ ਇਹ ਚੀਜ਼ ਵਾਪਰਦੀ ਹੈ। ਇੱਥੇ ਕਿੰਨੀਆਂ ਹੀ ਪਾਰਟੀਆਂ ਹਨ। ਮੈਂ ਕਿਸੇ ਵੀ ਪਾਰਟੀ ਨੂੰ ਬਲੇਮ ਨਹੀਂ ਕਰਨਾ। ਲੇਕਿਨ ਇੱਕ ਗੱਲ ਮੈਂ ਕਹਿਣ ਲੱਗਾ ਹਾਂ। ਚਾਹੇ ਕੋਈ ਵੀ ਲੀਡਰ ਹੈ, ਆਪਣੇ ਹਲਕੇ ਦਾ ਐਮ.ਐਲ.ਏ. ਹੈ। ਮੈਂ ਕੈਪਟਨ ਸਾਹਿਬ ਦੀ ਲੀਡਰਸ਼ਿਪ ਦੇ ਥੱਲੇ ਇੱਕ ਪ੍ਰਣ ਕੀਤਾ ਹੈ ਅਤੇ ਜਦੋਂ ਮੈਂ ਐਮ.ਐਲ.ਏ. ਬਣਿਆ ਸੀ ਮੈਂ ਆਪਣੇ ਹਲਕੇ ਨੂੰ ਇੱਕ ਚਿਤਾਵਨੀ ਦਿੱਤੀ ਸੀ। ਮੈਂ ਆਪਣੇ ਹਲਕੇ ਵਾਲਿਆਂ ਨੂੰ ਕਿਹਾ ਸੀ ਕਿ ਮੇਰੇ ਕੋਲ ਕਿਸੇ ਵਿਅਕਤੀ ਨੇ ਕਿਸੇ ਪੰਚਾਇਤ ਨੇ ਟਰਮਾਡੋਲ ਦੀ, ਸਮੈਕ ਦੀ ਅਤੇ ਹੈਰੋਇਨ ਦੀ ਸਿਫਾਰਸ਼ ਲੈ ਕੇ ਨਹੀਂ ਆਉਣੀ।ਮੈਂ ਬਾਂਹ ਖੜ੍ਹੀ ਕਰਕੇ ਕਹਿ ਸਕਦਾ ਹਾਂ ਕਿ ਇੱਕ ਵੀ ਵਿਅਕਤੀ ਅਜੇ ਤੱਕ ਮੇਰੇ ਕੋਲ ਅਜਿਹੀ ਕਿਸੇ ਵੀ ਤਰ੍ਹਾਂ ਦੀ ਸਿਫਾਰਸ਼ ਲੈ ਕੇ ਨਹੀਂ ਆਇਆ ਤੇ ਨਾ ਹੀ ਮੈਂ ਸਿਫਾਰਸ਼ ਕੀਤੀ ਹੈ। ਇਸ ਦੇ ਨਾਲ ਵਪਾਰੀ ਮੇਰੇ ਹਲਕੇ ਦੇ ਵਿੱਚੋਂ ਨਿਕਲ ਗਏ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਕਿਸੇ ਨੇ ਵੀ ਬਾਂਹ ਨਹੀਂ ਫੜਨੀ। ਮੈਂ ਸਮਝਦਾ ਹਾਂ ਕਿ ਇਹ ਸਦਨ ਪਵਿੱਤਰ ਹੈ। ਜਿੰਨੇ ਵੀ ਇੱਥੇ ਐਮ.ਐਲ.ਏ. ਬੈਠੇ ਹਨ, ਆਓ ਸਾਰੇ ਇੱਕ ਪ੍ਰਣ ਕਰੀਏ ਕਿ ਕੋਈ ਵੀ ਵਿਅਕਤੀ ਕਿਸੇ ਵੀ ਨਸ਼ਾ ਵੇਚਣ ਵਾਲੇ ਤਸਕਰ ਦੀ ਸਿਫਾਰਸ਼ ਨਹੀਂ ਕਰੇਗਾ ਤਾਂ ਜਾ ਕੇ ਠੱਲ੍ਹ ਪਵੇਗੀ। ਇਹ ਮੈਂ ਜ਼ਰੂਰ ਤਰਲਾ ਮਾਰਾਂਗਾ।

ਮਾਨਯੋਗ ਸਪੀਕਰ: ਅਜਨਾਲਾ ਜੀ, ਤੁਸੀਂ ਬਹੁਤ ਅੱਛਾ ਬੋਲ ਰਹੇ ਹੋ ਪਰ ਅੱਜ ਸੀ.ਐਮ. ਸਾਹਿਬ ਨੇ ਬੋਲਣਾ ਹੈ। ਇਸ ਕਰਕੇ ਕਨਕਲੂਡ ਕਰ ਦਿਓ ਜੀ। ਬਹੁਤ ਅੱਛਾ ਬੋਲ ਰਹੇ ਹੋ।

ਸਰਦਾਰ ਹਰਪ੍ਰਤਾਪ ਸਿੰਘ: ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਬੋਲਣ ਦਾ ਮੌਕਾ ਦਿੰਦੇ ਹੋ। ਆਨਰੇਬਲ ਸੀ.ਐਮ. ਸਾਹਿਬ ਹਨ। ਅਸੀਂ ਇਨ੍ਹਾਂ ਦਾ ਵੀ ਸੁਣਨਾ ਹੈ। ਧੰਨਵਾਦ ਜੀ।

Mr. Speaker: So nice. so nice.ਤੁਹਾਡਾ ਟਾਈਮ ਹੋ ਗਿਆ ਜੀ (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ) ਤੁਹਾਡਾ ਟਾਈਮ ਹੋ ਗਿਆ। ਹੁਣ ਸਰਦਾਰ ਲਖਬੀਰ ਸਿੰਘ ਲੋਧੀਨੰਗਲ ਸਾਹਿਬ ਬੋਲਣਗੇ, ਸਿਰਫ ਦੋ ਮਿੰਟ ਹੀ ਲੈਣਾ ਜੀ।

ਸਰਦਾਰ ਲਖਬੀਰ ਸਿੰਘ ਲੋਧੀਨੰਗਲ (ਬਟਾਲਾ): ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਤੁਸੀਂ ਮੈਨੂੰ ਵਾਅਦਾ ਕਰਕੇ ਗਏ ਸੀ। ਚਲੋ, ਦੋ ਮਿੰਟ ਹੀ ਸਹੀ। ਪੈਰ੍ਹਾ ਇੱਕ ਤੋਂ ਲੈ ਕੇ 107 ਪੈਰ੍ਹਿਆਂ ਤੱਕ ਇਹ ਰਾਜਪਾਲ ਜੀ ਦਾ ਭਾਸ਼ਣ ਹੈ। ਮੈਂ ਇਸ ਨੂੰ ਬੜੀ ਗਹੁ ਨਾਲ ਵੇਖਿਆ ਹੈ। ਮੈਂ ਰਾਜਪਾਲ ਜੀ ਦੇ ਭਾਸ਼ਣ ਤੇ ਮਾਨਯੋਗ ਸਾਥੀਆਂ ਦੇ ਵਿਚਾਰ ਵੀ ਸੁਣੇ ਹਨ। ਇਸ ਵਿੱਚ ਵਿਸ਼ੇ ਬਹੁਤ ਜ਼ਿਆਦਾ ਹਨ ਪਰ ਤੁਸੀਂ ਮੈਨੂੰ ਸਿਰਫ ਦੋ

ਮਿੰਟ ਹੀ ਦਿੱਤੇ ਹਨ। ਚੰਗਾ ਹੋਇਆ ਕਿ ਤੁਸੀਂ ਮੈਨੂੰ ਪਹਿਲਾਂ ਟਾਈਮ ਨਹੀਂ ਦਿੱਤਾ ਕਿਉਂਕਿ ਪਹਿਲਾਂ ਕੋਈ ਮੰਤਰੀ ਸਾਹਿਬਾਨ ਬੈਠੇ ਹੀ ਨਹੀਂ ਸਨ। ਮੇਰੀ ਬੇਨਤੀ ਹੈ ਕਿ ਜਦੋਂ ਬਜਟ ਪੇਸ਼ ਹੁੰਦਾ ਹੈ ਤਾਂ ਸੁਣਾਉਣਾ ਤਾਂ ਮੰਤਰੀ ਸਾਹਿਬਾਨ ਨੂੰ ਹੀ ਹੁੰਦਾ ਹੈ ਪਰ ਹੁੰਦਾ ਕੀ ਹੈ ਕਿ ਸਾਰਾ ਸਮਾਂ ਤਾਹਨਿਆਂ-ਮਿਹਣਿਆਂ ਵਿੱਚ ਬਰਬਾਦ ਹੋ ਜਾਂਦਾ ਹੈ। ਇਸ ਤਰ੍ਹਾਂ ਕੋਈ ਵੀ ਗੱਲ ਚੰਗੀ ਨਹੀਂ ਲਗਦੀ। ਮੇਰੀ ਵੀ ਇਹ ਰਾਇ ਹੈ ਕਿ ਅਸੀਂ ਜਿਹੜੇ ਫੋਟੋ ਸੈਕਸ਼ਨ ਦੇ ਵਿੱਚ ਪੈ ਗਏ ਹਾਂ, ਕਿਸੇ ਨੂੰ ਕੁਝ ਪਤਾ ਨਹੀਂ ਲਗਦਾ ਕਿ ਕੌਣ ਕਿਸੇ ਨਾਲ ਕਦੋਂ ਫੋਟੋ ਖਿਚਵਾ ਜਾਂਦਾ ਹੈ। ਆਪਾਂ ਸਟੇਜਾਂ ਤੇ ਜਾਣ ਵਾਲੇ ਵਿਅਕਤੀ ਹਾਂ, ਸਾਨੂੰ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਹੁੰਦਾ। ਅਸੀਂ ਇਸ ਸਬੰਧੀ ਸੈਸ਼ਨ ਵਿੱਚ ਖਾਹ-ਮ-ਖਾਹ ਰੌਲਾ ਪਾ ਕੇ ਸਮਾਂ ਬਰਬਾਦ ਕਰਦੇ ਹਾਂ।

ਸਪੀਕਰ ਸਾਹਿਬ, ਕੱਲ੍ਹ ਸੜਕਾਂ ਸਬੰਧੀ ਮੇਰੇ ਵੀਰ ਸ਼ੇਰੋਵਾਲੀਆ ਜੀ ਨੇ ਵੀ ਗੱਲ ਕੀਤੀ ਸੀ। ਮੈਂ ਇਹ ਬੇਨਤੀ ਕਰਦਾ ਹਾਂ ਕਿ ਅਸੀਂ ਰੋਡਜ਼ ਸਬੰਧੀ ਮਾਨਯੋਗ ਮੁੱਖ ਮੰਤਰੀ ਜੀ ਦਾ ਬੋਰਡ ਲੱਗਿਆ ਹੋਇਆ ਪੜ੍ਹਦੇ ਹਾਂ। ਮੇਰੇ ਤੋਂ ਪਹਿਲਾਂ ਰਾਜਪੁਰਾ ਹਲਕੇ ਦੇ ਮਾਨਯੋਗ ਮੈਂਬਰ, ਜੀ ਨੇ ਦੱਸਿਆ ਕਿ ਮੇਰੇ ਹਲਕੇ ਵਿੱਚ 31 ਹਜ਼ਾਰ ਕਿਲੋਮੀਟਰ ਸੜਕਾਂ ਬਣ ਗਈਆਂ ਹਨ। (ਅਵਾਜ਼ਾਂ: ਪੂਰੇ ਪੰਜਾਬ ਵਿੱਚ ਬਣੀਆਂ ਹਨ) ਸਾਡੇ ਮਾਨਯੋਗ ਮੰਤਰੀ ਜੀ ਬੈਠੇ ਹਨ, ਇਹ ਵੀ ਉੱਥੋਂ ਦੀ ਲੰਘਦੇ ਹਨ ਅਤੇ ਮੈਂ ਵੀ ਉਸੇ ਰੋਡ ਤੋਂ ਲੰਘਦਾ ਹਾਂ। ਰੋਜ਼ ਹੀ ਸੜਕਾਂ ਖੜਕ ਜਾਂਦੀਆਂ ਹਨ ਅਤੇ ਵੱਖੀਆਂ ਚੜ੍ਹ ਜਾਂਦੀਆਂ ਹਨ। ਮੇਰੇ ਪਿੰਡ ਵਾਲੀ ਸੜਕ ਵੀ ਦੋ ਸਾਲ ਪਹਿਲਾਂ ਹੀ ਬਣੀ ਹੈ, ਉਸ ਵਿੱਚ ਵੀ ਮਾੜੀ-ਮੋਟੀ ਲੁੱਕ ਖਿਲਾਰ ਦਿੰਦੇ ਹਨ ਤੇ ਇਸ ਸਮੇਂ ਉਸ ਦੀ ਬਹੁਤ ਬੁਰੀ ਹਾਲਤ ਹੈ। ਲੋਕ ਆ ਕੇ ਪੁੱਛਦੇ ਹਨ ਕਿ ਜੇ ਤੁਹਾਡੇ ਨੇੜਲੇ ਪਿੰਡਾਂ ਦਾ ਇਹ ਹਾਲ ਹੈ ਤਾਂ ਪੂਰੇ ਹਲਕੇ ਦਾ ਕੀ ਹਾਲ ਹੋਵੇਗਾ? ਮੈਂ ਇਸ ਦਾ ਕਾਰਨ ਦੱਸਣਾ ਚਾਹੁੰਦਾ ਹਾਂ ਅਤੇ ਮੈਂ ਮੰਤਰੀ ਸਾਹਿਬ ਜੀ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਕਈ ਵੀਡੀਓਜ਼ ਹਨ।

ਸਰਦਾਰ ਫਤਹਿਜੰਗ ਸਿੰਘ ਬਾਜਵਾ: ਪੁਆਇੰਟ ਆਫ ਆਰਡਰ, ਸਰ।

ਮਾਨਯੋਗ ਸਪੀਕਰ:ਬਾਜਵਾ ਜੀ, ਇਨ੍ਹਾਂ ਨੂੰ ਦੋ ਮਿੰਟ ਦਿੱਤੇ ਹਨ, ਇਨ੍ਹਾਂ ਨੂੰ ਗੱਲ ਕਰ ਲੈਣ ਦਿਓ।

ਸਰਦਾਰ ਲਖਬੀਰ ਸਿੰਘ ਲੋਧੀਨੰਗਲ: ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਸਿਰਫ ਇੰਨਾ ਹੀ ਹੈ ਕਿ ਸਾਡੇ ਏ.ਪੀ.ਕੇ. ਰੋਡ ਤੋਂ ਨਠਵਾਲਾ ਨੂੰ ਰੋਡ ਜਾਂਦੀ ਹੈ, ਇਹ ਸੜਕ ਦੋ ਮਹੀਨੇ ਪਹਿਲਾਂ ਬਣੀ ਸੀ। ਜੇ ਅੱਜ ਇਸ ਸੜਕ ਨੂੰ ਜਾ ਕੇ ਦੇਖ ਲਿਆ ਜਾਵੇ ਤਾਂ ਇਸ ਦੀ ਬਹੁਤ ਬੁਰੀ ਹਾਲਤ ਹੈ। ਮੈਂ ਇਸ ਸਬੰਧੀ ਕਈ ਵਾਰੀ ਬੇਨਤੀ ਕਰ ਚੁੱਕਾ ਹਾਂ। ਬਾਬਾ ਬਕਾਲਾ ਨੂੰ ਬਟਾਲੇ ਤੋਂ ਰੋਡ ਜਾਂਦੀ ਹੈ, ਇਸ ਰੋਡ ਲਈ 68 ਲੱਖ ਦਾ ਐਸਟੀਮੇਟ ਸੀ। ਇਸ ਨੂੰ ਵੀ 550ਵੇਂ ਪ੍ਰਕਾਸ਼ ਪੁਰਬ ਸਮੇਂ ਬਣਾਇਆ ਗਿਆ ਸੀ ਪਰ ਇਸ ਨੇ ਵੀ ਇੱਕ ਮਹੀਨਾ ਨਹੀਂ ਕੱਢਿਆ। ਇਸੇ ਤਰ੍ਹਾਂ ਬਾਈਪਾਸ ਦੀ ਗੱਲ ਆਉਂਦੀ ਹੈ। ਇਸੇ ਤਰ੍ਹਾਂ ਸੰਗਤਪੁਰਾ ਅਤੇ ਮਸਾਣੀਆਂ ਦੇ ਵਿੱਚ ਇੱਕ ਮਹੀਨਾ ਵੀ ਇਨ੍ਹਾਂ ਸੜਕਾਂ ਨੇ ਨਹੀਂ ਕੱਢਿਆ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ

ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਜਿਹੜੇ ਨਾਰਮਜ਼ ਹਨ, ਉਨ੍ਹਾਂ ਨੂੰ ਵੀ ਵਧਾਇਆ ਜਾਵੇ। ਕਿਉਂਕਿ ਪਿਛਲੇ ਸਮੇਂ ਦੇ ਮੁਕਾਬਲੇ ਹੁਣ ਸੜਕਾਂ ਤੇ ਚੱਲਣ ਵਾਲੀ ਟਰਾਂਸਪੋਰਟ ਕਾਫੀ heavy ਹੋ ਚੁੱਕੀ ਹੈ ਤੇ ਸੜਕ ਭਾਰ ਨਹੀਂ ਝੱਲਦੀ। ਮੈਂ ਸਮਝਦਾ ਹਾਂ ਕਿ ਇਸ ਵਿੱਚ ਜਿਹੜੀ ਕੁਰੱਪਸ਼ਨ ਹੈ, ਉਹ ਬਹੁਤ ਦੂਰ ਤੱਕ ਚਲੀ ਗਈ ਹੈ। ਇਸ ਦਾ ਕੀ ਕਾਰਨ ਹੈ ਕਿ ਉੱਥੇ ਜਿਹੜੇ ਮਾਨਯੋਗ ਅਫਸਰ ਲੱਗੇ ਹੋਏ ਹਨ, ਉਨ੍ਹਾਂ ਨੇ ਆਪਣੇ ਹੀ ਪਲਾਂਟ ਲਗਾਏ ਹੋਏ ਹਨ ਅਤੇ ਆਪਣੇ ਹੀ ਉਨ੍ਹਾਂ ਦੇ ਠੇਕਦਾਰ ਹਨ। ਇਹ ਲੋਕ 15-15 ਸਾਲ ਤੋਂ ਉੱਥੇ ਬੈਠੇ ਹਨ। ਜਿਨ੍ਹਾਂ ਖਿਲਾਫ ਈ.ਡੀ. ਦੇ ਕੇਸ ਚੱਲ ਰਹੇ ਹਨ, ਉਹ ਹੀ ਅਫਸਰ ਗੁਰਦਾਸਪੁਰ ਅਤੇ ਬਟਾਲੇ ਦੇ ਹੈੱਡ ਲੱਗੇ ਹੋਏ ਹਨ। ਇਸ ਨਾਲ ਸਾਰੇ ਡਿਪਾਰਟਮੈਂਟ ਦੀ ਬਦਨਾਮੀ ਹੋ ਰਹੀ ਹੈ ਅਤੇ ਸਰਕਾਰ ਦੀ ਬਦਨਾਮੀ ਹੋ ਰਹੀ ਹੈ।ਇਸ ਵਿੱਚ ਕਿਸੇ ਦੀ ਕੀ ਇਨਵਾਲਵਮੈਂਟ ਹੈ, ਇਸ ਦਾ ਮੈਨੂੰ ਨਹੀਂ ਪਤਾ। ਇਸ ਮਸਲੇ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ।

Mr. Speaker : Thank you, thank you.

ਸਰਦਾਰ ਲਖਬੀਰ ਸਿੰਘ ਲੋਧੀਨੰਗਲ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਸਲੇ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ...

Mr. Speaker: Thank you, thank you.

ਸਰਦਾਰ ਲਖਬੀਰ ਸਿੰਘ ਲੋਧੀਨੰਗਲ : ਮੈਨੂੰ ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸਾਡੇ ਜ਼ਿਲ੍ਹੇ ਦੇ ਮਾਨਯੋਗ ਮੰਤਰੀ ਸਾਹਿਬਾਨ ਨੇ ਵੀ ਇਸ ਬਾਰੇ ਲਿਖ ਕੇ ਦਿੱਤਾ ਹੈ ਪਰ ਪਤਾ ਨਹੀਂ ਹਾਲੇ ਤੱਕ ਹੱਲ ਕਿਉਂ ਨਹੀਂ ਹੋਇਆ? ਮੇਰੇ ਕੋਲ ਹੋਰ ਵੀ ਵੱਡੇ ਇੰਕਸ਼ਾਫ ਹਨ ਜੇ ਕਹਿਣਗੇ ਤਾਂ ਮੈਂ ਲਿਆ ਕੇ ਦੇ ਦੇਵਾਂਗਾ।

ਮਾਨਯੋਗ ਸਪੀਕਰ: ਬੈਠੋ ਜੀ, ਬੈਠੋ।

ਸਰਦਾਰ ਲਖਬੀਰ ਸਿੰਘ ਲੋਧੀਨੰਗਲ: ਮੈਂ ਹੋਰ ਗੱਲਾਂ ਨੂੰ ਟੱਚ ਨਹੀਂ ਕਰਾਂਗਾ ਕਿਉਂਕਿ ਗੱਲ ਛੇਤੀ ਨਹੀਂ ਮੁੱਕਣੀ।

ਮਾਨਯੋਗ ਸਪੀਕਰ : ਆਪਣੀ ਗੱਲ ਫੇਰ ਕਰ ਲੈਣਾ।

ਸਰਦਾਰ ਲਖਬੀਰ ਸਿੰਘ ਲੋਧੀਨੰਗਲ : ਸਪੀਕਰ ਸਾਹਿਬ, ਮੈਂ ਬਸ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਮਾਂ ਦੇ ਦਿਆ ਕਰੋ। ਮੈਂ ਕਦੀ ਕਦਾਈਂ ਤੁਹਾਡੇ ਤੋਂ ਸਮਾਂ ਮੰਗਦਾ ਹਾਂ।

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ। Thank you.

ਸਰਦਾਰ ਲਖਬੀਰ ਸਿੰਘ ਲੋਧੀਨੰਗਲ : ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਆਪਸ ਵਿੱਚ ਸ਼ਰੀਕੇ ਬਿਰਾਦਰੀ ਦੀ ਲੜਾਈ ਪਾ ਕੇ ਅਸੀਂ ਟਾਈਮ ਖਰਾਬ ਕਰਦੇ ਹਾਂ, ਇਹ ਗੱਲ ਬਿਲਕੁਲ ਚੰਗੀ ਨਹੀਂ

ਹੈ। Civilize ਤਰੀਕੇ ਨਾਲ ਗੱਲਹੋਣੀ ਚਾਹੀਦੀ ਹੈ।ਸਾਨੂੰ ਬਾਹਰ ਜਾ ਕੇ ਇਨ੍ਹਾਂ ਗੱਲਾਂ ਦਾ ਕੋਈ ਫਾਇਦਾ ਨਹੀਂ ਮਿਲਣਾ ਕਿ ਉਥੇ ਕਿਸ ਨੇ ਜ਼ਿਆਦਾ ਰੌਲਾ ਪਾਇਆ ਅਤੇ ਕਿਸ ਨੂੰ ਮਾੜਾ-ਚੰਗਾ ਕਿਹਾ।

Mr. Speaker : Thank you, thank you.

ਸਰਦਾਰ ਲਖਬੀਰ ਸਿੰਘ ਲੋਧੀਨੰਗਲ : ਆਪਾਂ ਚੰਗੀ ਅਤੇ concrete ਗੱਲ ਕਰਾਂਗੇ ਤਾਂ ਸਾਰਿਆਂ ਨੂੰ ਫਾਇਦਾ ਮਿਲੇਗਾ। ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ।

Mr. Speaker : Thank you, thank you. ਬਹੁਤ ਅੱਛਾ, ਬਹੁਤ ਅੱਛਾ। ਹਾਂ ਜੀ, ਚੀਮਾ ਸਾਹਿਬ।

ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਮੁਕੰਮਲ ਹੋਣ ਜਾ ਰਹੀ ਹੈ। ਇਸ ਤੋਂ ਬਾਅਦ ਪੰਜਾਬ ਦੇ ਮਾਨਯੋਗ ਸੀ.ਐਮ. ਸਾਹਿਬ ਨੇ ਬੋਲਣਾ ਹੈ। ਜਿੰਨੇ ਬੁਲਾਰੇ ਬੋਲੇ ਹਨ, ਉਨ੍ਹਾਂ ਦੀ ਗੱਲਾਂ ਦਾ ਜਵਾਬ ਦੇਣਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜਿਹੜਾ ਸਭ ਤੋਂ ਪਹਿਲਾ ਪੈਰਾ ਲਿਖਿਆ ਹੋਇਆ ਹੈ, ਉਸ ਵਿੱਚ ਅਨੁਸੂਚਿਤ ਜਨ ਜਾਤੀਆਂ ਦੀ ਗੱਲ ਕੀਤੀ ਗਈ ਹੈ, Scheduled Castes and Scheduled Tribes ਦੀ ਗੱਲ ਕੀਤੀ ਗਈ ਹੈ। ਕਲ੍ਹ ਵੀ ਸਰਦਾਰ ਸਾਧੂ ਸਿੰਘ ਧਰਮਸੋਤ ਜੀ ਮਤਾ ਲੈ ਕੇ ਆਏ ਸਨ, ਉਨ੍ਹਾਂ ਨੇ ਮਤਾ ਪੇਸ਼ ਕੀਤਾ ਸੀ ਕਿ ਦੇਸ਼ ਵਿੱਚ ਮਿਲੀ ਹੋਈ ਰਿਜ਼ਰਵੇਸ਼ਨ ਨੂੰ ਖਤਰਾ ਪੈਦਾ ਹੋ ਗਿਆ ਹੈ ਕਿਉਂਕਿ ਜਿਹੜੀ ਬੀ.ਜੇ.ਪੀ. ਦੀ ਸਰਕਾਰ ਹੈ, ਉਹ ਖਾਸ ਕਰਕੇ ਦਲਿਤਾਂ ਦੇ ਖਿਲਾਫ ਹੈ, ਘੱਟ ਗਿਣਤੀਆਂ ਦੇ ਖਿਲਾਫ ਹੈ, ਇਸ ਲਈ ਮਤਾ ਯੂਨਾਨੀਮਸਲੀ ਪਾਸ ਕਰਕੇ ਸੈਂਟਰ ਸਰਕਾਰ ਨੂੰ ਭੇਜਿਆ ਗਿਆ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਵਿੱਚ 85ਵੀਂ ਸੋਧ ਕਹਿਣ ਨੂੰ ਤਾਂ ਲਾਗੂ ਹੈ ਪਰ ਅਸਲੀਅਤ ਵਿੱਚ ਪੰਜਾਬ ਵਿੱਚ ਲਾਗੂ ਨਹੀਂ ਹੈ। ਸਾਡੇ ਬੜੇ ਸਤਿਕਾਰਯੋਗ ਮੈਂਬਰ ਸ਼੍ਰੀ ਰਾਜ ਕੁਮਾਰ ਵੇਰਕਾ ਜੀ ਬੈਠੇ ਹਨ, ਇਹ National Scheduled Castes and Scheduled Tribes Commission ਦੇ ਚੇਅਰਮੈਨ ਵੀ ਰਹੇ ਹਨ। ਸਰਦਾਰ ਸਾਧੂ ਸਿੰਘ ਧਰਮਸੋਤ ਜੀ ਬੈਠੇ ਹਨ, ਚੰਨੀ ਜੀ ਚਲੇ ਗਏ ਹਨ, ਹੋਰ ਵੀ ਮਨਿਸਟਰ ਸਾਹਿਬਾਨ ਬੈਠੇ ਹਨ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਵਿੱਚ 85ਵੀਂ ਸੋਧ ਲਾਗੂ ਹੈ? ਇਹ ਕਾਗਜ਼ਾਂ ਵਿੱਚ ਤਾਂ ਲਾਗੂ ਹੈ, ਕੀ ਉਸ ਦਾ ਲਾਭ ਪੰਜਾਬ ਦੇ Scheduled Castes and Scheduled Tribesਨੂੰ ਮਿਲ ਰਿਹਾ ਹੈ? ਹਾਲੇ ਤੱਕ ਉਸ ਸੋਧ ਨੂੰ ਬੇਸ਼ੱਕ ਲਾਗੂ ਕੀਤਾ ਗਿਆ ਹੈ ਪਰ ਵਿਭਾਗ ਦਾ ਜਿਹੜਾ ਮਿਤੀ 10.10.2014 ਦਾ ਲੈਟਰ ਹੈ, ਉਸ ਬਾਰੇ ਵੇਰਕਾ ਸਾਹਿਬ ਨੂੰ ਪਤਾ ਹੈ ਕਿ ਇਹ ਲੈਟਰ ਪਰਸੋਨਲ ਡਿਪਾਰਟਮੈਂਟ ਦਾ ਹੈ, ਜੋ ਕਿ ਸੀ.ਐਮ. ਸਾਹਿਬ ਦੇ ਅਧੀਨ ਹੈ, ਉਹ ਜਾਣ ਬੁੱਝ ਕੇ ਵੈਲਫੇਅਰ ਡਿਪਾਰਟਮੈਂਟ ਦੇ ਲੈਟਰਾਂ ਦੇ ਖਿਲਾਫ਼ ਅਜਿਹੇ ਲੈਟਰ ਜਾਰੀ ਕਰਦਾ ਹੈ ਤਾਂ ਕਿ ਰਿਜ਼ਰਵੇਸ਼ਨ ਪੰਜਾਬ ਵਿੱਚ ਲਾਗੂ ਨਾ ਹੋਵੇ। ਇਹੀ ਕਾਰਨ ਹੈ ਕਿ ਲਗਭਗ 50,000 ਤੋਂ ਉੱਪਰ ਪੰਜਾਬ ਦੇ Scheduled Castes and Scheduled Tribesਦੇ ਮੁਲਾਜ਼ਮਾਂ ਨੂੰ ਪਰਮੋਸ਼ਨਾਂ ਸਹੀ ਢੰਗ ਨਾਲ ਨਹੀਂ ਮਿਲ ਰਹੀਆਂ ਅਤੇ ਨਾ ਹੀ ਬੈਕਲਾਗ ਪੂਰਾ ਹੋ ਰਿਹਾ ਹੈ। ਜੇ ਮੇਰੀ ਗੱਲ

1% ਵੀ ਗਲਤ ਹੈ ਤਾਂ ਵੇਰਕਾ ਸਾਹਿਬ ਖੜ੍ਹ ਕੇ ਕਹਿ ਸਕਦੇ ਹਨ ਕਿ ਪੰਜਾਬ ਵਿੱਚ ਠੀਕ ਢੰਗ ਨਾਲ 85ਵੀਂ ਸੋਧ ਲਾਗੂ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਰਾਜਪਾਲ ਜੀ ਦੇ ਭਾਸ਼ਣ ਦਾ ਜਿਹੜਾ ਪਹਿਲਾ ਪੈਰ੍ਹਾ ਹੈ, ਉਸ ਵਿੱਚ ਪੰਜਾਬ ਸਰਕਾਰ ਨਾਕਾਮ ਹੈ, ਫੇਲ੍ਹ ਹੈ।

ਸਪੀਕਰ ਸਾਹਿਬ, ਪਿਛਲੇ 10 ਸਾਲ ਪੰਜਾਬ ਵਿੱਚ ਅਕਾਲੀ-ਬੀ.ਜੇ.ਪੀ. ਦੀ ਸਰਕਾਰ ਸੀ ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਸਾਲ 2006 ਵਿੱਚ ਹਿੰਦੁਸਤਾਨ ਦੀ Apex courtਦੀ ਇਕ ਜਜਮੈਂਟ ਆਈ ਸੀ, ਉਸ ਐਮ. ਨਾਗਰਾਜ ਦੀ ਜਜਮੈਂਟ ਵਿੱਚ ਕਿਹਾ ਗਿਆ ਸੀ ਕਿ Scheduled Castes and Scheduled Tribesਦੀ ਕਿੰਨੀ ਉੱਨਤੀ ਹੋਈ ਹੈ ਅਤੇ ਕਿੰਨੀ ਨਹੀਂ, ਇਸ ਵਾਸਤੇ ਕਮੇਟੀ ਬਣਾ ਕੇ ਮੁਲਾਂਕਣ ਕੀਤਾ ਜਾਵੇ ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਅਕਾਲੀ ਦਲ, ਜਿਸ ਨੇ ਹਮੇਸ਼ਾ ਰਜਵਾੜਾਸ਼ਾਹੀ ਸੋਚ ਦਾ ਪ੍ਰਗਟਾਵਾ ਕੀਤਾ ਹੈ, ਉਨ੍ਹਾਂ ਨੇ 10 ਸਾਲਾਂ ਵਿੱਚ ਕਮੇਟੀ ਨਹੀਂ ਬਣਾਈ। ਅਕਾਲੀ ਦਲ-ਬੀ.ਜੇ.ਪੀ. ਨੇ 10 ਸਾਲ ਸੁਪਰੀਮ ਕੋਰਟ ਦੀ ਉਸ ਜਜਮੈਂਟ ਨੂੰ ਨਹੀਂ ਮੰਨਿਆ ਅਤੇ ਨਾ ਹੀ ਕੋਈ ਮੁਲਾਂਕਣ ਪੰਜਾਬ ਵਿੱਚ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਉਸ ਤੋਂ ਬਾਅਦ ਸਾਲ 2018 ਵਿੱਚ ਇਕ ਨਵੀਂ ਜਜਮੈਂਟ ਪਹਿਲੀ ਜਜਮੈਂਟ ਦੇ ਅਗੇਂਸਟ ਆਈ ਸੀ ਲੇਕਿਨ ਸਰਦਾਰ ਪਰਕਾਸ਼ ਸਿੰਘ ਬਾਦਲ ਜਿਹੜੇ ਕਿ ਹੁਣ ਤੱਕ ** ਰਹੇ ਹਨ, ਉਹ ਦਲਿਤਾਂ ਦੇ ਖਿਲਾਫ, ਰਿਜ਼ਰਵੇਸ਼ਨ ਦੀ ਨੀਤੀ ਦੇ ਖਿਲਾਫ ਕੰਮ ਕਰਦੇ ਰਹੇ।

ਮਾਨਯੋਗ ਸਪੀਕਰ : **ਐਕਸਪੰਜ ਕੀਤਾ ਜਾਵੇ।

ਸਰਦਾਰ ਹਰਪਾਲ ਸਿੰਘ ਚੀਮਾ : ਸਪੀਕਰ ਸਾਹਿਬ, ਇਸ ਤੋਂ ਇਲਾਵਾ ਪੰਜਾਬ ਵਿੱਚ ਵੱਡੀ ਪੱਧਰ ਤੇ ਬੈਕਲਾਗ ਹਾਲੇ ਵੀ ਖਾਲੀ ਪਿਆ ਹੈ। ਆਊਟ ਸੋਰਸ ਰਾਹੀਂ ਜਾਂ ਠੇਕੇ ਰਾਹੀਂ ਜਿਹੜੀਆਂ ਵੀ ਪੋਸਟਾਂ ਭਰੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਰਿਜ਼ਰਵੇਸ਼ਨ ਬਿਲਕੁਲ ਲਾਗੂ ਨਹੀਂ ਹੁੰਦੀ। ਇਸ ਤੋਂ ਇਲਾਵਾ ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ ਵਿੱਚ ਵੀ ਰਿਜ਼ਰਵੇਸ਼ਨ ਪਾਲਿਸੀ ਲਾਗੂ ਨਹੀਂ ਹੈ। ਉਥੇ ਇਕ ਵੀ ਲੈਕਚਰਾਰ ਜਾਂ ਪ੍ਰੋਫੈਸਰ ਰਿਜ਼ਰਵ ਕੈਟਾਗਰੀ ਦਾ ਨਹੀਂ ਰੱਖਿਆ ਗਿਆ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਅੱਜ ਪੰਜਾਬ ਵਿੱਚ ਐਜੂਕੇਸ਼ਨ ਦੀ ਗੱਲ ਬਹੁਤ ਸਾਰੇ ਬੁਲਾਰਿਆਂ ਨੇ ਕੀਤੀ ਹੈ, ਐਜੂਕੇਸ਼ਨ ਵਾਸਤੇ Right of Education Act ਬਣਿਆ। ਮੰਤਰੀ ਸਾਹਿਬ ਬੈਠੇ ਹਨ। Right of Education Actਸਾਲ 2009 ਵਿੱਚ ਬਣਿਆ ਸੀ।ਸਰ, ਉਸ ਐਕਟ ਅਧੀਨ ਸਾਲ 2009 ਤੋਂ ਲੈ ਕੇ ਹੁਣ ਤੱਕ ਪੰਜਾਬ ਦਾ ਇੱਕ ਵੀ ਬੱਚਾ ਜਿਹੜਾ ਗਰੀਬ ਹੈ, ਪੂਅਰ ਹੈ, ਉਸ ਵਿਚ ਕਾਸਟ ਦਾ ਕੋਈ ਰੋਲ ਨਹੀਂ ਹੈ ਕਿ ਕਿਹੜੀ ਕਾਸਟ ਦਾ ਹੈ, ਜਿਹੜਾ ਬੱਚਾ ਗਰੀਬ ਵਰਗ ਨਾਲ ਸਬੰਧਤ ਹੈ, ਸੀ.ਐਮ. ਸਾਹਿਬ ਵੀ ਬੈਠੇ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੱਕ ਇੱਕ ਵੀ ਬੱਚੇ ਨੇ ਉਸ ਦਾ ਲਾਭ ਨਹੀਂ ਲਿਆ। ਕਿਉਂ ਨਹੀਂ ਲਿਆ? ਕਿਉਂਕਿ ਪਰਕਾਸ਼ ਸਿੰਘ ਬਾਦਲ ਇੱਕ ਇਸ ਤਰ੍ਹਾਂ ਦੀ ਕੈਪ ਲਗਾ ਗਏ, ਇੱਕ ਇਸ ਤਰ੍ਹਾਂ ਦਾ ਆਰਡਰ ਕਰ ਗਏ ਕਿ ਜੇਕਰ

**Expunged as ordered by the Chair.

ਸਰਕਾਰੀ ਸਕੂਲ ਦਾ ਜੋ ਹੈੱਡਮਾਸਟਰ ਹੈ, ਪ੍ਰਿੰਸੀਪਲ ਹੈ, ਉਹ ਆਰਡਰ ਜਾਰੀ ਕਰੇਗਾ ਕਿ ਜਿਹੜਾ ਇਹ ਬੱਚਾ ਹੈ, ਪ੍ਰਾਈਵੇਟ ਸਕੂਲ ਵਿਚ ਪੜ੍ਹ ਸਕਦਾ ਹੈ, ਫਿਰ ਹੀ ਉਸ ਦੀ ਐਡਮਿਸ਼ਨ ਹੋਵੇਗੀ ਪਰ ਹੁਣ ਤਾਂ ਤਿੰਨ ਸਾਲ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਨੂੰ ਹੋ ਗਏ ਹਨ, ਹੁਣ ਤਾਂ ਘੱਟੋ-ਘੱਟ ਉਹ ਕੈਪ ਹਟਾ ਦਿਉ। ਘੱਟੋ-ਘੱਟ ਗਰੀਬਾਂ ਦੇ ਸਾਰੇ ਬੱਚੇ ਜਿਹੜੇ ਮੈਂ ਸਮਝਦਾ ਹਾਂ ਕਿ ਜੇ ਉਹ ਵੱਡੇ ਸਕੂਲਾਂ ਵਿਚ ਨਹੀਂ ਪੜ੍ਹ ਸਕਦੇ ਤਾਂ ਉਨ੍ਹਾਂ ਵਿੱਚੋਂ 25% ਨੂੰ ਤਾਂ ਐਡਮਿਸ਼ਨ ਮਿਲੇ, ਉਹ ਤਾਂ ਉਥੇ ਜਾ ਕੇ ਪੜ੍ਹ ਸਕਣ। ਮੈਂ ਸਮਝਦਾ ਹਾਂ ਕਿ ਇਸ ਵਿਚ ਕੈਪਟਨ ਸਾਹਿਬ ਨੂੰ, ਉਨ੍ਹਾਂ ਦੇ ਮੰਤਰੀ ਸਾਹਿਬ ਨੂੰ ਜਾਂ ਇਨ੍ਹਾਂ ਦੀ ਸਰਕਾਰ ਨੂੰ ਕੀ ਘਾਟਾ ਪੈਂਦਾ ਹੈ? ਜਾਂ ਤਾਂ ਸਿੰਗਲਾ ਸਾਹਿਬ ਇਹ ਦੱਸ ਦੇਣ ਕਿ ਕੀ ਪੰਜਾਬ ਵਿਚ ਕੋਈ ਮਾਫੀਆ ਚੱਲ ਰਿਹਾ ਹੈ, ਉਸ ਵਿਚ ਕੋਈ ਸ਼ੇਅਰ ਹੈ, ਇਸ ਕਰਕੇ ਮੈਂ ਨਹੀਂ ਕਰ ਸਕਦਾ ਪਰ ਇਸ ਵਿਚ ਤਾਂ ਕਰਨਾ ਹੀ ਕੁਝ ਨਹੀਂ ਹੈ। ਇਸ ਸਕੀਮ ਨਾਲ ਤਾਂ ਪੰਜਾਬ ਦਾ ਫਾਇਦਾ ਹੀ ਹੋਵੇਗਾ, ਪੰਜਾਬ ਦੇ ਲੋਕਾਂ ਦਾ ਫਾਇਦਾ ਹੋਵੇਗਾ, ਫਿਰ ਇਹ ਕਿਉਂ ਨਹੀਂ ਕਰ ਰਹੇ? ਇਹ ਵਾਲੇ ਤਿੰਨ ਸਾਲ ਲੰਘ ਗਏ ਹਨ, ਪਹਿਲਾਂ ਸਾਲ 2009 ਤੋਂ ਲੈ ਕੇ 2017 ਤੱਕ ਪਿਛਲੀ ਸਰਕਾਰ ਨੇ ਨਹੀਂ ਕੀਤਾ।

ਮਾਨਯੋਗ ਸਪੀਕਰ: ਚੀਮਾ ਜੀ, ਕਨਕਲੂਡ ਕਰੋ ਜੀ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਕਨਕਲੂਡ ਨਹੀਂ ਜੀ...

ਮਾਨਯੋਗ ਸਪੀਕਰ: ਤੁਸੀਂ ਆਪ ਹੀ ਆਪਣੇ ਲਈ ਪੰਜ ਮਿੰਟ ਰੱਖੇ ਹਨ। ਬਾਕੀ ਟਾਈਮ ਤੁਸੀਂ ਡਿਸਟ੍ਰੀਬਿਊਟ ਕੀਤਾ ਹੈ, ਤੁਹਾਡਾ ਲਿਖਿਆ ਹੋਇਆ ਮੇਰੇ ਕੋਲ ਪਿਆ ਹੈ। ਤੁਹਾਡਾ ਦਸਤਖਤੀ ਮੇਰੇ ਕੋਲ ਪਿਆ ਹੈ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਵਾਰ ਵਾਰ ਪੰਜਾਬ ਵਿਚ ਮਾਫੀਆ ਰਾਜ ਦੀ ਗੱਲ ਹੋ ਰਹੀ ਹੈ। ਪੰਜਾਬ ਵਿਚ ਲੈਂਡ ਮਾਫੀਆ ਜੋ ਹੈ, ਉਹ ਉਸੇ ਤਰ੍ਹਾਂ ਚੱਲ ਰਿਹਾ ਹੈ, ਜਿਵੇਂ ਬਾਦਲ ਸਾਹਿਬ ਦੀ ਸਰਕਾਰ ਦੇ ਵੇਲੇ ਚਲਦਾ ਸੀ। ਉਸੇ ਤਰ੍ਹਾਂ ਲਗਾਤਾਰ ਹੁਣ ਵੀ ਕਬਜ਼ੇ ਹੋ ਰਹੇ ਹਨ। ਮੈਂ ਪਹਿਲਾਂ ਵੀ ਜ਼ੀਰੋ ਆਵਰ ਦੌਰਾਨ ਇਹ ਗੱਲ ਚੁੱਕਣ ਦੀ ਕੋਸ਼ਿਸ਼ ਕੀਤੀ ਸੀ। ਪਿੰਡ ਡੇਅਰੀਵਾਲਾ ਵਿਚ ਜੋ ਕਿ ਪਠਾਨਕੋਟ ਵਿਚ ਪੈਂਦਾ ਹੈ, ਉਥੇ 367 ਏਕੜ ਜ਼ਮੀਨ ਪੰਜਾਬ ਸਰਕਾਰ ਦੀ ਹੈ। ਉਸ ਜ਼ਮੀਨ ਦੀਆਂ ਗਿਰਦਾਵਰੀਆਂ ਪਤਾ ਨਹੀਂ ਕਿਹੜੇ ਕਿਹੜੇ ਢੰਗ ਨਾਲ ਚੇਂਜ ਕਰਕੇ ਆਫੀਸਰ ਸਾਹਿਬਾਨ ਜੋ ਹਨ, ਨਜਾਇਜ਼ ਤੌਰ ਤੇ ਪ੍ਰਾਈਵੇਟ ਲੋਕਾਂ ਦਾ ਕਬਜ਼ਾ ਕਰਵਾ ਰਹੇ ਹਨ। ਉਸ ਵਿਚ ਉਥੋਂ ਦੇ ਅਫ਼ਸਰ ਰਲ਼ੇ ਹੋਏ ਹਨ ਅਤੇ ਉਥੋਂ ਦੇ ਜੋ ਲੋਕਲ ਪਾਲੇਟੀਸ਼ੀਅਨ ਰਲ਼ੇ ਹੋਏ ਹਨ। ਸਰ, ਇਹ 367 ਏਕੜ ਜ਼ਮੀਨ ਪਿੰਡ ਡੇਅਰੀਵਾਲਾ ਦੀ ਪੰਜਾਬ ਸਰਕਾਰ ਦੀ ਹੈ, ਇਸ ਤੋਂ ਬਿਨਾਂ ਪਿੰਡ ਚੱਪੜਚਿੜੀ ਦੀ 7 ਏਕੜ ਸਰਕਾਰੀ ਜ਼ਮੀਨ ਤੇ ਵੀ ਨਜਾਇਜ਼ ਕਬਜ਼ਾ ਹੋ ਗਿਆ ਹੈ। ਨਵਾਂ ਗਾਉਂ ਵਿਚ ਇੱਕ ਸੰਜੀਵ ਕੁਮਾਰ ਗੁਪਤਾ ਜੀ, ਜੋ ਕਿ ਪੰਜਾਬ ਦੇ ਰਿਟਾਇਰਡ ਡੀ.ਜੀ.ਪੀ. ਹਨ, ਉਨ੍ਹਾਂ ਨੇ ਇੱਕ ਵਿਅਕਤੀ ਦੀ ਜ਼ਮੀਨ ਤੇ ਲਗਾਤਾਰ ਕਬਜ਼ਾ ਕਰ ਰੱਖਿਆ ਹੈ ਜਦੋਂ ਕਿ ਉਸ

ਵਿਅਕਤੀ ਦੇ ਹੱਕ ਵਿਚ ਹਾਈ ਕੋਰਟ ਤੋਂ ਲਗਾਤਾਰ ਸਟੇਅ ਆਰਡਰ ਹਨ, ਲਗਾਤਾਰ ਉਹ ਜਿੱਤਿਆ ਹੋਇਆ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਪੰਜਾਬ ਵਿਚ ਲੈਂਡ ਮਾਫੀਆ ਉਸੇ ਤਰ੍ਹਾਂ ਕੰਮ ਕਰ ਰਿਹਾ ਹੈ ਜਿਵੇਂ **ਤੇ ** ਦੀ ਸਰਕਾਰ ਵਿਚ ਕੰਮ ਕਰ ਰਿਹਾ ਸੀ।

ਮਾਨਯੋਗ ਸਪੀਕਰ: ** ਨਾਮ ਐਕਸਪੰਜ ਕਰ ਦਿਉ।

ਸਰਦਾਰ ਹਰਪਾਲ ਸਿੰਘ ਚੀਮਾ: ਇਸ ਤੋਂ ਬਿਨਾਂ ਡਰੱਗ ਮਾਫੀਏ ਦੀ ਗੱਲ ਵਾਰ ਵਾਰ ਆ ਰਹੀ ਹੈ। ਬੈਂਸ ਸਾਹਿਬ ਨੇ ਵੀ ਗੱਲ ਕੀਤੀ ਸੀ। ਮੈਂ ਵੀ ਸਵੇਰੇ ਕੀਤੀ ਸੀ, ਹੁਣ ਵੀ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਐਡਵੋਕਟ ਜਨਰਲ ਦੇ ਆਫਿਸਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਵੇ ਕਿ ਜਿਹੜੀਆਂ ਰਿਪੋਰਟਾਂ ਚਾਹੇ ਈ.ਡੀ. ਦੀ ਹੈ, ਚਾਹੇ ਐਸ.ਐਸ.ਚਟੋਉਪਾਧਿਆਏ ਦੀ ਹੈ, ਉਨ੍ਹਾਂ ਨੂੰ ਖੋਲ੍ਹਿਆ ਜਾਵੇ। ਮੈਂ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਖੁਲਵਾਉਣ ਲਈ ਪੰਜਾਬ ਸਰਕਾਰ ਯਤਨ ਕਿਉਂ ਨਹੀਂ ਕਰ ਰਹੀ? ਜਦੋਂ ਕਿ ਸਾਰੇ ਪੰਜਾਬ ਨੂੰ ਪਤਾ ਹੈ, ਪੰਜਾਬ ਦੇ ਜਿਹੜੇ ਸਾਬਕਾ ਵਜ਼ੀਰ ਸਨ, ਉਨ੍ਹਾਂ ਦੀ ਗੱਲ ਕੀਤੀ ਗਈ ਸੀ। ਪੰਜਾਬ ਦੇ ਬੱਚੇ-ਬੱਚੇ ਨੂੰ ਪਤਾ ਹੈ ਕਿ ਉਸ ਰਿਪੋਰਟ ਦੇ ਵਿਚ ਆਪਣੇ ਕਿਹੜੇ ਸਾਬਕਾ ਮਨਿਸਟਰ ਦਾ ਨਾਮ ਆਉਂਦਾ ਹੈ। ਫਿਰ ਕਿਉਂ ਉਨ੍ਹਾਂ ਨੂੰ ਬਚਾਇਆ ਜਾ ਰਿਹਾ ਹੈ? ਕਿਉਂਕਿ ਕੈਪਟਨ ਸਾਹਿਬ ਨੇ, ਸੀ.ਐਮ. ਸਾਹਿਬ ਨੇ ਜਿਥੇ ਚਾਰ ਹਫ਼ਤਿਆਂ ਵਿਚ ਨਸ਼ਾ ਖਤਮ ਕਰਨ ਦੀ ਸਹੁੰ ਖਾਧੀ ਸੀ, ਮੈਂ ਇਸ ਗੱਲ ਨੂੰ ਵਾਰ-ਵਾਰ ਇਸ ਲਈ ਦੁਹਰਾਉਂਦਾ ਹਾਂ ਕਿਉਂਕਿ ਉਸ ਵਿਚ ਕਿਹੜਾ ਜ਼ੋਰ ਲੱਗਣਾ ਹੈ, ਉਹ ਤਾਂ ਹਾਈ ਕੋਰਟ ਨੇ ਰਿਪੋਰਟ ਮੰਗੀ ਸੀ, ਹਾਈਕੋਰਟ ਦੇ ਵਿਚਸਬਮਿਟ ਹੈ। ਫਿਰ ਉਸ ਨੂੰ ਕਿਉਂ ਨਹੀਂ ਖੋਲ੍ਹਦੇ? ਕੀ ਗੱਲ ਹੈ? ਕੀ ਕੈਪਟਨ ਸਾਹਿਬ ਉਸ ਪਰਿਵਾਰ ਨੂੰ ਬਚਾ ਰਹੇ ਹਨ? ਕੀ ਪੰਜਾਬ ਵਿਚ ਡਰੱਗ ਮਾਫੀਆ ਖਤਮ ਨਹੀਂ ਕਰਨਾ ਚਾਹੁੰਦੇ? ਇਸ ਵਿਚ ਜਾਂਚ ਹੋਈ ਹੋਈ ਹੈ, ਉਹ ਕਵਰ ਸੀਲ ਦੇ ਵਿਚ ਪੰਜਾਬ ਦੀ ਆਨਰੇਬਲ ਹਾਈ ਕੋਰਟ ਵਿਚ ਪੈਂਡਿੰਗ ਪਈ ਹੈ, ਮੈਂ ਸਮਝਦਾ ਹਾਂ ਕਿ ਉਹ ਰਿਪੋਰਟ ਓਪਨ ਹੋਣੀ ਚਾਹੀਦੀ ਹੈ। (ਵਿਘਨ)(ਸ਼ੋਰ) ਜਿਹੜੇ ਵੀ ਦੋਸ਼ੀ ਹਨ, ਉਹ ਫੜੇ ਜਾਣੇ ਚਾਹੀਦੇ ਹਨ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ: ਬੈਠੋ ਜੀ, ਨਹੀਂ ਹੋਵੇਗਾ। ਬਿਲਕੁਲ ਨਹੀਂ, ਬਿਲਕੁਲ ਨਹੀਂ। ਇਨ੍ਹਾਂ ਨੂੰ ਬੋਲਣ ਦਿਉ। ਚੀਮਾ ਜੀ, ਬੋਲੋ, ਬੋਲੋ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਇਹ ਖੜ੍ਹੇ ਹੋ ਕੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਉਸ ਰਿਪੋਰਟ ਵਿਚ ****ਦਾ ਨਾਮ ਆਉਂਦਾ ਹੈ। ਮੈਂ ਵਾਰ-ਵਾਰ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਕੈਪਟਨ ਸਾਹਿਬ ਆਪਣੀ ਜੁਰੱਅਤ ਵਿਖਾਉ, ਜੇਕਰ ਤੁਸੀਂ ਡਰੱਗ ਦੇ ਖਿਲਾਫ ਬੋਲਣਾ ਚਾਹੁੰਦੇ ਹੋ।

**Expunged as ordered by the Chair.

ਮਾਨਯੋਗ ਸਪੀਕਰ: ਚਲੋ ਬੈਠੋ, ਹੁਣ ਕਨਕਲੂਡ ਕਰੋ, ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ।

ਸਰਦਾਰ ਹਰਪਾਲ ਸਿੰਘ ਚੀਮਾ: ਇਕ ਮਿੰਟ, ਸਰ।

ਮਾਨਯੋਗ ਸਪੀਕਰ: ਨਹੀਂ ਜੀ, ਨਹੀਂ, ਟਾਈਮ ਹੋ ਗਿਆ, ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ।

ਸਰਦਾਰ ਹਰਪਾਲ ਸਿੰਘ ਚੀਮਾ:ਸਪੀਕਰ ਸਾਹਿਬ, ਬੇਅਦਬੀ ਦਾ ਮੁੱਦਾ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਹੋਏ ਮਾਨਯੋਗ ਸਪੀਕਰ ਨੂੰ ਸਰਦਾਰ ਹਰਪਾਲ ਸਿੰਘ ਚੀਮਾ ਨੂੰ ਬੋਲਣ ਲਈ ਹੋਰ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ: ਟਾਈਮ ਦੀ ਲਿਮਟ ਸਭ ਵਾਸਤੇ ਹੈ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਕਨਕਲੂਡ ਕਰ ਲੈਣ ਦਿਓ।

ਮਾਨਯੋਗ ਸਪੀਕਰ: ਨਹੀਂ ਜੀ ਨਹੀਂ, ਟਾਈਮ ਲਿਮਟ ਸਭ ਵਾਸਤੇ ਹੈ। ਸੀ.ਐਮ. ਸਾਹਿਬ ਵਾਸਤੇ ਵੀ ਟਾਈਮ ਲਿਮਟ ਹੈ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਦੋ ਮਿੰਟ ਵਿਚ ਹੀ ਕਨਕਲੂਡ ਕਰ ਦਿੰਦਾ ਹਾਂ। ਪੰਜਾਬ ਦੇ ਵਿਚ ਹੁਣ ਤੱਕ ਦੋ ਵਾਰ ਬੇਅਦਬੀ ਹੋਈ ਹੈ। ਪਹਿਲਾਂ ਸਾਲ 1986 ਵਿਚ ਹੋਈ ਸੀ, ਉਸ ਸਮੇਂ ਵੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਉਸ ਸਮੇਂ ਨਕੋਦਰ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਪਵਿੱਤਰ ਬੀੜਾਂ ਸਾੜੀਆਂ ਗਈਆਂ ਸਨ ਅਤੇ ਚਾਰ ਨੌਜੁਆਨ ਮਾਰੇ ਗਏ ਸਨ। ਉਸ ਦੀ ਜਾਂਚ ਰਿਪੋਰਟ ਸਦਨ ਵਿਚ ਪੇਸ਼ ਹੋਈ ਸੀ ਪਰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਪਹਿਲਾ ਭਾਗ ਤਾਂ ਲਾਇਬ੍ਰੇਰੀ ਤੋਂ ਵੀ ਮਿਲ ਸਕਦਾ ਹੈ, ਤੁਹਾਡੇ ਦਫ਼ਤਰ ਤੋਂ ਵੀ ਮਿਲ ਸਕਦਾ ਹੈ ਪਰ ਜਿਹੜਾ ਦੂਜਾ ਭਾਗ ਹੈ, ਜਿਹੜਾ ਦੋਸ਼ੀਆਂ ਬਾਰੇ ਦੱਸਦਾ ਹੈ, ਉਹ ਨਹੀਂ ਮਿਲਦਾ। ਉਹ ਪੰਜਾਬ ਸਰਕਾਰ ਦੇ ਕਿੰਨਾ ਅਧਿਕਾਰੀਆਂ ਨੇ ਗੁੰਮ ਕਰ ਦਿੱਤਾ? ਕਿਉਂਕਿ ਉਸ ਰਿਪੋਰਟ ਵਿਚ ਉਸ ਸਮੇਂ ਦੇ ਡਿਪਟੀ ਕਮਿਸ਼ਨਰ, ਉਸ ਸਮੇਂ ਦੇ ਐਸ.ਐਸ.ਪੀ., ਉਸ ਸਮੇਂ ਦੀ ਸਰਕਾਰ ਦੇ ਨੁਮਾਇੰਦੇ ਆਉਂਦੇ ਸੀ, ਇਸ ਕਰਕੇ ਸਾਲ 1986 ਦੀ ਘਟਨਾ ਦੀ ਰਿਪੋਰਟ ਹੀ ਗੁੰਮ ਕਰ ਦਿੱਤੀ ਗਈ।ਸਪੀਕਰ ਸਾਹਿਬ, ਬਹਿਬਲ ਕਲਾਂ ਤੇ ਬਰਗਾੜੀ ਕਾਂਡ ਨੂੰ ਅੱਜ ਪੰਜ ਸਾਲ ਹੋ ਗਏ ਹਨ। ਇਹ ਬੇਅਦਬੀ ਵੀ ਅਕਾਲੀ ਦਲ ਦੇ ਰਾਜ ਵਿਚ ਹੋਈ ਹੈ। ਇਕ ਪਾਸੇ ਤਾਂ ਇਹ ਪੰਥਕ ਸਰਕਾਰ ਹੋਣ ਦਾ ਦਾਅਵਾ ਕਰਦੇ ਰਹੇ ਹਨ, ਦੂਜੇ ਪਾਸੇ ਬੇਅਦਬੀ ਵੀ ਇਨ੍ਹਾਂ ਦੇ ਰਾਜ ਵਿਚ ਹੀ ਹੁੰਦੀ ਰਹੀ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਕੈਪਟਨ ਸਾਹਿਬ

**Expunged as ordered by the Chair.

ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸਾਰੇ ਦੋਸ਼ੀ ਬੜੇ ਜਲਦੀ ਫੜੇ ਜਾਣਗੇ। ਇਸ ਵਾਸਤੇ ਸਪੈਸ਼ਲ ਸੈਸ਼ਨ ਵੀ ਹੋਇਆ ਸੀ, ਲਾਈਵ ਸੈਸ਼ਨ ਹੋਇਆ ਸੀ। ਪਰ ਅਫਸੋਸ ਦੀ ਗੱਲ ਹੈ ਕਿ ਦੋਸ਼ੀ ਫੜੇ ਨਹੀਂ ਗਏ। ਜਿਹੜੇ ਲੋਕ ਇਸ ਸਾਜਿਸ਼ ਦੇ ਪਿੱਛੇ ਸੀ, ਜਿਨ੍ਹਾਂ ਨੇ ਘੰਟਿਆਂ ਬੱਧੀ ਰਾਤ ਨੂੰ ਦੋ-ਦੋ ਵਜੇ ਫੋਨ ਤੇ ਗੱਲਾਂ ਕੀਤੀਆਂ ਕਿ ਨੌਜੁਆਨਾਂ ਨੂੰ ਮਾਰ ਦਿਓ, ਉਹ ਹਾਲੇ ਤੱਕ ਕਿਉਂ ਨਹੀਂ ਫੜੇ ਗਏ। ਇਸ ਵਿਚ ਸਭ ਤੋਂ ਵੱਡਾ ਜ਼ਿੰਮੇਵਾਰ ਐਡਵੋਕੇਟ ਜਨਰਲ ਦਾ ਦਫ਼ਤਰ ਹੈ।ਕਿੰਨੀਆਂ ਹੀ ਸਟੇਆਂ ਹੋ ਗਈਆਂ। ਸਪੀਕਰ ਸਾਹਿਬ, ਐਡਵੋਕੇਟ ਜਨਰਲ ਦਫ਼ਤਰ ਦੇ ਬੰਦੇ ਹੀ ਦੱਸਦੇ ਹਨ ਕਿ ਐਡਵੋਕੇਟ ਜਨਰਲ ਇੰਟੈਸ਼ਨਲੀ ਜਾਣਬੁੱਝ ਕੇ ਜਦੋਂ ਬਹਿਬਲ ਕਲਾਂ ਬੇਅਦਬੀ ਦਾ ਕੇਸ ਲੱਗਿਆ ਸੀ, ਉਦੋਂ ਦੋ-ਤਿੰਨ ਵਾਰ ਉਹ ਅਦਾਲਤ ਵਿਚ ਪੇਸ਼ ਹੀ ਨਹੀਂ ਹੋਏ, ਇਹੀ ਕਾਰਨ ਹੈ ਕਿ ਸਟੇਅ ਹੋ ਗਈ। ਉਸ ਨਾਲ ਲੰਬਾ ਅਰਸਾ ਇਹ ਕੇਸ ਖਿੱਚਿਆ ਗਿਆ। ਮੈਂ ਸਮਝਦਾ ਹਾਂ ਕਿ ਸਮਾਂ ਬਹੁਤ ਥੋੜ੍ਹਾ ਹੈ।

Mr. Speaker: Thank you.

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਇਕ ਮਿੰਟ ਜੀ, ਮੈਂ ਤਾਂ ਇਹੀ ਬੇਨਤੀ ਕਰਾਂਗਾ ਕਿ ਜਿਹੜਾ ****ਇੱਥੇ ਪੜ੍ਹਿਆ ਗਿਆ ਹੈ। ਘੱਟੋ ਘੱਟ ਜਿਹੜੇ ਪੰਜਾਬ ਦੇ ਵੱਡੇ ਇਸ਼ੂ ਹਨ, ਡਰੱਗ ਦਾ ਇਸ਼ੂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਸ਼ੂ ਹੈ, ਦਲਿਤਾਂ ਦਾ ਇਸ਼ੂ ਹੈ, ਵਪਾਰੀਆਂ ਦਾ ਇਸ਼ੂ ਹੈ।

Mr. Speaker: Thank you.

ਸਰਦਾਰ ਹਰਪਾਲ ਸਿੰਘ ਚੀਮਾ: ਮਹਿੰਗੀ ਬਿਜਲੀ ਦਾ ਇਸ਼ੂ ਹੈ, ਤੁਹਾਨੂੰ ਪਤਾ ਹੀ ਹੈ ਕਿ ਕੈਪਟਨ ਸਾਹਿਬ ਨੇ ਵਾਅਦਾ ਕੀਤਾ ਸੀ ਕਿ ਜਦੋਂ ਮੈਂ ਸੱਤਾ ਵਿਚ ਆਇਆ ਤਾਂ ਜਿਹੜੇ ਐਗਰੀਮੈਂਟ ** ਨੇ ਕੀਤੇ ਹਨ, ਉਹ ਤੋੜਾਂਗਾ ਪਰ ਅਫਸੋਸ ਦੀ ਗੱਲ ਹੈ ਕਿ ਉਹ ਐਗਰੀਮੈਂਟ ਹਾਲੇ ਵੀ ਬਰਕਰਾਰ ਹਨ। ਇਹ ਕਹਿੰਦੇ ਕਿ ਅਸੀਂ ਵਾਈਟ ਪੇਪਰ ਜਾਰੀ ਕਰਾਂਗੇ।

Mr. Speaker: Thank you, ਬੈਠੋ, ਬੈਠੋ।

ਸਰਦਾਰ ਹਰਪਾਲ ਸਿੰਘ ਚੀਮਾ: ਸੋ, ਇਹੀ ਹਾਲ ਵਿੱਤ ਮੰਤਰੀ ਜੀ ਦਾ ਹੈ। ਉਨ੍ਹਾਂ ਨੇ ਆਪਣੇ ਪਹਿਲੇ ਬਜਟ ਦੇ ਭਾਸ਼ਣ ਵਿਚ ਕਿਹਾ ਸੀ ਕਿ ਤਿੰਨ ਸਾਲਾਂ ਦੇ ਵਿਚ ਖਜਾਨਾ ਭਰ ਦਿਆਂਗਾ ਪਰ ਖਜਾਨਾ ਉਸੇ ਤਰ੍ਹਾਂ ਖਾਲੀ ਹੈ।ਖਜ਼ਾਨਾ ਲਗਾਤਾਰ ਖਾਲੀ ਹੋ ਰਿਹਾ ਹੈ।

ਮਾਨਯੋਗ ਸਪੀਕਰ: ਜਦੋਂ ਬਜਟ ਆਵੇਗਾ, ਉਦੋਂ ਬੋਲ ਲੈਣਾ।

ਸਰਦਾਰ ਹਰਪਾਲ ਸਿੰਘ ਚੀਮਾ:ਖਜ਼ਾਨਾ ਤਾਂ ਹੀ ਭਰੇਗਾ ਜੇਕਰ ਮਾਫੀਆ ਰਾਜ ਖਤਮ ਹੋਵੇਗਾ।

**Expunged as ordered by the Hon'ble Speaker.

ਮਾਨਯੋਗ ਸਪੀਕਰ: ਬਜਟ ਤੇ ਬੋਲ ਲੈਣਾ।

ਸਰਦਾਰ ਹਰਪਾਲ ਸਿੰਘ ਚੀਮਾ: ਸਾਰਾ ਮਾਫੀਆ ਰਾਜ ਉਸੇ ਤਰ੍ਹਾਂ ਚੱਲ ਰਿਹਾ ਹੈ, ਜਿਵੇਂ ** ਦੇ ਰਾਜ ਵੇਲੇ ਚੱਲ ਰਿਹਾ ਸੀ।

ਮਾਨਯੋਗ ਸਪੀਕਰ: ਤੁਸੀਂ ਬਜਟ ਤੇ ਬੋਲ ਲੈਣਾ।

ਸਰਦਾਰ ਹਰਪਾਲ ਸਿੰਘ ਚੀਮਾ: ਜੇਕਰ ਖਜ਼ਾਨੇ ਦੀ ਲੀਕੇਜ ਬੰਦ ਹੋ ਜਾਵੇ ਤਾਂ ਜਿਹੜਾ ਪੰਜਾਬ ਦਾ ਢਾਈ ਲੱਖ ਕਰੋੜ ਦਾ ਕਰਜਾ ਹੈ, ਉਹ ਵੀ ਖਤਮ ਹੋ ਜਾਵੇਗਾ।

ਮਾਨਯੋਗ ਸਪੀਕਰ:ਧੰਨਵਾਦ ਜੀ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਇਹ ਕਰਜ਼ਾ ਪੰਜਾਬ ਤੇ ਸਾਲ 1992 ਤੋਂ ਬਾਅਦ ਚੜ੍ਹਿਆ ਹੈ। ਸਪੀਕਰ ਸਾਹਿਬ, ਸਾਲ 1992 ਤੱਕ ਪੰਜਾਬ ਤੇ ਸਿਰਫ 9 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ, ਉਸ ਵਿਚੋਂ ਵੀ 6 ਹਜ਼ਾਰ ਕਰੋੜ ਮੁਆਫ ਹੋ ਗਿਆ, ਸਿਫਰ 3 ਹਜ਼ਾਰ ਕਰੋੜ ਕਰਜ਼ਾ ਰਹਿ ਗਿਆ ਸੀ।

ਮਾਨਯੋਗ ਸਪੀਕਰ: ਚੀਮਾ ਜੀ, ਹੁਣ ਬੈਠੋ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਉਸ ਤੋਂ ਬਾਅਦ ਲਗਾਤਾਰ ਹੁਣ ਤੱਕ ਢਾਈ ਲੱਖ ਕਰੋੜ ਦਾ ਕਰਜ਼ਾ ਹੋ ਗਿਆ। ਇਸ ਸਮੇਂ ਦੌਰਾਨ ਸਰਕਾਰਾਂ ਕਿਸਦੀਆਂ ਰਹੀਆਂ ਹਨ?

ਮਾਨਯੋਗ ਸਪੀਕਰ: ਚਲੋ ਬੈਠੋ, ਬੈਠੋ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਤੇ ਵੀ ਮੁੱਖ ਮੰਤਰੀ ਜੀ ਸਪਸ਼ਟ ਜਵਾਬ ਦੇਣ ਕਿ ਇਹ ਕਰਜ਼ਾ ਕਿਉਂ ਚੜ੍ਹਿਆ ਹੈ।

ਮਾਨਯੋਗ ਸਪੀਕਰ: ਹੁਣ ਬੈਠੋ।

WELCOME ANNOUNCEMENT BY THE HON'BLE SPEAKER

ਮਾਨਯੋਗ ਸਪੀਕਰ: ਮੈਨੂੰ ਇਹ ਸੂਚਿਤ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੀ ਮੁਹੰਮਦ ਸਦੀਕ, ਮਾਨਯੋਗ ਮੈਂਬਰ, ਲੋਕ ਸਭਾ, ਹਾਊਸ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿਚ ਮੌਜੂਦ ਹਨ। ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ।

DISCUSSION ON THE GOVERNOR'S ADDRESS AND VOTE ON THE MOTION OF THANKS (RESUMPTION)

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਮੈਨੂੰ ਵਾਈਂਡ ਅੱਪ ਕਰ ਲੈਣ ਦਿਓ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

ਮਾਨਯੋਗ ਸਪੀਕਰ: ਇਕ ਮਿੰਟ ਜੀ, ਚੀਮਾ ਜੀ ਨੂੰ ਕਨਕਲੂਡ ਕਰ ਲੈਣ ਦਿਓ।

ਸਰਦਾਰ ਹਰਪਾਲ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਮਾਫੀਆ ਰਾਜ ਸਾਲ 2007 ਤੋਂ ਲੈ ਕੇ 2017 ਤੱਕ ਚੱਲਿਆ, ਜਿਸ ਮਾਫੀਆ ਰਾਜ ਨੇ ਪੰਜਾਬ ਵਿਚ ਡਰੱਗਜ਼ ਪੈਦਾ ਕੀਤੇ, ਪੰਜਾਬ ਦੀ ਜਵਾਨੀ ਤਬਾਹ ਕੀਤੀ, ਪੰਜਾਬ ਦੇ ਕਿਸਾਨ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕੀਤਾ, ਅੱਜ ਉਹੀ ਮਾਫੀਆ ਰਾਜ ਉਸੇ ਤਰੀਕੇ ਨਾਲ ਜਾਰੀ ਹੈ। ਇਹ ਕਦੋਂ ਖਤਮ ਹੋਵੇਗਾ?ਰਾਜਪਾਲ ਜੀ ਲਗਾਤਾਰ **ਤੀਜੀ ਵਾਰ ਪੜ੍ਹਦੇ ਰਹੇ ਹਨ, ਕੋਈ ਵੀ ਚੇਂਜ ਨਹੀਂ ਆਈ, ਪੰਜਾਬ ਵਿਚ ਉਸੇ ਤਰ੍ਹਾਂ ਮਾਫੀਆ ਰਾਜ ਕੰਮ ਕਰ ਰਿਹਾ ਹੈ। ਧੰਨਵਾਦ ਜੀ।

ਮਾਨਯੋਗ ਸਪੀਕਰ: ਹਾਂ ਜੀ, ਮਜੀਠੀਆ ਜੀ।

ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ): ਸਪੀਕਰ ਸਾਹਿਬ, I won't have bothered to speak ਪਰ ਮੈਨੂੰ ਪਤਾ ਲੱਗਿਆ ਕਿ ਇਥੇ ਕੁਝ ਮੈਂਬਰਜ਼ ਹਨ ਜਿਹੜੇ ਆਪਣਾ personal agenda ਚਲਾਉਂਦੇ ਹਨ।

ਮਾਨਯੋਗ ਸਪੀਕਰ: ਮਜੀਠੀਆ ਜੀ, ਤੁਹਾਡੇ ਸਾਰੇ ਮੈਂਬਰ ਬੋਲ ਲਏ ਹਨ।

ਸਰਦਾਰ ਕੁਲਜੀਤ ਸਿੰਘ ਨਾਗਰਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

ਮਾਨਯੋਗ ਸਪੀਕਰ: ਮੈਨੂੰ ਤੁਸੀਂ ਪੁਆਇੰਟ ਆਫ ਆਰਡਰ ਬਾਰੇ ਨਹੀਂ ਦੱਸ ਸਕਦੇ। ਮੈਨੂੰ ਤੁਸੀਂ ਗਾਈਡ ਨਹੀਂ ਕਰਨਾ ਹੈ। ਪਲੀਜ਼, ਤੁਸੀਂ ਬੈਠ ਜਾਓ। ਹਾਊਸ ਮੈਂ ਚਲਾਉਣਾ, ਇਹ ਮੇਰੀ ਮਰਜ਼ੀ ਹੈ।

ਸਰਦਾਰ ਬਿਕਰਮ ਸਿੰਘ ਮਜੀਠੀਆ: ਸਪੀਕਰ ਸਾਹਿਬ, ਇਕ ਮੇਰੀ ਬੇਨਤੀ ਹੈ ਕਿ ਮੇਰੀ ਗੈਰਹਾਜ਼ਰੀ ਵਿੱਚ ਮੇਰਾ ਨਾਮ ਲੈ ਕੇ ਮੇਰੇ ਬਾਰੇ ਟਿੱਪਣੀਆਂ ਕੀਤੀਆਂ ਗਈਆਂ ਹਨ। ਜਿਹੜਾ ਪ੍ਰੈਸੀਡੈਂਟ ਇਹ ਚੇਅਰ ਫਾਲੋ ਕਰਦੀ ਹੈ, ਡੀ.ਜੀ.ਪੀ ਸ਼੍ਰੀ ਦਿਨਕਰ ਗੁਪਤਾ ਦੀ ਕੇਸ ਦੀ ਗੱਲ ਚੱਲੀ ਤਾਂ ਤੁਸੀਂ ਕਿਹਾ ਮੈਟਰ sub-judice ਹੈ। ਤੁਸੀਂ expunge ਕਰਵਾ ਦਿੱਤਾ। ਇੱਥੇ ਇੱਕ ਮੈਂਬਰ ਹੈ, ਜਿਹੜਾ ਬੜਾ ਵੱਡਾ ** ਹੈ।

**Expunged as ordered by the Hon'ble Speaker

ਮਾਨਯੋਗ ਸਪੀਕਰ: ਚਲੋ, ਹੁਣ ਤੁਸੀਂ ਛੱਡੋ। ਇਹ ** ਵਰਡ ਐਕਸਪੰਜ ਕਰ ਦਿਓ।

ਸਰਦਾਰ ਬਿਕਰਮ ਸਿੰਘ ਮਜੀਠੀਆ:ਸਪੀਕਰ ਸਾਹਿਬ, ਚਲੋ ਇਹ ਗੱਲ ਦੱਸ ਦਿਓ ਕਿ ਜਿਹੜੇ ਬਾਕੀ ਮੈਂਬਰ ਬੋਲ ਕੇ ਗਏ ਹਨ, 2 ਮਰਲੇ ਦੀ ਕੋਠੀ ਤੋਂ 13 ਕਿੱਲੇ ਦੇ ਘਰ ਵਿੱਚ ਬੈਠ ਗਏ ਹਨ। ਇਨ੍ਹਾਂ ਚਾਰ ਭਰਾਵਾਂ ਵਿੱਚੋਂ 2 ਇੱਥੇ ਬੈਠੇ ਹਨ। ਇਨ੍ਹਾਂ ਦੀਆਂ ਸਾਹਿਲ ਸ਼ਰਮੇ ਦੇ ਨਾਲ ਫੋਟੋਆਂ ਆਈਆਂ ਹੋਈਆਂ ਹਨ। ਰਵਿੰਦਰ ਸੋਨੂੰ, ਇਨਕਲਾਬੀ ਯੋਧਾ ਅਤੇ ਤਹਿਸੀਲਦਾਰ ਜੋ ਕਿ ਇੱਕ ਫੌਜੀ ਸੀ ਜਿਨ੍ਹਾਂ ਨੂੰ ਇਨ੍ਹਾਂ ਨੇ ਕੁੱਟਿਆ, ਇਹ ਜੋ ਮਰਜ਼ੀ ਬੋਲੀ ਜਾਣਗੇ, ਜਿਸ ਦੇ ਬਾਰੇ ਇਹ ਜੋ ਮਰਜ਼ੀ ਬੋਲੀ ਜਾਣਗੇ। ਮੇਰੀ ਇੱਕ ਬੇਨਤੀ ਹੈ ਕਿ ਜਾਂ ਤਾਂ ਉਹ ਗੱਲ ਸਾਰੀ ਐਕਸਪੰਜ ਕਰਵਾ ਦਿਓ। ਇਹ ਗਲਤ ਗੱਲ ਹੈ।

ਮਾਨਯੋਗ ਸਪੀਕਰ: ਐਕਸਪੰਜ ਹੋਵੇਗਾ, ਐਕਸਪੰਜ ਹੋਵੇਗਾ। ਹੁਣ ਸੀ.ਐਮ ਸਾਹਿਬ ਨੇ ਬੋਲਣਾ ਹੈ।

ਸਰਦਾਰ ਬਿਕਰਮ ਸਿੰਘ ਮਜੀਠੀਆ:ਸਪੀਕਰ ਸਾਹਿਬ, ਮੇਰੀ ਲਾਸਟ ਗੱਲ ਹੈ।It is on matter of record, I am not,ਕੋਈ ਕੋਰਟ ਜਾਂ ਕਿਸੇ ਏਜੰਸੀ ਨੇ ਮੈਨੂੰ ਚਾਰਜ ਨਹੀਂ ਕੀਤਾ। ਇਹ ਕਦੇ **** ਮੇਰੇ ਕੋਲੋਂ ਮੁਆਫੀ ਮੰਗ ਕੇ ਗਿਆ ਹੈ।(ਵਿਘਨ)(ਸ਼ੋਰ)

ਮਾਨਯੋਗ ਸਪੀਕਰ: ਸਾਰੇ ਬੈਠ ਜਾਓ। ਸਾਰੇ ਬੋਲ ਲਏ ਹਨ। ਹੁਣ ਸੀ.ਐਮ ਸਾਹਿਬ ਨੇ ਬੋਲਣਾ ਹੈ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ): ਸਪੀਕਰ ਸਾਹਿਬ, ਜੋ ਸਾਡੇ ਗਵਰਨਰ ਸਾਹਿਬ ਨੇ ਇੱਥੇ ਭਾਸ਼ਣ ਦਿੱਤਾ ਸੀ, ਮੈਂ ਅੱਜ ਇੱਥੇ ਉਸ ਦੀ ਸਪੋਰਟ ਦੇ ਵਿੱਚ ਖੜ੍ਹਾ ਹੋਇਆ ਹਾਂ। ਗਵਰਨਰ ਸਾਹਿਬ ਨੇ ਕਈ ਗੱਲਾਂ ਚੁੱਕੀਆਂ ਸਨ ਜਿਹੜੇ ਸਾਡੀ ਸਰਕਾਰ ਦੇ ਪ੍ਰੋਗਰਾਮ ਸਨ, ਜੋ ਸਾਡੀ ਸਰਕਾਰ ਨੇ ਪ੍ਰਾਪਤੀਆਂ ਕੀਤੀਆਂ ਅਤੇ ਜੋ ਪ੍ਰਾਪਤੀਆਂ ਕਰਨ ਲੱਗੇ ਹਾਂ, ਸਾਰੀ ਗੱਲ ਸਦਨ ਦੇ ਸਾਹਮਣੇ ਰੱਖੀ ਸੀ। ਸਾਨੂੰ ਤਕਰੀਬਨ ਤਿੰਨ ਸਾਲ ਹੋ ਗਏ ਹਨ। 16 ਮਾਰਚ ਨੂੰ ਪੂਰੇ ਤਿੰਨ ਸਾਲ ਹੋ ਜਾਣੇ ਹਨ, ਜਦੋਂ ਤੋਂ ਅਸੀਂ ਸਰਕਾਰ ਦੇ ਵਿੱਚ ਆਏ ਹਾਂ, ਇਨ੍ਹਾਂ ਤਿੰਨ ਸਾਲਾਂ ਦੇ ਵਿੱਚ ਸਾਡੀ ਪੂਰੀ ਕੋਸ਼ਿਸ਼ ਰਹੀ ਹੈ ਕਿ ਪੰਜਾਬ ਦੇ ਵਿੱਚ ਕਿਸੇ ਚੀਜ਼ ਦੀ ਜੇਕਰ ਕੋਈ ਘਾਟ ਸੀ ਤਾਂ ਉਸ ਨੂੰ ਪੂਰੀ ਕਰੀਏ। ਜਿੱਥੇ ਕੋਈ ਵਿਘਨ ਪਿਆ ਹੋਇਆ ਸੀ, ਉਸ ਨੂੰ ਸੂਤ ਕਰੀਏ। ਇਹ ਸਾਰੀਆਂ ਗੱਲਾਂ ਅਸੀਂ ਆਪਣੇ ਤੌਰ ਤੇ ਕਰਦੇ ਰਹੇ ਹਾਂ। ਲੇਕਿਨ ਜਦੋਂ ਉਹ ਪ੍ਰਾਬਲਮਜ਼ ਬਹੁਤ ਜ਼ਿਆਦਾ ਹੁੰਦੀਆਂ ਹਨ ਤਾਂ ਇਨ੍ਹਾਂ ਗੱਲਾਂ ਨੂੰ ਸਿਰੇ ਚੜ੍ਹਾਉਣ ਵਾਸਤੇ ਟਾਈਮ ਲੱਗਦਾ ਹੈ। ਮੈਂ ਜੈਸੇ ਬੋਲਾਂਗਾ ਸਾਰੀਆਂ ਗੱਲਾਂ ਦੱਸਾਂਗਾ। ਲੇਕਿਨ ਸਾਡੀ ਪੂਰੀ ਕੋਸ਼ਿਸ਼ ਰਹੀ ਹੈ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਅਸੀਂ ਇਸ ਦੇ ਵਿੱਚ ਕਾਫੀ ਕਾਮਯਾਬ ਹੋਏ ਹਾਂ। ਗਵਰਨਰ ਸਾਹਿਬ ਨੇ ਕਿਹਾ ਸੀ ਕਿ ਕਾਨੂੰਨ ਵਿਵਸਥਾ ਠੀਕ ਹੋ ਗਈ, ਉਹ ਠੀਕ ਹੋ ਗਈ। ਪੰਜਾਬ ਦੇ ਵਿੱਚ ਜੋ ਸਾਡੀ ਆਰਥਿਕਤਾ ਸੀ, ਹਾਲਾਤ ਵਿਗੜੇ ਹੋਏ ਸਨ, ਸਾਡੇ ਫਾਈਨਾਂਸ ਮਨਿਸਟਰ ਨੇ ਬੜੀ ਕਾਮਯਾਬੀ ਨਾਲ ਉਸ ਵਿੱਚ ਸੁਧਾਰ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ।

** Expunged as ordered by the Hon'ble Speaker

ਜੋ ਇੰਡਸਟਰੀ ਪੰਜਾਬ ਵਿੱਚ ਨਹੀਂ ਆ ਰਹੀ ਸੀ, ਪੰਜਾਬ ਅੱਜ ਫਿਰ ਇੰਡਸਟਰੀ ਵਾਸਤੇ ਇੱਕ destination ਬਣ ਗਿਆ ਹੈ। ਇਸ ਦੇ ਨਾਲ ਆਰਥਿਕਤਾ ਵੀ ਵਧੇਗੀ ਤੇ ਨੌਕਰੀਆਂ ਦੇ ਸਾਧਨ ਵੀ ਵਧਣਗੇ। ਅਸੀਂ ਸ਼ਾਂਤੀ ਬਣਾਈ ਰੱਖੀ ਹੈ, ਜਿਸ ਦੀ ਕਿ ਪੰਜਾਬ ਦੇ ਵਿੱਚ ਕਾਫੀ ਲੋੜ ਸੀ। ਜਦੋਂ ਤੱਕ ਸ਼ਾਂਤੀ ਨਹੀਂ ਹੁੰਦੀ, ਉਦੋਂ ਤੱਕ ਪੰਜਾਬ ਦੇ ਵਿੱਚ ਕੋਈ ਝਾਕਣ ਨੂੰ ਤਿਆਰ ਨਹੀਂ ਹੁੰਦਾ। ਬਹੁਤ ਔਖੀ ਘੜੀ ਦੇ ਵਿੱਚੋਂ ਪੰਜਾਬ ਗੁਜ਼ਰਿਆ ਹੈ। 35 ਹਜ਼ਾਰ ਬੰਦੇ ਇੱਥੇ ਸ਼ਹੀਦ ਹੋਏ ਹਨ, ਉਨ੍ਹਾਂ ਦਾ ਖ਼ੂਨ ਡੁੱਲਿਆ ਹੈ। ਇਸ ਬਾਰੇ ਮੈਂ ਕੱਲ੍ਹ ਵੀ ਜ਼ਿਕਰ ਕੀਤਾ ਸੀ। ਸਾਡੇ 1700 ਪੁਲਿਸ ਵਾਲੇ ਸ਼ਹੀਦ ਹੋਏ ਹਨ, ਅਸੀਂ ਰੋਜ਼ ਉਥੇ ਜਾ ਕੇ ਸਲਾਮੀ ਦਿੰਦੇ ਹਾਂ। ਇਹ ਸਾਰਾ ਕੁਝ ਇਸ ਛੋਟੇ ਜਿਹੇ ਸੂਬੇ ਦੇ ਵਿੱਚ ਹੋਇਆ ਹੈ। ਇਨ੍ਹਾਂ ਚੀਜ਼ਾਂ ਵਿੱਚ ਸੁਧਾਰ ਲਿਆਉਣ ਲਈ ਬੜਾ ਸਮਾਂ ਲੱਗ ਜਾਂਦਾ ਹੈ। ਲੇਕਿਨ ਅੱਜ ਸ਼ਾਂਤੀ ਹੈ, ਪੰਜਾਬ ਇੱਕ destination ਬਣਿਆ। ਸ਼ਾਂਤੀ ਕਰਕੇ ਕਿ ਇੱਥੇ ਹਾਲਾਤ ਅੱਛੇ ਹਨ। ਜਿੱਥੇ ਗੜਬੜ ਹੋਣ ਦੇ ਚਾਂਸਿਜ਼ ਹੁੰਦੇ ਹਨ, ਕੋਈ ਉੱਥੇ ਜਾ ਕੇ ਆਪਣਾ ਪੈਸਾ ਨਹੀਂ ਲਗਾਉਂਦਾ ਲੇਕਿਨ ਜਿੱਥੇ ਸ਼ਾਂਤੀ ਹੈ, ਸਾਰੇ ਉਥੇ ਆਪਣਾ ਪੈਸਾ ਲਗਾਉਣ ਨੂੰ ਤਿਆਰ ਹੁੰਦੇ ਹਨ। ਕਿਉਂਕਿ ਉਨ੍ਹਾਂ ਨੇ ਆਪਣੀ ਇੰਡਸਟਰੀ ਚਲਾਉਣੀ ਹੈ, ਆਪਣਾ ਬਿਜ਼ਨਸ ਚਲਾਉਣਾ ਹੈ। ਗਵਰਨਰ ਸਾਹਿਬ ਨੇ ਕਿਹਾ ਸੀ। ਅਸੀਂ ਹਰ ਪੱਖੋਂ ਐਡਮਨਿਸਟ੍ਰੇਟਿਵ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਜਿਹੜੇ ਲੀਗਲ ਸੁਧਾਰ ਹਨ, ਉਨ੍ਹਾਂ ਵਿੱਚ ਵੀ ਸਾਨੂੰ measures ਲੈਣੇ ਪਏ, ਪਾਣੀ ਵਾਸਤੇ, ਧਰਤੀ ਵਾਸਤੇ ਅਤੇ ਬੀਬੀਆਂ ਦੀ ਸੁਰੱਖਿਆ ਵਾਸਤੇ, ਦਲਿਤਾਂ ਲਈ, ਹੋਰ ਜਿਹੜੀਆਂ ਸਾਡੀਆਂ ਮਾਈਨਾਰਿਟੀਜ਼ ਹਨ, ਉਨ੍ਹਾਂ ਲਈ ਅਤੇ ਹੋਰ ਜਿਹੜੇ ਵੀਕਰ ਸੈਸ਼ਨਜ਼ ਹਨ, ਉਨ੍ਹਾਂ ਵਾਸਤੇ ਵੀ। ਸੋ, ਹਰ ਪੱਖੋਂ ਗਵਰਨਰ ਸਾਹਿਬ ਨੇ ਇਹ ਗੱਲਾਂ ਕਹੀਆਂ।

ਸਪੀਕਰ ਸਾਹਿਬ, ਸਾਡੇ 9 ਨੁਕਤੇ ਸਨ, ਜਿਹੜੇ ਅਸੀਂ ਆਪਣੀ ਪਾਰਟੀ ਵੱਲੋਂ ਰੱਖੇ ਸਨ, ਪੰਜਾਬ ਵਿੱਚ ਰੱਖੇ ਸਨ ਕਿ 9 ਗੱਲਾਂ ਤੇ ਅਸੀਂ ਫੋਕਸ ਕਰਨਾ ਹੈ। ਜਿਹੜੀਆਂ 9 ਗੱਲਾਂ ਨਾਲ ਅਸੀਂ ਆਪਣੇ ਸੂਬੇ ਨੂੰ ਅੱਗੇ ਵਧਾ ਸਕਦੇ ਹਾਂ।

ਮੈਂ ਪਹਿਲਾਂ ਪਾਣੀ ਦੀ ਗੱਲ ਕਰਦਾ ਹਾਂ। ਅਸੀਂ ਕਿਹਾ ਸੀ ਕਿ ਸਾਡੇ ਕੋਲ ਕੋਈ ਵਾਧੂ ਪਾਣੀ ਨਹੀਂ ਹੈ। ਇੱਕ ਇੰਟਰਨੈਸ਼ਨਲ ਰਾਈਪੇਰੀਅਨ ਪ੍ਰਿੰਸੀਪਲ ਹੈ ਕਿ ਨਾਨ ਬੇਸਿਨ ਸਟੇਟ ਨੂੰ ਬੇਸਿਨ ਸਟੇਟ ਤੋਂ ਪਾਣੀ ਨਹੀਂ ਦਿੱਤਾ ਜਾ ਸਕਦਾ। This is internationally accepted principal, ਔਰ ਜਿਹੜੇ ਸੂਬੇ ਸਾਡਾ ਪਾਣੀ ਮੰਗਦੇ ਹਨ, ਆਪਣਾ ਦੇਣ ਨੂੰ ਤਿਆਰ ਨਹੀਂ ਹਨ ਪਰ ਸਾਡਾ ਪਾਣੀ ਲੈਣ ਨੂੰ ਤਿਆਰ ਹਨ। ਜਿਹੜਾ ਯੂਨਾਈਟਿਡ ਪੰਜਾਬ ਸੀ, ਉਸ ਵਿੱਚ ਯਮੁਨਾ ਵੀ ਸੀ, ਜਗਾਧਰੀ ਦੇ ਕੋਲ, ਤਾਜੇਵਾਲਾ ਹੈੱਡਵਰਕਸ ਜੋ ਕਿ 5.58 MAF ਪਾਣੀ ਸੀ। ਉਹ ਤਾਂ ਇਸ ਵਿੱਚ ਪਾਇਆ ਨਹੀਂ ਲੇਕਿਨ ਸਾਡਾ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਲੈ ਕੇ ਚਲੇ ਗਏ। ਯੂਨਾਈਟਿਡ ਪੰਜਾਬ ਦੇ ਸਾਰੇ ਐਸੇਟਸ including water, land ਸਭ ਕੁਝ ਲਈ 60:40 ਦੀ ਡਿਵੀਜ਼ਨ ਹੋਈ ਸੀ। ਲੇਕਿਨ ਅਜਿਹਾ ਨਹੀਂ ਕੀਤਾ। ਸੋ, ਇਹ ਜਿਹੜੀ ਸਾਡੇ

ਨਾਲ ਬੇਇਨਸਾਫੀ ਹੋਈ ਹੈ, ਅਸੀਂ ਕਿਹਾ ਕਿ ਸਾਡੇ ਕੋਲ ਪਾਣੀ ਦੀ ਇੱਕ ਬੂੰਦ ਵੀ ਦੂਜਿਆਂ ਨੂੰ ਦੇਣ ਵਾਸਤੇ ਨਹੀਂ ਹੈ। ਸਾਡੇ ਗਲੇਸ਼ੀਅਰ ਮੈਲਟ ਹੋ ਗਏ ਹਨ। ਸਾਡੀਆਂ ਨਦੀਆਂ ਦਾ ਪਾਣੀ ਜਿਹੜਾ 17.1 MAF ਸੀ, ਹੁਣ 13MAF ਤੇ ਆ ਗਏ ਹਾਂ। ਸਾਡੀ ਧਰਤੀ ਦੇ ਥੱਲੇ ਦਾ ਪਾਣੀ ਦਿਨ ਪ੍ਰਤੀ ਦਿਨ ਹੋਰ ਥੱਲੇ ਜਾ ਰਿਹਾ ਹੈ। ਹੁਣ ਪਾਣੀ ਹੈ ਨਹੀਂ।ਅਸੀਂ ਚਾਹੇ ਸ਼ਹੀਦ ਹੋ ਜਾਈਏ, ਅਸੀਂ ਪਾਣੀ ਨਹੀਂ ਜਾਣ ਦਿਆਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸੈਕੰਡ ਪੁਆਇੰਟ ਹੈ, ਜਿਹੜਾ ਅੱਜ ਮੇਰੇ ਆਉਣ ਤੋਂ ਪਹਿਲਾਂ ਵੀ, ਲੀਡਰ ਆਫ ਦਿ ਆਪੋਜ਼ੀਸ਼ਨ ਵੀ ਬੋਲ ਰਹੇ ਸਨ, ਡਰੱਗਜ਼ ਦਾ ਮਾਮਲਾ, ਨਸ਼ਿਆਂ ਦਾ ਮਾਮਲਾ ਹੈ। ਬੜੀ ਹੈਰਾਨੀ ਦੀ ਗੱਲ ਹੁੰਦੀ ਹੈ ਜਦੋਂ ਸੀਨੀਅਰ ਲੀਡਰ, ਬਹੁਤ ਸੀਨੀਅਰ ਲੀਡਰ, ਆਪ ਝੂਠ ਬੋਲਦੇ ਹਨ। ਮੇਰੀ ਜੇਬ ਵਿੱਚ ਇੱਕ ਸਪੀਚ ਹੈ, ਜੋ ਅਕਾਲੀ ਦਲ ਦੇ ਮੁਖੀ, ਪਤਾ ਨਹੀਂ ਕੀ ਹਨ?What is Mr. Badal now? ਪੈਟਰਨ ਹਨ, ਚੀਫ ਪੈਟਰਨ ਹਨ ਜਾਂ ਸਰਪ੍ਰਸਤ ਹਨ, ਕੀ ਹਨ? ਉਹ ਸਰਪ੍ਰਸਤ ਹਨ। ਉਹ ਅਜਨਾਲਾ ਵਿੱਚ ਕਿਸੇ ਬੋਨੀ ਨੂੰ ਅੰਦਰ ਦੇਣਾ ਚਾਹੁੰਦੇ ਸਨ। ਉੱਥੇ ਇੱਕ ਜਲਸਾ ਕੀਤਾ। ਮੈਂ ਵੀ ਹੈਰਾਨ ਹੋ ਗਿਆ। ਮੇਰਾ ਖਿਆਲ ਉਨ੍ਹਾਂ ਦੇ ਸੁਪਨੇ ਵਿੱਚ ਵੀ ਮੈਂ ਹੀ ਆਉਂਦਾ ਹੋਣਾ ਹਾਂ ਕਿਉਂਕਿ ਬੋਲਦੇ ਹੋਏ ਉਨ੍ਹਾਂ ਨੇ ਕਿਹਾ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ, ਅਮਰਿੰਦਰ ਸਿੰਘ ਨੇ ਇਹ ਗੱਲ ਕਹੀ। ਉਥੋਂ ਹੀ ਸਿੱਧੇ ** ਮਾਰ ਕੇ, ਵਿੱਚ ਹੀ ਕਹਿੰਦੇ ਕਿ ਇੱਕ ਮੈਨੀਫੈਸਟੋ ਹੁੰਦੀ ਹੈ ਔਰ ਮੈਨੀਫੈਸਟੋ ਵਿੱਚ ਏ.ਬੀ.ਸੀ.ਡੀ. ਪਤਾ ਨਹੀਂ ਕਿੰਨੇ ਗਿਣਾ ਦਿੱਤੇ? ਕਿ ਗੁਟਕਾ ਸਾਹਿਬ ਨੂੰ ਹੱਥ ਵਿੱਚ ਫੜ ਕੇ ਸ੍ਰੀ ਦਮਦਮਾ ਸਾਹਿਬ ਵੱਲ ਹੱਥ ਕਰਕੇ ਕਿਹਾ ਸੀ ਕਿ ਮੈਂ ਸਾਰੀਆਂ ਗੱਲਾਂ ਕਰਾਵਾਂਗਾ। ਮੈਂ ਉੱਥੇ ਇੱਕ ਗੱਲ ਕਹੀ ਸੀ, ਸ੍ਰੀ ਦਮਦਮਾ ਸਾਹਿਬ ਵੱਲ ਗੁਟਕਾ ਸਾਹਿਬ ਹੱਥ ਵਿੱਚ ਲੈ ਕੇ ਕਿਹਾ ਸੀ ਕਿ ਮੈਂ ਪੰਜਾਬ ਵਿੱਚ ਨਸ਼ਿਆਂ ਦਾ ਲੱਕ ਤੋੜਾਂਗਾਂ। ਇਹ ਗੱਲ ਮੈਂ ਕਹੀ ਸੀ। ਹੁਣ ਉਹ ਬੰਦਾ, ਇੰਨਾ ਸੀਨੀਅਰ ਬੰਦਾ ਜਿਹੜਾ 5 ਵਾਰ ਮੁੱਖ ਮੰਤਰੀ ਰਿਹਾ, 96 ਸਾਲ ਦੀ ਉਮਰ ਹੋ ਗਈ ਹੋਣੀ ਹੈ। ਉਪਰ ਅਕਾਲ ਪੁਰਖ ਨੂੰ ਜਾ ਕੇ ਕੀ ਦੱਸਣਗੇ ਕਿ ਮੈਂ ਸਾਰੀ ਉਮਰ ਝੂਠ ਬੋਲਦਾ ਰਿਹਾ ਹਾਂ। ਮੇਰਾ ਖਿਆਲ ਇੱਕ ਵਾਰ ਤੁਸੀਂ ਝੂਠ ਬੋਲਣ ਦੇ ਆਦੀ ਹੋ ਜਾਉ ਤਾਂ ਤੁਸੀਂ ਕਦੇ ਝੂਠ ਭੁੱਲਦੇ ਹੀ ਨਹੀਂ। (ਵਿਘਨ) (ਸ਼ੋਰ) It was unfortunate, but it is true. (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ ਕਰਕੇ) ਅਗਰ ਇਹ ਚਾਹੁੰਦੇ ਹਨ ਤਾਂ ਮੈਂ ਹੁਣ ਸਦਨ ਵਿੱਚ ਤਾਂ ਨਹੀਂ ਕਰ ਸਕਦਾ ਪਰ ਮੈਂ ਇਨ੍ਹਾਂ ਨੂੰ ਬਾਅਦ ਵਿੱਚ ਸਪੀਚ ਫਾਰਵਰਡ ਕਰ ਦੇਵਾਂਗਾ। ਉੱਥੇ ਬਿਕਰਮ ਸਿੰਘ ਮਜੀਠੀਆ ਬੋਲ ਰਹੇ ਸਨ। ਉਨ੍ਹਾਂ ਤੋਂ ਬਾਅਦ ਬਾਦਲ ਸਾਹਿਬ ਬੋਲੇ ਹਨ। ਸਭ ਕੁਝ ਮੇਰੀ ਜੇਬ ਵਿੱਚ ਹੈ। I will send it. ਤੁਸੀਂ ਦਿਖਾ ਦੇਣਾ। ਸ਼ਾਇਦ ਉਹ ਭੁੱਲ ਗਏ ਹੋਣੇ ਹਨ, ਉਮਰ ਹੋ ਗਈ ਹੈ ਨਾ।

ਦੂਜੀ ਜਿਹੜੀ ਮੈਂ ਨਸ਼ਿਆਂ ਦੀ ਗੱਲ ਕਰ ਰਿਹਾ ਸੀ। ਇਹ ਕਹਿੰਦੇ ਸੀ, ਆਪੋਜ਼ੀਸ਼ਨ ਵਾਲੇ ਕਿ ਨਸ਼ਿਆਂ ਦਾ ਕੁਝ ਨਹੀਂ ਕੀਤਾ ਗਿਆ। ਮੈਂ ਪਹਿਲਾਂ ਦੱਸਿਆ ਕਿ ਨਸ਼ਿਆਂ ਦੀ ਰੋਕਥਾਮ ਸਾਡੀ ਪ੍ਰਾਇਰਿਟੀ

**Expunged as ordered by the Hon'ble Speaker.

ਹੈ। ਸਪੈਸ਼ਲ ਟਾਸਕ ਫੋਰਸ ਲਗਾਈ ਗਈ ਸੀ ਜਿਸ ਦਾ ਇੱਕ ਏ.ਡੀ.ਜੀ.ਪੀ. ਰੈਂਕ ਦਾ ਅਫ਼ਸਰ ਇੰਚਾਰਜ ਲਗਾਇਆ ਗਿਆ ਹੈ ਅਤੇ ਉਸ ਨੂੰ ਹਜ਼ਾਰ ਕੁ ਜਵਾਨ ਦਿੱਤੇ ਹੋਏ ਹਨ ਤੇ ਉਹ ਪੰਜਾਬ ਪੁਲੀਸ ਦੇ ਨਾਲ ਕੋਲੇਬੋਰੇਟ ਕਰ ਰਹੇ ਹਨ। ਕੋਈ ਇਕੱਲਾ ਨਹੀਂ ਚੱਲ ਸਕਦਾ। ਦੋਨੋਂ ਰਲ ਕੇ ਆਪਣਾ ਕੰਮ ਕਰ ਰਹੇ ਹਨ। ਇਸ ਤਹਿਤ ਤਿੰਨ ਸਾਲਾਂ ਵਿੱਚ 34373 ਕੇਸ ਰਜਿਸਟਰ ਹੋਏ ਹਨ ਅਤੇ 42571 ਲੋਕ ਅਰੈਸਟ ਹੋਏ ਹਨ ਜਿਨ੍ਹਾਂ ਵਿੱਚੋਂ ਕੁਝ ਲੋਕ ਇਨਵੈਸਟੀਗੇਟ ਹੋਣ ਤੋਂ ਬਾਅਦ ਚਲੇ ਗਏ। ਕਸਟਮਜ਼ ਤੋਂ ਇਲਾਵਾ 974.15 ਕਿਲੋ ਹੈਰੋਇਨ ਪੰਜਾਬ ਪੁਲੀਸ ਨੇ ਪਕੜੀ ਹੈ। ਜੋ ਕਸਟਮਜ਼ ਨੇ ਪਕੜਿਆ ਹੈ, ਇਹ ਉਸ ਤੋਂ ਇਲਾਵਾ ਹੈ। ਅਸੀਂ ਦੋਨੋਂ ਪਾਸੇ ਕਰਦੇ ਹਾਂ। ਇੱਕ ਪਾਸੇ prevention ਹੈ ਅਤੇ ਇੱਕ ਪਾਸੇ cure ਹੈ ਔਰ cureਵਿੱਚ ਅਸੀਂ 193ਆਊਟ ਪੇਸ਼ੈਂਟ OPIOD ਡੀ-ਐਡੀਕਸ਼ਨ ਸੈਂਟਰ ਅਸੀਂ ਸ਼ੁਰੂ ਕੀਤੇ ਹਨ ਜਿਸ ਵਿੱਚੋਂ ਤਿੰਨ ਲੱਖ 70 ਹਜ਼ਾਰ ਬੱਚਾ OOATਸੈਂਟਰਜ਼ ਵਿੱਚੋਂ ਗੁਜ਼ਰਿਆ ਹੈ। ਮੇਰਾ ਖਿਆਲ ਹੁਣ ਉਹ ਵਾਹਿਗੁਰੂ ਜੀ ਦੀ ਕਿਰਪਾ ਨਾਲ ਠੀਕ ਹੀ ਰਹਿਣਗੇ। ਅਸੀਂ ਇਸ ਨੂੰ ਦੇਖਣ ਵਾਸਤੇ ਅਤੇ ਬੱਚਿਆਂ ਨਾਲ ਇੰਟਰਐਕਟ ਕਰਨ ਵਾਸਤੇ ਪੰਜ ਲੱਖ ਡਰੱਗ ਐਬਿਊਸ ਐਂਡ ਪ੍ਰੀਵੈਨਸ਼ਨ ਅਫਸਰ ਲਗਾਏ ਹਨ ਅਤੇ 8 ਲੱਖ buddy groupsਬਣਾਏ ਹਨ। ਜਿਸ ਵਿੱਚ ਅਸੀਂ ਪੰਜ-ਪੰਜ ਬੰਦਿਆਂ ਦਾ ਇੱਕ ਗਰੁੱਪ ਬਣਾ ਦਿੰਦੇ ਹਾਂ ਕਿ ਉਹ ਇੱਕ ਦੂਜੇ ਦੀ ਮਦਦ ਕਰਨ। ਕੁਝ ਠੀਕ ਹਨ ਤੇ ਕੁਝ ਠੀਕ ਨਹੀਂ ਹਨ ਔਰ ਜਿਹੜੇ ਠੀਕ ਨਹੀਂ ਹਨ ਤਾਂ ਦੂਜੇ ਉਨ੍ਹਾਂ ਦੀ ਮਦਦ ਕਰਨ ਤਾਂ ਕਿ ਉਹ ਉਸ ਵਿੱਚੋਂ ਬਾਹਰ ਨਿਕਲਣ। ਸਾਰਾ ਕੁਝ ਬੜਾ ਸਕਸੈਸਫੁੱਲ ਹੋ ਰਿਹਾ ਹੈ। ਸਗੋਂ ਗੌਰਮਿੰਟ ਆਫ ਇੰਡੀਆ, ਪੰਜਾਬ ਦੇ ਇਸ ਪ੍ਰੋਗਰਾਮ ਨੂੰ ਹੋਰ ਸੂਬਿਆਂ ਵਿੱਚ ਦੇਣ ਵਾਸਤੇ ਮੰਗ ਰਹੀ ਹੈ। So,ਜਿਹੜਾ ਕੁਝ ਇੱਥੇ ਹੋਇਆ ਹੈ,it is a very positive sign. ਅਸੀਂ ਬੜੀ ਜਲਦੀਸਟੇਟ ਡਰੱਗ ਕੰਟਰੋਲ ਲੈਜਿਸਲੇਸ਼ਨ ਸਦਨ ਵਿੱਚ ਲਿਆਵਾਂਗੇ। ਇਸ ਤੋਂ ਇਲਾਵਾ ਪੰਜਾਬ ਪੁਲੀਸ ਨੇ 2378 ਗੈਂਗਸਟਰ ਪਕੜੇ, 1350 ਫਾਇਰ ਆਰਮਜ਼ ਅਸੀਂ ਰਿਕਵਰ ਕੀਤੀਆਂ ਹਨ, 614 ਸਨੈਚਡ ਵਹੀਕਲਜ਼ ਜਿਹੜੇ ਖੋਹ ਕੇ ਚੋਰੀ ਕਰਕੇ ਲੈ ਗਏ ਸਨ, ਉਹ ਵਾਪਿਸ ਕਰਵਾਏ ਹਨ। ਮੈਂ ਕੱਲ੍ਹ ਵੀ ਕਿਹਾ ਸੀ ਕਿ ਜੋ 32 ਟੈਰੋਰਿਸਟ ਮੋਡਿਊਲ ਪਾਕਿਸਤਾਨ ਤੋਂ ਆਏ ਹਨ, ਉਹ 32 ਮੋਡਿਊਲ ਅਸੀਂ neutralize ਕੀਤੇ ਹੋਏ ਹਨ।We have caught those people,ਉਹ ਜੇਲ੍ਹ ਵਿੱਚ ਹਨ। ਸਭ ਹਥਿਆਰ ਪਕੜੇ ਹਨ। ਇਹ ਸਭ ਕੁਝ ਪਾਕਿਸਤਾਨ ਦਾ ਕੀਤਾ ਹੋਇਆ ਕੰਮ ਹੈ। ਉਹ ਸਾਡੇ ਬੱਚਿਆਂ ਨੂੰ ਗਲਤ ਰਸਤੇ ਤੇ ਪਾਉਂਦੇ ਹਨ। ਇਹ ਗੈਂਗਸਟਰ ਵੀ ਇਨ੍ਹਾਂ ਦੇ ਨਾਲ ਸ਼ਾਮਿਲ ਹਨ। ਇਨ੍ਹਾਂ ਦੋਨਾਂ ਦਾ ਕੰਮ ਇੰਟਰਐਕਟਿਵ ਹੈ।

ਸਪੀਕਰ ਸਾਹਿਬ, ਤੀਸਰੀ ਗੱਲ ਅਸੀਂ ਕਹੀ ਸੀ ਕਿ ਅਸੀਂ ਘਰ-ਘਰ ਰੁਜ਼ਗਾਰ ਦੇਵਾਂਗੇ, ਇਹ ਸਾਡੀ ਮੰਗ ਸੀ। ਕਿਉਂਕਿ ਹਿੰਦੁਸਤਾਨ, ਪੰਜਾਬ ਬਾਰੇ ਜੋ ਮਰਜ਼ੀ ਸੋਚੇ, ਸਾਡੇ ਇੱਥੇ ਵੀ ਗਰੀਬੀ ਹੈ। ਸਾਡੇ ਬਹੁਤ ਲੋਕ ਛੋਟੇ ਕਿਸਾਨ ਹਨ, ਦੋ-ਦੋ ਕਿੱਲੇ, ਇੱਕ-ਇੱਕ ਕਿੱਲਾ, ਅੱਧਾ-ਅੱਧਾ ਕਿੱਲੇ ਦੇ ਮਾਲਿਕ ਹਨ। ਉਹ ਆਪਣਾ ਗੁਜ਼ਾਰਾ ਨਹੀਂ ਕਰ ਸਕਦੇ। ਅਸੀਂ ਕਿਹਾ ਕਿ ਉਨ੍ਹਾਂ ਦਾ ਇੱਕ-ਇੱਕ ਬੱਚਾ ਜਿਹੜਾ ਹੈ, he must get a job.ਔਰ ਉਸ ਵਿੱਚ ਅਸੀਂ ਇੰਪਲਾਇਮੈਂਟ ਐਂਡ ਇੰਟਰਪ੍ਰਾਈਜ਼ ਦੇ 12 ਡਿਸਟ੍ਰਿਕਟ ਬਿਊਰੋਜ਼

ਬਣਾਏ ਹਨ। ਜਿਸ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਅਸੀਂ 1714 ਪਲੇਸਮੈਂਟ ਕੈਂਪ ਕੀਤੇ ਜਿਸ ਰਾਹੀਂ ਅਸੀਂ 57905 ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਤੇ ਇਨ੍ਹਾਂ ਬੱਚਿਆਂ ਨੂੰ ਉੱਥੇ ਲਗਾਇਆ ਤੇ ਪ੍ਰਾਈਵੇਟ ਸੈਕਟਰ ਵਿੱਚ ਪਲੇਸਮੈਂਟ ਕੈਂਪਸ ਦੇ ਰਾਹੀਂ 3,96,775 ਔਰ ਸੈਲਫ ਇੰਪਲਾਇਮੈਂਟ ਸਕੀਮਜ਼ ਜਿਸ ਵਿੱਚ ਅਸੀਂ ਸਬਸਿਡੀ ਦਿੰਦੇ ਹਾਂ ਅਤੇ ਆਪਣਾ ਕੰਮ ਸ਼ੁਰੂ ਕਰਨ ਵਾਸਤੇ ਮਦਦ ਕਰਦੇ ਹਾਂ, ਉਸ ਵਿੱਚ 7,61,290 ਹਨ ਅਤੇ ਟੋਟਲ ਆਫ 12,15,969 ਰਿਕਰੂਟ ਕੀਤੇ। (ਵਿਘਨ, ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀਆਂ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਮੁੱਖ ਮੰਤਰੀ: ਸਪੀਕਰ ਸਾਹਿਬ, ਅਗਰ ਇਨ੍ਹਾਂ ਆਪੋਜ਼ੀਸ਼ਨ ਵਾਲਿਆਂ ਨੂੰ ਕੋਈ ਸ਼ੱਕ ਹੈ ਤਾਂ ਇਹ ਸਾਰੀਆਂ ਰਿਕਰੂਟਮੈਂਟ ਦੀਆਂ ਕਾਪੀਆਂ ਹਨ, ਮੈਂ ਇਨ੍ਹਾਂ ਨੂੰ ਫੜਾ ਦਿੰਦਾ ਹਾਂ। ਚੁੱਕ ਲਓ, ਦੇਖ ਲਓ। (ਵਿਘਨ, ਸ਼ੋਰ)

Mr. Speaker: Just listen, just listen,ਇੱਕ ਸੈਕਿੰਡ ਸੀ.ਐਮ. ਸਾਹਿਬ। (ਵਿਘਨ) ਟੀਨੂ ਜੀ, ਪਹਿਲਾਂ ਗੱਲ ਸੁਣ ਲਓ, ਇਸ ਤਰ੍ਹਾਂ ਹਰ ਗੱਲ ਵਿੱਚ ਗਰਮੀ ਨਾ ਦਿਖਾਇਆ ਕਰੋ। ਇਸ ਤਰ੍ਹਾਂ ਨਹੀਂ ਚਲੇਗਾ। ਮੇਰੀ ਰਿਕੁਐਸਟ ਸੁਣੋ, ਇਸ ਤਰ੍ਹਾਂ ਨਾ ਕਰੋ, ਪਹਿਲਾਂ ਮੇਰੀ ਗੱਲ ਸੁਣੋ। ਮੇਰੀ ਗੱਲ ਤਾਂ ਸੁਣ ਲਓ। ਮੈਂ ਇਹ ਕਹਿੰਦਾ ਹਾਂ ਕਿ ਸੀ.ਐਮ. ਸਾਹਿਬ ਨੂੰ ਬੋਲ ਲੈਣ ਦਿਓ, ਤੁਸੀਂ ਨੋਟ ਕਰ ਲਓ, ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ। ਤੁਸੀਂ ਜਿਹੜੀ ਕਲੈਰੀਫਿਕੇਸ਼ਨ ਲੈਣੀ ਹੈ, ਉਹ ਬਾਅਦ ਵਿੱਚ ਲੈ ਲੈਣਾ। ਹੁਣ ਬੋਲਣ ਦਿਓ, ਬੋਲੋ ਜੀ, ਬੋਲੋ। (ਵਿਘਨ) ਤੁਸੀਂ ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ। ਚੀਮਾ ਸਾਹਿਬ, ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ।

(ਇਸ ਸਮੇਂ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮੁੱਖ ਮੰਤਰੀ: ਇਹ ਮੇਰੇ ਕੋਲ ਬੰਡਲਜ਼ ਹਨ, copies of ਜਿਹੜੀ ਅਸੀਂ..(ਵਿਘਨ..ਸ਼ੋਰ)

ਮਾਨਯੋਗ ਸਪੀਕਰ: ਚੀਮਾ ਸਾਹਿਬ, ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ।(ਵਿਘਨ..ਸ਼ੋਰ)

ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ:[**]

[**]Not recorded as ordered by the Chair.

(ਇਸ ਸਮੇਂ ਜੰਗਲਾਤ ਮੰਤਰੀ, ਸਰਦਾਰ ਸਾਧੂ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਸ ਵਿੱਚ ਬਹਿਸ ਰਹੇ ਸਨ।)

ਮਾਨਯੋਗ ਸਪੀਕਰ: ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ..ਸ਼ੋਰ) ਬੈਠੋ, ਬੈਠੋ, ਤੁਸੀਂ ਕਲੈਰੀਫਿਕੇਸ਼ਨ ਲੈ ਲੈਣਾ, ਜਿਹੜੀ ਲੈਣੀ ਹੈ। ਮੈਂ ਕਹਿੰਦਾ ਹਾਂ ਕਿ ਹੁਣ ਪੁਆਇੰਟ ਨੋਟ ਕਰ ਲਓ, ਤੁਸੀਂ ਨੋਟ ਕਰ ਲਓ। ਤੁਸੀਂ ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ। (ਵਿਘਨ..ਸ਼ੋਰ)ਤੁਹਾਨੂੰਬੋਲਣ ਦੇਵਾਂਗੇ, ਮੈਂ ਬੁਲਾਉਂਗਾ। ਮੈਂ ਤੁਹਾਨੂੰ ਬੁਲਾਵਾਂਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ..ਸ਼ੋਰ)

ਮਾਨਯੋਗ ਸਪੀਕਰ: ਦੇਖੋ, ਸੁਣੋ, ਪਹਿਲਾਂ ਸੁਣ ਲਵੋ। ਇੱਕ ਮਿੰਟ ਤੁਸੀਂ ਬੈਠੋ ਜੀ।

(ਇਸ ਸਮੇਂ ਜੰਗਲਾਤ ਮੰਤਰੀ, ਸਰਦਾਰ ਸਾਧੂ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਸ ਵਿੱਚ ਬਹਿਸ ਰਹੇ ਸਨ।)

(ਇਸ ਤੋਂ ਇਲਾਵਾਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ: ਸਰਦਾਰ ਸਾਧੂ ਸਿੰਘ ਜੀ, ਬੈਠੋ। ਮਜੀਠੀਆ ਸਾਹਿਬ, ਬੈਠੋ। ਟੀਨੂ ਜੀ ਬੈਠੋ।

ਸ਼੍ਰੀ ਪਵਨ ਕੁਮਾਰ ਟੀਨੂ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ: ਤੁਸੀਂ ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ। ਹਾਂ ਜੀ, ਸੀ.ਐਮ. ਸਾਹਿਬ।

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਹੜੇ ਡਰੱਗਜ਼ ਦੇ ਅੰਕੜਿਆਂ ਬਾਰੇ, ਰੁਜ਼ਗਾਰ ਬਾਰੇ ਕਹਿ ਰਹੇ ਹਨ, ਇਨ੍ਹਾਂ ਦਾ ਹਰ ਵੇਲੇ ਪਬਲਿਕ ਸਟੈਂਡ ਹੋਇਆ ਹੈ ਕਿ ਜੋ ਗੌਰਮਿੰਟ ਕਹਿ ਰਹੀ ਹੈ, ਗਲਤ ਕਹਿ ਰਹੀ ਹੈ ਤਾਂ ਹੀ ਮੈਂ ਅੱਜ ਇਹ ਅੰਕੜੇ ਵੀ ਦੇ ਰਿਹਾ ਹਾਂ ਔਰ ਇਹ ਫਾਈਲਾਂ ਦੀ ਜੋ ਪੰਡ ਹੈ, ਇਹ ਹੈ copies of all the jobs that have been given to everybody are here. (ਵਿਘਨ..ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ, ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ: ਰਾਜਾ ਜੀ, ਬੈਠੋ, ਰਾਜਾ ਜੀ ਬੈਠੋ।

ਮੁੱਖ ਮੰਤਰੀ: ਮੈਂ ਤੁਹਾਨੂੰ ਭੇਜ ਦੇਵਾਂਗਾ। (ਵਿਘਨ..ਸ਼ੋਰ)

ਮਾਨਯੋਗ ਸਪੀਕਰ: ਜੀ, ਜੀ, ਜੀ, ਸੀ.ਐਮ. ਸਾਹਿਬ।

ਮੁੱਖ ਮੰਤਰੀ: ਮੈਂ ਤੁਹਾਨੂੰ ਭੇਜ ਦੇਵਾਂਗਾ ਔਰ ਆਪ ਇਸ ਨੂੰ ਚੈੱਕ ਕਰਵਾ ਲੈਣਾ। (ਵਿਘਨ..ਸ਼ੋਰ) ਸਪੀਕਰ ਸਾਹਿਬ, ਚੌਥੀ ਗੱਲ ਡੈੱਟ ਰਿਲੀਫ ਜਿਹੜੀ ਅਸੀਂ ਕਰਜ਼ਾ ਮੁਆਫੀ ਦੀ ਗੱਲ ਕੀਤੀ ਹੈ। ਡਿਟੇਲ ਤਾਂ ਆਹ ਪਈ ਹੈ, ਫਾਈਲਾਂ ਪਈਆਂ ਹਨ। (ਵਿਘਨ..ਸ਼ੋਰ)

ਮਾਨਯੋਗ ਸਪੀਕਰ: ਟੀਨੂ ਜੀ, ਰੰਨਿੰਗ ਕੁਮੈਂਟਰੀ ਨਾ ਕਰੋ। ਤੁਸੀਂ ਰੰਨਿੰਗ ਕੁਮੈਂਟਰੀ ਨਾ ਕਰੋ। ਤੁਸੀਂ ਹਰ ਗੱਲ ਤੇ ਰਿਐਕਟ ਕਰਦੇ ਹੋ। ਇਹ ਨਹੀਂ ਚੱਲੇਗਾ, ਨਹੀਂ ਚੱਲੇਗਾ, ਤੁਸੀਂ ਬੈਠ ਜਾਓ, ਤੁਸੀਂ ਬੈਠ ਜਾਓ। ਸੀ.ਐਮ. ਸਾਹਿਬ। ਤੁਸੀਂ ਕਲੈਰੀਫਿਕੇਸ਼ਨ ਲੈ ਲੈਣਾ ਜੀ, ਬਾਅਦ ਵਿੱਚ ਕਲੈਰੀਫਿਕੇਸ਼ਨ ਲੈ ਲੈਣਾ।

ਮੁੱਖ ਮੰਤਰੀ: ਅਸੀਂ ਡੈੱਟ ਰਿਲੀਫ ਦੇ ਬਾਰੇ ਗੱਲ ਕਰ ਰਹੇ ਸੀ। ਪਹਿਲੀ ਗੱਲ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜੋ ਫਰੀ ਪਾਵਰ ਸਪਲਾਈ ਅਸੀਂ ਕਿਸਾਨਾਂ ਨੂੰ ਦਿੱਤੀ ਹੈ, ਜੋ ਆਪੋਜ਼ੀਸ਼ਨ ਪਾਰਟੀਆਂ ਵਾਰ-ਵਾਰ ਮੁੱਦਾ ਚੁੱਕਦੀਆਂ ਹਨ ਕਿ ਕਾਂਗਰਸ ਹੁਣ ਇਸ ਨੂੰ ਬੰਦ ਕਰ ਰਹੀ ਹੈ। ਮੈਂ ਦੱਸਦਾ ਹਾਂ ਕਿ ਸਾਡੀ ਸਰਕਾਰ ਦੇ ਵਿੱਚ ਇਹ ਫਰੀ ਪਾਵਰ ਕਦੇ ਵੀ ਬੰਦ ਨਹੀਂ ਹੋਵੇਗੀ। Let us make it clear ਔਰ ਜਿੰਨੀ ਜਲਦੀ ਇਹ ਇਸ ਗੱਲ ਨੂੰ ਸਮਝ ਲੈਣ, it will be better. ਅਸੀਂ ਦੋ ਲੱਖ ਰੁਪਿਆ ਪ੍ਰਤੀ ਕਿਸਾਨ ਆਪਣੇ ਤੌਰ ਤੇ ਆਪਣੀ ਸਰਕਾਰ ਤੋਂ which means 4603 crores 5 ਲੱਖ 62 ਹਜ਼ਾਰ ਕਿਸਾਨਾਂ ਨੂੰ ਦਿੱਤਾ ਹੈ। ਸਾਡੀ ਕੋਸ਼ਿਸ਼ ਹੈ, ਸਾਡੇ ਫਾਈਨਾਂਸ ਮਨਿਸਟਰ ਸਾਹਿਬ ਪ੍ਰਬੰਧ ਕਰਨਗੇ, ਜਿਹੜੇ ਕੁਝ ਬੰਦੇਫਾਈਲਾਂ ਦੇ ਵਿੱਚ ਰਹਿ ਗਏ, ਕੁਝ ਬੰਦਿਆਂ ਦੀ ਰੈਵਨਿਊ ਰਿਕਾਰਡ ਵਿੱਚ ਇਨਫਰਮੇਸ਼ਨ ਵਗੈਰਾ ਗਲਤ ਸੀ, ਉਹ ਸਭ ਸੁਧਾਰ ਆ ਗਿਆ ਹੈ। I think the Finance Minister will be making whatever announcement is necessary in the Budget (Thumping).

ਫਿਰ ਸਪੀਕਰ ਸਾਹਿਬ, ਸਾਡੇ ਕੋਆਪਰੇਟਿਵ ਸ਼ੂਗਰ ਮਿੱਲਜ਼ ਦੀਆਂ ਕਈ ਮੰਗਾਂ ਸਨ, ਬਟਾਲਾ, ਗੁਰਦਾਸਪੁਰ, ਭੋਗਪੁਰ ਦੇ 729 ਕਰੋੜ ਵਾਸਤੇ, ਉਸ ਵਿਚੋਂ ਭੋਗਪੁਰ ਮਿੱਲ ਦੇ 109 ਕਰੋੜ ਰੁਪਏ ਦੇ ਕੇ ਕੰਪਲੀਸ਼ਨ ਹੋ ਗਈ ਹੈ। ਬਾਕੀ we will be providing money, ਇਹ ਇਨ੍ਹਾਂ ਦੀ ਗੱਲ ਸਿਰੇ ਚੜ੍ਹਾ

ਸਕੀਏ। ਪ੍ਰਾਬਲਮ ਬਹੁਤ ਹੈ, ਜ਼ਮਾਨਾ ਬਦਲ ਗਿਆ।So production has to be more, capacity has to be more. ਕਿਤੇ-ਕਿਤੇ ਸ਼ੂਗਰ ਮਿੱਲਜ਼ 25-25 ਹਜ਼ਾਰ ਟਨ ਗੰਨਾ ਰੋਜ਼ਾਨਾ ਲੈਂਦੀਆਂ ਸਨ। ਇੱਥੇ ਆਪਣੇ ਛੋਟੇ ਮਿੱਲਜ਼ ਹਨ ਤਾਂ ਉਨ੍ਹਾਂ ਨੂੰ ਬੜਾ ਕਰਨ ਵਾਸਤੇ ਇਹ ਸਾਡਾ ਇਸ ਵੇਲੇ ਪ੍ਰਬੰਧ ਹੈ। ਅਸੀਂ PAU ਨੂੰ ਕਿਹਾ ਹੈ ਕਿ ਨਵੇਂ ਮਾਰਕੀਟ ਔਰ ਮਾਰਕੀਟਿੰਗ ਦੇ ਸਿਸਟਮ ਲੈ ਕੇ ਆਉ ਔਰ ਫਸਲਾਂ ਦਾ ਤੁਸੀਂ ਬਦਲਵਾਂ ਪ੍ਰਬੰਧ ਕਰੋ। ਉਹPAU ਵੀਲੱਗੀ ਹੋਈ ਹੈ ਤਾਂ ਕਿ ਸਾਡੀ ਕੰਜ਼ਰਵੇਸ਼ਨ ਆਫ ਗਰਾਊਂਡ ਵਾਟਰ ਔਰ ਨਦੀਆਂ ਦੇ ਪਾਣੀ ਦਾ ਅਸੀਂ ਬਚਾਉ ਕਰ ਸਕੀਏ। ਪੰਜਾਬ ਵਿੱਚ ਝੋਨੇ ਦਾ ਕੋਈ ਫਿਊਚਰ ਨਹੀਂ ਹੈ। ਸਪੀਕਰ ਸਾਹਿਬ, ਇੱਕ ਜ਼ਮਾਨਾ ਸੀ, ਜਦੋਂ P.L. 480ਲੱਗੀ। ਅਮਰੀਕਾ ਤੋਂ ਅਸੀਂ ਫਸਲ ਉਧਾਰ ਲੈਂਦੇ ਸੀ, ਫਿਰ PAUਨੇ ਇਹ ਬੀੜਾ ਚੁੱਕਿਆ ਔਰ ਪੰਜਾਬ ਦੇ ਲੋਕਾਂ ਨੇ ਚੁੱਕਿਆ and at one time it was something 60%,ਜਿਹੜਾ ਅਸੀਂ ਨੈਸ਼ਨਲ ਫੂਡ ਪੂਲ ਨੂੰ ਕਣਕ ਅਤੇ ਚੌਲ ਵਗੈਰਾ ਦਿੰਦੇ ਸੀ ਲੇਕਿਨ ਹੁਣ ਬਾਕੀ ਏਰੀਆਜ਼ ਵਿੱਚ ਵੀ ਡਿਵੈੱਲਪਮੈਂਟ ਹੋ ਗਈ। ਸੋ, ਜਿਹੜੀ ਸਾਡੀ ਵਾਟਰ ਰਿਕੁਆਇਰਮੈਂਟਸੀ,in the mean time ਘੱਟਦੀ ਗਈ ਅਤੇ ਉਥੋਂ ਜਿਹੜੀ ਪੈਦਾਵਾਰ ਹੋ ਰਹੀ ਹੈ, ਉਹ ਹੁਣ ਸਾਨੂੰ ਮੇਰਾ ਖਿਆਲ ਹੈ ਕਿ 36 ਪਰਸੈਂਟ ਰਾਈਸ ਅਤੇ 34 ਪਰਸੈਂਟ ਵੀਟ੍ਹ ਨੈਸ਼ਨਲ ਫੂਡ ਪੂਲ ਨੂੰ ਦੇ ਰਹੇ ਹਾਂ। ਹੁਣ ਇਹ ਵੀ ਸੁਣਿਆ ਹੈ ਕਿ ਐਮ.ਐਸ.ਪੀ. ਦੇ ਉੱਪਰ ਇੱਕ ਆਰਡਰਦੀ ਕੋਸ਼ਿਸ਼ ਹੋ ਰਹੀ ਹੈ।ਇਸ ਇਸ਼ੂ ਦੇ ਉੱਤੇ ਕੱਲ੍ਹ ਸਾਡੀ ਆਲ ਪਾਰਟੀ ਮੀਟਿੰਗ ਹੋਈ ਸੀ ਅਤੇ ਅਸੀਂ ਪ੍ਰਾਈਮ ਮਨਿਸਟਰ ਸਾਹਿਬ ਨੂੰ ਆਲ ਪਾਰਟੀ ਡੈਲੀਗੇਸ਼ਨ ਜਾ ਕੇ ਇਸ ਇਸ਼ੂ ਤੇ ਮਿਲਾਂਗੇ।ਲੇਕਿਨ ਅਸੀਂ ਹਰ ਵਾਰੀ ਆਪਣੇ ਤੌਰ ਤੇ ਜੋ ਕਰ ਸਕਦੇ ਸੀ, ਉਹ ਕੀਤਾ ਹੈ।ਸਾਡਾ ਡਾਇਵਰਸੀਫਿਕੇਸ਼ਨ ਦੇ ਵਿੱਚ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ। We are trying to do somethingਐਤਕੀਂ ਕਾਟਨ ਵਧੀ ਹੈ।ਅਸੀਂ ਹੋਰ ਚੀਜ਼ਾਂ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।In the mean timeਇੱਕ ਜਿਹੜਾ ਸਾਡਾ ਪਿਛੇ ਚਾਰ ਫਸਲਾਂ ਦੀ ਰਿਕਾਰਡ ਪ੍ਰੋਡਕਸ਼ਨ ਹੋਈ ਹੈ, ਜਿਸ ਵਿੱਚ ਝੋਨਾ ਅਤੇ ਕਣਕ, ਉਸ ਦਾ ਐਡੀਸ਼ਨਲ ਅਮਾਊਂਟ ਕਿਸਾਨਾਂ ਨੂੰ ਗਿਆ ਹੈ, 44 ਹਜ਼ਾਰ ਕਰੋੜ ਰੁਪਏ ਦੇ ਕਰੀਬ additional amount has gone to the farmers because of the proper arrangements, ਫਸਲਾਂ ਬਾਰੇ ਜੋ ਅਸੀਂ ਕੀਤੇ ਹਨ। Interestinglyਇਹ ਜਿਹੜੀ ਦੇਖਣ ਵਾਲੀ ਗੱਲ ਹੈ ਕਿ ਜਿਹੜੀ ਫਰਟੀਲਾਈਜ਼ਰ ਹੈ, ਯੂਰੀਆ ਹੈ, ਡੀ.ਏ.ਪੀ. ਹੈ ਜਾਂ ਪੈਸਟੀਸਾਈਡਜ਼ ਵਗੈਰਾ ਹਨ, ਉਨ੍ਹਾਂ ਦੀ reduction ਹੋਈ ਹੈ ਲੇਕਿਨ ਫਸਲ ਦੀ ਪੈਦਾਵਾਰ ਵਧੀ ਹੈ। So, this is very positive thing,ਉਹ ਪੈਸਾ ਵੀ ਕਿਸਾਨਾਂ ਦਾ ਬਚਿਆ ਹੈ ਅਤੇ ਉਨ੍ਹਾਂ ਦੀ ਪੈਦਾਵਾਰ ਵੀ ਵਧੀ ਹੈ। ਐਤਕੀਂ ਰਿਕਾਰਡ ਪ੍ਰੋਡਕਸ਼ਨ ਹੋਈ ਹੈ। ਸਾਨੂੰ ਤਾਂ problem of plentyਆ ਰਹੀ ਹੈ।ਮੇਰੇ ਕੋਲ ਅੱਜ ਕੋਈ ਇੱਕ ਗੋਡਾਊਨ ਪੰਜਾਬ ਵਿੱਚ ਅਜਿਹਾ ਨਹੀਂ ਰਿਹਾ, ਜਿਥੇ ਫਸਲ ਨਾ ਪਈ ਹੋਵੇ। ਪਿਛਲੇ ਸਾਲ ਦੀ ਕਣਕ ਗੋਡਾਊਨਜ਼ ਵਿੱਚ ਭਰੀ ਹੋਈ ਹੈ।ਸਾਰਾ ਝੋਨਾ ਭਰਿਆ ਪਿਆ ਹੈ। We are going to Government of Indiaਕਿ ਤੁਸੀਂ ਸਾਨੂੰ ਮਦਦ ਕਰੋ। ਇਸ ਦੀ ਲਿਫਟ ਕਰੋ, ਜਿਹੜੀਆਂ ਫਸਲਾਂ ਤੁਸੀਂ ਸੂਬਿਆਂ ਨੂੰ ਤਿੰਨ ਮਹੀਨਿਆਂ ਦੀ ਭੇਜਦੇ ਹੋ, ਉਨ੍ਹਾਂ ਨੂੰ ਛੇ

ਮਹੀਨਿਆਂ ਦੀ ਫਸਲ ਭੇਜੋ। ਸਾਡੇ ਗੋਡਾਊਨਜ਼ ਖਾਲੀ ਤਾਂ ਕਰੋ ਕਿਉਂਕਿ ਜਿਹੜੀ ਹੁਣ ਅਗਲੀ ਆਉਣ ਵਾਲੀ ਫਸਲ ਹੈ, ਅਸੀਂ ਉਸ ਫਸਲ ਨੂੰ ਕਿੱਥੇ ਪਾਵਾਂਗੇ।ਅਗਰ ਜੇਕਰ ਉਸ ਵਿੱਚ ਕੋਈ ਨੁਕਸਾਨ ਹੋ ਜਾਵੇ ਤਾਂ ਉਹ ਸਾਡੇ ਸਿਰ ਆ ਜਾਂਦਾ ਹੈ। ਅਨਾਜ ਦੀ ਖਰੀਦ ਉਹ ਕਰਦੇ ਹਨ, ਨੁਕਸਾਨ ਸਾਡੇ ਸਿਰ ਆ ਜਾਂਦਾ ਹੈ। ਉਹੀ ਹੈ, 31 ਹਜ਼ਾਰ ਕਰੋੜ ਰੁਪਿਆ, ਜਿਹੜਾ ਆਪਾਂ ਪਹਿਲਾਂ ਵੀ ਇੰਨੀ ਵਾਰ ਡਿਸਕਸ ਕੀਤਾ ਹੈ।ਸੋ, ਇਹ ਗੱਲਾਂ ਬਹੁਤ ਇੰਪਾਰਟੈਂਟ ਹਨ।

EXTENSION OF THE TIME OF THE SITTING OF THE HOUSE

ਮਾਨਯੋਗ ਸਪੀਕਰ: ਸੀ.ਐਮ. ਸਾਹਿਬ, ਇੱਕ ਮਿੰਟ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ, ਸਦਨ ਦੇ ਨੇਤਾ ਮਾਨਯੋਗ ਮੁੱਖ ਮੰਤਰੀ ਜੀ ਦੀ ਸਪੀਚ/ਜਵਾਬ ਸਮਾਪਤ ਹੋਣ ਤੱਕ ਸਦਨ ਦੀ ਅੱਜ ਦੀ ਬੈਠਕ ਦਾ ਸਮਾਂ ਵਧਾ ਲਿਆ ਜਾਵੇ?

(ਆਵਾਜ਼ਾਂ: ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ: ਸਦਨ ਦਾ ਸਮਾਂ ਸਦਨ ਦੇ ਨੇਤਾ ਮਾਨਯੋਗ ਮੁੱਖ ਮੰਤਰੀ ਜੀ ਦੀ ਸਪੀਚ/ਜਵਾਬ ਸਮਾਪਤ ਹੋਣ ਤੱਕ ਵਧਾਇਆ ਜਾਂਦਾ ਹੈ।

DICUSSION ON GOVERNOR'S ADDRESS AND VOTE ON THE MOTION OF THANKS (RESUMPTION)

ਮੁੱਖ ਮੰਤਰੀ: ਜਿਵੇਂ ਮੈਂ ਕਿਹਾ ਸੀ ਕਿ ਅਸੀਂ ਡਾਈਵਰਸੀਫਿਕੇਸ਼ਨ ਬਾਰੇ ਪ੍ਰੋਗਰਾਮ ਸ਼ੁਰੂ ਕੀਤਾ ਹੈ, ਇਸ ਵਿੱਚ ਇੱਕ ਤਾਂ ਬਾਸਮਤੀ ਆਈ ਹੈ but unfortunately basmati also consumes more water for better consumptionਐਤਕੀਂ ਅਸੀਂ ਨਰਮਾ ਵੀ ਕਾਫੀ ਵਧਾਇਆ ਹੈ। ਸਗੋਂ ਬਾਸਮਤੀ 2.10 ਲੱਖ ਟਨ ਅਤੇ ਨਰਮਾ 4.81 ਲੱਖ ਢੇਰੀਆਂ, ਜਿਸ ਨੂੰ bales ਕਹਿੰਦੇ ਹਾਂ, ਉਹ ਐਤਕੀਂ ਪਹਿਲਾਂ ਨਾਲੋਂ ਕਾਫੀ ਹੋਈਆਂ ਹਨ ਔਰ ਇਹhassle free procurementਹੋਈ ਹੈ। ਇੱਕ ਰਾਤ ਵੀ ਕਿਸਾਨ ਨੂੰ ਮੰਡੀ ਵਿੱਚ ਨਹੀਂ ਬੈਠਣਾ ਪਿਆ।ਇਨ੍ਹਾਂ ਨੂੰ ਪੁੱਛੋ ਕਿ ਪਹਿਲਾਂ ਕਿੰਨੇ-ਕਿੰਨੇ ਦਿਨ ਕਿਸਾਨ ਮੰਡੀਆਂ ਵਿੱਚ ਬੈਠਦੇ ਸਨ (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) (ਥੰਪਿੰਗ) Or same day the money was given andਕਿਸਾਨ ਪੈਸੇ ਲੈ ਕੇ ਘਰਾਂ ਨੂੰ ਵਾਪਸ ਆ ਜਾਂਦੇ ਹਨ।

ਸਪੀਕਰ ਸਾਹਿਬ, ਅਗਲੀ ਗੱਲ ਬਿਜਲੀ, ਪਾਣੀ, ਇੰਡਸਟਰੀ ਅਤੇ ਬਿਜ਼ਨੈਸ ਵਾਸਤੇ ਹੈ।ਇਸ ਦਾ ਅਸੀਂ ਐਤਕੀਂ ਪ੍ਰਬੰਧ ਕੀਤਾ ਹੈ and ਇੰਡਸਟਰੀ ਨੂੰ we have given power subsidy of 2855 crore. ਮੈਨੂੰ ਇਹ ਕਹਿੰਦਿਆਂ ਖੁਸ਼ੀ ਹੁੰਦੀ ਹੈ ਕਿ ਤਕਰੀਬਨ 58 ਹਜ਼ਾਰ ਕਰੋੜ ਰੁਪਿਆ ਸਾਡੀ ਧਰਤੀ ਤੇ ਲੱਗ ਚੁੱਕਿਆ ਹੈ, ਜਿੱਥੇ ਨਵੀਆਂ ਇੰਡਸਟਰੀਆਂ ਤੇ ਫੈਕਟਰੀਆਂ ਬਣਨੀਆਂ ਹਨ। ਇਸ ਨਾਲ ਜਿਥੇ ਸਾਡੀ ਇਕਨਾਮੀ ਗੇਨ ਕਰੇਗੀ ਉੱਥੇ ਸਾਡੇ ਬੱਚੇ ਵੀ ਨੌਕਰੀ ਲੱਗ ਸਕਣਗੇ।

Rise of power tariff:ਮੈਂ ਹੁਣ ਆਪਣੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਕਿ ਕਿਉਂਕਿ ਇਨ੍ਹਾਂ ਨੇ ਇੱਥੇ ਕੁਝ ਗੱਲਾਂ ਚੁੱਕੀਆਂ ਸਨ ਕਿ ਦਿੱਲੀ ਵਿੱਚ domestic sectorਵਿੱਚ ਬਿਜਲੀ ਫਰੀ ਹੋ ਗਈ ਹੈ। ਇਹ ਨਹੀਂ ਦੱਸਿਆ ਕਿ ਜਿਹੜੀ ਬਿਜਲੀ ਇਨ੍ਹਾਂ ਨੇ Commercial sectorਨੂੰ ਦਿੱਤੀ ਹੈ, ਉਹ ਕਿੰਨੇ ਰੇਟ ਨੂੰ ਦਿੱਤੀ ਹੈ। ਉਹ 10/-ਰੁਪਏ ਪ੍ਰਤੀ ਯੂਨਿਟ ਦਿੱਤੀ ਹੈ ਅਤੇ ਅਸੀਂ 7/- ਪ੍ਰਤੀ ਯੂਨਿਟ ਰੁਪਏ ਦਿੰਦੇ ਹਾਂ ਕਿਉਂਕਿ commercial sector ਦੇ ਜਿਹੜੇ ਦੁਕਾਨਦਾਰ ਹਨ,ਉਹ ਸਾਰੇ BJPਦੇsupporterਹਨ, ਉਨ੍ਹਾਂ ਦੀ ਵਧਾ ਦਿਓ ਫਿਰ ਕੋਈ ਪ੍ਰਾਬਲਮ ਨਹੀਂ ਹੈ। ਦੂਸਰੀ, ਉੱਥੇ ਇੰਡਸਟਰੀ ਵਿੱਚ 9 ਰੁਪਏ ਪ੍ਰਤੀ ਯੂਨਿਟ ਹੈ ਅਤੇ ਅਸੀਂ 5 ਰੁਪਏ ਨੂੰ ਦਿੱਤੀ ਹੈ। ਉਸ ਦੇ ਇਲਾਵਾ ਸਾਡੀ 12 ਹਜਾਰ ਕਰੋੜ ਰੁਪਏ ਦੀ ਸਬਸਿਡੀ ਵੀ ਹੈ। ਇਨ੍ਹਾਂ ਨੇ ਸਿਰਫ ਬਿਜਲੀ ਵਾਸਤੇ 3200 ਕਰੋੜ ਰੁਪਏ ਦਿੱਤੀ ਹੈ। ਸਾਡੇ ਜਿਹੜੇ 12 ਹਜ਼ਾਰ ਕਰੋੜ ਰੁਪਏ ਸਬਸਿਡੀ ਦੇ ਹਨ, ਉਸ ਵਿੱਚ 9 ਹਜ਼ਾਰ ਕਰੋੜ ਐਗਰੀਕਲਚਰ ਵਾਸਤੇ, 1500 ਕਰੋੜ ਇੰਡਸਟਰੀ ਨੂੰ ਅਤੇ 1900 ਕਰੋੜ domestic consumptionto SCs, BCs and other sections ਵਾਸਤੇ ਦਿੱਤੇ ਹਨ। ਅਸੀਂ ਤਕਰੀਬਨ 20 ਲੱਖ 32 ਹਜਾਰ 933 ਗਰੀਬਾਂ ਨੂੰ ਬਿਜਲੀ ਦੇ 200 ਯੂਨਿਟ ਮਾਫ ਕੀਤੇ ਹਨ। (ਥੰਪਿੰਗ)

ਅਸੀਂ ਇੱਕpromiseਇਹ ਵੀ ਕੀਤਾ ਹੈ ਕਿ ਇੱਕ ਵਾਈਟ ਪੇਪਰ ਇਸ ਹਾਊਸ ਵਿੱਚ ਲਿਆਂਦਾ ਜਾਵੇਗਾ। ਮੈਂ ਪਿਛਲੀ ਵਾਰੀ ਵੀਸੈਸ਼ਨ ਵਿੱਚ ਕਿਹਾ ਸੀ। ਮੇਰੀ ਕੋਸ਼ਿਸ਼ ਹੈ ਕਿ ਇਸ ਸੈਸ਼ਨ ਦੌਰਾਨ ਹੀ ਵਾਈਟ ਪੇਪਰ ਹਾਊਸ ਵਿੱਚ ਲਿਆ ਕੇ ਟੇਬਲ ਤੇ ਲੇਅ ਕਰਾਂਗੇ। ਪਾਣੀ ਦਾ ਨਵਾਂ ਹੋਰ ਪ੍ਰਬੰਧ ਕਰਨ ਵਾਸਤੇ ਸ਼ਾਹਪੁਰ ਕੰਢੀ ਡੈਮ it is going to be 2715ਕਰੋੜ ਦਾ ਪ੍ਰੋਜੈਕਟ ਹੈ ਅਤੇ ਅਸੀਂ already 932 ਕਰੋੜ spent ਕਰ ਚੁੱਕੇ ਹਾਂ। ਉੱਥੇ ਕੰਮ ਵੀ ਬਹੁਤ ਅੱਛੇ ਤਰੀਕੇ ਨਾਲ ਚੱਲ ਰਿਹਾ ਹੈ। ਕੰਢੀ ਏਰੀਆਜ਼ ਵਾਸਤੇ ਮੇਰਾ ਵਾਅਦਾ ਹੈ ਕਿ ਕੰਢੀ ਏਰੀਆ ਦਾ ਕੋਈ ਟਿਊਬਵੈੱਲ dryਨਹੀਂ ਰਹੇਗਾ ਅਤੇ ਉਨ੍ਹਾਂ ਨੂੰ ਦੁਬਾਰਾ ਬਣਾਇਆ ਜਾਵੇਗਾ। ਉਨ੍ਹਾਂ ਨੂੰ ਐਗਰੀਕਲਚਰ ਲਈ and for drinkingਪਾਣੀ ਮਿਲੇਗਾ ਔਰ ਕੰਢੀ ਕੈਨਾਲ ਲਈ ਸਾਡੀ ਪੂਰੀ ਕੋਸ਼ਿਸ਼ ਰਹੇਗੀ ਕਿ ਜਲਦ ਤੋਂ ਜਲਦ ਇਸ ਨੂੰ ਕੰਪਲੀਟ ਕੀਤਾ ਜਾਵੇ। ਅਸੀਂ ਇੱਕ ਸਕੀਮ to save Punjab ਚਲਾਈ ਹੋਈ ਹੈ। ਅਸੀਂ ਪਹਿਲਾਂ ਤਾਂ enactmentਕੀਤੀ ਹੈ, Punjab Water Resources Management and Regulation Act 2020.ਇੱਕ ਹੋਰ ਸਕੀਮ ਚਲਾਈ ਹੈ ਕਿ ਪਾਣੀ

ਬਚਾਓ ਅਤੇ ਪੈਸਾ ਕਮਾਓ।ਇਹ ਸਾਡੀ ਕੋਸ਼ਿਸ਼ ਹੈ ਕਿ ਜਦੋਂ ਅਸੀਂ ਲੋਕਾਂ ਨੂੰ ਪਾਣੀ ਵਾਸਤੇ ਪੈਸੇ ਦੇਵਾਂਗੇ ਤਾਂ ਉਹ ਆਪਣੇ ਤੌਰ ਤੇ ਪਾਣੀ ਘੱਟ ਖਰਚਣਗੇ। ਅੱਜ ਇਹ ਫੀਲਿੰਗ ਹੈ ਕਿ ਮੁਫਤ ਦਾ ਪਾਣੀ ਹੈ ਅਤੇ ਲੋਕ ਟੂਟੀਆਂ ਖੁੱਲ੍ਹੀਆਂ ਛੱਡ ਕੇ ਚਲੇ ਜਾਂਦੇ ਹਨ। ਅਗਰ ਉਨ੍ਹਾਂ ਨੂੰ ਬੰਦ ਕਰ ਦੇਵੋ ਤਾਂ ਪਾਣੀ ਦੀ ਬੱਚਤ ਹੋਵੇਗੀ ਤਾਂ ਫਿਰ ਅਸੀਂ ਉਨ੍ਹਾਂ ਨੂੰ ਇਸ ਕੰਮ ਲਈ ਪੇਮੈਂਟ ਕਰਾਂਗੇ। ਇਹ ਸਕੀਮ ਕਾਫੀ ਇਫੈਕਟਿਵ ਚੱਲ ਰਹੀ ਹੈ। ਅਸੀਂ ਟਰਾਇਲਜ਼ ਕੀਤੇ ਹਨ। Hopefullyਇਹ successful ਹੋਵੇਗਾ, let's see.

ਸਾਡੀ ਛੇਵੀਂ commitment women empowerment ਬਾਰੇ ਸੀ। ਅਸੀਂ ਪੰਚਾਇਤੀ ਰਾਜ ਇੰਸਟੀਚਿਊਸ਼ਨ ਅਤੇ ਅਰਬਨ ਲੋਕਲ ਬਾਡੀਜ਼ ਦੇ ਵਿੱਚ ਲੇਡੀਜ਼ ਲਈ 50% ਰਿਜ਼ਰਵੇਸ਼ਨ ਕੀਤੀਆਂ ਹਨ। ਇਹ ਗੱਲ ਸਾਰੇ ਜਾਣਦੇ ਹਨ। Punjab has taken the lead in thisਪੰਜਾਬ ਵਿੱਚ ਇਹ ਕੰਮ ਬਹੁਤ ਅੱਛੇ ਤਰੀਕੇ ਨਾਲ ਚੱਲ ਰਿਹਾ ਹੈ।

7ਵੀਂਕੁਮਿਟਮੈਂਟ ਸੀ:Free Housing for homeless families belonging to Scheduled Castes and other weaker sections:ਪਿਛਲੇ 3 ਸਾਲਾਂ ਵਿੱਚ ਅਸੀਂ 13280 homeless people ਨੂੰ financial assistances ਦਿੱਤੀਆਂ ਹਨ। We have provided 1,32,620plots of 5 Marla each to homeless people in rural areas. ਮੈਂ ਸਮਝਦਾ ਹਾਂ ਕਿ ਇਹ ਘੱਟ ਹੈ। ਅਸੀਂ ਇਸ ਵਿੱਚ ਤਬਦੀਲੀ ਲਿਆ ਕੇ ਇਸ ਮਰਲੇ ਪਲਾਟ ਨੂੰ ਵਧਾਉਣਾ ਚਾਹੁੰਦੇ ਹਾਂ ਤਾਂ ਕਿ ਹੋਰ ਲੋਕ ਵੀ ਇਸ ਸਕੀਮ ਦੇ ਨਾਲ ਕਵਰ ਹੋ ਜਾਣ।

8ਵੀਂ ਕੁਮਿਟਮੈਂਟ ਸੀ:15 percent reservations given in all educational institutions but eligibility has also been raised from 6 lakh to 8 lakh.ਕਿਸੇ ਦੀ ਵੀ ਇਨਕਮ 8 ਲੱਖ ਤੱਕ ਹੋਵੇ,he is reserved, he can go for that.ਇਸ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਅਤੇ ਮੈਂ ਪਹਿਲਾਂ ਵੀ ਹਾਊਸ ਵਿੱਚ ਐਸ਼ੋਰੈਂਸ ਦਿੱਤੀ ਹੈ ਕਿ ਜਿਹੜੀ ਪੰਜਾਬ ਦੀ ਰਿਜ਼ਰਵੇਸ਼ਨ ਪਾਲਿਸੀ ਹੈ, It will continue. There is no question of cancelling this reservation policy. (thumping) it will continue and reservation in promotions will also continueਜੋ ਸਾਡੇ ਪਹਿਲਾਂ ਵੀ ਪੰਜਾਬ ਦੇ ਵਿੱਚ ਚੱਲ ਰਿਹਾ ਹੈ। I don't know why there is a confusion ਵਾਰ-ਵਾਰ ਇਹ ਕੰਫਿਊਜ਼ਨ ਉੱਠਦਾ ਰਹਿੰਦਾ ਹੈ। ਇਸ ਕੰਫਿਊਜ਼ਨ ਦੀ ਕੋਈ ਲੋੜ ਨਹੀਂ ਹੈ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਮਾਨਯੋਗ ਸਪੀਕਰ: ਚੀਮਾ ਸਾਹਿਬ, ਜਦੋਂ ਤੁਸੀਂ ਬੋਲਦੇ ਹੋ ਤਾਂ ਕੀ ਕਿਸੇ ਨੂੰ ਬੋਲਣ ਦੀ ਇਜਾਜ਼ਤ ਹੁੰਦੀ ਹੈ? ਕਿਸੇ ਨੂੰ ਇਜਾਜ਼ਤ ਨਹੀਂ ਹੁੰਦੀ। ਬਿਲਕੁਲ ਨਹੀਂ ਹੁੰਦੀ।

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਇੱਕ ਨਵੀਂ ਸਕੀਮ ਚਲਾਈ ਸੀ ਕਿ ਆਪਾਂ ਡਿਵੈਲਪਮੈਂਟ ਵਾਸਤੇ ਪੈਸੇ ਭੇਜਦੇ ਹਾਂ।ਕਿਤੇculvert ਬਣ ਰਿਹਾ ਹੈ, ਕਿਤੇ ਸੜਕ ਬਣ ਰਹੀ ਹੈ ਜਾਂ ਕਿਸੇ ਹੋਰ ਚੀਜ਼ ਦੀ ਡਿਵੈਲਪਮੈਂਟ ਹੋ ਰਹੀ ਹੈ। ਫਿਰ ਖਬਰ ਆਉਂਦੀ ਸੀ ਕਿ ਉਹ ਪੈਸਾ ਡਿਵੈਲਪਮੈਂਟ ਤੇ ਲੱਗਿਆ ਹੀ ਨਹੀਂ ਹੈ। ਉਹ ਪੈਸਾ ਕਦੇ ਖੱਬੇ ਹੋ ਗਿਆ ਜਾਂ ਕਦੇ ਸੱਜੇ ਹੋ ਗਿਆ। ਅਸੀਂ ਇੱਕ Guardians of Governance schemeਦੀ ਸਕੀਮ ਚਲਾਈ ਸੀ। ਜਿਸ ਵਿੱਚ 4300 ਐਕਸ ਸਰਵਿਸ ਮੈਨ ਰੱਖੇ ਸਨ। ਉਨ੍ਹਾਂ ਦਾ ਇੱਕ ਸਿਸਟਮ ਹੈ ਕਿ ਉਹ independent ਚੱਲਦੇ ਹਨ। ਉਹ ਦੇਖਦੇ ਹਨ ਕਿ ਕਿੱਥੇ ਕੀ ਕੁਝ ਪ੍ਰਾਬਲਮ ਹੋ ਰਹੀ ਹੈ। ਉਹ ਇਕਦਮ ਡੀ.ਸੀ. ਨੂੰ ਚਿੱਠੀ, ਆਪਣੇ ਆਫਿਸ ਨੂੰ ਚਿੱਠੀ, ਕਨਸਰਨਡ ਸੈਕਟਰੀ ਨੂੰ ਚਿੱਠੀ ਭੇਜਦੇ ਹਨ ਤਾਂ ਕਿ ਜਿੱਥੇ ਕਿਤੇ ਵੀ ਕੋਈ ਗੜਬੜ ਦੇ ਚਾਂਸਿਜ ਹਨ, ਉਹ ਗਾਰਡੀਅਨ ਆਫ ਗਵਰਨੈਂਸ ਦੀ ਰਿਪੋਰਟ ਨਾਲ ਭੇਜਦੇ ਹਨ ਤਾਂ ਕਿ ਸਾਡੇ ਅਫਸਰ ਸਾਹਿਬਾਨ ਅਤੇ ਮਨਿਸਟਰ ਸਾਹਿਬਾਨ ਉਸ ਤੇ ਐਕਟ ਕਰ ਸਕਣ।

ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ): ਸਰ, ਉਨ੍ਹਾਂ ਨੂੰ ਸਾਲ-ਸਾਲ ਹੋ ਗਿਆ, ਤਨਖਾਹ ਨਹੀਂ ਮਿਲੀ।

ਮੁੱਖ ਮੰਤਰੀ: ਉਨ੍ਹਾਂ ਨੂੰ ਤਨਖਾਹ ਮਿਲਦੀ ਹੈ, you don't worry.ਕਦੇ-ਕਦੇ ਫੌਜੀ ਬਗੈਰ ਤਨਖਾਹ ਤੋਂ ਵੀ ਕੰਮ ਕਰ ਲੈਂਦੇ ਹਨ। ਮੈਂ ਵੀ ਫੌਜੀ ਰਿਹਾ ਹਾਂ।(ਹਾਸਾ) ਸਪੀਕਰ ਸਾਹਿਬ, ਇਹ ਕਈ ਗੱਲਾਂ ਸੀ, ਜਿਹੜੀਆਂ ਮੈਂ ਆਪ ਜੀ ਦੇ ਸਾਹਮਣੇ ਕਰਨੀਆਂ ਚਾਹੁੰਦਾ ਸੀ, ਜਿਹੜੇ ਨੌਂ ਨੁਕਤੇ ਅਸੀਂ ਕੀਤੇ ਹਨ। ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਅੰਡਰਵੇਅ ਹੈ। ਇਸ ਵਿੱਚ 10 ਲੱਖ 70 ਹਜ਼ਾਰ ਬੈਨੀਫਿਸ਼ਰੀਜ਼ ਨੂੰ ਲਾਭ ਦੇ ਚੁੱਕੇ ਹਾਂ।

ਸਾਡਾ ਸਮਾਰਟ ਵਿਲੇਜ ਕੰਪੇਨ ਚੱਲ ਰਿਹਾ ਹੈ। ਇਸ ਵਿੱਚ 818 ਕਰੋੜ ਰੁਪਿਆ ਖਰਚ ਚੁੱਕੇ ਹਾਂon 16011 development works in the villages. ਇਹ ਕੰਪੇਨ ਪਿਛਲੇ ਸਾਲ ਚਾਲੂ ਹੋਈ ਸੀ, ਅਸੀਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਦੀ ਕਿਰਪਾ ਨਾਲ ਹੋਰ ਤੇਜ਼ੀ ਨਾਲ ਚੱਲੇ।

ਇੱਕ ਅਸੀਂ ਤੰਦਰੁਸਤ ਪੰਜਾਬ ਮਿਸ਼ਨ ਚਲਾ ਰਹੇ ਹਾਂ। ਜਿਸ ਵਿੱਚ ਸਭ ਤੋਂ ਵੱਡੀ ਪ੍ਰਾਬਲਮ ਅਡਲਟਰੇਸ਼ਨ ਦੀ ਆ ਰਹੀ ਹੈ। ਇਸ ਸਕੀਮ ਦਾ main objective ਇਹ ਹੈ:to check food adulteration, water contamination and superfluous use of fertilizers and agro chemicals and milk food items by the agriculturists. ਦੁੱਧ ਦੇ ਵਿੱਚ ਕੋਈ ਯੂਰੀਆ ਪਾ ਦਿੰਦਾ

ਸੀ ਤੇ ਕੋਈ ਕੁਝ ਹੋਰ ਮਿਲਾ ਦਿੰਦਾ ਸੀ ਜਿਸ ਕਰਕੇ ਲੋਕਾਂ ਦੀ ਸਿਹਤ ਤੇ ਮਾੜਾ ਅਸਰ ਹੁੰਦਾ ਸੀ। ਸੋ, ਇਸ ਵਾਸਤੇ ਜਿਵੇਂ ਮੈਂ ਪਹਿਲਾਂ ਵੀ ਕਿਹਾ ਸੀ ਕਿ we have cut down the use of urea fertilizer. Now I can give you the facts that 4.48 ਹਜ਼ਾਰ ਮੀਟ੍ਰਿਕ ਟਨਜ਼ ਯੂਰੀਆ ਦੀ consumptionਰਿਡਿਊਸ ਕੀਤੀ ਹੈ। 1 ਲੱਖ 83 ਹਜ਼ਾਰ ਮੀਟ੍ਰਿਕ ਟਨਜ਼ ਡੀ.ਏ.ਪੀ. ਦੀ consumptionਰਿਡਿਊਸ ਕੀਤੀ ਹੈ,resulting in saving of 704 crores input cost of the farmers. The use of pesticides has got reduced by 675 ਮੀਟ੍ਰਿਕ ਟਨਜ਼ technical grade giving a benefit of rupees 355 crore to the farmers.ਇਨ੍ਹਾਂ ਦੇ ਸਮੇਂ ਤਾਂ ਕੁਝ ਵੀ ਨਹੀਂ ਸੀ ਹੋਇਆ, ਜੋ ਕੁਝ ਵੀ ਹੋਇਆ ਸਾਡੇ ਟਾਈਮ ਹੀ ਹੋਇਆ ਹੈ। ਫਿਰ ਅਸੀਂ ਨਵੇਂ ਐਂਟੀ ਪਾਲਿਊਸ਼ਨ ਲਾਅ ਦੇ ਅਧੀਨ 525 ਕਰੋੜ ਰੁਪਏ spent ਕਰ ਚੁੱਕੇ ਹਾਂ। During the last three years 56000 machines for crop residue management, ਇਸ ਵੇਲੇ ਇੱਥੇ ਚੱਲ ਰਹੀਆਂ ਹਨ। ਸਭ ਤੋਂ ਅੱਛੀ ਚੀਜ਼ ਜਿਹੜੀ ਅਸੀਂ ਕੀਤੀ ਹੈ ਕਿ 1370 ਹੈਲਥ ਐਂਡ ਵੈਲਨੈੱਸ ਕਲੀਨਿਕਸ ਸੂਬੇ ਵਿੱਚ ਲਗਾ ਚੁੱਕੇ ਹਾਂ। ਇਸ ਦਾ ਮਤਲਬ ਕੀ ਹੈ ਕਿ ਬਚਪਨ ਤੋਂ ਹੀ ਛੋਟੇ ਬੱਚੇ ਨੂੰ ਜੋ ਬਿਮਾਰੀਆਂ ਹੁੰਦੀਆਂ ਹਨ,they will be investigated by doctorਤਾਂ ਕਿ ਜਿਹੜੀ ਵੀ ਬਿਮਾਰੀ ਛੋਟੇ ਬੱਚੇ ਨੂੰ ਹੋਈ ਹੈ, ਉਹ ਉੱਥੇ ਹੀ ਪਕੜੀ ਜਾਵੇ, ਅੱਗੇ ਨਾ ਵਧੇ। ਇਹ ਕੰਸੈਪਟ ਯੂ.ਕੇ. ਅਤੇ ਕੈਨੇਡਾ ਵਿੱਚ ਚਲਦਾ ਹੈ। ਇਸ ਕਰਕੇ ਅਸੀਂ ਸੋਚਿਆ ਕਿ it will be a good ideaਤਾਂ ਕਿ ਵੈਲਨੈੱਸ ਕਲੀਨਿਕਸ ਇੱਥੇ ਵੀ ਚੱਲਣ। ਜਿਸ ਵਿੱਚ ਅਸੀਂ ਬਚਪਨ ਤੋਂ ਹੀ ਬੱਚਿਆਂ ਦੀ ਮਦਦ ਸ਼ੁਰੂ ਕਰ ਦੇਈਏ ਤਾਂ ਕਿthey will grow into a healthy individuals.ਇਸ ਵਾਸਤੇ ਅਸੀਂ 70 ਕਰੋੜ ਰੁਪਿਆ ਦਿੱਤਾ ਹੈ।At present we have launched roughly 1369 clinics.ਇਸ ਸਾਲ ਮਾਰਚ ਦੇ ਅੰਤ ਤੱਕ ਇਹ 2000 ਵੈੱਲਨੈੱਸ ਕਲੀਨਿਕ ਪੂਰੇ ਕਰ ਲਏ ਜਾਣਗੇ।

ਪਾਵਰ ਸਬਸਿਡੀ: During the last three years ਮੈਂ ਤੁਹਾਨੂੰ ਜ਼ਿਕਰ ਕਰ ਚੁੱਕਿਆ ਹਾਂ ਕਿ ਅਸੀਂ 2855 ਕਰੋੜ ਰੁਪਿਆ ਇੰਡਸਟਰੀ ਨੂੰ ਦਿੱਤਾ ਹੈ,in order to revive our States Industry and it is going very well. ਇਸ ਤੋਂ ਸਾਨੂੰ ਕਾਫੀ ਇੰਸੈਂਟਿਵ ਹੈ। ਜਿਸ ਨਾਲ ਸਾਡੇ ਪੰਜਾਬ ਵਿੱਚ ਕਾਫੀ ਲੋਕ ਆ ਰਹੇ ਹਨ।

ਮਨਰੇਗਾ: We are three times better than our previous government.ਪਿਛਲੀ ਸਰਕਾਰ ਨੇ ਇਸ ਸਬੰਧੀ 200 ਕਰੋੜ ਲਗਾਏ ਸੀ ਅਤੇ ਅਸੀਂ 600 ਕਰੋੜ ਰੁਪਏ ਲਗਾਏ ਹਨand we are gaining 600 crore per annum. We have generated 634 lakh man-days during the last year as compared to 844 lakh man-days generated by the previous government during

their past ten years of rule.ਦਸ ਸਾਲ ਇਨ੍ਹਾਂ ਨੇ ਇਹ ਕੁਝ ਕੀਤਾ। (ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਵੱਲ ਇਸ਼ਾਰਾ ਕਰਦੇ ਹੋਏ)The number of MGNREGA job holders increased by 4.91 lakhs during the last three years.

ਲਿੰਕ ਰੋਡਜ਼:ਸਪੀਕਰ ਸਾਹਿਬ, ਪਿੰਡਾਂ ਦੇ ਲੋਕਾਂ ਦੀ ਕਾਫੀ ਵੱਡੀ ਮੰਗ ਰਹੀ ਹੈ ਕਿ ਸਾਡੇ ਪਿੰਡਾਂ ਵਿੱਚ ਬਹੁਤ ਸਾਰੀਆਂ ਸੜਕਾਂ ਟੁੱਟੀਆਂ ਪਈਆਂ ਹਨ, ਬਹੁਤ ਜ਼ਿਆਦਾ ਖੱਡੇ ਹਨ, ਕਿਤੇ-ਕਿਤੇ ਤਾਂ ਉੱਡ ਹੀ ਗਈਆਂ ਹਨ। ਜਦੋਂ ਇਲੈਕਸ਼ਨਾਂ ਵੇਲੇ ਅਸੀਂ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਸੜਕਾਂ ਦਾ ਬਹੁਤ ਬੁਰਾ ਹਾਲ ਹੁੰਦਾ ਹੈ। ਕਿਤੇ-ਕਿਤੇ ਤਾਂ ਸੜਕ ਨਜ਼ਰ ਹੀ ਨਹੀਂ ਆਈ। ਸਾਡੀਆਂ ਰਫਲੀ 65000 ਕਿਲੋਮੀਟਰ ਲਿੰਕ ਰੋਡਜ਼ ਹਨ, ਜਿਸ ਵਿੱਚੋਂ 29424 ਕਿਲੋਮੀਟਰ ਸੜਕਾਂ ਉੱਤੇ 3 ਹਜ਼ਾਰ 278 ਕਰੋੜ ਰੁਪਏ ਲਗਾ ਕੇ ਪੂਰੀਆਂ ਕਰ ਚੁੱਕੇ ਹਾਂ। ਬਾਕੀ ਰਹਿ ਗਈਆਂ ਸੜਕਾਂ ਇਸ ਸਾਲ ਅਤੇ ਅਗਲੇ ਸਾਲ ਕੰਪਲੀਟ ਕਰ ਲਵਾਂਗੇ। (ਥੰਪਿੰਗ) ਇਸ ਵਿੱਚ ਅਸੀਂ ਫਿਰਨੀਆਂ ਨੂੰ ਵੀ ਅਲਾਓ ਕਰਾਂਗੇ ਤਾਂ ਕਿ ਪਿੰਡਾਂ ਦੀਆਂ ਫਿਰਨੀਆਂ ਠੀਕ ਹੋ ਜਾਣ। ਇਸ ਤੋਂ ਇਲਾਵਾ ਜਿੱਥੇ 25 ਪਰਿਵਾਰਾਂ ਤੋਂ ਜ਼ਿਆਦਾ ਢਾਣੀਆਂ ਵਿੱਚ ਰਹਿੰਦੇ ਹਨ, ਉਸ ਵਾਸਤੇ ਵੀ ਅਸੀਂ ਅਲਾਓ ਕਰ ਰਹੇ ਹਾਂ।(ਥੰਪਿੰਗ) I hope the Finance Minister will be able to find money for this.

Finance Minister (Sardar Manpreet Singh Badal)*(while remaining seated)*: I will do.

Chief Minister: Speaker Sahib, now I come to College of Vetenary Sciences at Rampura Phool,ਇਹ ਤਕਰੀਬਨ ਚਾਲੂ ਹੋ ਗਿਆ ਹੈ। It is doing very well. Rural drinking water and sanitationਵਾਸਤੇ ਕਾਫੀ ਪ੍ਰਾਪਤੀ ਹੋਈ ਹੈ। We have achieved open defecation status for all villages by constructing 4 lakh toilets as compared to 1.5 lakhs toilets constructed during the last 10 years Rule of the Akali Party. We have made an investment of 572 crores in this regard as compared to 233 crores spent by the previous government. Likewise we have also completed the provision of potable drinking water in all the remaining 1765 Rural habitation in the State. We shall now continue to give greater attention to improve its quality also.

Old age widow pensions,500 ਕਰੋੜ ਤੋਂ 750 ਕਰੋੜ ਕੀਤੀ ਸੀ, previous SAD Govt has increased it to 250 i.e. 9 ਸਾਲਾਂ ਵਾਸਤੇ ਅਤੇ ਉਸ ਤੋਂ ਅਖੀਰਲੇ ਸਾਲ ਵਾਸਤੇ 500 ਰੁਪਏ ਕੀਤਾ ਸੀ, on an average they have spent Rs. 550 crores per annum whereas our

government is spending 1500 crores per annum to give this to our old people. ਇਹ ਸਾਡੀ ਡਿਊਟੀ ਬਣਦੀ ਹੈ। We are duty boundਕਿ ਸਾਡੇ ਬਜ਼ੁਰਗਾਂ ਦਾ ਅਸੀਂ ਧਿਆਨ ਰੱਖੀਏ।

ਸਪੀਕਰ ਸਾਹਿਬ, construction workersਵਾਸਤੇ 3000 ਰੁਪਏ assured monthly pension ਦਿੱਤੀ ਗਈ ਹੈ।Such workers in their old age need it and thus Rs.1500 per month pension to their spouses in line with the scheme of Government of India titled as "Pradhan Mantri Shram Yogi Maan-dhan Yojna" (PMSYM) as a result nearly 3.5 lakh workers are expected to get this benefit of this pension. Sarbat Sehat Bima Yojna, this is unique scheme.ਸਪੀਕਰ ਸਾਹਿਬ, ਜਿਸ ਤਹਿਤ 14.96 ਲੱਖ ਬੰਦਿਆਂ ਨੂੰ healthinsurance cover ਦੇਣਾ ਹੈ, ਇਹਗੌਰਮਿੰਟ ਆਫ ਇੰਡੀਆ ਦੀ ਸਕੀਮ ਸੀ ਪਰ ਅਸੀਂ ਇਸ ਨੂੰ ਆਪਣੇ ਤੌਰ ਤੇ ਪ੍ਰੀਮਿਅਮ ਦੇ ਕੇ 48 ਲੱਖ ਪਰਿਵਾਰਾਂ ਤੱਕ ਲੈ ਕੇ ਗਏ ਹਾਂ।(ਥੰਪਿੰਗ) ਹੁਣ ਪੰਜਾਬ ਵਿੱਚ 53 ਲੱਖ ਪਰਿਵਾਰ ਹਨ, ਜਿਨ੍ਹਾਂ ਵਿਚੋਂ roughly 48 lakh families have been covered by this scheme. ਅਸੀਂ ਉਨ੍ਹਾਂ ਨੂੰ ਇੰਸ਼ੋਰੈਂਸ ਦਿੰਦੇ ਹਾਂ। ਉਹ ਜਿਹੜੇ ਮਰਜ਼ੀ ਹਸਪਤਾਲ ਵਿੱਚ ਜਾ ਕੇ 5 ਲੱਖ ਰੁਪਏ ਤੱਕ ਦਾ ਇਲਾਜ ਕਰਾ ਸਕਦੇ ਹਨ। ਗੌਰਮਿੰਟ ਅਤੇ ਪ੍ਰਾਈਵੇਟ ਹਸਪਤਾਲਾਂ ਦੀ ਲਿਸਟ ਬਣੀ ਹੋਈ ਹੈ, ਜਿੱਥੇ ਜਾ ਕੇ ਉਹ ਆਪਣਾ ਇਲਾਜ ਕਰਵਾ ਸਕਦੇ ਹਨ। I think this is a very positive scheme.ਜਿਹੜੇ ਲੋਕ ਇਸ ਦੇ ਥਰੂ ਇਲਾਜ ਕਰਵਾ ਰਹੇ ਹਨ, ਮੈਨੂੰ ਪਤਾ ਨਹੀਂ ਕਿ ਅੰਕੜੇ ਕਿੰਨੇ-ਕੁ ਸਹੀ ਹਨ, ਵਿਚਾਰੇ ਬਜ਼ੁਰਗਾਂ ਦੇ, may be 6700ਦੇ ਗੋਡਿਆਂ ਦੇ ਟ੍ਰਾਂਸਪਲਾਂਟ ਹੋ ਚੁੱਕੇ ਹਨ ਜਦੋਂ ਤੋਂ ਇਹ ਸਕੀਮ ਸ਼ੁਰੂ ਕੀਤੀ ਹੈ। Well done, Health Minister Sahib, you have done a great job.

ਸਪੀਕਰ ਸਾਹਿਬ, ਐਜੂਕੇਸ਼ਨ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ 261 Smart Schools have been set-up with State funding and more than 5502 Smart Schools through Community participation help.ਗੌਰਮਿੰਟ ਅਤੇ ਕਮਿਊਨਿਟੀ ਦੇ ਸਕੂਲਜ਼ ਇਕੱਠੇ ਕੀਤੇ ਹਨ। ਮੈਂ 1-2 ਸਕੂਲ ਦੇਖੇ ਹਨ, they are in a very fine shape and thus they are as good as Smart Schools. So, roughly 5761 Smart Schools have come-up in our State.13467 ਕਲਾਸਰੂਮ ਬਣੇ ਹਨ। ਹੁਣ ਤੱਕ ਅਸੀਂ 9092 ਨਵੇਂ ਟੀਚਰ ਰੱਖੇ ਹਨ ਅਤੇ ਕੁੱਲ 64,000 ਟੀਚਰ ਰੈਗੂਲੇਰਾਈਜ਼ ਕੀਤੇ ਹਨ। We have also started cluster based facilities, ਬੱਚਿਆਂ ਨੂੰ ਲਿਜਾਉਣ ਵਾਸਤੇ ਕਲੱਸਟਰ ਵਿੱਚ ਟ੍ਰਾਂਸਪੋਰਟ ਫੈਸਿਲਟੀਜ਼ ਦੇ ਰਹੇ ਹਨ ਤਾਂ ਕਿ we can drop them rather thanਜਿਹੜਾ ਟੁੱਟੀਆਂ ਹੋਈਆਂ ਬੱਸਾਂ ਨਾਲ ਵਾਕਿਆਤ ਹੋਇਆ ਹੈ। So,we are going to arrange for this. Primary School have the enrolment of 2.75 lakh students.ਇੰਗਲਿਸ਼ ਦੀ ਆਪਸ਼ਨ ਅਸੀਂ ਇਸ ਲਈ ਚਾਹੁੰਦੇ ਸੀ ਕਿਉਂਕਿ ਦੁਨੀਆ ਛੋਟੀ ਹੋ ਗਈ ਹੈ। ਬੱਚਿਆਂ ਨੇ ਕਿਸੇ ਨੇ ਕਨੇਡਾ ਵਿੱਚ ਨੌਕਰੀ ਲੈਣੀ ਹੈ,

ਕਿਸੇ ਨੇ ਅਮਰੀਕਾ ਜਾ ਕੇ ਲੈਣੀ ਹੈ, ਕਿਸੇ ਨੇ ਕਿਤੇ ਹੋਰ ਜਾਣਾ ਹੈ, ਉਸ ਕੋਲ ਕੋਈ ਲੈਂਗੂਏਜ਼ ਹੋਣੀ ਚਾਹੀਦੀ ਹੈ ਅਤੇ ਇਸ ਵਾਸਤੇ ਅਸੀਂ 6113 ਸਕੂਲਾਂ ਵਿੱਚ ਪੜ੍ਹਾਉਣ ਵਾਸਤੇ ਇੰਗਲਿਸ਼ ਇੰਟਰੋਡਿਊਸ ਕੀਤੀ ਹੈ।(ਥੰਪਿੰਗ) Upgrading of schoolsਦੀ ਨਵੀਂ ਪਾਲਿਸੀ ਚੱਲ ਰਹੀ ਹੈ, we are now hopefullyਇਕ ਨਵਾਂ ਕਾਲਜ ਲੁਧਿਆਣਾ ਵਿੱਚ ਬਣਾ ਰਹੇ ਹਾਂ। ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਗੁਰਦਾਸਪੁਰ, ਸੰਗਰੂਰ, ਕਪੂਰਥਲਾ ਵਿੱਚ they have been operational from the last session. In the coming session,ਪੰਜ ਨਵੇਂ ਡਿਗਰੀ ਕਾਲਜਾਂ ਦਾ ਨਿਰਮਾਣ ਕਰ ਰਹੇ ਹਾਂ। ਸਪੀਕਰ ਸਾਹਿਬ, ਸਾਡੀ ਸੋਚ ਇਹ ਹੈ ਕਿ ਬੀ.ਏ. ਡਿਗਰੀ ਲੈਣ ਨਾਲ you are not gaining anything.ਬੀ.ਏ. ਡਿਗਰੀ ਵਾਲੇ ਬੱਚੇ ਬਥੇਰੇ ਹਨ ਪਰ ਉਨ੍ਹਾਂ ਕੋਲ job specialisationਨਹੀਂ ਹੈ। ਹੁਣ ਜਰਮਨੀ ਵਿਚ ਕੀ ਕਰਦੇ ਹਨ?To learn a trade, ਜਰਮਨੀ ਦੇਖਦਾ ਹੈ ਕਿ ਹਾਈ ਸਕੂਲ ਤੱਕ ਕਿਸ ਬੱਚੇ ਦੀ ਕੈਪੇਬਿਲਟੀ ਕੀ ਹੈ। ਫਿਰ ਉਹ ਦੇਖਦੇ ਹਨ ਕਿ ਇਹ ਬੱਚਾ ਅੱਗੇ ਨਹੀਂ ਪੜ੍ਹ ਸਕਦਾ ਤਾਂ ਉਸ ਨੂੰ ਸਕਿੱਲ ਸੈਂਟਰ ਵਿਚ ਟੂਲ ਐਂਡ ਟਰੇਡ ਦੀ ਸਿਖਲਾਈ ਲਈ ਭੇਜ ਦਿੰਦੇ ਹਨ। ਜਿਹੜੇ ਬੱਚੇ ਪੜ੍ਹ ਸਕਦੇ ਹਨ, ਉਨ੍ਹਾਂ ਸਬੰਧੀ ਉਹ ਐਨੇਲਾਈਜ਼ ਕਰਦੇ ਹਨ ਕਿ ਉਹ ਕਿਸ ਫੀਲਡ ਵਿੱਚ ਜਾ ਸਕਦੇ ਹਨ। They analyse for what one isgood?ਫਿਰ ਉਸ ਕਿਸਮ ਦੇ ਸਪੈਸ਼ਲ ਇੰਸਟੀਚਿਊਟ ਵਿਚ ਉਹ ਉਸ ਬੱਚੇ ਨੂੰ ਭੇਜ ਦਿੰਦੇ ਹਨ। ਸਾਡੀ ਸੋਚ ਸੀ ਕਿ ਜੋ ਸਾਡੇ ਬੱਚੇ ਹਨ, ਜਿਨ੍ਹਾਂ ਨੂੰ ਅਸੀਂ ਪੜ੍ਹਾ ਰਹੇ ਹਾਂ, we should give specialised education, ਮੈਂ ਐਜੂਕੇਸ਼ਨ ਡਿਪਾਰਟਮੈਂਟ ਨੂੰ ਕਿਹਾ ਹੈ ਕਿ ਤੁਸੀਂ ਵੇਖੋ ਕਿ how can we tune-up these colleges for imparting specialised education.ਜਿਹੜੇ ਕਾਲਜਿਜ਼ ਹਨ, ਉਨ੍ਹਾਂ ਨੂੰ ਸਪੈਸ਼ੇਲਾਈਜ਼ੇਸ਼ਨ ਕਰਨ ਵਾਸਤੇ ਇਸ ਲਈ ਕਿਹਾ ਗਿਆ ਹੈ ਤਾਂ ਕਿ ਬੱਚੇ ਉਸ ਐਜੂਕੇਸ਼ਨ ਵਿੱਚ ਪੜ੍ਹਾਈ ਕਰਨ ਉਪਰੰਤ ਆਪਣੀ ਨੌਕਰੀ ਪ੍ਰਾਪਤ ਕਰ ਸਕਣ।As a result they will be trained in order to compete with all the childrens of the world.ਜਦੋਂ ਇਹ ਆਵੇਗਾ ਤਾਂ ਅਸੀਂ ਤੁਹਾਡੇ ਸਾਹਮਣੇ ਰੱਖਾਂਗੇ, This is what we have decided.

ਅਸੀਂ ਹਰ ਸਕੂਲ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਹਨ। ਅਸੀਂ 19 ਨਵੇਂ ਆਈ.ਟੀ.ਆਈਜ਼ ਬਣਾ ਰਹੇ ਹਾਂ। 221 ਸਕਿੱਲ ਡਿਵੈਲਪਮੈਂਟ ਸੈਂਟਰ ਚੰਨੀ ਜੀ ਦਾ ਡਿਪਾਰਟਮੈਂਟ ਸ਼ੁਰੂ ਕਰ ਰਿਹਾ ਹੈ। ਨਿਊ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵਿਖੇ ਅਸੀਂ ਸ਼ੁਰੂ ਕਰ ਰਹੇ ਹਾਂ। We have decided to open a new Sports University in Patiala. We have also decided for establishment of New Jagat Guru Nanak Open University in Patiala.ਜਗਤ ਗੁਰੂ ਨਾਨਕ ਦੇਵ ਜੀ ਓਪਨ ਯੂਨੀਵਰਸਿਟੀ, ਪਟਿਆਲਾ ਵਿਚ ਇਹ ਵੀ ਬਣ ਜਾਵੇਗੀ।

ਤਰਨਤਾਰਨ ਵਾਲੇ ਮੈਂਬਰ ਸਾਹਿਬਾਨ ਇੱਥੇ ਬੈਠੇ ਹੋਣਗੇ।ਅਸੀਂ ਨਵੀਂ ਸਟੇਟ ਲਾਅ ਯੂਨੀਵਰਸਿਟੀ, ਤਰਨਤਾਰਨ ਵਿਚ ਖੋਲ੍ਹ ਰਹੇ ਹਾਂ। (ਥੰਪਿੰਗ) ਪਹਿਲਾਂ ਇਹ ਕਹਿੰਦੇ ਸੀ ਕਿ ਉੱਥੇ ਪਟਿਆਲਾ ਲਾਅ

ਯੂਨੀਵਰਸਿਟੀ ਦਾ ਇਕ ਰਿਜ਼ਨਲ ਸੈਂਟਰ ਬਣਾ ਦਿਉ but rather than that, ਅਸੀਂ ਇਨ੍ਹਾਂ ਦੇ ਤਰਨਤਾਰਨ ਜ਼ਿਲ੍ਹੇ ਵਿਚ ਇੱਕ ਲਾਅ ਯੂਨੀਵਰਸਿਟੀ ਬਣਾ ਦੇਣੀ ਹੈ (ਥੰਪਿੰਗ)

PGI Satellite Center at Ferozepur, ਪੀ.ਜੀ.ਆਈ. ਸੈਟੇਲਾਈਟ ਸੈਂਟਰ, ਫਿਰੋਜ਼ਪੁਰ ਵਿਖੇ ਬਣਾ ਰਹੇ ਹਾਂ। ਜਿਹੜਾ ਏਮਜ਼ ਬਠਿੰਡਾ ਵਿਖੇ ਬਣ ਰਿਹਾ ਸੀ, ਉਹ ਅਪਰੇਸ਼ਨਲਾਈਜ਼ ਹੋ ਗਿਆ ਹੈ।

We are strengthening the Medical Colleges at Amritsar and Patiala. Then there is scheme of Parho Punjab Padhao Punjab programme, which was launched in all government schools from class I to Class 12. Teachers have been trained during the year 2019-20 and programme would be intensified and expanded in Mission Mode during the next two years.ਕੁਝ ਲੋਕ ਕਹਿੰਦੇ ਹਨ ਕਿ ਸਰਕਾਰੀ ਸਕੂਲਾਂ ਦੇ ਰਿਜ਼ਲਟ ਪੂਅਰ ਹਨ। ਕਿਸੇ ਇੱਕ ਮੈਂਬਰ ਸਾਹਿਬਾ ਨੇ ਇੱਥੇ ਬੋਲਦੇ ਹੋਏ ਕੰਪੈਰੇਜਿਨ ਕੀਤਾ ਸੀ ਅਤੇ ਕਿਹਾ ਸੀ ਕਿ ਦਿੱਲੀ ਸਟੇਟ ਵਰਗੀ ਐਜੂਕੇਸ਼ਨ ਪੰਜਾਬ ਰਾਜ ਵਿੱਚ ਹੋਣੀ ਚਾਹੀਦੀ ਹੈ, I am also happy to inform you about the pass percentage of Punjab's Schools.ਮੈਂ ਤੁਹਾਨੂੰ ਦੱਸ ਦੇਵਾਂ, let me tell her that Punjab's Education result are better than Delhi. ਦਿੱਲੀ ਵਿਚ ਗੌਰਮਿੰਟ ਸਕੂਲਾਂ ਦੇ ਦਸਵੀਂ ਜਮਾਤ ਦੇ ਰਿਜ਼ਲਟ 72% ਹਨ, ਪੰਜਾਬ ਦੇ ਵਿੱਚ ਇਹ 88% ਹਨ (ਥੰਪਿੰਗ) ਪ੍ਰਾਈਵੇਟ ਸਕੂਲਾਂ ਦੇ ਰਿਜ਼ਲਟ ਦਿੱਲੀ ਵਿਚ 93% ਹਨ ਅਤੇ ਪੰਜਾਬ ਵਿਚ 82% ਹੈ। ਸੋ, ਅਸੀਂ ਪ੍ਰਾਈਵੇਟ ਸਕੂਲਾਂ ਦੇ ਰਿਜ਼ਲਟ ਵਿਚ ਦਿੱਲੀ ਨਾਲੋਂ ਡਾਊਨ ਹਾਂ ਪਰ ਗੌਰਮਿੰਟ ਸਕੂਲਾਂ ਦੇ ਰਿਜ਼ਲਟ ਵਿਚ ਉਨ੍ਹਾਂ ਨਾਲੋਂ ਅੱਪ ਹਾਂ। (ਥੰਪਿੰਗ) I would like to congratulate my Education Minister and his staff and his officers who have done a great job. Pass percentage of Government Schools last year was relatively and absolutely higher than private schools in Punjab (thumping) That is the situation. So, it is very positive sign. (ਵਿਘਨ)(ਸ਼ੋਰ)

ਮਾਨਯੋਗ ਸਪੀਕਰ ਸਾਹਿਬ, ਕੁਝ ਬੰਦਿਆਂ ਨੇ ਇਹ ਇਸ਼ੂ ਵੀ ਰੇਜ਼ ਕੀਤਾ ਸੀ ਕਿ ਅਸੀਂ ਬੱਚਿਆਂ ਨੂੰਸਮਾਰਟ ਫੋਨ ਦੇਣ ਦਾ ਪ੍ਰਾਮਿਸ ਕੀਤਾ ਸੀ। ਦੇਖੋ, ਸਾਡਾ ਸਮਾਰਟ ਫੋਨ ਦੇਣ ਦਾ ਪ੍ਰਾਮਿਸ ਹੈ। Smartphones is one of our promises. ਜੋ ਵੀ ਅਸੀਂ ਕੁਮਿਟਮੈਂਟ ਕੀਤੀ ਹੈ, ਸਾਡਾ ਸਿਸਟਮ ਕੁਝ ਹੋਰ ਹੈ। I will come to this later. ਪਿਛਲੀ ਗੌਰਮਿੰਟ ਵਿਚ ਕਾਂਗਰਸ ਪ੍ਰੈਜ਼ੀਡੈਂਟ ਹਰ ਤੀਜੇ ਮਹੀਨੇ ਮੇਰੇ ਤੋਂ ਰਿਪੋਰਟਾਂ ਮੰਗਦੇ ਸੀ ਕਿ what have you achieved on the Manifesto,ਭਾਵ ਚੋਣ ਮੈਨੀਫੈਸਟੋ ਦੇ ਸਬੰਧ ਵਿਚ ਕੀ ਕੁਝ ਅਚੀਵ ਕੀਤਾ ਗਿਆ ਹੈ। ਇਸ ਸਾਲ ਉਨ੍ਹਾਂ ਨੇ ਕਮੇਟੀਆਂ ਬਣਾ ਦਿੱਤੀਆਂ, ਤਿੰਨ ਤਿੰਨ ਸੀਨੀਅਰ ਬੰਦਿਆਂ ਦੀ ਇਕ ਕਮੇਟੀ ਬਣਾਈ ਹੈ, ਇੱਕ ਪੰਜਾਬ ਦੇ ਨਾਲ ਹੈ, ਇੱਕ ਕਿਸੇ ਹੋਰ ਸੂਬੇ ਦੇ

ਨਾਲ ਹੈ, ਰਾਜਸਥਾਨ ਨਾਲ ਜਾਂ ਛੱਤੀਸਗੜ੍ਹ ਨਾਲ ਹੈ, to go and see that how is the implementation of the Manifesto Committee going.

ਮੈਂ ਉਸ ਵਿਚ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਮਾਰਟ ਫੋਨ ਦੇਣ ਵਿਚ ਇਸ ਵੇਲੇ ਥੋੜ੍ਹੀ ਡਿਲੇਅ ਹੋ ਗਈ ਹੈ because of coronavirus. Telephones are under order.ਜਿਵੇਂ ਹੀ ਕਰੋਨਾਵਾਇਰਸ ਖਤਮ ਹੁੰਦਾ ਹੈ, ਚਾਈਨਾ ਤੋਂ ਸਮਾਨ ਆਉਣ ਲੱਗ ਜਾਣਾ ਹੈ। ਚਾਹੇ ਇਕ ਮਹੀਨਾ ਲੱਗੇ, ਚਾਹੇ ਦੋ ਮਹੀਨੇ ਲੱਗਣ, ਚਾਹੇ ਚਾਰ ਮਹੀਨੇ ਲੱਗਣ, ਜਦੋਂ ਵੀ ਕਰੋਨਾ ਵਾਇਰਸ ਖਤਮ ਹੁੰਦਾ ਹੈ, ਉਦੋਂ ਸਮਾਰਟ ਫੋਨ ਆ ਜਾਣਗੇ।

ਸਪੀਕਰ ਸਾਹਿਬ, ਪਬਲਿਕ ਡਿਸਟਰੀਬਿਊਸ਼ਨ ਸਿਸਟਮ ਨੂੰ ਜ਼ਿਆਦਾ ਟਰਾਂਸਪੇਰੈਂਟ ਕਰਨ ਲਈ,we are revamping the schemes of providing smart ration cards ਇਹ ਵੀ ਜਲਦੀ ਹੀ ਚਾਲੂ ਹੋ ਜਾਣਗੇ।

We have conceptualised and finalised 4 key projects i.e. Ludhina Industrial Park at Mattewara, Fatehgarh Sahib Pharma Industrial Park, Amritsar- Kolkata Industrial Corridor, Rajpura, New Industrial Park, Bathinda on the land vacated by Bathinda Thermal Power Plant.

To ensure ease of living for the poorest of the poor in our urban areasਜਿਸ ਰਾਹੀਂ ਜਿਹੜੇ ਲੋਕ ਗਰੀਬ ਕਲੋਨੀਆਂ ਵਿਚ ਰਹਿੰਦੇ ਹਨ, ਉਨ੍ਹਾਂ ਦੀ ਮਦਦ ਹੋਵੇਗੀwe have decided to enact a new Slum Dwellers Act and a New Punjab Transfer and Management of Municipal Properties Act. We shall also revisit the policy to regularise the colonies to make it simpler in our endeavour to dissuade such illegitimate property development in future.

For local area development requirements of municipal towns of the State, the government had launched an Urban Environment Improvement Programme last year with an estimated expenditure of Rs. 300 crore. For these projects, Rs. 253 crore have been sanctioned so far and these shall be completed shortly. And I hope the Finance Minister would give us more money so that it could be further developed.

ਅਸੀਂ (AMRUT)ਅਮਰੁਤ ਪ੍ਰੋਗਰਾਮ ਅਧੀਨ for 100 percent coverage of drinking water2 ਹਜ਼ਾਰ 766 ਕਰੋੜ ਰੁਪਿਆ ਪ੍ਰੋਵਾਈਡ ਕੀਤਾ ਹੈ and we are covering 16 towns of Punjab ਜਿਸ ਵਿਚ ਇਕ ਲੱਖ ਬੰਦਿਆਂ ਤੋਂ ਜ਼ਿਆਦਾ ਪਾਪੂਲੇਸ਼ਨ ਵਾਲੇ ਸ਼ਹਿਰ ਪਹਿਲਾਂ ਇਸ ਸਕੀਮ ਵਿਚ ਕਵਰ ਹੋਣਗੇ and then the second will be in other towns. Rs. 1540 crore loan has been

availed from HUDCO for 100 per cent coverage of water supply, sewerage and establishment of STPs. As such, the Government shall achieve 100 per cent coverage of water supply, sewerage and STPs in 122 towns by March 2021.

ਭਾਰਤ ਸਰਕਾਰ ਦੇ ਸਮਾਰਟ ਸਿਟੀ ਪ੍ਰਾਜੈਕਟ ਤੇ 3 ਹਜ਼ਾਰ ਕਰੋੜ ਲੱਗ ਰਿਹਾ ਹੈ, It is working well. ਲੁਧਿਆਣੇ ਵਾਲੇ ਖੁਸ਼ ਹੋਣਗੇ ਕਿ ਅਸੀਂ ਬੁੱਢਾ ਨਾਲਾ ਦੀ ਸਫਾਈ ਕਰਵਾਉਣ ਲੱਗੇ ਹਾਂ, ਇਹ ਬਹੁਤ ਵੱਡੀ ਮੰਗ ਸੀ, ਜਦੋਂ ਦਾ ਮੈਂ ਸਿਆਸਤ ਵਿਚ ਆਇਆ ਹਾਂ, ਮੇਰਾ ਖਿਆਲ ਹੈ ਕਿ 50 ਸਾਲ ਹੋ ਗਏ ਹਨ, ਇਹ ਮੰਗ ਚੱਲ ਰਹੀ ਸੀ। It is a drain of every type of disease.ਮੈਨੂੰ ਬੜੀ ਖੁਸ਼ੀ ਹੈ ਕਿ ਨਾਮਧਾਰੀ ਵਾਲੇ ਸਤਿਗੁਰੂ ਜੀ ਨੇ ਇਸ ਦਾ ਕੰਮ ਆਪ ਜਾ ਕੇ ਸ਼ੁਰੂ ਕੀਤਾ ਹੈ and he is going to be associated with us. We are taking 650 core to clean the Budda Nala.ਇਹ ਪ੍ਰਾਜੈਕਟ ਅਪਰੂਵ ਹੋ ਗਿਆ ਹੈ।(ਥੰਪਿੰਗ) The surface drinking water supply schemes for Patiala,Ludhiana, Amritsar and Jalandhar would also be started during 2020-21 with an estimated investment of Rs. 5000 crore.ਇਸ ਸਾਲ ਅਸੀਂ ਇਸ ਨੂੰ ਸ਼ੁਰੂ ਕਰ ਦੇਣਾ ਹੈ।

We intend to make our State free from garbage. All the Deputy Commissioners in the State have been instructed to work out context specific local plans to ensure this.

You would be happy thatਅਸੀਂ ਤਿੰਨ ਸਾਲਾਂ ਦੇ ਵਿਚ 6 ਹਜ਼ਾਰ 500 ਕਰੋੜ ਰੁਪਿਆ ਸਟੇਟ ਦੇ ਇਨਫਰਾਸਟਰੱਕਚਰ ਤੇ ਲਗਾ ਚੁੱਕੇ ਹਾਂ।We are going to expand this programme and come out with a comprehensive Infrastructure Development Programme, which shall cover all departments and areas of the State. Therefore, the Department of Finance has also been asked to provide requisite funds for repair and maintenance of existing buildings as well as to construct new buildings particularly for the construction of District Administrative Complexes, Tehsil Administrative Complexes. I am sure the Finance Minister will do it. It is in the interest of the State.

Further in our endeavour to establish and revive State's communication infrastructure, efforts on some important projects, shall be redoubled during the next two years. Halwara Airport, Ludhiana, ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਹਲਵਾਰਾ ਏਅਰਪੋਰਟ ਲਈ ਭਾਰਤ ਸਰਕਾਰ ਨੇ ਆਪਣੀ ਅਪਰੂਵਲ ਦੇ ਦਿੱਤੀ ਹੈ, ਇਹ ਏਅਰਪੋਰਟ ਸ਼ੁਰੂ ਹੋ ਗਿਆ ਹੈ and it will cover 135 acres.Communication ਬਗੈਰ ਕੋਈ ਇੰਡਸਟਰੀ ਨਹੀਂ ਆਉਂਦੀ ਹੈ, ਮੰਨ ਲਵੋ

ਜੇਕਰ ਕੋਈ ਜਾਪਾਨੀ ਲੁਧਿਆਣਾ ਆਉਂਦਾ ਹੈ he does not want to waste his time in driving i.e. after coming to Delhi then flying to Amritsar and then driving to Ludhiana and then going to Chandigarh and coming back to Ludhaiana. ਸੋ, ਸਾਰੇ ਚਾਹੁੰਦੇ ਹਨ ਕਿ travelling communication mode easierਹੋਵੇ। ਆਦਮਪੁਰ ਲੱਗ ਗਿਆ, ਬਠਿੰਡੇ ਲੱਗ ਗਿਆ, ਇਥੇ ਹੁਣ ਹਲਵਾਰਾ ਆ ਗਿਆ,ਚੰਡੀਗੜ੍ਹ ਆ ਗਿਆ। So, the air-coverage of Punjab will be complete with the completion of Halwara Airport. I am happy to sayਕਿਇਸ ਪ੍ਰਾਜੈਕਟ ਦੀ ਵੀ ਐਪਰੂਵਲ ਹੋ ਗਈ ਹੈ।

ਇਸ ਤੋਂ ਇਲਾਵਾ ਸੜਕਾਂ ਦੀ ਗੱਲ ਉੱਠਦੀ ਹੈ, ਅਸੀਂ ਉਸ ਵਾਸਤੇ ਲੱਗੇ ਹਾਂ, ਪਠਾਨਕੋਟ-ਜੋਗਿੰਦਰ ਨਗਰ ਰੇਲ-ਲਿੰਕ, ਪੱਟੀ ਫਿਰੋਜ਼ਪੁਰ ਰੇਲ-ਲਿੰਕ, ਬਿਆਸ ਕਾਦੀਆ ਰੇਲ-ਲਿੰਕ and construction of new road i.e. Katra, ਇਹ ਇੱਕ ਨਵੀਂ ਜੀ.ਟੀ ਰੋਡ ਦੀ ਸਕੀਮ Government of India ਨੇ ਬਣਾਈ ਹੈ। ਕੱਟਰਾ ਤੋਂ ਆ ਕੇ ਵਾਇਆ ਅੰਮ੍ਰਿਤਸਰ and down to Tarn Taran and then on to Delhi, this is a new parallel sort of G.T. Road project. ਇਹਸ਼ੁਰੂ ਹੋ ਰਿਹਾ ਹੈ and I am happy to say that acquisition of land ਦੀ ਪ੍ਰੋਸੈਸ ਸ਼ੁਰੂ ਹੋ ਰਹੀ ਹੈ। ਇਹ ਜਲਦੀ ਹੀ 2 ਸਾਲਾਂ ਦੇ ਵਿੱਚ ਬਣਾਉਣਾ ਚਾਹੁੰਦੇ ਹਾਂ। It is a national highway (Thumping).

ਸੇਵਾ ਕੇਂਦਰਾਂ ਦੀ ਗੱਲ ਹੈ। ਪਹਿਲਾਂ ਇਹ ਕੀ ਕਰਦੇ ਸੀ? ਪਿਛਲੀ ਸਰਕਾਰ ਨੇ ਸੇਵਾ ਕੇਂਦਰ ਬੜੇ ਬਣਾ ਲਏ। ਪਤਾ ਨਹੀਂ ਉਨ੍ਹਾਂ ਦੇ ਵਿੱਚ ਕੀ ਕੰਮ ਹੁੰਦਾ ਸੀ। ਲੇਕਿਨ ਇਨ੍ਹਾਂ ਨੂੰ ਪੈਸਾ ਦੇਣਾ ਪੈਂਦਾ ਸੀto the people to run these Sewa Kendras. ਅਸੀਂ 271 ਸੇਵਾ ਕੇਂਦਰ ਰੱਖੇ ਹਨ, there are average of 35000-40000 transactions per day and further 516 of them would be soon made operational by us, but the interesting thing is thatਹੁਣ ਸਾਡੇ ਤੋਂ ਪੈਸਾ ਲੈਣ ਦੀ ਬਜਾਏ, ਉਹ ਸਾਨੂੰ ਪੈਸਾ ਦਿੰਦੇ ਹਨ। ਉਲਟਾ ਕੰਮ ਹੋ ਗਿਆ। (ਥੰਪਿੰਗ)। ....

Another thing ਜਿਹੜਾ ਸਾਡੇ ਮੈਨੀਫੈਸਟੋ ਵਿੱਚ ਸੀ: ਮੈਨੀਫੈਸਟੋ ਇਹ ਹੈ ਸਾਡਾ- I want to say that ਸਾਡੇ ਲੋਕਪਾਲ ਦੀ legislation has been pending. That legislation will cover Chief Minister to almost everyone downwards and we will bring a Bill soon ਤਾਂ ਕਿ ਅਸੀਂ ਹਾਊਸ ਦੇ ਵਿੱਚ ਇਨ੍ਹਾਂ ਨੂੰ ਅਸੀਂ ਐਪਰੂਵ ਕਰੀਏ and we should get on with this. This is the only way and it would be from C.M. right upto donwards.

The other thing is stray cattle menace. ਮੈਂ ਅੱਜ ਵੀ ਪੜ੍ਹਿਆ ਸੀ ਕਿਸੇ ਵਿਚਾਰੇ ਨੂੰ ਸਟਰੇਅ ਕੈਟਲ, ਕਿਸੀ ਸਾਂਡ ਨੇ ਮਾਰ ਦਿੱਤਾ। This is very unfortunate what is happening. We would have to put our heads together and find a solution to it. It is a major problem. ਕੰਡੀਏਰੀਆ ਨੂੰ ਸੂਰ ਅਤੇ ਨੀਲ ਗਾਂ ਨਹੀਂ ਛੱਡਦੇ। ਇਹ ਰੋਜ਼ ਫਿਰੋਜ਼ਪੁਰ, ਫਾਜ਼ਿਲਕਾ ਅਤੇ ਫਰੀਦਕੋਟ ਵਾਲੇ ਪਾਸੇ ਮਾਰ ਕਰਦੇ ਹਨ। ਉਥੇ ਫੰਡਰ ਗਊਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਆਉਂਦੀਆਂ ਹਨ ਅਤੇ ਕੰਬਾਈਨ ਵਾਂਗ ਫਸਲ ਦੇ ਵਿੱਚੋਂ ਲੰਘ ਜਾਂਦੀਆਂ ਹਨ ਅਤੇ ਫਸਲ ਖਤਮ ਕਰ ਦਿੰਦੀਆਂ ਹਨ। ਉਹ ਅਟੈਕ ਵੀ ਕਰ ਦਿੰਦੀਆਂ ਹਨ। ਉਨ੍ਹਾਂ ਨੇ ਪਤਾ ਨਹੀਂ ਕਿੰਨੇ ਬੰਦੇ ਪੰਜਾਬ ਦੇ ਵਿੱਚ ਮਾਰ ਦਿੱਤੇ। ਅੱਜ ਸਾਡੇ ਡਿਪਟੀ ਕਮਿਸ਼ਨਰ ਦੀ ਵਾਈਫ ਨੂੰ ਵੀ ਇੱਕ ਕੁੱਤੇ ਨੇ ਕੱਟ ਦਿੱਤਾ।ਕੁੱਤੇ ਵੀ ਹੁਣ ਇੱਕ nuisence ਬਣ ਗਏ ਹਨ। ਇਹ ਪੈਕ ਦੇ ਵਿੱਚ ਚੱਲਦੇ ਹਨ and they word like in their genetic age and they attak in packs. Human beings ਨੂੰ ਮਾਰਨਾ ਇਨ੍ਹਾਂ ਨੂੰ ਆਸਾਨ ਹੋ ਗਿਆ। So, a major solution has to be found.

ਅੱਜ ਮੈਂ ਤੁਹਾਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਸਾਰਿਆਂ ਨੇ ਹਿੱਸਾ ਪਾਇਆ, ਆਪਾਂ ਵਾਹਿਗੁਰੂ ਦੀ ਕਿਰਪਾ ਨਾਲ ਪਹਿਲੀ ਪਾਤਸ਼ਾਹੀ ਦਾ 550ਵਾਂ ਸਾਲ ਮਨਾ ਕੇ ਹਟੇ ਹਾਂ। ਇਸ ਦੇ ਵਿੱਚ ਜਿਹੜੇ ਅਸੀਂ ਪ੍ਰਾਜੈਕਟ ਐਪਰੂਵ ਕੀਤੇ ਹਨ, 3000 ਕਰੋੜ ਰੁਪਏ ਦੇ ਉਹ ਲਾਗੂ ਹਨ and they will be completed. ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਸਾਨੂੰ ਸਾਰਿਆਂ ਨੂੰ ਖੁਸ਼ੀ ਹੈ, ਸਾਰਿਆਂ ਨੂੰ ਵਧਾਈ ਹੈ। ਮੈਂ ਤਾਂ ਦਰਸ਼ਨ ਕੀਤੇ ਨਹੀਂ ਹਨ, ਪਤਾ ਨਹੀਂ ਹੋਰ ਸਾਰਿਆਂ ਨੇ ਕੀਤੇ ਹਨ ਕਿ ਨਹੀਂ। ਇੱਕ ਰਿਕੁਐਸਟ ਹੈ ਕਿ ਜਦੋਂ ਆਪਾਂ ਜਾਵਾਂਗੇ United Committe ਦੇ ਰੂਪ ਵਿੱਚ, ਇਸ ਲਈ ਆਪਾਂ Prime Minister ਨੂੰ ਸ੍ਰੀ ਨਨਕਾਣਾ ਸਾਹਿਬ ਅਤੇ ਕਟਾਸਰਾਜ ਵਾਸਤੇ ਅਤੇ ਸ੍ਰੀ ਪੰਜਾ ਸਾਹਿਬ ਵਾਸਤੇ ਵੀ ਕਹੀਏ ਕਿ ਤਾਂ ਜੋ ਉਹ ਪਾਕਿਸਤਾਨ ਗੌਰਮਿੰਟ ਨਾਲ ਇਨ੍ਹਾਂ ਧਰਮ ਸਥਾਨਾਂ ਦਾ ਵੀ ਮਸਲਾ take up ਕਰਨ।

ਐਤਕੀਂ 400 ਸਾਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਨੌਵੇਂ ਪਾਤਸ਼ਾਹ ਜੀ ਦਾ ਆ ਰਿਹਾ ਹੈ। ਇਸ ਨੂੰ ਅਸੀਂ ਚੰਗੇ ਤਰੀਕੇ ਨਾਲ celebrate ਕਰਾਂਗੇ।(ਥੰਪਿੰਗ) ਜਿਹੜਾ ਆਨੰਦਪੁਰ ਸਾਹਿਬ–ਬੰਗਾ ਵਾਇਆ ਗੜ੍ਹਸ਼ੰਕਰ ਰੋਡ ਹੈ, this will be developed as four lane road as Sri Guru Teg Bahadur Marg with an estimated cost of Rs. 400 crores (Thumping). We have already started feasibility study. We will also be celebrating 350th anniversary year celebrations of our great Sikh Warrior Baba Banda Singh Bahadur Ji. ਬਾਬਾ ਬੰਦਾ ਸਿੰਘ ਬਹਾਦਰ ਜੀਗਰੇਟ ਸਿੱਖ ਵਾਰੀਅਰ ਸਨ। It would also be celebrated in a befitting manner. We will also be celebrating Birth Anniversary of Acharya Shri Mahapragya, the tenth head of the Swetambar Terapanth religious order of Jainism this year. And we will

also be celebrating 750th Birth Anniversary of Bhagat Namdev Ji. ਉਹ ਵੀ ਅਸੀਂ ਮਨਾ ਰਹੇ ਹਾਂ।We would also be celebrating 150th Birth Anniversary of Mahatama Gandhi Ji's apart from this. Centenary Commemoration of Jallianwala Bagh Massacre was observed last year. Our Government is also erecting Centenary Commemorative Memorials at strategic points in the city of Amritsar.

Furtherਅਸੀਂ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ,"Connect with your roots".ਪੰਜਾਬੀ ਮੂਲ ਦੇ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਬਹੁਤ ਬੱਚੇ ਹਨ ਜਿਹੜੇ ਹਿੰਦੁਸਤਾਨ ਹੀ ਨਹੀਂ ਆਏ। ਪੰਜਾਬ ਤਾਂ ਕੀ ਆਉਣਾ ਸੀ, ਉਹ ਹਿੰਦੁਸਤਾਨ ਹੀ ਨਹੀਂ ਆਏ। ਉੱਥੇ ਹੀ ਜੰਮੇ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਤਿੰਨ-ਤਿੰਨ ਚਾਰ-ਚਾਰ ਪੀੜ੍ਹੀਆਂ ਹੋ ਗਈਆਂ ਹਨ। ਉਹ ਬੱਚੇ ਉੱਥੇ ਹੀ ਜੰਮੇ ਹਨ, ਉੱਥੇ ਹੀ ਰਹੇ ਹਨ। ਜਿਹੜਾ ਕੁਝ ਸਿੱਖਦੇ ਹਨ, ਉੱਥੇ ਹੀ ਸਿੱਖਦੇ ਹਨ ਔਰ ਗਲਤ ਚੀਜ਼ਾਂ ਸਿੱਖਣ ਲੱਗ ਗਏ ਹਨ। ਮੈਂ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ"Connect with your roots" so that ਬੱਚਿਆਂ ਨੂੰ ਇੱਥੇ ਲਿਆਂਦਾ ਜਾਵੇ, ਉਨ੍ਹਾਂ ਨੂੰ ਇੱਥੇ 15 ਦਿਨ ਰੱਖਿਆ ਜਾਵੇ। ਉਨ੍ਹਾਂ ਨੂੰ ਪਿੰਡਾਂ ਵਿੱਚ ਭੇਜਿਆ ਜਾਵੇ। ਉਹ ਇੱਥੇ ਆ ਕੇ ਯੂਨੀਵਰਸਿਟੀ, ਕਾਲਜ ਅਤੇ ਸਕੂਲਾਂ ਵਿੱਚ ਜਾਣ ਅਤੇ ਹੋਰਾਂ ਨਾਲ ਇੰਟਰਐਕਸ਼ਨ ਕਰਨ। ਇਹ ਦੇਖਣ ਲਈ ਕਿ ਪੰਜਾਬ ਅਸਲ ਵਿੱਚ ਹੈ ਕੀ? ਹਿੰਦੁਸਤਾਨ ਅਸਲੀ ਹੈ ਕੀ? ਜਿਹੜੇ ਲੋਕ ਉੱਥੇ ਗਲਤ ਤਕਰੀਰਾਂ ਵਿੱਚ ਦੱਸਦੇ ਹਨ ਕਿ ਪੰਜਾਬ ਵਿੱਚ ਸਭ ਖਤਮ ਹੈ, ਟੱਬਰ ਵੀ ਖਤਮ ਹੋ ਗਏ, ਪੰਜਾਬ ਵੀ ਖਤਮ ਹੋ ਗਿਆ ਪਰ ਉਹ ਜਦੋਂ ਆਪ ਵਾਪਸ ਬਾਹਰਲੇ ਦੇਸ਼ਾਂ ਵਿੱਚ ਜਾਣਗੇ ਤਾਂ ਉੱਥੇ ਲੋਕਾਂ ਨੂੰ ਦੱਸਣਗੇ ਕਿ ਤਕਰੀਰਾਂ ਵਿੱਚ ਝੂਠ ਬੋਲਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) This is totally successful.ਹੁਣ ਮੈਨੂੰ ਕੈਨੇਡੀਅਨ ਹਾਈ ਕਮਿਸ਼ਨਰ ਨੇ ਬੇਨਤੀ ਕੀਤੀ ਹੈ ਕਿ ਇਹ ਪ੍ਰੋਗਰਾਮ ਸਾਡੇ ਲਈ ਵੀ ਸ਼ੁਰੂ ਕਰੋ। ਪਹਿਲਾਂ ਯੂ.ਕੇ. ਤੋਂ ਸ਼ੁਰੂ ਕੀਤਾ ਸੀ। Germany also wants to go for it. So we will be taking all those childrens. I want thatਬੱਚਿਆਂ ਨੂੰ ਸਿੱਖਣਾ ਚਾਹੀਦਾ ਹੈ ਕਿ ਉਹ ਕਿੱਥੋਂ ਆਏ ਹਨ। ਕੀ ਉਨ੍ਹਾਂ ਦਾ ਪਿਛੋਕੜ ਹੈ ਅਤੇ ਕੀ ਅਸਲੀਅਤ ਹੈ। ਪੰਨੂ ਵਰਗੇ ਬਾਹਰਲੇ ਦੇਸ਼ਾਂ ਵਿੱਚ ਬੈਠੇ ਲੋਕ ਐਵੇਂ ਹੀ ਝੂਠ ਬੋਲੀ ਜਾਂਦੇ ਹਨ। ਪਤਾ ਨਹੀਂ ਪੰਨੂ ਕੌਣ ਹੈ? ਹੁਣ ਤਾਂ ਬੜੀ ਦੇਰ ਤੋਂ ਉਸ ਦਾ ਨਾਂ ਨਹੀਂ ਸੁਣਿਆ। ਲੇਕਿਨ ਉਹ ਇਹੋ ਜਿਹੀਆਂ ਸ਼ਾਂਤੀ ਭੰਗ ਕਰਨ ਵਾਲੀਆਂ ਗੱਲਾਂ ਕਰਦਾ ਰਹਿੰਦਾ ਹੈ।

ਸੋ, ਸਪੀਕਰ ਸਾਹਿਬ, ਮੈਂ ਅੱਜ ਹਾਊਸ ਦਾ ਬੜਾ ਟਾਈਮ ਲੈ ਲਿਆ ਹੈbut it was necessary. I want to also mention thisਸਾਡੇ ਜਿਹੜੇ ਸਰਕਾਰੀ ਨੌਕਰ ਹਨ, ਸਰਕਾਰੀ ਸਰਵੈਂਟਸ, they have worked very hard. ਉਨ੍ਹਾਂ ਦੀਆਂ ਬੜੀਆਂ ਮੰਗਾਂ ਸਨ, ਉਨ੍ਹਾਂ ਨੂੰ ਵੀ ਪਤਾ ਸੀ ਕਿ ਪੰਜਾਬ ਵਿੱਚ ਕੀ ਹਾਲਾਤ ਸਨ। ਉਨ੍ਹਾਂ ਹਾਲਾਤਾਂ ਦੇ ਮੁਤਾਬਕ ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਜ਼ਿਆਦਾ ਕੁਝ ਕਰ ਨਹੀਂ ਸਕਦੇ। ਲੇਕਿਨ ਮੈਨੂੰ ਅੱਜ ਇਹ ਕਹਿੰਦੇ ਹੋਏ ਖੁਸ਼ੀ ਹੈ ਕਿwe are going to start next pay commission.ਉਸ

ਦਾ ਕੰਮ ਅਸੀਂ ਸ਼ੁਰੂ ਕਰ ਰਹੇ ਹਾਂand I hope this year or the coming year, we will be able to implement the next pay commission. (Thumping)

ਸੋ, ਅੰਤ ਵਿੱਚ ਸਪੀਕਰ ਸਾਹਿਬ, ਅਸੀਂ ਪੰਜਾਬ ਵਿੱਚ ਚਾਹੇ ਇੱਥੇ ਬੈਠੇ ਹਾਂ, ਚਾਹੇ ਸਾਡੀ ਆਪੋਜ਼ੀਸ਼ਨ ਹੈ, ਅਸੀਂ ਸਾਰੇ ਸ਼ਾਂਤੀ ਚਾਹੁੰਦੇ ਹਾਂ, ਅੱਛਾਮਾਹੌਲ ਚਾਹੁੰਦੇ ਹਾਂ। ਇਹ ਜਿਹੜਾ ਗੈਂਗਸਟਰ ਵਗੈਰਾ ਦਾ ਕੰਮ ਹੈ, ਇਹ ਅਸੀਂ ਇੱਥੇ ਨਹੀਂ ਹੋਣ ਦੇਣਾ। ਇਨ੍ਹਾਂ ਨੂੰ ਮੈਂ ਸਿੱਧਾ ਕਰ ਦੇਵਾਂਗਾ। ਗੈਂਗਸਟਰਾਂ ਨੂੰ ਇਹ ਪਤਾ ਵੀ ਹੈ। ਪਾਕਿਸਤਾਨ ਵਾਲਿਆਂ ਨੂੰ ਅਤੇ ਬਾਜਵੇ ਵਗੈਰਾ ਨੂੰ ਵੀ ਜਿਹੜੇ ਉੱਥੇ ਬੈਠੇ ਹਨ, ਉਨ੍ਹਾਂ ਨੂੰ ਵੀ ਪਤਾ ਹੈ ਕਿ ਅਸੀਂ ਇੱਥੇ ਸਾਡੇ ਪੰਜਾਬ ਵਿੱਚ ਕੁਝ ਨਹੀਂ ਹੋਣ ਦੇਣਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਹ ਇੱਥੇ ਪੰਜਾਬ ਵਿੱਚ ਕੁਝ ਵੀ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਇਹ ਬਾਹਰਲੀਆਂ ਤਾਕਤਾਂ ਨਾ ਕਰਨ। Otherwise we will deal with them when it comes because ਅਸੀਂ ਸ਼ਾਂਤੀ ਚਾਹੁੰਦੇ ਹਾਂ। ਅਸੀਂ ਆਪਣੇ ਸੂਬੇ ਦਾ ਸੁਖਾਵਾਂ ਮਾਹੌਲ ਬਣਾਉਣਾ ਹੈ। ਅਸੀਂ ਚਾਹੁੰਦੇ ਹਾਂ ਕਿਸੂਬੇ ਵਿੱਚ ਇੰਡਸਟਰੀ ਹੋਰ ਆਵੇ, ਹੋਰ ਲੋਕ ਆਉਣ ਅਤੇ ਪੰਜਾਬ ਵਿੱਚ ਵਸਣ ਤਾਂ ਕਿ ਸਾਡਾ ਪੰਜਾਬ ਦਾ ਆਰਥਿਕ ਭਵਿੱਖ ਅਤੇ ਬੱਚਿਆਂ ਦਾ ਭਵਿੱਖ ਚੰਗਾ ਬਣਾ ਸਕੀਏ।

ਸਪੀਕਰ ਸਾਹਿਬ, ਸੋ, ਮੈਂ ਧੰਨਵਾਦੀ ਹਾਂ ਤੁਹਾਡਾ ਅਤੇ ਹਾਊਸ ਦਾ, ਜਿਨ੍ਹਾਂ ਨੇ ਮੈਨੂੰ ਸ਼ਾਂਤੀ ਨਾਲ ਸੁਣਿਆ ਹੈ। ਮੈਂ ਆਸ ਕਰਦਾ ਹਾਂ ਕਿ ਆਪਾਂ ਸਾਰੇ ਆਪਣੇ ਸੂਬੇ ਵੱਲ ਨੂੰ ਝਾਕੀਏ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਆਪਣੇ ਸੂਬੇ ਨੂੰ ਚੜ੍ਹਦੀ ਕਲਾ ਵਿੱਚ ਰੱਖੀਏ ਅਤੇ ਇਸ ਸੂਬੇ ਨੂੰ ਇਹੋ ਜਿਹਾ ਪੰਜਾਬ ਬਣਾਈਏ ਕਿ ਲੋਕ ਸਾਡੇ ਵੱਲ ਦੇਖਣ। ਜੈ ਹਿੰਦ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਸ਼੍ਰੀ ਪਵਨ ਕੁਮਾਰ ਟੀਨੂਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਮਾਨਯੋਗ ਸਪੀਕਰ: (ਵਿਘਨ) (ਸ਼ੋਰ) None else, ਮੈਂ ਸਿਰਫ ਅਮਨ ਜੀ ਨਾਲ ਵਾਅਦਾ ਕੀਤਾ ਸੀ। ਬਾਕੀ ਸਾਰੇ ਬਹਿ ਜਾਉ। ਹਾਂ ਜੀ, ਅਮਨ ਜੀ।

ਸ਼੍ਰੀ ਅਮਨ ਅਰੋੜਾ:ਮਿਹਰਬਾਨੀ ਸਰ। Thank you very much.ਬਹੁਤ-ਬਹੁਤ ਧੰਨਵਾਦ, ਸਰ।

ਸ਼੍ਰੀ ਪਵਨ ਕੁਮਾਰ ਟੀਨੂ:ਸਪੀਕਰ ਸਾਹਿਬ, ਅਮਨ ਜੀ ਅੱਜ ਚੌਥੀ ਵਾਰੀ ਬੋਲਣ ਲੱਗੇ ਹਨ।

ਸ਼੍ਰੀ ਅਮਨ ਅਰੋੜਾ: ਸਰ, ਬਹੁਤ-ਬਹੁਤ ਧੰਨਵਾਦ ਜੀ....

ਮਾਨਯੋਗ ਸਪੀਕਰ: ਛੇਤੀ ਨਿਬੇੜੋ ਜੀ।

ਸ਼੍ਰੀ ਅਮਨ ਅਰੋੜਾ : ਤੁਹਾਡਾ ਧੰਨਵਾਦ ਜੀ। ਸੀ.ਐਮ. ਸਾਹਿਬ ਦਾ ਧੰਨਵਾਦ, ਜਿਨ੍ਹਾਂ ਨੇ ਲਾਅ ਐਂਡ ਆਰਡਰ ਦੀ ਗੱਲ ਕੀਤੀ ਹੈ। ਅਸੀਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਸੇਵਾ ਕੇਂਦਰਾਂ ਵਾਲਾ ਕੰਮ ਵੀ ਚੰਗਾ ਹੋਇਆ ਹੈ, ਜਿਹੜਾ ਪਹਿਲਾਂ 220 ਕਰੋੜ ਰੁਪਿਆ ਦਿੰਦੇ ਸੀ, ਹੁਣ 60% - 86% ਆਉਣ ਵੀ ਲੱਗ

ਗਿਆ ਹੈ, ਚੰਗੀ ਗੱਲ ਹੈ ਪਰ ਸਰ, ਮੈਂ ਇੱਕ ਦੋ ਚੀਜ਼ਾਂ ਤੁਹਾਡੇ ਜ਼ਰੀਏ with due respect to you, ਮੈਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਵੀ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਮੈਂ ਪੁਆਇੰਟ ਆਫ ਆਰਡਰ ਮੰਗਿਆ ਸੀ, ਸਰ 11 ਲੱਖ ਨੌਕਰੀਆਂ ਦੀਗੱਲ ਕੀਤੀ ਹੈ। ਦਿੱਲੀ ਵਿੱਚ ਵੀ ਇਹੀ ਕਿਹਾ ਗਿਆ। ਸਰ, ਤੁਹਾਡਾ ਆਪਣੇ ਗਵਰਨਰ ਐਡਰੈਸ ਦੇ ਪੁਆਇੰਟ ਨੰਬਰ 27 ਵਿੱਚ ਕਿਹਾ ਗਿਆ ਹੈ ਕਿ 1,43,586 ਕੈਂਡੀਡੇਟਸ ਨੂੰ ਜਾਬਜ਼ ਦਿੱਤੀਆਂ ਗਈਆਂ ਹਨ। ਸਰ, ironically 186.31 ਲੱਖ ਜਿਹੜੇ ਮਨਰੇਗਾ ਦੇ ਮੈਨ ਡੇਜ਼, ਹਨ ਉਹ ਵੀ ਸਰਕਾਰ ਆਪਣੀ ਉਪਲਬਧੀ ਮੰਨਦੀ ਹੈ। ਦੂਜੀ ਗੱਲ ਕੀਤੀ ਗਈ ਕਿ ਜਿਹੜਾ 44 ਹਜ਼ਾਰ ਕਰੋੜ ਹੈ, ਉਹ ਫਸਲ ਦੇ ਬੇਸਿਸ ਦੇ ਉੱਪਰ ਜ਼ਿਆਦਾ ਦਿੱਤਾ ਗਿਆ ਹੈ।ਸਰ, ਫਸਲ ਕਿਸਾਨ ਦੀ ਮਿਹਨਤ ਹੈ, ਰੱਬ ਦੀ ਰਹਿਮਤ ਹੈ। ਉਹ ਸੈਂਟਰਲ ਪੂਲ ਹੈ, ਆਪਣਾ ਉਸ ਵਿੱਚ ਲੈਣਾ ਨਹੀਂ, ਦੇਣਾ ਨਹੀਂ।

ਮਾਨਯੋਗ ਸਪੀਕਰ: ਚਲੋ, ਬੈਠ ਜਾਓ।

ਸ਼੍ਰੀ ਅਮਨ ਅਰੋੜਾ: ਸਰ, ਇੱਕ ਲਾਸਟ ਪੁਆਇੰਟ। ਇੱਕ ਦਿੱਲੀ ਦੀ ਗੱਲ ਹੋਈ ਸੀ।

ਮਾਨਯੋਗ ਸਪੀਕਰ:ਮੈਂ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਨ ਤੋਂ ਪਹਿਲਾਂ ਮੈਂ ਨਿਮਨਲਿਖਤ ਸੋਧਨਾ ਪ੍ਰਸਾਤ ਜੋ ਕਿ ਕ੍ਰਮਵਾਰ ਸ਼੍ਰੀ ਐਨ.ਕੇ. ਸ਼ਰਮਾ, ਐਮ.ਐਲ.ਏ. ਵੱਲੋਂ ਦੋ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ. ਵੱਲੋਂ ਇੱਕ ਦਿੱਤੇ ਗਏ, ਸੋਧਨਾ ਨੋਟਿਸ ਇਕੱਠੇ ਹੀ ਪੇਸ਼ ਕਰਦਾ ਹਾਂ ਅਤੇ ਸਦਨ ਦੀ ਵੋਟਿੰਗ ਲਈ ਰੱਖਦਾ ਹਾਂ:

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਅਮਨ ਅਰੋੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸ਼੍ਰੀ ਐਨ.ਕੇ. ਸ਼ਰਮਾ ਵੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਰਹੇ ਸਨ।)

ਸੋਧਨਾ ਨੋਟਿਸ ਨੰ: 1 ਅਤੇ 2, 3

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ ਲਿਖਤ ਜੋੜ ਦਿੱਤਾ ਜਾਵੇ –

1. "ਪਰ ਖੇਦ ਪ੍ਰਗਟ ਕਰਦਾ ਹੈ ਕਿ ਇਸ ਵਿੱਚ ਸਰਕਾਰੀ ਕਰਮਚਾਰੀਆਂ ਨੂੰ ਡੀ.ਏ. ਦੀਆਂ ਕਿਸ਼ਤਾਂ ਅਤੇ ਪਹਿਲਾਂ ਤੋਂ ਡਿਊ ਡੀ.ਏ. ਦੇ ਬਕਾਏ ਦੀ ਅਦਾਇਗੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"
2. "ਪਰ ਖੇਦ ਪ੍ਰਗਟ ਕਰਦਾ ਹੈ ਕਿ ਇਸ ਵਿੱਚ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਤੇ ਹੋਰ ਸਹੂਲਤਾਂ ਵਿੱਚ ਵਾਧੇ ਲਈ ਬਿਠਾਏ ਗਏ ਛੇਵੇਂ ਪੇ-ਕਮਿਸ਼ਨ ਵੱਲੋਂ ਰਿਪੋਰਟ ਦੇਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

3. "ਪਰ ਖੇਦ ਪ੍ਰਗਟ ਕਰਦਾ ਹਾਂ ਕਿ ਇਸ ਵਿੱਚ ਕਾਂਗਰ ਪਾਰਟੀ ਵੱਲੋਂ 2017 ਦੀਆਂ ਚੋਣਾਂ ਵੇਲੇ ਆਮ ਲੋਕਾਂ ਨਾਲ ਕੀਤੇ ਵੱਡੇ-ਵੱਡੇ ਵਾਅਦੇ ਹੁਣ ਤੱਕ ਪੂਰੇ ਨਾ ਕਰ ਸਕਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

ਪ੍ਰਸਤਾਵ ਅਸਵੀਕਾਰ ਹੋਇਆ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸ਼੍ਰੀ ਅਮਨ ਅਰੋੜਾ ਨੂੰ ਗਵਰਨਰ ਐਡਰੈਸ ਤੇ ਆਪਣੀ ਗੱਲ ਮੁਕੰਮਲ ਨਾ ਕਰਨ ਦੇਣ ਦੇ ਰੋਸ ਵਜੋਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ: ਬੈਠ ਜਾਓ ਹੁਣ ਬੈਠ ਜਾਓ।

WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬੋਲਣ ਦਾ ਸਮਾਂ ਨਾ ਦੇਣ ਦੇ ਰੋਸ ਵਜੋਂ ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕਆਊਟ ਕਰ ਗਏ।)

DISCUSSION ON THE GOVERNOR'S ADDRESS AND VOTE ON THE MOTION OF THANKS (RESUMPTION)

ਮਾਨਯੋਗ ਸਪੀਕਰ: ਹੁਣ ਮੈਂ ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।(ਵਿਘਨ, ਸ਼ੋਰ) ਨਾਅਰੇ ਰਿਕਾਰਡ ਨਾ ਕੀਤੇ ਜਾਣ।

ਮਾਨਯੋਗ ਸਪੀਕਰ: ਪ੍ਰਸ਼ਨ ਹੈ-

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ -

---

**Not recorded as ordered by the Chair.

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 16 ਜਨਵਰੀ, 2020 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

ਪ੍ਰਸਤਾਵ ਪ੍ਰਵਾਨ ਹੋਇਆ ।

ਮਾਨਯੋਗ ਸਪੀਕਰ: ਹੁਣ ਸਦਨ ਵੀਰਵਾਰ, ਮਿਤੀ 27 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ ।

*3.03 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਵੀਰਵਾਰ, ਮਿਤੀ 27 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।)